Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969





Jassi Gill
CA DRE# 00966763

Ad Space Available
Please Call
Ph:847-359-0746

Hardeep S.Rai
ਇੰਮੋਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੇਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119



Fourteenth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 14, Issue 43, October 26, 2013 20451 N Plum Grove Rd., Palatine, IL 60074 Ph:847-359-0746, Fax:847-705-9388



## ਸਰਹੱਦ ਦੇ ਤਣਾਅ ਨੇ ਅਮਨ ਦੀ ਅੱਖ ਫੁੰਡੀ

### ਪਾਕਿਸਤਾਨੀ ਫੌਜ ਵੱਲੋਂ ਗੋਲੀਬੰਦੀ ਦੀ ਲਗਾਤਾਰ ਉਲੰਘਣਾ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਪਾਕਿਸਤਾਨ ਵਿਚ ਸੱਤਾ ਤਬਦੀਲੀ ਤੋਂ ਬਾਅਦ ਭਾਰਤ ਨਾਲ ਲੱਗਦੀ ਸਰਹੱਦ 'ਤੇ ਗੜਬੜੀ ਹੋਰ ਵਧ ਗਈ ਹੈ ਜਿਸ ਨਾਲ ਦੋਵਾਂ ਮੁਲਕਾਂ ਦੇ ਰਿਸ਼ਤਿਆਂ ਵਿਚ ਤਣਾਅ ਵਧਣ ਦਾ ਖਤਰਾ ਹੈ। ਪਿਛਲੇ ਸਮੇਂ ਦੌਰਾਨ ਪਾਕਿ ਫੌਜ ਵੱਲੋਂ ਸਰਹੱਦ 'ਤੇ ਭਾਰਤੀ ਸੈਨਿਕਾਂ ਦੇ ਸਿਰ ਕਲਮ ਕਰਨ ਮਗਰੋਂ ਭਾਰਤ ਸਰਕਾਰ ਨੇ ਬੇਸ਼ੱਕ ਸੰਜਮ ਤੋਂ ਕੰਮ ਲੈਂਦਿਆਂ ਇਸ ਮਾਮਲੇ ਨੂੰ ਨਜਿੱਠ ਲਿਆ ਸੀ ਪਰ ਹੁਣ ਫਿਰ ਪਾਕਿਸਤਾਨੀ ਫੌਜ ਵੱਲੋਂ ਰੋਜ਼ਾਨਾ ਹੀ ਕੰਟਰੋਲ ਰੇਖਾ 'ਤੇ ਸਥਿਤ ਭਾਰਤੀ ਚੌਕੀਆਂ 'ਤੇ ਗੋਲੀਬਾਰੀ ਕੀਤੀ ਜਾ ਰਹੀ ਹੈ ਜਿਸ ਵਿਚ ਕਈ ਜਵਾਨ ਜ਼ਖ਼ਮੀ ਹੋਏ ਹਨ। ਇਸ ਸਾਲ ਹੁਣ ਤੱਕ ਗੋਲੀਬੰਦੀ ਦੀ ਉਲੰਘਣਾ ਦੀਆਂ 136 ਘਟਨਾਵਾਂ ਵਾਪਰ ਚੁੱਕੀਆਂ ਹਨ ਤੇ ਪਿਛਲੇ ਅੱਠ ਸਾਲਾਂ ਦੌਰਾਨ ਇਹ ਸਭ ਤੋਂ ਵੱਧ ਗਿਣਤੀ ਹੈ।

ਜ਼ਿਕਰਯੋਗ ਹੈ ਕਿ ਪਾਕਿਸਤਾਨ ਵਿਚ ਨਵਾਜ਼ ਸ਼ਰੀਫ ਦੀ ਸਰਕਾਰ ਬਣਨ ਤੋਂ ਬਾਅਦ ਭਾਰਤ-ਪਾਕਿਸਤਾਨ ਸਬੰਧਾਂ ਵਿਚ ਸੁਧਾਰ ਹੋਣ ਦੀ ਆਸ ਸੀ ਪਰ ਕੌਮਾਂਤਰੀ ਸਰਹੱਦ 'ਤੇ ਅਤਿਵਾਦੀਆਂ ਦੀ ਘੁਸਪੈਠ ਦੀਆਂ ਵਧੀਆਂ ਕੋਸ਼ਿਸ਼ਾਂ ਤੇ ਪਾਕਿਸਤਾਨੀ ਫੌਜ ਦੀਆਂ ਵਧੀਕੀਆਂ ਕਾਰਨ ਹਾਲਾਤ ਤਣਾਅ ਵਾਲੇ ਬਣਦੇ ਜਾ ਰਹੇ ਹਨ। ਦੋਵਾਂ ਮੁਲਕਾਂ ਵਿਚਾਲੇ ਸਰਹੱਦ 'ਤੇ ਗੋਲੀਬੰਦੀ ਦਾ ਸਮਝੌਤਾ ਹੋਇਆ ਹੈ ਪਰ ਫਿਰ ਵੀ ਤਕਰੀਬਨ ਰੋਜ਼ਾਨਾ ਹੀ ਗੋਲੀਬਾਰੀ ਹੋ ਰਹੀ ਹੈ


*(ਬਾਕੀ ਸਫਾ 6 'ਤੇ)*

### ਭਾਰਤ ਨੂੰ ਵਿਦੇਸ਼ੀ ਦਖਲ ਪ੍ਰਵਾਨ ਨਹੀਂ

**ਨਵੀਂ ਦਿੱਲੀ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਵੱਲੋਂ ਕਸ਼ਮੀਰ ਮਸਲਾ ਹੱਲ ਕਰਨ ਲਈ ਅਮਰੀਕੀ ਦਖ਼ਲ ਦੀ ਕੀਤੀ ਮੰਗ ਰੱਦ ਕਰਦਿਆਂ ਭਾਰਤ ਨੇ ਆਖਿਆ ਹੈ ਕਿ ਇਹ ਮਨਜ਼ੂਰ ਨਹੀਂ ਹੋਵੇਗੀ ਕਿਉਂਕਿ ਇਹ ਇਕ ਦੁਵੱਲਾ ਮਾਮਲਾ ਹੈ ਜਿਸ ਬਾਰੇ ਦੋਵਾਂ ਦੇਸ਼ਾਂ ਦੇ ਪੱਧਰ 'ਤੇ ਗੱਲਬਾਤ ਕਰਨ ਦੀ ਸਹਿਮਤੀ ਬਣੀ ਹੋਈ ਹੈ। ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਸਲਮਾਨ ਖੁਰਸ਼ੀਦ ਨੇ ਇਹ ਕਿਹਾ ਕਿ ਪਾਕਿਸਤਾਨ ਨੂੰ ਦਿੱਤੀ ਜਾਂਦੀ ਅਮਰੀਕੀ ਇਮਦਾਦ ਇਸ ਢੰਗ ਨਾਲ ਵਰਤੀ ਜਾਣੀ ਚਾਹੀਦੀ ਹੈ ਕਿ ਭਾਰਤ ਦੇ ਸੁਰੱਖਿਆ ਤੇ ਰਣਨੀਤਕ ਹਿੱਤਾਂ ਨੂੰ ਢਾਹ ਨਾ ਲੱਗੇ।

ਜ਼ਿਕਰਯੋਗ ਹੈ ਕਿ ਅਮਰੀਕੀ ਦੌਰੇ 'ਤੇ ਗਏ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੇ ਕਸ਼ਮੀਰ ਮਸਲਾ ਸੁਲਝਾਉਣ ਵਿਚ ਅਮਰੀਕਾ ਤੋਂ ਮਦਦ ਮੰਗੀ ਹੈ। ਜਨਾਬ ਸ਼ਰੀਫ਼


*(ਬਾਕੀ ਸਫਾ 6 'ਤੇ)*


## ਹੁਣ ਹੋਂਦ ਖਾਤਰ ਜੂਝ ਰਹੇ ਨੇ ਖਾਲਿਸਤਾਨੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ ਬਾਦਲਾਂ ਦੇ ਦਾਬੇ ਨੂੰ ਤੋੜਨ ਲਈ ਗਰਮਖਿਆਲੀਆਂ ਦੇ ਸਾਰੇ 'ਹਥਿਆਰ' ਨਾਕਾਰਾ ਸਾਬਤ ਹੋਏ ਹਨ। ਹਥਿਆਰਬੰਦ ਸੰਘਰਸ਼ ਨੂੰ ਹੁਣ ਕੋਈ ਹੁੰਗਾਰਾ ਨਾ ਮਿਲਣ ਤੋਂ ਬਾਅਦ ਨਿਰਾਸ਼ ਹੋਏ ਖਾਲਿਸਤਾਨੀਆਂ ਨੇ ਸਿਆਸਤ ਵਿਚ ਆਪਣੀ ਹੋਂਦ ਬਣਾਈ ਰੱਖਣ ਲਈ ਚੋਣਾਂ ਲੜਨ ਦਾ ਰਾਹ ਚੁਣਿਆ ਹੈ ਪਰ ਕਈ ਧੜਿਆਂ ਵਿਚ ਵੰਡੇ ਹੋਣ ਕਾਰਨ ਉਨ੍ਹਾਂ ਦੇ ਪੱਲੇ ਕੁਝ ਨਹੀਂ ਪਿਆ। ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਨੇ ਤਾਂ ਚੋਣਾਂ ਲੜਨ ਤੋਂ ਹੀ ਪਾਸਾ ਵੱਟ ਲਿਆ ਹੈ ਪਰ ਸ਼੍ਰੋਮਣੀ ਅਕਾਲੀ ਦਲ (ਅ) ਨੇ ਵਾਰ-ਵਾਰ ਚੋਣਾਂ ਨਾ ਲੜਨ ਦਾ ਐਲਾਨ ਕਰਨ ਮਗਰੋਂ ਮੁੜ ਕਮਰਕੱਸ ਲਈ ਹੈ।

> **ਕਿਸੇ ਪਾਸਿਉਂ ਨਹੀਂ ਮਿਲ ਰਿਹਾ ਹੁੰਗਾਰਾ**

ਉਧਰ, ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਡ ਵਿਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਬਲਵੰਤ ਸਿੰਘ ਰਾਜੋਆਣਾ ਵੱਲੋਂ ਵੀ ਆਗਾਮੀ ਲੋਕ ਸਭਾ ਚੋਣਾਂ ਦੌਰਾਨ ਆਪਣੇ ਉਮੀਦਵਾਰ ਖੜ੍ਹੇ ਕਰਨ ਦੇ ਐਲਾਨ ਨਾਲ ਗਰਮਦਲੀਆਂ ਵੱਲ ਧਿਆਨ ਖਿੱਚਿਆ ਗਿਆ ਹੈ। ਭਾਈ ਰਾਜੋਆਣਾ ਨੂੰ ਅਦਾਲਤ ਨੇ ਫਾਂਸੀ ਦੀ ਸਜ਼ਾ ਸੁਣਾਈ ਹੋਈ ਹੈ ਜਿਸ ਕਰ ਕੇ ਉਹ ਖ਼ੁਦ ਚੋਣ ਨਹੀਂ ਲੜ ਸਕਦੇ। ਇਸ ਲਈ ਉਨ੍ਹਾਂ ਨੇ ਆਪਣੇ ਵੱਲੋਂ ਹੋਰ ਹਲਕਿਆਂ ਤੋਂ ਉਮੀਦਵਾਰ ਖੜ੍ਹੇ ਕਰਨ ਦਾ ਐਲਾਨ ਕੀਤਾ ਹੈ। ਪਟਿਆਲਾ ਜੇਲ੍ਹ ਵਿਚ ਬੰਦ ਭਾਈ ਰਾਜੋਆਣਾ ਪਿਛਲੇ ਇਕ ਸਾਲ ਦੇ ਵੱਧ ਸਮੇਂ ਤੋਂ ਸਿੱਖ ਰਾਜਨੀਤੀ ਵਿਚ ਚਰਚਿਤ ਨਾਂ ਬਣਿਆ ਹੋਇਆ ਹੈ। ਜ਼ਿਕਰਯੋਗ ਹੈ ਕਿ ਸੂਬੇ ਦੀ ਸਿੱਖ ਰਾਜਨੀਤੀ 'ਤੇ ਸ਼੍ਰੋਮਣੀ ਅਕਾਲੀ ਦਲ ਦਾ ਗਲਬਾ ਵਧਣ ਤੋਂ ਬਾਅਦ ਗਰਮਖਿਆਲ ਆਗੂ ਹਾਸ਼ੀਏ 'ਤੇ ਚਲੇ ਗਏ ਹਨ। ਇਥੋਂ ਤੱਕ ਕਿ ਕਈ ਗਰਮਖਿਆਲ ਆਗੂਆਂ ਨੇ ਬਾਦਲਾਂ ਦਾ ਪੱਲਾ ਫੜਦਿਆਂ ਮੁੱਖ ਧਾਰਾ ਵਿਚ ਆਉਣਾ ਬਿਹਤਰ ਸਮਝਿਆ ਹੈ ਜੋ ਹੁਣ ਸਰਕਾਰ ਤੇ ਹਾਕਮ ਪਾਰਟੀ ਵਿਚ ਸੱਤਾ ਦਾ 'ਨਿੱਘ' ਮਾਣ ਰਹੇ ਹਨ। ਚੇਤੇ ਰਹੇ ਕਿ ਖਾੜਕੂਵਾਦ ਦੇ ਦੌਰ ਅਤੇ ਉਸ ਤੋਂ ਬਾਅਦ ਕਈ ਵਰ੍ਹਿਆਂ ਤੱਕ ਗਰਮਖਿਆਲ ਆਗੂਆਂ ਦਾ ਪੰਜਾਬ ਵਿਚ ਦਬਦਬਾ ਰਿਹਾ ਹੈ।

ਸਾਲ 1989 ਦੌਰਾਨ ਇਕ ਅਜਿਹਾ ਦੌਰ ਆਇਆ ਜਦੋਂ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਅਤੇ ਸਹਿਯੋਗ ਨਾਲ ਲੋਕ ਸਭਾ ਚੋਣਾਂ ਵਿਚ ਖੜ੍ਹੇ 11 ਉਮੀਦਵਾਰ ਚੋਣ ਜਿੱਤ ਗਏ। ਸ. ਮਾਨ ਉਸ ਸਮੇਂ ਜੇਲ੍ਹ ਵਿਚ ਨਜ਼ਰਬੰਦ ਸਨ ਤੇ ਤਰਨ ਤਾਰਨ ਲੋਕ ਸਭਾ ਹਲਕੇ ਤੋਂ ਰਿਕਾਰਡ ਵੋਟਾਂ ਨਾਲ ਜਿੱਤੇ ਸਨ। ਉਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ। ਇਸ ਤੋਂ ਬਾਅਦ ਅਜਿਹਾ ਸਮਾਂ ਵੀ ਆਇਆ ਜਦੋਂ ਪ੍ਰਕਾਸ਼ ਸਿੰਘ ਬਾਦਲ ਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਸਮੇਤ ਸਾਰੇ ਅਕਾਲੀ ਆਗੂਆਂ ਨੇ ਸਿਮਰਨਜੀਤ ਸਿੰਘ ਮਾਨ ਨੂੰ ਆਪਣਾ ਪ੍ਰਧਾਨ ਮੰਨ ਲਿਆ। ਸ. ਮਾਨ ਨੂੰ 1996 ਤੇ 1998 ਦੀਆਂ ਚੋਣਾਂ ਦੌਰਾਨ ਲੋਕ ਸਭਾ ਹਲਕਾ ਸੰਗਰੂਰ ਤੋਂ ਬੇਸ਼ੱਕ ਸਫ਼ਲਤਾ ਨਹੀਂ


*(ਬਾਕੀ ਸਫਾ 6 'ਤੇ)*



REAL ESTATE & HOME LOANS
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ ਤੇ ਸਿਰਫ Shortsale Certified ਅਤੇ ਤਜਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਤੁਹਾਡਾ ਕੰਮ ਨਾ ਖਰਾਬ ਕਰ ਦੇਵੇ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
MBA · SFR · CDPE
Century 21
M&M and Associates
209.918.6464
ahundal@c21mm.com
605 Standiford Ave, Ste D · Modesto, CA 95350
SFR





Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja™ SWEETS & CATERING®
Follow us on:
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।





Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)






Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤ॥

# ਮਹਾਨ ਸ਼ਹੀਦੀ ਸਮਾਗਮ

## ਐਤਵਾਰ 27 ਅਕਤੂਬਰ 2013



ਉਨ੍ਹਾਂ ਸਮੂਹ ਸਿੰਘਾਂ-ਸਿੰਘਣੀਆਂ ਨੂੰ ਕੋਟਾਨਿ ਕੋਟਿ ਪ੍ਰਣਾਮ ਜਿਨ੍ਹਾਂ ਨੇ ਸਿੱਖ ਪੰਥ ਦੀ ਸ਼ਾਨ ਅਤੇ ਅਣਖ ਖਾਤਰ ਬੇਇੰਤਹਾ ਤਸੀਹੇ ਤੇ ਦੁੱਖ ਝੇਲੇ, ਆਪਣੇ ਘਰ ਬਾਰ ਤਬਾਹ ਕਰਵਾਏ ਅਤੇ ਆਪਣੀਆਂ ਜਾਨਾਂ ਦੀ ਕੁਰਬਾਨੀ ਦਿੱਤੀ।

ਖਾਲਸਾ ਪੰਥ ਦੀ ਵੱਖਰੀ ਹੋਂਦ, ਆਨ-ਸ਼ਾਨ ਅਤੇ ਖਾਲਸਾ ਜੀ ਕੇ ਬੋਲਬਾਲੇ ਲਈ ਸ਼ਹੀਦੀਆਂ ਪਾਉਣ ਵਾਲੇ ਇਨ੍ਹਾਂ ਸਮੂਹ ਸਿੰਘਾਂ ਅਤੇ ਸਿੰਘਣੀਆਂ ਦੀ ਨਿੱਘੀ ਯਾਦ ਵਿਚ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਿਖੇ 27 ਅਕਤੂਬਰ ਐਤਵਾਰ ਨੂੰ ਮਹਾਨ ਸ਼ਹੀਦੀ ਸਮਾਗਮ ਹੋ ਰਿਹਾ ਹੈ। ਇਸ ਸਮਾਗਮ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ ਜਥੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ। ਪੰਥਕ ਬੁਲਾਰੇ ਆਪਣੇ ਵਿਚਾਰਾਂ ਦੀ ਸਾਂਝ ਪਾਉਣਗੇ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਸਮੂਹ ਸੰਗਤ ਨੂੰ ਇਸ ਮਹਾਨ ਸ਼ਹੀਦੀ ਸਮਾਗਮ ਵਿਚ ਵੱਧ-ਚੜ੍ਹ ਕੇ ਹਾਜ਼ਰੀਆਂ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ ਜੀ।




ਜਾਰੀ ਕਰਤਾ

ਸੁਖਦੇਵ ਸਿੰਘ ਬੈਣੀਵਾਲ ਪ੍ਰੀਤਮ ਸਿੰਘ ਜੋਗਾ ਨੰਗਲ

**ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਸਾਹਿਬ ਸੈਨਹੋਜ਼ੇ**

# ਕਾਂਗਰਸਮੈਨ ਮਾਈਕ ਹਾਂਡਾ ਵਲੋਂ ਸਿੱਖਾਂ ਨੂੰ ਹਮਾਇਤ ਦਾ ਭਰੋਸਾ

**ਫਰੀਮਾਂਟ (ਬਿਊਰੋ):** ਅਮਰੀਕੀ ਕਾਂਗਰਸ ਦੇ 17ਵੇਂ ਜਿਲੇ ਤੋਂ ਡੈਮੋਕਰੇਟਿਕ ਪਾਰਟੀ ਦੇ ਕਾਂਗਰਸਮੈਨ ਮਾਈਕ ਹਾਂਡਾ ਲੰਘੇ ਐਤਵਾਰ ਗੁਰਦੁਆਰਾ ਫਰੀਮਾਂਟ ਪਹੁੰਚੇ ਜਿਥੇ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਨੇ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਜ਼ਿਕਰਯੋਗ ਹੈ ਕਿ 17ਵੇਂ ਜਿਲੇ ਵਿਚ ਫਰੀਮਾਂਟ, ਨਿਵਾਰਕ, ਮਿਲਪੀਟਸ, ਸੈਂਟਾ ਕਲਾਰਾ, ਸੰਨੀਵੇਲ, ਕੂਪਰਟੀਨੋ ਤੇ ਸੈਨ ਹੋਜ਼ੇ ਆਉਂਦੇ ਹਨ। ਸ੍ਰੀ ਹਾਂਡਾ ਨੇ ਸੰਗਤਾਂ ਦੀ ਲਾਈਨ ਵਿਚ ਲੱਗ ਕੇ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਿਆ ਅਤੇ ਉਨ੍ਹਾਂ ਸੰਗਤਾਂ ਨਾਲ ਪੰਗਤ ਵਿਚ ਬੈਠ ਕੇ ਲੰਗਰ ਵੀ ਛਕਿਆ।



*ਮਾਈਕ ਹਾਂਡਾ ਦਾ ਸਨਮਾਨ ਕਰਦੇ ਹੋਏ ਗੁਰਦੁਆਰਾ ਪ੍ਰਬੰਧਕ*

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਮਾਈਕ ਹਾਂਡਾ ਦੀ ਸੰਗਤਾਂ ਨਾਲ ਜਾਣ ਪਛਾਣ ਕਰਾਉਂਦਿਆਂ ਕਿਹਾ ਕਿ ਉਹ ਅਮਰੀਕੀ ਪਾਰਲੀਮੈਂਟ ਵਿਚ ਸਦਾ ਹੀ ਸਿੱਖ ਹੱਕਾਂ ਦੀ ਗੱਲ ਕਰਦੇ ਹਨ ਤੇ ਧਰਮ ਦੀ ਅਜ਼ਾਦੀ ਦਾ ਬਿਲ ਪਾਸ ਕਰਨ ਵਿਚ ਉਨ੍ਹਾਂ ਦਾ ਮੁਖ ਰੋਲ ਹੈ। ਅਮਰੀਕੀ ਸਿੱਖ ਕਾਕਸ ਬਣਾਉਣ ਵਿਚ ਵੀ ਮਾਈਕ ਹਾਂਡਾ ਨੇ ਵਿਸ਼ੇਸ਼ ਯੋਗਦਾਨ ਪਾਇਆ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਅਵਤਾਰ ਸਿੰਘ ਨੇ ਕਾਂਗਰਸਮੈਨ ਨੂੰ ਸੰਗਤਾਂ ਨਾਲ ਵਿਚਾਰ ਸਾਂਝੇ ਕਰਨ ਲਈ ਪੋਡੀਅਮ 'ਤੇ ਬੁਲਾਇਆ। ਮਾਈਕ ਹਾਂਡਾ ਨੇ ਸੰਗਤਾਂ ਨੂੰ 'ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ' ਬੁਲਾਈ। ਉਨ੍ਹਾਂ ਸਿੱਖ ਭਾਈਚਾਰੇ ਦੀ ਅਮਰੀਕੀ ਸਮਾਜ ਵਿਚ ਵਿਸ਼ੇਸ਼ ਅਹਿਮੀਅਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਅੱਗੇ ਤੋਂ ਵੀ ਸਿੱਖ ਕੌਮ ਸਮੇਤ ਘੱਟ ਗਿਣਤੀਆਂ ਦੇ ਹੱਕਾਂ ਦੀ ਗੱਲ ਕਰਦੇ ਰਹਿਣਗੇ। ਮਿਲਵਾਕੀ ਦੇ ਗੁਰਦੁਆਰਾ ਓਕ ਕਰੀਕ ਵਿਚ ਪਿਛਲੇ ਵਰ੍ਹੇ ਹੋਏ ਗੋਲੀ ਕਾਂਡ ਉਤੇ ਅਫਸੋਸ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਉਸ ਗੋਲੀਕਾਂਡ ਵਿਚ ਸ਼ਹੀਦ ਹੋਏ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਤਵੰਤ ਸਿੰਘ ਕਾਲੇਕਾ ਦਾ ਬੇਟਾ ਅਮਰਦੀਪ ਸਿੰਘ ਕਾਲੇਕਾ, ਜੋ ਰਿਪਬਲਿਕਨ ਪਾਲ ਰਾਇਨ ਵਿਰੁਧ ਚੋਣ ਲੜ ਰਿਹਾ ਹੈ, ਉਸ ਦੀ ਪੂਰੀ ਹਮਾਇਤਾ ਕਰਨਗੇ ਅਤੇ ਉਸ ਦੇ ਹਲਕੇ ਵਿਚ ਜਾਣਗੇ।

ਏ ਜੀ ਪੀ ਸੀ ਦੇ ਪ੍ਰਧਾਨ ਜਸਵੰਤ ਸਿੰਘ ਹੋਠੀ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਵਲੋਂ ਮਾਈਕ ਹਾਂਡਾ ਦੀਆਂ ਸੇਵਾਵਾਂ ਦਾ ਧੰਨਵਾਦ ਕੀਤਾ। ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਸ਼ੇਸ਼ ਯਾਦਗਾਰੀ ਚਿੰਨ ਦੇ ਕੇ ਸ੍ਰੀ ਮਾਈਖ ਹਾਂਡਾ ਦਾ ਸਨਮਾਨ ਕੀਤਾ।

# ਪੰਜਾਬ ਟਾਈਮਜ਼

## ਵਿਗਿਆਪਕਾਂ ਦੇ ਧਿਆਨਯੋਗ

ਪੰਜਾਬ ਟਾਈਮਜ਼ ਆਪਣੇ ਵਿਗਿਆਪਕਾਂ ਦਾ ਧੰਨਵਾਦੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਅਖਬਾਰ ਨਿਰੰਤਰ ਅਗੇ ਵਧਦਾ ਚਲਾ ਆਇਆ ਹੈ। ਇਸ ਗੱਲ ਵਿਚ ਕੋਈ ਸ਼ਕ ਨਹੀਂ ਕਿ ਅਮਰੀਕਾ ਵਿਚ ਛਪਦੇ ਕਿਸੇ ਵੀ ਪੰਜਾਬੀ ਅਖਬਾਰ ਲਈ ਇਸ਼ਤਿਹਾਰ ਆਮਦਨ ਦਾ ਮੁਖ ਸਾਧਨ ਹਨ। ਸਾਡੀ ਵਿਗਿਆਪਕਾਂ ਨੂੰ ਬੇਨਤੀ ਹੈ ਕਿ ਜਿਨ੍ਹਾਂ ਨੇ ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਲਵਾਉਣ ਪਿਛੋਂ ਆਪਣੇ ਬਕਾਏ ਵਾਰ ਵਾਰ ਚੇਤਾ ਕਰਾਏ ਜਾਣ ਦੇ ਬਾਵਜੂਦ ਅਦਾ ਨਹੀਂ ਕੀਤੇ, ਉਹ ਫੌਰੀ ਤੌਰ 'ਤੇ ਇਹ ਬਕਾਏ ਅਦਾ ਕਰ ਦੇਣ ਤਾਂ ਜੋ ਆਪਸੀ ਸਬੰਧ ਬਿਨਾ ਰੁਕਾਵਟ ਬਣੇ ਰਹਿਣ। ਜਿਹੜੇ ਵਿਗਿਆਪਕ 31 ਅਕਤੂਬਰ 2013 ਤਕ ਆਪਣੇ ਬਕਾਏ ਅਦਾ ਨਹੀਂ ਕਰਨਗੇ, ਸਾਡੇ ਪਾਸ ਉਨ੍ਹਾਂ ਦੇ ਨਾਂ ਨਸ਼ਰ ਕਰਨ ਤੋਂ ਇਲਾਵਾ ਕੋਈ ਚਾਰਾ ਨਹੀ ਰਹੇਗਾ।

–ਅਦਾਰਾ ਪੰਜਾਬ ਟਾਈਮਜ਼

# ਫਰਿਜ਼ਨੋ 'ਚ ਨਗਰ ਕੀਰਤਨ ਲਈ ਤਿਆਰੀ ਮੁਕੰਮਲ

**ਫਰਿਜ਼ਨੋ (ਬਿਊਰੋ):** ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼, ਫਰਿਜ਼ਨੋ ਦੀਆਂ ਸੰਗਤਾਂ ਵਲੋਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ 27 ਅਕਤੂਬਰ, ਐਤਵਾਰ ਨੂੰ ਸਜਾਏ ਜਾ ਰਹੇ ਨਗਰ ਕੀਰਤਨ ਦੀ ਤਿਆਰੀ ਮੁਕੰਮਲ ਹੋ ਚੁਕੀ ਹੈ। ਨਗਰ ਕੀਰਤਨ ਸਵੇਰੇ ਦੇ ਦੀਵਾਨ ਉਪਰੰਤ ਕਰੀਬ 11 ਵਜੇ ਅਰੰਭ ਹੋਵੇਗਾ ਜੋ ਫਾਊਲਰ ਸ਼ਹਿਰ ਦੇ ਪਨਜ਼ੈਕ ਪਾਰਕ ਵਿਚ ਰੁਕੇਗਾ ਜਿੱਥੇ ਇਕ ਵਿਸ਼ਾਲ ਦੀਵਾਨ ਸਜਾਇਆ ਜਾਵੇਗਾ ਜਿਸ ਵਿਚ ਪੰਥ ਪ੍ਰਸਿਧ ਰਾਗੀ, ਢਾਡੀ, ਕਵੀਸ਼ਰ, ਪ੍ਰਚਾਰਕ ਅਤੇ ਪੰਥਕ ਬੁਲਾਰੇ ਹਾਜ਼ਰੀ ਭਰਨਗੇ। ਇਸੇ ਸਮੇਂ ਪ੍ਰਮੁੱਖ ਸ਼ਖਸੀਅਤਾਂ ਦਾ ਸਨਮਾਨ ਕੀਤਾ ਜਾਵੇਗਾ।

ਨਗਰ ਕੀਰਤਨ ਵਿਚ ਹਾਜ਼ਰੀ ਭਰਨ ਲਈ ਦਮਦਮੀ ਟਕਸਾਲ ਦੇ ਮੁੱਖੀ ਬਾਬਾ ਹਰਨਾਮ ਸਿੰਘ ਧੁੰਮਾ ਨੇ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਹੈ। ਹੋਰ ਜਾਣਕਾਰੀ ਲਈ ਭਾਈ ਅਵਤਾਰ ਸਿੰਘ ਫੋਨ (559) 261-5899 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**Jammu Chiropractic**

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?



ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

*We Accept Personal Injury (PI) Cases*



*Contact:*

**Dr. Baljit Jammu**

*Doctor of Chiropractic*

**Ph: 510-940-8236**

1090 La Palya Dr.,
Hayward CA 94545

ੴ ਸਤਿਗੁਰ ਪ੍ਰਸਾਦਿ॥

# ਗੁਰਦੁਆਰਾ ਸਾਹਿਬ ਟਰਲਕ, ਕੈਲੀਫੋਰਨੀਆ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਸਮੂਹ ਸੰਗਤਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਗੁਰੂ ਘਰ ਵਿਚ ਹੇਠ ਲਿਖੇ ਪ੍ਰੋਗਰਾਮ ਉਲੀਕੇ ਗਏ ਹਨ। ਹਾਜ਼ਰੀਆਂ ਭਰ ਕੇ ਜੀਵਨ ਸਫਲੇ ਕਰੋ ਜੀ।


## ਬੰਦੀਛੋੜ ਦਿਵਸ (ਦੀਵਾਲੀ)

2 ਨਵੰਬਰ 2013, ਸਨਿਚਰਵਾਰ

ਕੀਰਤਨ ਪ੍ਰੋਗਰਾਮ

ਸ਼ਾਮੀਂ 4 ਤੋਂ 5 ਵਜੇ ਤੱਕ ਯੂਥ ਖਾਲਸਾ ਸਕੂਲ
5 ਤੋਂ 6 ਹਜੂਰੀ ਰਾਗੀ ਜਥਾ
6 ਤੋਂ 7 ਜੀਵਨ ਸਿੰਘ ਮਨਟੀਕਾ
7 ਤੋਂ 8 ਕਥਾਵਾਚਕ ਸੁਖਜੀਵਨ ਸਿੰਘ
ਗੁਰੂ ਕਾ ਲੰਗਰ ਦੁਪਹਿਰ 12 ਵਜੇ ਤੋਂ ਅਤੁੱਟ ਵਰਤੇਗਾ
ਸੇਵਾ ਸ. ਤਰਲੋਚਨ ਸਿੰਘ ਪਰਿਵਾਰ ਵਲੋਂ





*ਭਾਈ ਪੰਥਪ੍ਰੀਤ ਸਿੰਘ*

## ਭਾਈ ਪੰਥਪ੍ਰੀਤ ਸਿੰਘ ਖਾਲਸਾ

ਕਥਾ ਵਿਆਖਿਆ ਪ੍ਰੋਗਰਾਮ

5 ਨਵੰਬਰ 2013, ਮੰਗਲਵਾਰ

*ਸ਼ਾਮੀਂ 5 ਵਜੇ ਤੋਂ 7 ਵਜੇ ਤੱਕ*

ਭਾਈ ਪੰਥਪ੍ਰੀਤ ਸਿੰਘ ਪਹਿਲੀ ਵਾਰ ਅਮਰੀਕਾ ਦੌਰੇ 'ਤੇ ਆਏ ਹਨ। ਆਪਣੇ ਇਸ ਦੌਰੇ ਦੌਰਾਨ ਉਹ ਟਰਲਕ ਦੀਆਂ ਸੰਗਤਾਂ ਨੂੰ ਵੀ ਕਥਾ ਵਿਆਖਿਆ ਰਾਹੀਂ ਗੁਰੂ ਸ਼ਬਦ ਨਾਲ ਜੋੜਨਗੇ। ਸਮੂਹ ਸੰਗਤਾਂ ਨੂੰ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ।

*ਬੇਨਤੀ ਕਰਤਾ*


ਸਿਮਰਨ ਸਿੰਘ (209) 735-0240
ਸਨਦੀਪ ਸਿੰਘ ਜੰਟੀ (209) 513-0508

**Sikh Temple Turlock**

1391 5th Street, Turlock, CA 95380

# ਪੰਜਾਬ ਦੀ ਜਰਖੇਜ਼ ਜ਼ਮੀਨ ਵਿਚ ਉਗੀਆਂ ਇਮਾਰਤਾਂ

## ਲੱਖਾਂ ਲੋਕ ਹੋਏ ਜ਼ਮੀਨ ਵਿਹੂਣੇ



**ਚੰਡੀਗੜ੍ਹ:** ਪਿਛਲੇ ਇਕ ਦਹਾਕੇ ਵਿਚ ਪੰਜਾਬ ਦੀ ਲੱਖਾਂ ਏਕੜ ਜਰਖੇਜ਼ ਜ਼ਮੀਨ ਵਿਚ ਪੱਥਰ ਦੀਆਂ ਇਮਾਰਤਾਂ ਉੱਗ ਆਈਆਂ ਹਨ। ਇਸ ਨਾਲ ਪੰਜਾਬ ਦੀ ਪੈਦਾਵਾਰ 'ਤੇ ਵੀ ਅਸਰ ਪਿਆ ਹੈ ਤੇ ਲੱਖਾਂ ਲੋਕ ਜ਼ਮੀਨ ਵਿਹੂਣੇ ਹੋ ਕੇ ਬੇਰੁਜ਼ਗਾਰ ਹੋ ਗਏ ਹਨ। ਸ਼ਹਿਰਾਂ ਤੇ ਕਸਬਿਆਂ ਦੁਆਲੇ ਜ਼ਮੀਨਾਂ 'ਤੇ ਰਿਹਾਇਸ਼ੀ ਤੇ ਵਪਾਰਕ ਉਸਾਰੀਆਂ ਕਰਨ ਵਾਲੇ ਸਿਆਸੀ ਆਗੂ ਜਾਂ ਫਿਰ ਇਨ੍ਹਾਂ ਦੇ ਚਹੇਤੇ ਹੀ ਹਨ।

ਸੂਤਰਾਂ ਅਨੁਸਾਰ ਚੰਡੀਗੜ੍ਹ ਪੈਰੀਫੇਰੀ ਵਿਚ ਪੈਂਦੇ ਪਿੰਡਾਂ ਦੀ ਬੇਸ਼ਕੀਮਤੀ ਸ਼ਾਮਲਾਟ ਤੇ ਪੰਚਾਇਤੀ ਜ਼ਮੀਨ ਤੋਂ ਮਾਫੀਆ, ਸਿਆਸਤਦਾਨਾਂ ਤੇ ਨੌਕਰਸ਼ਾਹਾਂ ਦੇ ਕਬਜ਼ੇ ਹੇਠ ਹੈ। ਇਹ ਵੀ ਦੋਸ਼ ਲੱਗੇ ਹਨ ਕਿ ਕੁਝ ਪ੍ਰਭਾਵਸ਼ਾਲੀ ਸਿਆਸਤਦਾਨਾਂ ਨੇ ਨਿਊ ਚੰਡੀਗੜ੍ਹ ਵਜੋਂ ਜਾਣੇ ਜਾਂਦੇ ਮੁੱਲਾਂਪੁਰ ਨੇੜਲੇ ਕਈ ਪਿੰਡਾਂ ਦੀਆਂ ਪੰਚਾਇਤੀ ਤੇ ਸ਼ਾਮਲਾਟ ਜ਼ਮੀਨਾਂ 'ਤੇ ਕਬਜ਼ੇ ਕਰ ਲਏ ਹਨ। ਇਨ੍ਹਾਂ ਪਿੰਡਾਂ ਵਿਚ ਜ਼ਮੀਨ ਦੀ ਕੀਮਤ 1.5 ਕਰੋੜ ਤੋਂ ਤਿੰਨ ਕਰੋੜ ਰੁਪਏ ਪ੍ਰਤੀ ਏਕੜ ਵਿਚਾਲੇ ਹੈ।

ਪੰਚਾਇਤੀ ਤੇ ਸ਼ਾਮਲਾਟ ਜ਼ਮੀਨਾਂ 'ਤੇ ਕਬਜ਼ਿਆਂ ਦਾ ਵਰਤਾਰਾ ਸਿਰਫ਼ ਚੰਡੀਗੜ੍ਹ ਤੱਕ ਮਹਿਦੂਦ ਨਹੀਂ ਹੈ। ਇਹ ਸਭ ਪੰਜਾਬ ਭਰ ਵਿਚ ਹੋ ਰਿਹਾ ਹੈ। ਪੰਜਾਬ ਵਿਚ ਕਈ ਪਿੰਡਾਂ ਵਿਚ ਛੱਪੜਾਂ ਤੇ ਹੱਡਾਰੋੜੀਆਂ 'ਤੇ ਪ੍ਰਭਾਵਸ਼ਾਲੀ ਬੰਦਿਆਂ ਦਾ ਕਬਜ਼ਾ ਹੈ। ਇਹ ਵੀ ਰਿਪੋਰਟਾਂ ਹਨ ਕਿ ਕਈ ਥਾਵਾਂ 'ਤੇ ਨਾਜਾਇਜ਼ ਕਬਜ਼ੇ ਹੇਠਲੀ ਪੰਚਾਇਤੀ ਤੇ ਸ਼ਾਮਲਾਟ ਜ਼ਮੀਨ ਨੂੰ ਅਗਾਂਹ ਵੇਚ ਦਿੱਤਾ ਗਿਆ। ਦਿਲਚਸਪ ਗੱਲ ਇਹ ਹੈ ਕਿ ਕਬਜ਼ੇ ਹਟਾਉਣ ਤੋਂ ਸਰਕਾਰੀ ਅਧਿਕਾਰੀ ਖ਼ੁਦ ਨੂੰ ਬੇਵੱਸ ਦੱਸ ਰਹੇ ਹਨ।

ਉਂਜ ਤਾਂ ਪੰਜਾਬ ਦੇ ਹਰ ਸ਼ਹਿਰ ਤੇ ਕਸਬੇ ਇਹੋ ਕਹਾਣੀ ਹੈ ਪਰ ਚੰਡੀਗੜ੍ਹ ਤੇ ਲੁਧਿਆਣਾ ਦੁਆਲੇ ਇਸ ਦੀਆਂ ਸਭ ਤੋਂ ਵੱਡੀਆਂ ਉਦਾਹਰਣਾਂ ਵੇਖੀਆਂ ਜਾ ਸਕਦੀਆਂ ਹਨ। ਸੂਤਰਾਂ ਅਨੁਸਾਰ ਦੋ ਹਜ਼ਾਰ ਦੀ ਵਸੋਂ ਵਾਲਾ ਛੋਟਾ ਜਿਹਾ ਪਿੰਡ ਜ਼ੀਰਕਪੁਰ 12 ਸਾਲਾਂ ਵਿਚ ਤਕਰੀਬਨ ਦੋ ਲੱਖ ਦੀ ਆਬਾਦੀ ਵਾਲਾ ਪੰਜਾਬ ਦਾ ਸਭ ਤੋਂ ਤੇਜ਼ੀ ਨਾਲ ਉਭਰਦਾ ਸ਼ਹਿਰ ਬਣ ਗਿਆ ਹੈ। ਚੰਡੀਗੜ੍ਹ ਦੇ ਨਾਲ ਵਸੇ ਜ਼ੀਰਕਪੁਰ ਵਿਚ ਕਿਸੇ ਸਮੇਂ ਹਰ ਪਾਸੇ ਹਰੇ ਭਰੇ ਖੇਤ ਨਜ਼ਰ ਆਉਂਦੇ ਸਨ ਪਰ ਹੁਣ ਇਮਾਰਤਾਂ ਹੀ ਦਿਸਦੀਆਂ ਹਨ। ਪੰਜਾਬ ਸਰਕਾਰ ਤੇ ਜ਼ਿਲ੍ਹਾ ਮੁਹਾਲੀ ਦੇ ਪ੍ਰਸ਼ਾਸਨਕ ਅਧਿਕਾਰੀ ਇਸ ਸ਼ਹਿਰ ਨੂੰ ਹਰਿਆਣਾ ਦੇ ਗੁੜਗਾਓਂ ਤੇ ਉੱਤਰ ਪ੍ਰਦੇਸ਼ ਦੇ ਸ਼ਹਿਰ ਨੋਇਡਾ ਦੀ ਤਰਜ 'ਤੇ ਵਿਕਸਤ ਕਰਨ ਦਾ ਦਾਅਵਾ ਕਰਦੇ ਹਨ। ਇਸ ਸ਼ਹਿਰ ਵਿਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਮੇਤ ਸੂਬੇ ਦੇ ਕਈ ਵੱਡੇ ਸਿਆਸੀ ਆਗੂਆਂ ਤੇ ਅਫ਼ਸਰਾਂ ਦੀਆਂ ਨਾਮੀ ਤੇ ਬੇਨਾਮੀ ਜ਼ਮੀਨਾਂ ਹਨ। ਇਸ ਸ਼ਹਿਰ ਦਾ ਵਿਸਤਾਰ ਐਨੀ ਤੇਜ਼ੀ ਨਾਲ ਹੋਇਆ ਕਿ ਇਥੇ ਅਣਅਧਿਕਾਰਤ ਕਲੋਨੀਆਂ ਦੀ ਭਰਮਾਰ ਹੋ ਗਈ ਜਿਨ੍ਹਾਂ ਵਿਚ ਸਹੂਲਤਾਂ ਨਾਂ-ਮਾਤਰ ਹਨ। ਸੂਤਰਾਂ ਮੁਤਾਬਕ ਇਥੇ 125 ਰਿਹਾਇਸ਼ੀ ਕਲੋਨੀਆਂ ਵਿਚੋਂ ਸਿਰਫ਼ 12 ਕਲੋਨੀਆਂ ਹੀ ਅਧਿਕਾਰਤ ਹਨ ਜਦੋਂਕਿ ਬਾਕੀ 113 ਕਲੋਨੀਆਂ ਅਣਅਧਿਕਾਰਤ ਹਨ। ਸ਼ਹਿਰ ਵਿਚ ਬੁਨਿਆਦੀ ਸਹੂਲਤਾਂ ਦੀ ਵੱਡੀ ਘਾਟ ਹੈ।

ਜਾਣਕਾਰੀ ਅਨੁਸਾਰ ਜ਼ੀਰਕਪੁਰ ਤੇ ਇਸ ਦੇ ਇਰਦ ਗਿਰਦ ਵਸਣ ਵਾਲੇ ਲੋਕਾਂ ਦੀ ਲਗਾਤਾਰ ਵਧਦੀ ਗਿਣਤੀ ਨੂੰ ਵੇਖਦਿਆਂ ਸਾਲ 1999 ਵਿਚ ਪਿੰਡ ਜ਼ੀਰਕਪੁਰ ਵਿਚ ਆਲੇ-ਦੁਆਲੇ ਦੇ ਸੱਤ ਪਿੰਡ ਜ਼ੀਰਕਪੁਰ, ਢਕੋਲੀ, ਹਿੰਮਤਗੜ੍ਹ (ਢਕੋਲਾ), ਬਲਟਾਣਾ, ਲੋਹਗੜ੍ਹ, ਬਿਸ਼ਨਪੁਰਾ ਨੂੰ ਰਲਾ ਕੇ ਨਗਰ ਪੰਚਾਇਤ ਦਾ ਦਰਜਾ ਦਿੱਤਾ ਗਿਆ। 2007 ਵਿਚ ਇਸ ਨੂੰ ਨਗਰ ਕੌਂਸਲ ਤੇ 2009 ਵਿਚ ਇਸ ਨੇ 'ਏ' ਕਲਾਸ ਨਗਰ ਕੌਂਸਲ ਦਾ ਦਰਜਾ ਹਾਸਲ ਕਰ ਲਿਆ।

ਨਗਰ ਕੌਂਸਲ ਜ਼ੀਰਕਪੁਰ ਵਿੱਚ ਇਸ ਸਮੇਂ ਜ਼ੀਰਕਪੁਰ, ਢਕੋਲੀ, ਹਿੰਮਤਗੜ੍ਹ (ਢਕੋਲਾ), ਬਲਟਾਣਾ, ਲੋਹਗੜ੍ਹ, ਪੀਰ ਮੁਛੱਲਾ, ਭਬਾਤ, ਬਿਸ਼ਨਗੜ੍ਹ, ਬਿਸ਼ਨਪੁਰਾ, ਗਾਜੀਪੁਰ, ਕਿਸ਼ਨਪੁਰਾ, ਰਾਮਗੜ੍ਹ ਭੁੱਡਾ, ਸਿੰਘਪੁਰਾ, ਨਾਭਾ ਸਾਹਿਬ, ਦਿਆਲਪੁਰਾ ਪਿੰਡ ਸ਼ਾਮਲ ਹਨ ਅਤੇ ਸਨੌਲੀ, ਛੱਤ, ਬਾਜ਼ੀਗਰ ਬਸਤੀ ਸਮੇਤ ਹੋਰ ਪਿੰਡ ਸ਼ਾਮਲ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਚੰਡੀਗੜ੍ਹ-ਅੰਬਾਲਾ ਕੌਮੀ ਸ਼ਾਹਰਾਹ 'ਤੇ ਸਥਿਤ ਜ਼ੀਰਕਪੁਰ ਪਹਿਲਾਂ ਜ਼ਿਲ੍ਹਾ ਪਟਿਆਲਾ ਦਾ ਛੋਟਾ ਜਿਹਾ ਪਿੰਡ ਸੀ ਜਿਸ ਨੂੰ ਬਾਅਦ ਵਿਚ ਨਵੇਂ ਬਣੇ ਜ਼ਿਲ੍ਹਾ ਮੁਹਾਲੀ ਵਿਚ ਸ਼ਾਮਲ ਕਰ ਦਿੱਤਾ ਗਿਆ। ਜ਼ੀਰਕਪੁਰ ਪਹਿਲਾਂ ਬਨੂੜ ਹਲਕੇ ਅਧੀਨ ਆਉਂਦਾ ਸੀ ਤੇ ਸਾਲ 2010 ਦੀ ਨਵੀਂ ਹਲਕਾਬੰਦੀ ਦੌਰਾਨ ਇਸ ਨੂੰ ਨਵੇਂ ਹਲਕੇ ਡੇਰਾਬਸੀ ਵਿਚ ਸ਼ਾਮਲ ਕਰ ਦਿੱਤਾ ਗਿਆ।

# ਸਿਆਸੀ ਆਗੂਆਂ ਖਿਲਾਫ ਅਸ਼ਟਾਮ ਚੋਰੀ ਦੇ ਪੁਖਤਾ ਸਬੂਤ

**ਚੰਡੀਗੜ੍ਹ**: ਪੰਜਾਬ ਦੇ ਮਾਲ ਵਿਭਾਗ ਨੇ ਸ਼੍ਰੋਮਣੀ ਅਕਾਲੀ ਦਲ ਦੇ ਖ਼ਜ਼ਾਨਚੀ ਤੇ ਮੁੱਖ ਸੰਸਦੀ ਸਕੱਤਰ ਐਨ.ਕੇ. ਸ਼ਰਮਾ ਤੇ ਕਾਂਗਰਸ ਆਗੂਆਂ ਫਤਹਿਜੰਗ ਸਿੰਘ ਬਾਜਵਾ ਤੇ ਸੁਖਪਾਲ ਸਿੰਘ ਖਹਿਰਾ ਨੂੰ ਸਟੈਂਪ ਡਿਊਟੀ ਚੋਰੀ ਕਰਨ ਦਾ ਦੋਸ਼ੀ ਪਾਇਆ ਹੈ।



ਸੂਤਰਾਂ ਮੁਤਾਬਕ ਡੇਰਾ ਬਸੀ ਤੇ ਮਾਜਰੀ ਦੇ ਤਹਿਸੀਲਦਾਰਾਂ ਵੱਲੋਂ ਡਿਪਟੀ ਕਮਿਸ਼ਨਰ ਮੁਹਾਲੀ ਨੂੰ ਭੇਜੀਆਂ ਮੁੱਢਲੀਆਂ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਸ਼ਰਮਾ ਦੀ ਕੰਪਨੀ ਨੇ 1.30 ਕਰੋੜ ਰੁਪਏ, ਬਾਜਵਾ ਨੇ 66 ਲੱਖ ਤੇ ਖਹਿਰਾ ਨੇ 76 ਹਜ਼ਾਰ ਰੁਪਏ ਅਸ਼ਟਾਮ ਘੱਟ ਲਾਏ ਹਨ। ਇਨ੍ਹਾਂ ਰਿਪੋਰਟਾਂ ਮੁਤਾਬਕ ਜ਼ਮੀਨਾਂ ਦੀਆਂ ਰਜਿਸਟਰੀਆਂ ਖੇਤੀਬਾੜੀ ਵਰਤੋਂ ਖਾਤਰ ਹੋਈਆਂ ਹਨ ਜਦੋਂਕਿ ਅਸਲੀਅਤ ਵਿਚ ਜ਼ਮੀਨ ਰਿਹਾਇਸ਼ੀ ਵਰਤੋਂ ਲਈ ਵਰਤੀ ਗਈ। ਜ਼ਿਕਰਯੋਗ ਹੈ ਕਿ ਇਹ ਮਾਮਲਾ ਕਾਂਗਰਸੀ ਆਗੂ ਸੁਖਪਾਲ ਖਹਿਰਾ ਨੇ ਸਾਹਮਣੇ ਲਿਆਂਦਾ ਹੈ। ਮਾਲ ਵਿਭਾਗ ਦੇ ਸੂਤਰਾਂ ਦਾ ਕਹਿਣਾ ਹੈ ਕਿ ਡੇਰਾ ਬਸੀ ਤੇ ਮਾਜਰੀ ਦੇ ਤਹਿਸੀਲਦਾਰਾਂ ਨੂੰ ਸਿਰਫ਼ ਸਵਾਲਾਂ ਦੇ ਘੇਰੇ ਵਿਚ ਆਈ ਜਾਇਦਾਦ ਦੀਆਂ ਰਿਪੋਰਟਾਂ ਭੇਜਣ ਲਈ ਕਿਹਾ ਗਿਆ ਸੀ। ਇਨ੍ਹਾਂ ਰਿਪੋਰਟਾਂ ਮੁਤਾਬਕ ਵੀ.ਐਨ. ਸ਼ਰਮਾ ਬਿਲਡਰਜ਼ ਵੱਲੋਂ ਜ਼ੀਰਕਪੁਰ ਨੇੜਲੇ ਪਿੰਡ ਬਿਸ਼ਨਪੁਰਾ ਦੇ ਰਕਬੇ ਵਾਲੀ ਨੌਂ ਏਕੜ ਜ਼ਮੀਨ ਦੀ ਜਿਹੜੀ ਰਜਿਸਟਰੀ 28 ਮਾਰਚ ਨੂੰ ਕਰਾਈ ਗਈ ਸੀ, ਮੁਤਾਬਕ ਜ਼ਮੀਨ ਦੀ ਵਰਤੋਂ ਖੇਤੀਬਾੜੀ ਲਈ ਦਿਖਾ ਕੇ ਤਕਰੀਬਨ ਸਵਾ ਦੋ ਕਰੋੜ ਰੁਪਏ ਦੀ ਸਟੈਂਪ ਡਿਊਟੀ ਅਦਾ ਕੀਤੀ ਗਈ ਸੀ। ਇਸ ਜ਼ਮੀਨ ਦੀ ਰਿਹਾਇਸ਼ੀ ਵਰਤੋਂ ਲਈ ਰਜਿਸਟਰੀ ਹੁੰਦੀ ਤਾਂ ਸਟੈਂਪ ਡਿਊਟੀ ਸਾਢੇ ਤਿੰਨ ਕਰੋੜ ਰੁਪਏ ਦੇ ਕਰੀਬ ਬਣਨੀ ਸੀ। ਸ. ਬਾਜਵਾ ਨੇ 108 ਵਿੱਘੇ ਜ਼ਮੀਨ ਖੇਤੀਬਾੜੀ ਦੀ ਵਰਤੋਂ ਲਈ ਦਿਖਾ ਕੇ ਵੇਚੀ ਤੇ ਇਸ ਆਗੂ ਵੱਲ ਤਕਰੀਬਨ 66 ਲੱਖ ਰੁਪਏ ਦਾ ਬਕਾਇਆ ਹੋਰ ਬਣੇਗਾ ਤੇ ਸੁਖਪਾਲ ਸਿੰਘ ਖਹਿਰਾ ਨੇ ਕਿਉਂਕਿ 13 ਕਨਾਲ ਜ਼ਮੀਨ ਹੀ ਵੇਚੀ ਸੀ ਤੇ ਉਸ ਵੱਲ 76 ਹਜ਼ਾਰ ਰੁਪਏ ਦੀ ਸਟੈਂਪ ਡਿਊਟੀ ਦਾ ਬਕਾਇਆ ਨਿਕਲੇਗਾ।

ਕਾਂਗਰਸੀ ਆਗੂਆਂ ਨੇ ਜਿਸ ਜ਼ਮੀਨ ਦੀ ਵੇਚ ਵੱਟਤ ਕੀਤੀ ਹੈ ਕਿ ਉਹ ਜ਼ਮੀਨ ਪਿੰਡ ਕਰੌਰਾਂ ਤੇ ਨਾਡਾ ਦੇ ਰਕਬੇ 'ਚ ਆਉਂਦੀ ਹੈ। ਸ੍ਰੀ ਸ਼ਰਮਾ ਦੇ ਮਾਮਲੇ ਵਿਚ ਤਾਂ ਪੜਤਾਲ ਸਿਰਫ਼ 9 ਏਕੜ ਦੀ ਵੇਚ-ਵੱਟਤ ਬਾਰੇ ਹੋਈ ਹੈ। ਮਾਲ ਵਿਭਾਗ ਦਾ ਦਾ ਕਹਿਣਾ ਹੈ ਕਿ ਜੇ ਸਮੁੱਚੇ ਮਾਮਲੇ ਨੂੰ ਦੇਖਿਆ ਜਾਵੇ ਤਾਂ ਸ੍ਰੀ ਸ਼ਰਮਾ ਵੱਲ 50 ਕਰੋੜ ਰੁਪਏ ਦੀ ਵਸੂਲੀ ਨਿਕਲ ਸਕਦੀ ਹੈ।

# ਪ੍ਰਦੂਸ਼ਣ ਕੰਟਰੋਲ ਬੋਰਡ ਨੇ ਐਨ.ਕੇ. ਸ਼ਰਮਾ 'ਤੇ ਕੱਸਿਆ ਸ਼ਿਕੰਜਾ

**ਚੰਡੀਗੜ੍ਹ:** ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਨੇ ਸ਼੍ਰੋਮਣੀ ਅਕਾਲੀ ਦਲ ਦੇ ਖ਼ਜ਼ਾਨਚੀ ਤੇ ਮੁੱਖ ਸੰਸਦੀ ਸਕੱਤਰ ਐਨ.ਕੇ. ਸ਼ਰਮਾ ਦੀ ਪਰਿਵਾਰਕ ਮਾਲਕੀ ਵਾਲੀ ਰੀਅਲ ਅਸਟੇਟ ਕੰਪਨੀ ਵੀ.ਐਨ. ਸ਼ਰਮਾ ਬਿਲਡਰਜ਼ ਪ੍ਰਾਈਵੇਟ ਲਿਮਟਿਡ ਵਿਰੁੱਧ ਵਾਤਾਵਰਨ ਕਾਨੂੰਨ ਦੀ ਉਲੰਘਣਾ ਦਾ ਕੇਸ ਦਾਇਰ ਕਰ ਦਿੱਤਾ ਹੈ।

ਬੋਰਡ ਦੇ ਸੂਤਰਾਂ ਮੁਤਾਬਕ ਐਸ.ਡੀ.ਓ. ਮੇਜਰ ਸਿੰਘ ਵੱਲੋਂ ਇਨਵਾਇਰਨਮੈਂਟ ਪ੍ਰੋਟੈਕਸ਼ਨ ਐਕਟ-1986 ਦੀ ਧਾਰਾ 15 ਤੇ 16 ਤਹਿਤ ਡੇਰਾਬਸੀ ਦੀ ਅਦਾਲਤ ਵਿਚ 17 ਅਕਤੂਬਰ ਨੂੰ ਹੀ ਇਹ ਕੇਸ ਦਾਇਰ ਕੀਤਾ ਗਿਆ ਹੈ। ਪ੍ਰਦੂਸ਼ਣ ਰੋਕਥਾਮ ਬੋਰਡ ਦਾ ਦਾਅਵਾ ਹੈ ਕਿ ਰੀਅਲ ਅਸਟੇਟ ਦੀ ਇਸ ਕੰਪਨੀ ਵੱਲੋਂ ਵਾਤਾਵਰਨ ਮੰਤਰਾਲੇ ਤੋਂ ਪ੍ਰਵਾਨਗੀ ਲਏ ਬਗੈਰ ਹੀ ਇਮਾਰਤ ਦੀ ਉਸਾਰੀ ਦਾ ਕੰਮ ਆਰੰਭ ਦਿੱਤਾ ਗਿਆ ਹੈ। ਵੀ.ਐਨ. ਸ਼ਰਮਾ ਬਿਲਡਰਜ਼ 'ਤੇ ਜ਼ੀਰਕਪੁਰ ਨਜ਼ਦੀਕ ਬਿਸ਼ਨਪੁਰਾ ਸਿੰਘ ਦੀ ਨੌਂ ਏਕੜ ਜ਼ਮੀਨ 'ਤੇ ਉਸਾਰੇ ਜਾ ਰਹੇ ਫਲੈਟਾਂ ਦੇ ਮਾਮਲੇ ਵਿਚ ਕੀਤੀ ਉਲੰਘਣਾ ਦਾ ਕੇਸ ਦਾਇਰ ਕੀਤਾ ਗਿਆ ਹੈ। ਬੋਰਡ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਐਕਟ ਤਹਿਤ ਤਿੰਨ ਸਾਲ ਦੀ ਸਜ਼ਾ ਜਾਂ 10 ਹਜ਼ਾਰ ਰੁਪਏ ਜੁਰਮਾਨਾ ਤੇ ਜਾਂ ਫਿਰ ਦੋਵੇਂ ਵੀ ਹੋ ਸਕਦੀਆਂ ਹਨ। ਸਾਇੰਸ ਐਂਡ ਤਕਨਾਲੋਜੀ ਵਿਭਾਗ ਦੀ ਸਕੱਤਰ ਸੀਮਾ ਜੈਨ ਵੱਲੋਂ ਕੁਝ ਦਿਨ ਪਹਿਲਾਂ ਹੀ ਵੀ.ਐਨ. ਸ਼ਰਮਾ ਬਿਲਡਰਜ਼ ਖ਼ਿਲਾਫ਼ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ।

ਇਨ੍ਹਾਂ ਨਿਰਦੇਸ਼ਾਂ 'ਤੇ ਹੀ ਬੋਰਡ ਵੱਲੋਂ ਕੇਸ ਦਾਇਰ ਕੀਤਾ ਗਿਆ ਹੈ। ਬੋਰਡ ਦੇ ਅਧਿਕਾਰੀਆਂ ਮੁਤਾਬਕ 20 ਹਜ਼ਾਰ ਵਰਗ ਮੀਟਰ ਤੋਂ ਵੱਧ ਉਸਾਰੀ ਵਾਲੀ ਥਾਂ ਲਈ ਵਾਤਾਵਰਨ ਮੰਤਰਾਲੇ ਤੋਂ ਅਗਾਊਂ ਪ੍ਰਵਾਨਗੀ ਲਏ ਬਿਨਾਂ ਉਸਾਰੀ ਨਹੀਂ ਕੀਤੀ ਜਾ ਸਕਦੀ। ਅਧਿਕਾਰੀਆਂ ਮੁਤਾਬਕ ਕੰਪਨੀ ਵੱਲੋਂ ਵਾਤਾਵਰਨ ਮੰਤਰਾਲੇ ਤੋਂ ਪ੍ਰਵਾਨਗੀ ਲਈ ਅਰਜ਼ੀ ਤਾਂ ਦਾਇਰ ਕਰ ਦਿੱਤੀ ਗਈ ਸੀ ਪਰ ਮੰਤਰਾਲੇ ਦੀ ਸ਼ਰਤ ਹੈ ਕਿ ਪਹਿਲਾਂ ਉਲੰਘਣਾ ਦੇ ਮਾਮਲੇ 'ਚ ਕਾਰਵਾਈ ਅਮਲ 'ਚ ਲਿਆਂਦੀ ਜਾਵੇ, ਉਸ ਤੋਂ ਬਾਅਦ ਹੀ ਪ੍ਰਵਾਨਗੀ ਦਿੱਤੀ ਜਾਵੇਗੀ।

# ਨਵੀਂ ਨੀਤੀ ਪਰਵਾਸੀ ਪੰਜਾਬੀਆਂ ਲਈ ਮੁਸੀਬਤ ਬਣੀ


**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸ਼ਹਿਰਾਂ ਤੇ ਕਸਬਿਆਂ ਵਿਚ ਬਣੀਆਂ ਅਣਅਧਿਕਾਰਤ ਕਲੋਨੀਆਂ ਨੂੰ ਰੈਗੂਲਰ ਕਰਨ ਬਾਰੇ ਅਪਣਾਈ ਨਵੀਂ ਨੀਤੀ ਨੇ ਵਿਦੇਸ਼ਾਂ ਵਿਚ ਵਸਦੇ ਲੱਖਾਂ ਪਰਵਾਸੀ ਪੰਜਾਬੀਆਂ ਨੂੰ ਵੀ ਵਖ਼ਤ ਪਾ ਦਿੱਤਾ ਹੈ। ਸਰਕਾਰੀ ਅੰਕੜਿਆਂ ਅਨੁਸਾਰ ਇਸ ਵੇਲੇ 80 ਲੱਖ ਦੇ ਕਰੀਬ ਪੰਜਾਬੀ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿਚ ਵਸੇ ਹੋਏ ਹਨ। ਬਹੁਤੇ ਪਰਵਾਸੀ ਪੰਜਾਬੀਆਂ ਨੇ ਆਪਣੇ ਪਿੰਡਾਂ ਲਾਗਲੇ ਸ਼ਹਿਰਾਂ ਤੇ ਕਸਬਿਆਂ ਵਿਚ ਮਕਾਨ ਬਣਾਏ ਹੋਏ ਹਨ ਜਾਂ ਪਲਾਟ ਲੈ ਰੱਖੇ ਹਨ। ਪਰਵਾਸੀ ਪੰਜਾਬੀਆਂ ਅੰਦਰ ਆਪਣੇ ਸੂਬੇ ਵਿਚ ਮਕਾਨ ਬਣਾਉਣ ਜਾਂ ਪਲਾਟ ਲੈ ਕੇ ਰੱਖਣ ਦਾ ਰੁਝਾਨ 1995 ਵਿਚ ਹਾਲਾਤ ਆਮ ਵਰਗੇ ਹੋਣ ਬਾਅਦ ਹੀ ਸ਼ੁਰੂ ਹੋਇਆ ਸੀ। ਇਸ ਤਰ੍ਹਾਂ ਪਰਵਾਸੀ ਪੰਜਾਬੀਆਂ ਵੱਲੋਂ ਬਣਾਏ ਮਕਾਨ ਜਾਂ ਖਰੀਦੇ ਪਲਾਟ ਬਹੁਤਾ ਕਰਕੇ ਸਰਕਾਰ ਵੱਲੋਂ ਅਣਅਧਿਕਾਰਤ ਐਲਾਨੀਆਂ ਕਲੋਨੀਆਂ ਵਿਚ ਹੀ ਪੈਂਦੇ ਹਨ। ਸਰਕਾਰ ਨੇ ਨਵੀਂ ਨੀਤੀ ਤਹਿਤ ਪਹਿਲਾਂ ਸੱਤ ਅਕਤੂਬਰ ਤੇ ਹੁਣ 25 ਨਵੰਬਰ ਮਕਾਨ ਜਾਂ ਪਲਾਟ ਰੈਗੂਲਰ ਕਰਵਾਉਣ ਦੀ ਆਖਰੀ ਤਰੀਕ ਮਿਥ ਦਿੱਤੀ ਹੈ।

ਪਰਵਾਸੀ ਪੰਜਾਬੀਆਂ ਅੰਦਰ ਸਰਕਾਰ ਦੇ ਇਸ ਫੈਸਲੇ ਨਾਲ ਹਾਹਾਕਾਰ ਮੱਚ ਗਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪਹਿਲਾਂ ਤਾਂ ਸਰਕਾਰ ਨੇ ਬਾਹਰਲੇ ਮੁਲਕਾਂ ਵਿਚ ਬੈਠੇ ਲੋਕਾਂ ਨੂੰ ਇਸ ਨੀਤੀ ਬਾਰੇ ਜਾਣਕਾਰੀ ਦੇਣ ਲਈ ਕੋਈ ਉਪਰਾਲਾ ਨਹੀਂ ਕੀਤਾ। ਦੂਜਾ ਬਾਹਰ ਬੈਠੇ ਲੋਕਾਂ ਨੂੰ ਇਹ ਵੀ ਪਤਾ ਨਹੀਂ ਲੱਗ ਰਿਹਾ ਕਿ ਉਨ੍ਹਾਂ ਦਾ ਮਕਾਨ ਜਾਂ ਪਲਾਟ ਗ਼ੈਰ-ਕਾਨੂੰਨੀ ਕਾਲੋਨੀ ਵਿਚ ਹੈ ਜਾਂ ਨਹੀਂ। ਇੰਗਲੈਂਡ ਵਸਦੇ ਭਰਭੂਰ ਸਿੰਘ ਅਨੁਸਾਰ ਅਨੇਕਾਂ ਪਰਵਾਸੀਆਂ ਨੇ ਬਠਿੰਡਾ, ਮਾਨਸਾ ਤੇ ਬਰਨਾਲਾ ਵਿਚ ਮਕਾਨ ਬਣਾਏ ਹੋਏ ਹਨ ਤੇ ਕਈਆਂ ਨੇ ਪਲਾਟ ਲੈ ਕੇ ਰੱਖੇ ਹੋਏ ਹਨ ਪਰ ਹੁਣ ਉਨ੍ਹਾਂ ਨੂੰ ਨਹੀਂ ਪਤਾ ਲੱਗ ਰਿਹਾ ਕਿ ਉਨ੍ਹਾਂ ਦੇ ਮਕਾਨ ਪ੍ਰਵਾਨਿਤ ਹਨ ਜਾਂ ਗ਼ੈਰ-ਕਾਨੂੰਨੀ।

ਨਕੋਦਰ ਦੇ ਕੈਨੇਡਾ ਰਹਿੰਦੇ ਗੁਰਬਖਸ਼ ਸਿੰਘ ਅਨੁਸਾਰ ਕਸਬੇ ਦੇ ਬਾਹਰਵਾਰ ਵੱਡੀ ਗਿਣਤੀ ਵਿਚ ਬਣੀਆਂ ਕੋਠੀਆਂ ਪਰਵਾਸੀ ਪੰਜਾਬੀਆਂ ਦੀਆਂ ਹਨ। ਪਰਵਾਸੀ ਪੰਜਾਬੀਆਂ ਨੂੰ ਇਹ ਵੀ ਗਿਲਾ ਹੈ ਕਿ ਉਂਜ ਤਾਂ ਸਰਕਾਰ ਹਰ ਗੱਲ ਵਿਚ ਪਰਵਾਸੀ ਪੰਜਾਬੀਆਂ ਨੂੰ ਤਰਜੀਹਾਂ ਦੇਣ ਦੀ ਗੱਲ ਕਰਦੀ ਹੈ ਪਰ ਇਹ ਨੀਤੀ ਬਣਾਉਣ ਲੱਗਿਆਂ ਸੋਚਿਆ ਵੀ ਨਹੀਂ ਕਿ ਪਰਵਾਸੀ ਪੰਜਾਬੀ ਏਨੇ ਥੋੜ੍ਹੇ ਸਮੇਂ ਵਿਚ ਆਪਣੇ ਮਕਾਨ/ਪਲਾਟ ਰੈਗੂਲਰ ਕਰਵਾਉਣ ਲਈ ਕਿਵੇਂ ਇਥੇ ਆ ਸਕਦੇ ਹਨ ਤੇ ਫੀਸਾਂ ਭਰ ਸਕਦੇ ਹਨ। ਪਰਵਾਸੀ ਪੰਜਾਬੀਆਂ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਨੇ ਇਹ ਨੀਤੀ ਲਾਗੂ ਕਰਨੀ ਸੀ ਤਾਂ ਘੱਟੋ-ਘੱਟ ਉਚਿਤ ਢੰਗ ਨਾਲ ਉਨ੍ਹਾਂ ਨੂੰ ਸੂਚਿਤ ਕੀਤਾ ਜਾਣਾ ਚਾਹੀਦਾ ਸੀ ਤੇ ਫਿਰ ਉਨ੍ਹਾਂ ਲਈ ਸਮਾਂ ਵੀ ਘੱਟੋ-ਘੱਟ ਛੇ ਮਹੀਨੇ ਦਾ ਹੋਣਾ ਚਾਹੀਦਾ ਸੀ।

## ਰੀਅਲ ਅਸਟੇਟ ਕੰਪਨੀ ਵੱਲੋਂ ਪਰਵਾਸੀ ਪੰਜਾਬੀਆਂ ਨੂੰ ਰਗੜਾ

**ਜਲੰਧਰ:** ਦਿੱਲੀ ਦੀ ਰੀਅਲ ਅਸਟੇਟ ਕੰਪਨੀ ਵੱਲੋਂ ਪਰਵਾਸੀ ਭਾਰਤੀਆਂ ਤੇ ਕਈ ਹੋਰਾਂ ਨਾਲ ਕਰੋੜਾਂ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ।



ਪਰਵਾਸੀ ਭਾਰਤੀਆਂ ਤੇ ਪੀੜਤ ਲੋਕਾਂ ਅਨੁਸਾਰ ਪਿੰਡ ਲੋਹਾਰ ਨੰਗਲ ਨੇੜੇ 66 ਫੁੱਟੀ ਰੋਡ 'ਤੇ ਕੰਪਨੀ ਵੱਲੋਂ ਮਾਲ ਉਸਾਰਿਆ ਜਾਣਾ ਸੀ ਤੇ ਇਸ ਮਾਲ ਵਿਚ ਜਗ੍ਹਾ ਲੈਣ ਲਈ ਕੰਪਨੀ ਨੇ ਵੱਡੇ ਪੱਧਰ 'ਤੇ ਇਸ਼ਤਿਹਾਰਬਾਜ਼ੀ ਕੀਤੀ ਸੀ ਜਿਸ ਨੂੰ ਪੜ੍ਹ ਕੇ ਉਨ੍ਹਾਂ ਕੰਪਨੀ ਵਿਚ ਪੈਸੇ ਲਾ ਦਿੱਤੇ ਪਰ ਹੁਣ ਕੰਪਨੀ ਉਨ੍ਹਾਂ ਨੂੰ ਹੱਥ-ਪੱਲਾ ਨਹੀਂ ਫੜਾ ਰਹੀ।

ਇੰਗਲੈਂਡ ਤੋਂ ਆਏ ਰਾਹੁਲ ਕੁਮਾਰ ਨੇ ਦੱਸਿਆ ਕਿ ਉਸ ਨੇ ਵੀ ਮਾਲ ਵਿਚ ਜਗ੍ਹਾ ਲੈਣ ਲਈ ਕੁੱਲ ਰਕਮ ਦਾ 25 ਫੀਸਦੀ ਹਿੱਸਾ ਦਿੱਤਾ ਸੀ ਜਿਸ ਦੀ ਰਕਮ 18 ਲੱਖ ਰੁਪਏ ਦੇ ਕਰੀਬ ਬਣਦੀ ਹੈ। ਰਾਹੁਲ ਕੁਮਾਰ ਨੇ ਦੱਸਿਆ ਕਿ ਉਸ ਨੇ ਜਦੋਂ ਇਸ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਪਵਨ ਗਰਗ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਮਿਲਾਇਆ ਨਹੀਂ ਗਿਆ। ਉਹ ਇਸ ਕੰਮ ਲਈ ਕਈ ਵਾਰ ਇੰਗਲੈਂਡ ਤੋਂ ਇਥੇ ਆਇਆ ਹੈ। ਪੀੜਤ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਇਕ ਲੱਖ ਰੁਪਏ ਤੋਂ ਲੈ ਕੇ 18 ਲੱਖ ਰੁਪਏ ਕੰਪਨੀ ਨੂੰ ਦਿੱਤੇ ਹਨ ਜਿਹੜੀ ਰਕਮ ਕਰੋੜਾਂ ਵਿਚ ਬਣਦੀ ਹੈ। ਉਨ੍ਹਾਂ ਇਹ ਦੋਸ਼ ਵੀ ਲਾਇਆ ਕਿ ਇਹ ਕੰਪਨੀ ਹੁਣ ਬਰਨਾਲੇ ਵਿਚ ਹੀ ਇਹੋ ਜਿਹੇ ਪ੍ਰਾਜੈਕਟ 'ਤੇ ਕੰਮ ਕਰ ਰਹੀ ਹੈ।

ਉਧਰ, ਐਨ.ਆਰ.ਆਈ. ਸਭਾ ਦੇ ਪ੍ਰਧਾਨ ਜਸਵੀਰ ਸਿੰਘ ਗਿੱਲ ਨੇ ਕਿਹਾ ਕਿ ਉਹ ਰੀਅਲ ਅਸਟੇਟ ਕੰਪਨੀ ਤੇ ਨਗਰ ਨਿਗਮ ਵਿਰੁੱਧ ਅਦਾਲਤ ਵਿਚ ਜਾਣਗੇ ਤੇ ਪਰਵਾਸੀ ਭਾਰਤੀਆਂ ਨੂੰ ਇਨਸਾਫ ਲੈ ਕੇ ਦੇਣਗੇ ਜਿਨ੍ਹਾਂ ਨਾਲ ਕੰਪਨੀ ਤੇ ਨਗਰ ਨਿਗਮ ਨੇ ਠੱਗੀ ਮਾਰੀ ਹੈ। ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਪਵਨ ਗਰਗ ਨੇ ਪੂੰਜੀ ਨਿਵੇਸ਼ ਕਰਨ ਵਾਲੇ ਵਿਅਕਤੀਆਂ ਵੱਲੋਂ ਲਾਏ ਜਾ ਰਹੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਉਨ੍ਹਾਂ ਨੇ ਸਮਝੌਤੇ ਤਹਿਤ ਬਾਕੀ ਰਹਿੰਦੀ ਰਕਮ ਜਮ੍ਹਾਂ ਨਹੀਂ ਕਰਵਾਈ।

# ਮੂਲ ਨਾਨਕਸ਼ਾਹੀ ਕੈਲੰਡਰ ਬਾਰੇ ਗੋਸ਼ਟੀ 26 ਨੂੰ

**ਸੈਨ ਹੋਜ਼ੇ (ਦੁਪਾਲਪੁਰ):** ਪੰਥਕ ਜੁਗਤਿ ਅਨੁਸਾਰ ਸੰਨ 2003 ਵਿਚ ਲਾਗੂ ਹੋਏ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਮੁੜ ਬਹਾਲ ਕਰਨ ਦੇ ਮਨੋਰਥ ਨਾਲ ਕੁਝ ਸਿੱਖ ਜਥੇਬੰਦੀਆਂ ਵਲੋਂ 26 ਅਕਤੂਬਰ ਸਨਿਚਰਵਾਰ ਨੂੰ ਸਿਆਟਲ, ਵਾਸ਼ਿੰਗਟਨ ਦੇ ਗੁਰਦੁਆਰਾ ਸੱਚਾ ਮਾਰਗ ਐਬਰਨ ਵਿਚ ਇਕ ਸੈਮੀਨਾਰ ਕੀਤਾ ਜਾ ਰਿਹਾ ਹੈ ਜਿਸ ਦੇ ਮੁੱਖ ਬੁਲਾਰੇ ਭਾਈ ਪੰਥਪ੍ਰੀਤ ਸਿੰਘ ਹੋਣਗੇ। ਇਹ ਸੈਮੀਨਾਰ ਕੁਝ ਹਫਤੇ ਪਹਿਲਾਂ ਇਸੇ ਮਨੋਰਥ ਨੂੰ ਲੈ ਕੇ ਬਠਿੰਡਾ ਵਿਚ ਹੋਏ ਇਕੱਠ ਦੀ ਲੜੀ ਵਿਚ ਕੀਤਾ ਜਾ ਰਿਹਾ ਹੈ।

ਸਿੱਖ ਜਥੇਬੰਦੀ ਵਰਲਡ ਸਿੱਖ ਫੈਡਰੇਸ਼ਨ ਅਤੇ ਇਸ ਦੀਆਂ ਸਹਿਯੋਗੀ ਜਥੇਬੰਦੀਆਂ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਸੈਮੀਨਾਰ ਬਾਰੇ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਬੁਲਾਰੇ ਭਾਈ ਅਜੈਬ ਸਿੰਘ ਨੇ ਦੱਸਿਆ ਕਿ ਇਸ ਸੈਮੀਨਾਰ ਵਿਚ ਹਿੱਸਾ ਲੈਣ ਲਈ ਅਮਰੀਕਾ-ਕੈਨੇਡਾ ਦੀਆਂ ਦੀਆਂ ਨਾਮੀ ਸਿੱਖ ਸੰਸਥਾਵਾਂ ਅਤੇ ਜਥੇਬੰਦੀਆਂ ਦੇ ਆਗੂ ਪਹੁੰਚ ਰਹੇ ਹਨ। ਇਨ੍ਹਾਂ ਵਿਚ ਜਸਵੰਤ ਸਿੰਘ ਹੋਠੀ (ਪ੍ਰਧਾਨ ਏ. ਜੀ. ਪੀ. ਸੀ.), ਰੇਸ਼ਮ ਸਿੰਘ (ਅਕਾਲੀ ਦਲ ਅੰਮ੍ਰਿਤਸਰ), ਅਜੀਤ ਸਿੰਘ ਰਾਹੀ (ਆਸਟ੍ਰੇਲੀਆ), ਸੰਤੋਖ ਸਿੰਘ ਡੈਲਸ (ਸਿੱਖ ਯੂਥ ਆਫ਼ ਅਮਰੀਕਾ), ਗਿਆਨ ਸਿੰਘ ਗਿੱਲ (ਪ੍ਰਧਾਨ ਗੁਰਦਆਰਾ ਸ੍ਰੀ ਦਸਮੇਸ਼ ਦਰਬਾਰ ਸਰ੍ਹੀ), ਸਰਵਜੀਤ ਸਿੰਘ ਸੈਕਰਾਮੈਂਟੋ (ਖਗੋਲ ਤੇ ਭੂਗੋਲ ਦੇ ਮਾਹਰ), ਕੁਲਦੀਪ ਸਿੰਘ (ਰੇਡੀਓ ਸ਼ੇਰੇ ਪੰਜਾਬ ਕੈਨੇਡਾ), ਗੁਰਦੇਵ ਸਿੰਘ ਸੰਧਾਵਾਲੀਆ, ਪੂਰਨ ਸਿੰਘ ਕੈਨੇਡਾ, ਅਜੀਤ ਸਿੰਘ ਆਲੋ ਆਰਖ, ਕੁਲਦੀਪ ਸਿੰਘ (ਜਾਗੋ ਖਾਲਸਾ, ਨਿਊ ਯਾਰਕ), ਧਰਮ ਸਿੰਘ ਫਿਲਾਡੈਲਫੀਆ, ਮਲਕੀਤ ਸਿੰਘ ਬਾਲਟੀਮੋਰ, ਤਰਲੋਚਨ ਸਿੰਘ (ਸਾਬਕਾ ਮੈਂਬਰ ਐਸ. ਜੀ. ਪੀ. ਸੀ.) ਅਤੇ ਸਥਾਨਕ ਸਿੱਖ ਆਗੂ ਸ਼ਾਮਲ ਹੋਣਗੇ। ਇਸ ਮੌਕੇ 'ਮੂਲ ਨਾਨਕਸ਼ਾਹੀ ਕੈਲੰਡਰ 2014' ਵੰਡਿਆ ਜਾਵੇਗਾ।

ਇਸੇ ਦੌਰਾਨ ਵਰਲਡ ਸਿੱਖ ਫੈਡਰੇਸ਼ਨ ਤੇ ਅਮਰੀਕਾ ਕੈਨੇਡਾ ਵਿਚ ਇਸ ਦੀਆਂ ਸਹਿਯੋਗੀ ਸੰਸਥਾਵਾਂ ਅਤੇ ਅਖੰਡ ਕੀਰਤਨੀ ਜਥੇ ਨੇ ਇਸ ਸੈਮੀਨਾਰ ਦੀ ਪ੍ਰੋੜਤਾ ਕਰਦਿਆਂ ਕਿਹਾ ਹੈ ਕਿ ਇਹ ਗੋਸ਼ਟੀ ਸਹੀ ਦਿਸ਼ਾ ਵੱਲ ਕਦਮ ਹੈ।

# ਫਰਿਜ਼ਨੋ ਵਿਖੇ ਫਾਈਵ ਕੇ ਸਿੱਖ ਸੋਝੀ ਵਾਕ 10 ਨਵੰਬਰ ਨੂੰ

**ਫਰਿਜ਼ਨੋ (ਬਿਊਰੋ):** ਸਿੱਖ ਵਿਮਨ ਆਰਗੇਨਾਈਜੇਸ਼ਨ, ਜੈਕਾਰਾ ਮੂਵਮੈਂਟ, ਪੀ ਸੀ ਏ ਅਤੇ ਹੋਰ ਜਥੇਬੰਦੀਆਂ ਦੇ ਸਾਂਝੇ ਉਦਮ ਨਾਲ ਫਾਈਵ ਕੇ ਸਿੱਖ ਸੋਝੀ ਵਾਕ ਦਸ ਨਵੰਬਰ ਐਤਵਾਰ ਨੂੰ ਇਥੇ ਵੁਡਵਰਡ ਪਾਰਕ ਵਿਚ ਕੀਤੀ ਜਾ ਰਹੀ ਹੈ। ਇਸ ਵਾਕ ਦਾ ਮਨੋਰਥ ਅਮਰੀਕੀ ਮੁੱਖ ਧਾਰਾ ਦੇ ਲੋਕਾਂ ਨੂੰ ਸਿੱਖ ਧਰਮ ਅਤੇ ਸਿੱਖ ਸਭਿਆਚਾਰ ਤੋਂ ਜਾਣੂ ਕਰਵਾਉਣਾ ਹੈ।

ਪ੍ਰਬੰਧਕਾਂ ਅਨੁਸਾਰ ਵਾਕ ਲਈ ਰਜਿਸਟਰੇਸ਼ਨ ਫੀਸ 25 ਡਾਲਰ ਰੱਖੀ ਗਈ ਹੈ। ਵਾਕ ਵਿਚ ਹਿੱਸਾ ਲੈਣ ਵਾਲਿਆਂ ਨੂੰ ਸਿੱਖ ਵਾਕ ਦੇ ਲੋਗੋ ਵਾਲੀਆਂ ਟੀ ਸਰਟਾਂ ਵੀ ਵੰਡੀਆਂ ਜਾਣਗੀਆਂ। ਇਸ ਤਰ੍ਹਾਂ ਇਕੱਤਰ ਹੋਈ ਰਕਮ ਵਿਦਿਆਰਥੀਆਂ ਨੂੰ ਵਜ਼ੀਫੇ ਦੇਣ ਅਤੇ ਸਿੱਖੀ ਪ੍ਰਤੀ ਹੋਰਨਾਂ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਸਰਗਰਮ ਸੰਸਥਾਵਾਂ ਨੂੰ ਦਿੱਤੀ ਜਾਵੇਗੀ। ਪੀ ਸੀ ਏ ਵੱਲੋਂ ਇਸ ਮੌਕੇ ਖੁਲ੍ਹੇ ਲੰਗਰ ਲਾਏ ਜਾਣਗੇ ਅਤੇ ਪੀ ਸੀ ਏ ਦੇ ਮੈਂਬਰਾਂ ਵੱਲੋਂ ਵਾਕ ਵਿਚ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਦਸਤਾਰਾਂ ਸਜਾਈਆਂ ਜਾਣਗੀਆਂ। ਹੋਰ ਜਾਣਕਾਰੀ ਲਈ ਫੋਨ 559-481-6910 ਜਾਂ 408-966-7019 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਗੁਰਦੁਆਰਾ ਟਾਇਰਾ ਬਿਊਨਾ 'ਚ ਕਵੀ ਦਰਬਾਰ

**ਯੂਬਾ ਸਿਟੀ (ਬਿਊਰੋ):** ਗੁਰਦੁਆਰਾ ਟਾਇਰਾ ਬਿਊਨਾ ਦੀ ਪ੍ਰਬੰਧਕ ਕਮੇਟੀ, ਪੰਜਾਬੀ ਸਕੂਲ ਅਤੇ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵਲੋਂ ਲੰਘੇ ਸਨਿਚਰਵਾਰ



ਗੁਰਦੁਆਰਾ ਸਾਹਿਬ ਵਿਖੇ ਇਕ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿਚ ਵੱਡੀ ਉਮਰ ਦੇ ਸ਼ਾਇਰਾਂ ਤੋਂ ਇਲਾਵਾ ਪੰਜਾਬੀ ਸਕੂਲ ਦੇ ਵਿਦਿਆਰਥੀਆਂ ਅਤੇ ਕੁੱਝ ਹੋਰ ਬਾਲ ਕਵੀਆਂ ਨੇ ਆਪਣੀਆਂ ਕਵਿਤਾਵਾਂ, ਸ਼ਬਦ ਤੇ ਗੁਰਬਾਣੀ ਦੀਆਂ ਸਤਰਾਂ ਸੁਣਾ ਕੇ ਸਰੋਤਿਆਂ ਨੂੰ ਮੰਤਰ-ਮੁਗਧ ਕੀਤਾ।

ਬੱਚਿਆਂ ਦਾ ਉਤਸ਼ਾਹ ਵਧਾਉਣ ਲਈ ਉਨ੍ਹਾਂ ਨੂੰ ਪੜ੍ਹਾਈ ਵਿਚ ਕੰਮ ਆਉਣ ਵਾਲੇ ਸਮਾਨ ਨਾਲ ਭਰੇ ਗੁੱਡੀ ਬੈਗ ਅਤੇ ਪ੍ਰਸ਼ੰਸਾ-ਪੱਤਰ ਦਿਤੇ ਗਏ। ਇਸ ਕਵੀ ਦਰਬਾਰ ਵਿਚ ਜਿਨ੍ਹਾਂ ਬੱਚਿਆਂ ਨੇ ਹਿੱਸਾ ਲਿਆ ਉਨ੍ਹਾਂ ਵਿਚ ਹੋਰਨਾਂ ਤੋਂ ਇਲਾਵਾ ਤਨਵੀਰ ਕੌਰ ਜਵੰਦਾ, ਹਰਵੀਰ ਕੌਰ ਜਵੰਦਾ, ਚਰਨਜੀਤ ਕੌਰ ਢਿਲੋਂ, ਰਵਨੀਤ ਕੌਰ ਢਿਲੋਂ, ਖੁਸ਼ੀ ਰੱਤੂ, ਹਰਲੀਨ ਕੌਰ ਢਿਲੋਂ, ਗੁਰਕੰਵਲ ਸਿੰਘ ਢਿਲੋਂ, ਲਵਪ੍ਰੀਤ ਕੌਰ ਢਿਲੋਂ, ਜਸਪ੍ਰੀਤ ਕੌਰ ਚੌਹਾਨ, ਪਰਮਵੀਰ ਸਿੰਘ ਢਿਲੋਂ, ਪ੍ਰਭਨੂਰ ਸਿੰਘ ਕਾਹਲੋਂ, ਕਿਰਨਦੀਪ ਕੌਰ ਬਾਠ, ਜਸਪ੍ਰੀਤ ਸਿੰਘ ਬਾਠ ਸ਼ਾਮਲ ਸਨ।

ਮੰਚ ਸੰਚਾਲਨ ਪੰਜਾਬੀ ਸਕੂਲ ਦੀ ਕੋਆਰਡੀਨੇਟਰ ਨੀਨਾ ਜੌਹਲ ਨੇ ਕੀਤਾ।

ਕਵੀ ਦਰਬਾਰ ਦੇ ਦੂਸਰੇ ਪੜਾਅ ਦੇ ਅਰੰਭ ਵਿਚ ਜਿਓਤੀ ਸਿੰਘ ਦੇ ਸਿਤਾਰ ਨਾਲ ਸ਼ਬਦ ਗਾਇਆ ਅਤੇ ਇਸ ਪਿਛੋਂ ਉਸ ਨੇ ਮੰਚ ਸੰਚਾਲਨ ਕੀਤਾ। ਕਵੀ ਦਰਬਾਰ ਵਿਚ ਜਿਨ੍ਹਾਂ ਸ਼ਾਇਰਾਂ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ ਉਨ੍ਹਾਂ ਵਿਚ ਦਲਵੀਰ ਦਿਲ ਨਿਜਰ, ਗੁਰਬਚਨ ਚੋਪੜਾ, ਇੰਦਰਜੀਤ ਸਿੰਘ ਗਰੇਵਾਲ, ਜੀਵਨ ਰਤਨ ਰੱਤੂ, ਰਮੇਸ਼ ਬੰਗੜ, ਜਿਓਤੀ ਸਿੰਘ, ਪ੍ਰਭਜੋਤ ਕੌਰ ਜੌਹਲ, ਜੋਗਿੰਦਰ ਸ਼ੌਂਕੀ, ਫੱਗਣ ਸਿੰਘ ਧਾਮੀ, ਕਿਰਪਾਲ ਸਿੰਘ, ਸ਼ਾਮ ਲਾਲ, ਗੁਰਦੀਪ ਸਿੰਘ ਹੀਰਾ, ਹਰਬੰਸ ਸਿੰਘ ਜਗਿਆਸੂ ਅਤੇ ਸੁਖਦੇਵ ਸਿੰਘ ਢਿਲੋਂ ਦੇ ਨਾਂ ਸ਼ਾਮਲ ਹਨ।

ਕਵੀ ਦਰਬਾਰ ਤੋਂ ਪਹਿਲਾ ਪੰਜਾਬੀ ਸਾਹਿਤ ਸਭਾ ਵਲੋਂ ਤਿੰਨ ਕਿਤਾਬਾਂ ਵੀ ਰਿਲੀਜ਼ ਕੀਤੀਆਂ ਗਈਆਂ ਜਿਨ੍ਹਾਂ ਵਿਚ ਨਿਰਮਲ ਸਿੰਘ ਲਾਲੀ ਦੀ 'ਸੁੱਚੇ ਮੋਤੀ', ਪਰਮਿੰਦਰ ਰਾਏ ਦੀ 'ਭਰਮਾਂ ਦਾ ਨਾਸ' ਅਤੇ ਗੇਲੀ ਘੁੰਗਰਾਣਾ ਦੀ 'ਆਪਣਾ ਹੀ ਦਿਲ ਦੁਸ਼ਮਣ' ਸ਼ਾਮਲ ਸਨ।


**Short Sale Specialist**

**Do you want to sell your home**

*Sacramento, Stockton, Roseville area prices are on rise.*



Sohanpreet (Sam) Chahal
CA Lic. 01504071
Realtor/Notary Public
email:samchahal@hotmail.com

**Please call me to find out value of your home.**
Listing: 4 bed, 2 bath in Stockton $189,000
If you want to Buy or Sell

*Call: Sohanpreet 'Sam' Chahal*
**@916-612-5773**
visit: www.hudhomestore.com
Serving from Bay Area to Sacramento

**Multi-Million Dollars Producer-2007 to 2011**

*ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ*

**Golden State Realty**

Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707


# ਮੌਤ ਦੀ ਸਜ਼ਾ ਵਿਰੁਧ ਅਪੀਲਾਂ 'ਤੇ ਸੁਣਵਾਈ ਸ਼ੁਰੂ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਉਨ੍ਹਾਂ ਪਟੀਸ਼ਨਾਂ ਉੱਤੇ ਸੁਣਵਾਈ ਸ਼ੁਰੂ ਕਰ ਦਿੱਤੀ ਹੈ ਜੋ ਆਪਣੀ ਮੌਤ ਦੀ ਸਜ਼ਾ ਨੂੰ ਫਾਂਸੀ ਲਾਏ ਜਾਣ 'ਚ ਹੋਈ ਦੇਰੀ ਦੇ ਆਧਾਰ 'ਤੇ ਉਮਰ ਕੈਦ 'ਚ ਤਬਦੀਲ ਕੀਤੇ ਜਾਣ 'ਤੇ ਕੈਦੀਆਂ ਨੇ ਪਾਈਆਂ ਸਨ। ਇਨ੍ਹਾਂ ਦੀਆਂ ਰਹਿਮ ਦੀਆਂ ਅਪੀਲਾਂ ਰਾਸ਼ਟਰਪਤੀ ਵੱਲੋਂ ਰੱਦ ਕੀਤੀਆਂ ਜਾ ਚੁੱਕੀਆਂ ਹਨ।

ਯਾਦ ਰਹੇ ਕਿ ਖਾਲਿਸਤਾਨ ਕਮਾਂਡੋ ਫੋਰਸ ਦੇ ਕਾਰਕੁਨ ਦਵਿੰਦਰਪਾਲ ਸਿੰਘ ਭੁੱਲਰ ਦੀ ਅਰਜ਼ੀ 'ਤੇ ਸੁਣਵਾਈ ਕਰਦਿਆਂ 12 ਅਪਰੈਲ 2013 ਨੂੰ ਦੋ ਜੱਜਾਂ 'ਤੇ ਆਧਾਰਤ ਬੈਂਚ ਨੇ ਫੈਸਲਾ ਦਿੱਤਾ ਸੀ ਕਿ ਰਾਸ਼ਟਰਪਤੀ ਵੱਲੋਂ ਰਹਿਮ ਦੀ ਅਪੀਲ 'ਤੇ ਫੈਸਲਾ ਲੈਣ 'ਚ ਹੋਈ ਲੰਮੀ ਦੇਰੀ, ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲੇ ਜਾਣ ਦਾ ਆਧਾਰ ਨਹੀਂ ਬਣਦਾ। ਇਸੇ ਫੈਸਲੇ ਦੇ ਪਿਛੋਕੜ 'ਚ ਹੁਣ ਤਿੰਨ ਜੱਜਾਂ 'ਤੇ ਆਧਾਰਤ ਬੈਂਚ ਨੇ ਅਜਿਹੀਆਂ ਪਟੀਸ਼ਨਾਂ 'ਤੇ ਸੁਣਵਾਈ ਸ਼ੁਰੂ ਕੀਤੀ ਹੈ। ਚੀਫ਼ ਜਸਟਿਸ ਪੀ. ਸਦਾਸ਼ਿਵਮ ਦੀ ਅਗਵਾਈ ਵਾਲੇ ਬੈਂਚ ਨੇ 13 ਪਟੀਸ਼ਨਾਂ 'ਤੇ ਸੁਣਵਾਈ ਸ਼ੁਰੂ ਕੀਤੀ। ਇਹ ਪਟੀਸ਼ਨਾਂ ਉਨ੍ਹਾਂ ਦੋਸ਼ੀਆਂ ਦੀਆਂ ਹਨ ਜਿਨ੍ਹਾਂ ਨੂੰ ਫਾਂਸੀ ਲਾਏ ਜਾਣ 'ਤੇ ਸੁਪਰੀਮ ਕੋਰਟ ਨੇ ਸਟੇਅ ਦਿੱਤੀ ਹੋਈ ਹੈ। ਬੈਂਚ ਨੇ ਰਾਜ ਸਰਕਾਰਾਂ ਨੂੰ ਉਨ੍ਹਾਂ ਕੇਸਾਂ ਬਾਰੇ ਵਿਸਥਾਰ 'ਚ ਜਾਣਕਾਰੀ ਮੰਗੀ ਹੈ ਜਿਨ੍ਹਾਂ 'ਚ ਰਹਿਮ ਦੀਆਂ ਅਪੀਲਾਂ ਪਾਈਆਂ ਗਈਆਂ ਸਨ ਤੇ ਜੋ ਰੱਦ ਹੋ ਗਈਆਂ। ਬੈਂਚ ਨੇ ਇਹ ਜਾਣਕਾਰੀ ਵੀ ਮੰਗੀ ਹੈ ਕਿ ਕੀ ਰਹਿਮ ਦੀਆਂ ਅਪੀਲਾਂ ਨਾਮਨਜ਼ੂਰ ਹੋਣ ਦੀ ਜਾਣਕਾਰੀ ਕੈਦੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਭੇਜੀ ਗਈ ਹੈ ਜਾਂ ਨਹੀਂ।




# ਜਾਖੜ ਵੱਲੋਂ ਬਾਦਲ ਦੇ ਪੈਰੀਂ ਹੱਥ ਲਾਉਣ ‘ਤੇ ਮਘੀ ਸਿਆਸਤ

**ਚੰਡੀਗੜ੍ਹ:** ਪੰਜਾਬ ਕਾਂਗਰਸ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਨੇ ਕਿਹਾ ਕਿ ਉਹ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਬਤੌਰ ਬਜ਼ੁਰਗ ਹੀ ਸਤਿਕਾਰ ਕਰਦੇ ਹਨ ਜਦਕਿ ਅਕਾਲੀ ਦਲ-ਭਾਜਪਾ ਸਰਕਾਰ ਦਾ ਅਸਲ ਚਿਹਰਾ ਆ ਰਹੇ ਵਿਧਾਨ ਸਭਾ ਸੈਸ਼ਨ ਦੌਰਾਨ ਲੋਕਾਂ ਮੂਹਰੇ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਚਾਰ ਅਕਤੂਬਰ ਨੂੰ ਉਹ ਪੰਜਾਬ ਦੀ ਵੱਡੀ ਸਮੱਸਿਆ ਸੇਮ ਦੇ ਮੁੱਦੇ ਨੂੰ ਲੈ ਕੇ ਸ. ਬਾਦਲ ਨਾਲ ਦਿੱਲੀ ਵਿਚ ਕੇਂਦਰੀ ਯੋਜਨਾ ਕਮਿਸ਼ਨ ਦੇ ਉਪ ਚੇਅਰਮੈਨ ਡਾਕਟਰ ਮੌਨਟੇਕ ਸਿੰਘ ਆਹਲੂਵਾਲੀਆ ਨੂੰ ਮਿਲਣ ਗਏ ਸਨ।


*ਸ੍ਰੀ ਜਾਖੜ ਸ. ਬਦਲ ਦੇ ਪੈਰੀਂ ਹੱਥ ਲਾਉਂਦੇ ਹੋਏ*

ਇਸ ਦੌਰਾਨ ਉਨ੍ਹਾਂ ਪੰਜਾਬੀਆਂ ਦੀ ਰਵਾਇਤ ਅਨੁਸਾਰ ਸ. ਬਾਦਲ ਦੇ ਪੈਰੀਂ ਹੱਥ ਲਾਇਆ ਸੀ ਪਰ ਪੰਜਾਬ ਸਰਕਾਰ ਨੇ ਉਹ ਫੋਟੋਆਂ ਪ੍ਰੈੱਸ ਨੂੰ ਜਾਰੀ ਕਰਕੇ ਛੋਟੀ ਸੋਚ ਦਾ ਮੁਜ਼ਾਹਰਾ ਕੀਤਾ ਹੈ। ਜ਼ਿਕਰਯੋਗ ਹੈ ਕਿ ਜਦੋਂ ਸ੍ਰੀ ਜਾਖੜ ਤੇ ਸ. ਬਾਦਲ ਡਾਕਟਰ ਆਹਲੂਵਾਲੀਆ ਨੂੰ ਮਿਲਣ ਦਿੱਲੀ ਗਏ ਸਨ ਤਾਂ ਇਸ ਮੀਟਿੰਗ ਦੀ ਮੀਡੀਏ ਨੂੰ ਜਾਰੀ ਕੀਤੀ ਫੋਟੋ ਵਿਚ ਸ੍ਰੀ ਜਾਖੜ ਨੂੰ ਸ. ਬਾਦਲ ਦੇ ਗੋਡਿਆਂ ਨੂੰ ਹੱਥ ਲਾਉਂਦਿਆਂ ਦਿਖਾਇਆ ਗਿਆ ਹੈ। ਇਸ ਮੁੱਦੇ ਨੂੰ ਲੈ ਕੇ ਪੰਜਾਬ ਕਾਂਗਰਸ ਦੀ ਅੰਦਰੂਨੀ ਸਿਆਸਤ ਵਿਚ ਪਿਛਲੇ ਸਮੇਂ ਤੋਂ ਕਾਫੀ ਚਰਚਾ ਹੋ ਰਹੀ ਹੈ ਤੇ ਪਤਾ ਲੱਗਾ ਹੈ ਕਿ ਇਕ ਧਿਰ ਵੱਲੋਂ ਇਹ ਮੁੱਦਾ ਹਾਈ ਕਮਾਂਡ ਕੋਲ ਵੀ ਉਠਾਇਆ ਗਿਆ ਹੈ।

ਸ੍ਰੀ ਸੁਨੀਲ ਜਾਖੜ ਨੇ ਕਿਹਾ ਕਿ ਉਹ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਪੰਜਾਬੀਆਂ ਦੇ ਭਲੇ ਲਈ ਸੇਮ ਦੇ ਮੁੱਦੇ ਉਪਰ ਸ. ਬਾਦਲ ਨਾਲ ਕੇਂਦਰੀ ਯੋਜਨਾ ਕਮਿਸ਼ਨ ਨੂੰ ਮਿਲਣ ਗਏ ਸਨ। ਉਨ੍ਹਾਂ ਉਥੇ ਬੜੀ ਸੰਜੀਦਗੀ ਨਾਲ ਇਹ ਮੁੱਦਾ ਉਠਾਇਆ ਸੀ ਕਿਉਂਕਿ ਇਸ ਸਮੱਸਿਆ ਤੋਂ ਸਭ ਤੋਂ ਵੱਧ ਫਾਜ਼ਿਲਕਾ ਤੇ ਮੁਕਤਸਰ ਜ਼ਿਲ੍ਹੇ ਪ੍ਰਭਾਵਿਤ ਹਨ।

## ਅਕਾਲੀ ਆਗੂ ਵੱਲੋਂ ਗੋਲੀ ਮਾਰ ਕੇ ਖੁਦਕੁਸ਼ੀ

**ਫਰੀਦਕੋਟ:** ਨੇੜਲੇ ਪਿੰਡ ਮਿਸ਼ਰੀਵਾਲਾ ਦੇ ਸਾਬਕਾ ਸਰਪੰਚ ਤੇ ਯੂਥ ਅਕਾਲੀ ਦਲ ਦੇ ਸੀਨੀਅਰ ਆਗੂ ਹਰਦੀਪ ਸਿੰਘ ਨੇ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ। ਮਿਲੀ ਜਾਣਕਾਰੀ ਅਨੁਸਾਰ ਹਰਦੀਪ ਸਿੰਘ ਦੇਰ ਰਾਤ ਫ਼ਸਲ ਵੇਚ ਕੇ ਘਰ ਆਇਆ ਸੀ ਤੇ ਸਵੇਰੇ ਸਵਾ ਕੁ ਪੰਜ ਵਜੇ ਉਸ ਨੇ ਆਪਣੇ ਲਾਇਸੈਂਸੀ ਹਥਿਆਰ ਨਾਲ ਖੁਦ ਨੂੰ ਗੋਲੀ ਮਾਰ ਲਈ। ਪਰਿਵਾਰਕ ਮੈਂਬਰਾਂ ਨੇ ਖੁਦਕੁਸ਼ੀ ਦਾ ਕਾਰਨ ਪ੍ਰੇਸ਼ਾਨੀ ਦੱਸਿਆ ਹੈ। ਮ੍ਰਿਤਕ ਆਗੂ ਦੇ ਮਾਪੇ ਕੈਨੇਡਾ ਦੇ ਵਸਨੀਕ ਹਨ ਤੇ ਕੁਝ ਦਿਨ ਪਹਿਲਾਂ ਹੀ ਪੰਜਾਬ ਆਏ ਹਨ।

# ਖਾਪ ਪੰਚਾਇਤਾਂ ਦੀ ਸਖਤੀ ਵੀ ਨਾ ਡੱਕ ਸਕੀ ਅੰਤਰਜਾਤੀ ਵਿਆਹ

**ਚੰਡੀਗੜ੍ਹ:** ਹਰਿਆਣਾ ’ਚ ਮੋਰ ਗੋਤ ਦੀ ਖਾਪ ਪੰਚਾਇਤ ਨੇ ਅੰਤਰਜਾਤੀ ਵਿਆਹਾਂ ਦੀ ਗਿਣਤੀ ਲਗਾਤਾਰ ਵਧਣ ਨੂੰ ਮੁੱਖ ਰੱਖਦਿਆਂ ਅਜਿਹੇ ਵਿਆਹਾਂ ਦਾ ਵਿਰੋਧ ਨਾ ਕਰਨ ਦਾ ਫੈਸਲਾ ਕੀਤਾ ਹੈ। ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼ ਤੇ ਰਾਜਸਥਾਨ ਵਿਚ ਖਾਪ ਪੰਚਾਇਤਾਂ ਦਾ ਕਾਫੀ ਜ਼ੋਰ ਹੈ। ਖਾਪ ਪੰਚਾਇਤਾਂ ਅੰਤਰਜਾਤੀ, ਇਕ ਪਿੰਡ ਵਿਚ ਤੇ ਪ੍ਰੇਮ ਵਿਆਹ ਦੇ ਖ਼ਿਲਾਫ਼ ਹਨ। ਖਾਪ ਪੰਚਾਇਤਾਂ ਨੇ ਲੜਕੀਆਂ ਦੀ ਨਿੱਜੀ ਆਜ਼ਾਦੀ ‘ਤੇ ਕਈ ਹਮਲੇ ਕੀਤੇ ਹਨ ਤੇ ਇਨ੍ਹਾਂ ਹਮਲਿਆਂ ਦੇ ਹਮਾਇਤੀ ਸਿਰਫ਼ ਮਰਦ ਹੀ ਨਹੀਂ ਸਗੋਂ ਔਰਤਾਂ ਵੀ ਸ਼ਾਮਲ ਹਨ।

ਤਕਰੀਬਨ ਤਿੰਨ ਸਾਲ ਪਹਿਲਾਂ ਕੁਰੂਕਸ਼ੇਤਰ ਦੀ ਜਾਟ ਧਰਮਸ਼ਾਲਾ ਵਿਚ ਹੋਈ ਮਹਾਂ ਖਾਪ ਪੰਚਾਇਤ ਵਿਚ ਕੁਝ ਔਰਤਾਂ ਵੀ ਸ਼ਾਮਲ ਹੋਈਆਂ ਸਨ ਤੇ ਉਨ੍ਹਾਂ ਨੇ ਖਾਪ ਪੰਚਾਇਤਾਂ ਦੇ ਫੈਸਲਿਆਂ ਨੂੰ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਸੀ। ਇਸ ਮਹਾਂ ਪੰਚਾਇਤ ਵਿਚ ਮੀਡੀਆ ਤੇ ਨਿਆਂਪਾਲਿਕਾ ਨੂੰ ਰੱਜ ਕੇ ਕੋਸਿਆ ਗਿਆ ਸੀ।

ਹਰਿਆਣਾ ਪੁਲਿਸ ਮੁਤਾਬਕ ਵਿਆਹਾਂ ਨਾਲ ਸਬੰਧਤ ਮਾਮਲਿਆਂ ਵਿਚ ਲੜਕੀਆਂ ਦੇ ਅਗਵਾ ਹੋਣ ਦੇ ਕੇਸਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ ਤੇ ਪਿਛਲੇ ਸਾਲ ਵਿਆਹਾਂ ਨਾਲ ਸਬੰਧਤ ਅਗਵਾ ਦੇ 465 ਮਾਮਲੇ ਦਰਜ ਹੋਏ ਸਨ ਤੇ ਇਸ ਸਾਲ 30 ਸਤੰਬਰ ਤੱਕ ਗਿਣਤੀ ਵਧ ਕੇ 995 ਹੋ ਗਈ ਹੈ। ਬਹੁਤੇ ਮਾਮਲਿਆਂ ਵਿਚ ਲੜਕੀਆਂ ਨੂੰ ਮਜਬੂਰੀ ਵਸ ਘਰੋਂ ਭੱਜ ਕੇ ਵਿਆਹ ਕਰਵਾਉਣਾ ਪੈਂਦਾ ਹੈ ਤੇ ਮਾਪੇ ਅਗਵਾ ਦਾ ਕੇਸ ਦਰਜ ਕਰਵਾ ਦਿੰਦੇ ਹਨ। ਇਸ ਹਕੀਕਤ ਨੂੰ ਮੋਰ ਖਾਪ ਪੰਚਾਇਤ ਨੇ ਪਛਾਣ ਲਿਆ ਹੈ। ਹਰਿਆਣਾ ਦੇ ਉਘੇ ਸਮਾਜ ਸੇਵੀ ਡੀ.ਆਰ. ਚੌਧਰੀ ਨੇ ਮੋਰ ਖਾਪ ਦੇ ਇਸ ਫੈਸਲੇ ਬਾਰੇ ਕਿਹਾ ਕਿ ਕਈ ਵਾਰ ਖਾਪ ਪੰਚਾਇਤਾਂ ਇਸ ਕਿਸਮ ਦੇ ਫੈਸਲੇ ਲੋਕਾਂਚਾਰੀ ਕਰ ਲੈਂਦੀਆਂ ਹਨ ਪਰ ਇਨ੍ਹਾਂ ਨੂੰ ਲਾਗੂ ਕਰਨ ਲਈ ਕੁਝ ਨਹੀਂ ਕਰਦੀਆਂ।


Are You Tired Of All Treatments?
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply


Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838



ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।
*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



Rates as low as 2.0%
ਸੰਪਰਕ ਕਰੋ: ਪਾਲ ਫੋਨ 1-800-705-3863
Trucking Companies-Improve Your Cash Flow
*Low Rates *One-Time Discounts *No Minimums
Call Paul at 1-800-705-3863
Transportation Funding Group, Inc.
Minneapolis , MN 55426

# ਸ਼੍ਰੋਮਣੀ ਕਮੇਟੀ ਸਰਹਿੰਦ ਦੀ ਦੀਵਾਰ ਦੀ ਮਹਾਨਤਾ ਤੋਂ ਬੇਖਬਰ

**ਫ਼ਤਿਹਗੜ੍ਹ ਸਾਹਿਬ:** ਸ੍ਰੀ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਦੀ ਬੇਮਿਸਾਲ ਸ਼ਹਾਦਤ ਦੀ ਨਿਸ਼ਾਨੀ 'ਸਰਹਿੰਦ ਦੀ ਦੀਵਾਰ' ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮਾਣ ਮਰਿਆਦਾ ਭੁੱਲ ਗਈ ਹੈ। ਸਿੱਖਾਂ ਦੀ ਆਸਥਾ ਦਾ ਪ੍ਰਤੀਕ ਇਸ ਦੀਵਾਰ 'ਤੇ ਕਮੇਟੀ ਦੇ ਮੁਲਾਜ਼ਮਾਂ ਵੱਲੋਂ ਪੱਖੇ, ਘੜੀ ਤੇ ਬਿਜਲੀ ਦੇ ਪਲੱਗ ਗੱਡ ਦਿੱਤੇ ਗਏ ਹਨ। ਸੂਤਰਾਂ ਮੁਤਾਬਕ ਗੁਰਦੁਆਰਾ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਵੱਲੋਂ ਸ਼ਹੀਦੀ ਅਸਥਾਨ 'ਤੇ ਗੁਰਮਿਤ ਦੇ ਉਲਟ ਨਿਭਾਈਆਂ ਜਾ ਰਹੀਆਂ ਰਹੁਰੀਤਾਂ ਦਾ ਮਾਮਲਾ ਕਮੇਟੀ ਕੋਲ ਲਿਖਤੀ ਤੌਰ 'ਤੇ ਉਠਾਇਆ ਜਾ ਚੁੱਕਾ ਹੈ।



ਬਾਬਾ ਜ਼ੋਰਾਵਰ ਸਿੰਘ (ਨੌਂ ਸਾਲ) ਤੇ ਫ਼ਤਹਿ ਸਿੰਘ ( ਸੱਤ ਸਾਲ) ਨੂੰ 26 ਦਸੰਬਰ, 1703 ਨੂੰ ਦੀਵਾਰ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਇਸ ਥਾਂ ਨੂੰ ਸ਼ਹੀਦੀ ਅਸਥਾਨ ਦਾ ਨਾਂ ਦਿੱਤਾ ਗਿਆ ਹੈ। ਇਹ ਅਸਥਾਨ ਗੁਰਦੁਆਰਾ ਦਰਬਾਰ ਸਾਹਿਬ ਦੇ ਭੋਰੇ ਵਿਚ ਸੁਸ਼ੋਭਿਤ ਹੈ। ਇਸ ਅਸਥਾਨ ਦੇ ਚਾਰ ਦਰਵਾਜ਼ੇ ਹਨ। ਇਕ ਪਾਸੇ ਬਣੇ 'ਤੇ ਪਾਲਕੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਪ੍ਰਕਾਸ਼ ਕੀਤਾ ਗਿਆ ਹੈ। ਇਸ ਦੇ ਬਿਲਕੁਲ ਸਾਹਮਣੇ ਵਾਲੇ ਪਾਸੇ ਸੰਗਤ ਦੇ ਮੱਥਾ ਟੇਕਣ ਵਾਸਤੇ ਦਰਵਾਜ਼ਾ ਹੈ ਜਦੋਂਕਿ ਦੂਜੇ ਦੋ ਦਰਵਾਜ਼ਿਆਂ ਵਿਚ ਅਖੰਡ ਪਾਠ ਸਾਹਿਬ ਚੱਲ ਰਹੇ ਹਨ। ਇਨ੍ਹਾਂ ਚੌਹਾਂ ਦਰਵਾਜ਼ਿਆਂ ਦੇ ਵਿਚਾਲੇ ਬਣੀਆਂ ਨਾਨਕਸ਼ਾਹੀ ਇੱਟਾਂ ਦੀਆਂ ਪੁਰਾਤਨ ਤੇ ਇਤਿਹਾਸਕ ਦੀਵਾਰਾਂ ਨੂੰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਸੰਗਤ ਇਸ ਦੇ ਦਰਸ਼ਨ ਕਰਨ ਨੂੰ ਆਪਣੇ ਵੱਡੇ ਭਾਗ ਸਮਝਦੀ ਹੈ ਪਰ ਸ਼੍ਰੋਮਣੀ ਕਮੇਟੀ ਮਰਿਆਦਾ ਦੇ ਉਲਟ ਜਾ ਕੇ ਆਪਣੀ ਜ਼ਿੰਮੇਵਾਰੀ ਤੋਂ ਦੂਰ ਜਾ ਰਹੀ ਹੈ।

ਸ਼ਹੀਦੀ ਅਸਥਾਨ ਦੀਆਂ ਦੀਵਾਰਾਂ ਬਾਰੇ ਇਹ ਵੀ ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਨੂੰ 1763 ਵਿਚ ਭਾਈ ਜੱਸਾ ਸਿੰਘ ਆਹਲੂਵਾਲੀਆ ਵੱਲੋਂ ਮੁੜ ਪ੍ਰਗਟ ਕੀਤਾ ਗਿਆ ਸੀ ਪਰ ਇਸ ਦੇ ਬਾਵਜੂਦ ਸਿੱਖ ਸੰਗਤ ਦੇ ਜਜ਼ਬਾਤ ਤੇ ਸ਼ਰਧਾ ਨਾਲ ਜੁੜੀ ਇਸ ਦੀਵਾਰ ਨੂੰ ਬਣਦਾ ਮਾਣ ਸਤਿਕਾਰ ਦੇਣਾ ਸ਼੍ਰੋਮਣੀ ਕਮੇਟੀ ਦਾ ਫ਼ਰਜ਼ ਹੈ। ਇਨ੍ਹਾਂ ਦੀਵਾਰਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ 'ਕੌਫੀ ਕਲਰ' ਕਰਾ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪਣੀ ਮਰਜ਼ੀ ਦੇ ਰੰਗ ਦਾ ਪੋਚਾ ਫੇਰ ਦਿੱਤਾ ਜਾਂਦਾ ਰਿਹਾ ਹੈ। ਕੌਫੀ ਕਲਰ ਦੀ ਦੀਵਾਰ 'ਤੇ ਟੰਗੀ ਚਿੱਟੇ ਰੰਗ ਦੀ ਘੜੀ ਤੇ ਬਿਜਲੀ ਦਾ ਸਾਮਾਨ ਸੰਗਤ ਦੀ ਸ਼ਰਧਾ ਭਾਵਨਾ ਨੂੰ ਸੱਟ ਮਾਰ ਰਿਹਾ ਹੈ। ਸ਼ਹੀਦੀ ਅਸਥਾਨ 'ਤੇ ਬੈਠੇ ਸੇਵਾਦਾਰ ਨੇ ਕਿਹਾ ਕਿ ਰੌਸ਼ਨੀ ਦੇ ਪ੍ਰਬੰਧ ਲਈ ਅਜਿਹਾ ਕੀਤਾ ਗਿਆ ਹੈ।

## ਕਈ ਹੋਰ ਅਸਥਾਨਾਂ ਦੀ ਨਹੀਂ ਹੋਈ ਸੰਭਾਲ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਾਲ ਜੁੜੇ ਕਈ ਪਾਤਰਾਂ ਦੀਆਂ ਨਿਸ਼ਾਨੀਆਂ ਨੂੰ ਸੰਭਾਲ ਕੇ ਰੱਖਣ ਪ੍ਰਤੀ ਵੀ ਅਵੇਸਲਾਪਣ ਦਿਖਾਇਆ ਜਾ ਰਿਹਾ ਹੈ। ਇਤਿਹਾਸ ਮੁਤਾਬਕ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣਨ ਤੋਂ ਪਹਿਲਾਂ ਮੋਰਿੰਡੇ ਤੋਂ ਰੱਥ ਰਾਹੀਂ ਇਥੇ ਲਿਆਂਦਾ ਸੀ ਜਿਸ ਥਾਂ 'ਤੇ ਇਹ ਰੱਥ ਰੁਕਿਆ ਉਸ ਥਾਂ ਗੁਰਦੁਆਰਾ ਸਾਹਿਬ ਤਾਂ ਬਣਾ ਦਿੱਤਾ ਗਿਆ ਹੈ ਪਰ ਉਸ ਥਾਂ ਨੂੰ ਇਸ ਤੋਂ ਬਾਹਰ ਰੱਖ ਲਿਆ ਗਿਆ ਹੈ।

ਭਾਈ ਸਦਨਾ ਜਿਨ੍ਹਾਂ ਦਾ ਇਕ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ, ਦਾ ਵੀ ਸਬੰਧ ਫ਼ਤਹਿਗੜ੍ਹ ਸਾਹਿਬ ਨਾਲ ਹੈ ਪਰ ਉਨ੍ਹਾਂ ਦੀ ਯਾਦਗਾਰੀ ਮਸੀਤ ਤੋਂ ਬਿਨਾਂ ਅੱਗੇ ਖੋਜ ਦੀ ਲੋੜ ਨਹੀਂ ਸਮਝੀ ਗਈ। ਸਾਹਿਬਜ਼ਾਦਿਆਂ ਦੀ ਦੇਹ ਦਾ ਸਸਕਾਰ ਕਰਨ ਵਾਲੇ ਭਾਈ ਤਰਲੋਕਾ ਤੇ ਭਾਈ ਰਾਮਾ ਦੀ ਕੁਰਬਾਨੀ ਦਾ ਇਤਿਹਾਸ ਵੀ ਜੀਵਤ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ ਹੈ। ਵਜੀਦ ਖਾਨ ਦੀ ਬੇਗਮ ਜੈਨਾ ਤੇ ਬਾਬਾ ਜੋਤੀ ਰਾਮ ਮਹਿਰਾ ਬਾਰੇ ਨਾ ਲਿਖਿਆ ਗਿਆ ਤਾਂ ਇਨ੍ਹਾਂ ਦੀ ਕੁਰਬਾਨੀ ਵੀ ਗੁੱਝੀ ਰਹਿ ਜਾਵੇਗੀ। ਬੀਬੀ ਜੈਨਾ ਨੇ ਵਜੀਦ ਖ਼ਾਨ ਤੋਂ ਸਾਹਿਬਜ਼ਾਦਿਆਂ ਨੂੰ ਸ਼ਹੀਦ ਨਾ ਕਰਨ ਦਾ ਪ੍ਰਣ ਲਿਆ ਸੀ ਜਦੋਂਕਿ ਬਾਬਾ ਮਹਿਰਾ ਗੁਰੂ ਦੇ ਲਾਲਾਂ ਨੂੰ ਦੁੱਧ ਛਕਾਉਣ ਦੀ ਸੇਵਾ ਕਰਦੇ ਰਹੇ ਸਨ।

ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਹਰਪਾਲ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਲਿਖੇ ਪੱਤਰ ਬਾਰੇ ਤਾਂ ਕੁਝ ਕਹਿਣ ਤੋਂ ਨਾਂਹ ਕਰ ਦਿੱਤੀ ਹੈ ਪਰ ਉਨ੍ਹਾਂ ਦਾ ਏਨਾ ਜ਼ਰੂਰ ਕਹਿਣਾ ਹੈ ਕਿ ਉਹ ਗੁਰਮਿਤ ਮਰਿਆਦਾ ਦੇ ਉਲਟ ਹੋਣ ਵਾਲੀ ਹਰ ਰਸਮ ਦਾ ਵਿਰੋਧ ਕਰਦੇ ਹਨ। ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਜਿਸ ਅਸਥਾਨ ਨੂੰ ਸੰਗਤ ਨਤਮਸਤਕ ਹੋਣ ਜਾਂਦੀ ਹੈ, ਉਸ ਦੀ ਸੰਭਾਲ ਕਰਨਾ ਨੈਤਿਕ ਜ਼ਿੰਮੇਵਾਰੀ ਬਣਦੀ ਹੈ। ਉਨ੍ਹਾਂ ਕਿਹਾ ਕਿ ਉਹ ਇਸ ਮਾਮਲੇ ਬਾਰੇ ਤੁਰੰਤ ਰਿਪੋਰਟ ਲੈ ਕੇ ਕਾਰਵਾਈ ਕਰਨਗੇ।

# ਪੰਜਾਬ ਸਰਕਾਰ ਵੱਲੋਂ ਢਾਡੀਆਂ ਤੇ ਕਵੀਸ਼ਰਾਂ ਨੂੰ ਮਾਲੀ ਰਗੜਾ

**ਚੰਡੀਗੜ੍ਹ:** ਪੰਜਾਬ ਦੇ ਢਾਡੀ ਤੇ ਕਵੀਸ਼ਰ ਵੀ ਹੁਣ ਮਾਲੀ ਸੰਕਟ ਦਾ ਸੇਕ ਝੱਲ ਰਹੇ ਹਨ। ਸਰਕਾਰੀ ਸਮਾਰੋਹਾਂ 'ਤੇ ਇਨ੍ਹਾਂ ਢਾਡੀਆਂ ਤੇ ਕਵੀਸ਼ਰਾਂ ਨੇ ਪ੍ਰੋਗਰਾਮ ਦਿੱਤੇ ਸਨ ਪਰ ਪੰਜਾਬ ਸਰਕਾਰ ਨੇ ਹਾਲੇ ਤੱਕ ਇਨ੍ਹਾਂ ਦੀ ਅਦਾਇਗੀ ਨਹੀਂ ਕੀਤੀ। ਗਾਇਕਾਂ ਦੀ ਅਦਾਇਗੀ ਕਦੇ ਨਹੀਂ ਰੁਕੀ ਜਦੋਂਕਿ ਢਾਡੀਆਂ ਦੇ ਬਿੱਲ ਦਫ਼ਤਰਾਂ ਵਿਚ ਫਸੇ ਰਹਿੰਦੇ ਹਨ।

ਇਨ੍ਹਾਂ ਢਾਡੀਆਂ ਤੇ ਕਵੀਸ਼ਰਾਂ ਨੇ ਜੋੜ ਮੇਲਿਆਂ ਤੇ ਸਹੁੰ ਚੁੱਕ ਸਮਾਗਮਾਂ 'ਤੇ ਪ੍ਰੋਗਰਾਮ ਦਿੱਤੇ ਸਨ। ਇਨ੍ਹਾਂ ਦੀ ਅਦਾਇਗੀ ਵੀ ਕੋਈ ਬਹੁਤੀ ਨਹੀਂ ਪਰ ਸਰਕਾਰ ਵੱਲੋਂ ਇਨ੍ਹਾਂ ਦੀ ਥਾਂ ਗਾਇਕਾਂ ਨੂੰ ਪਹਿਲ ਦੇ ਆਧਾਰ 'ਤੇ ਅਦਾਇਗੀ ਕੀਤੀ ਜਾਂਦੀ ਹੈ। ਮਰਹੂਮ ਯਮਲਾ ਜੱਟ ਦਾ ਲੜਕਾ ਜਸਦੇਵ ਯਮਲਾ ਜੱਟ ਵੀ ਪਹਿਲੀ ਦਫ਼ਾ ਸਰਕਾਰੀ ਪ੍ਰੋਗਰਾਮ ਕਰ ਕੇ ਫਸ ਗਿਆ ਹੈ। ਪੰਜਾਬ ਸਰਕਾਰ ਨੇ ਪੰਚਾਂ-ਸਰਪੰਚਾਂ ਦਾ ਸਹੁੰ ਚੁੱਕ ਸਮਾਗਮ ਪੰਜ ਅਗਸਤ 2013 ਨੂੰ ਪਠਾਨਕੋਟ ਵਿਚ ਕੀਤਾ ਸੀ ਜਿਸ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਮੁੱਖ ਮਹਿਮਾਨ ਸਨ।

ਜਸਦੇਵ ਯਮਲਾ ਜੱਟ ਦਾ ਕਹਿਣਾ ਹੈ ਕਿ ਉਸ ਨੇ ਆਪਣੀ ਜ਼ਿੰਦਗੀ ਵਿਚ ਪਹਿਲੀ ਦਫ਼ਾ ਸਰਕਾਰੀ ਸਮਾਗਮ ਵਿਚ ਪ੍ਰੋਗਰਾਮ ਦਿੱਤਾ ਜਿਸ ਦੀ ਅਦਾਇਗੀ ਹਾਲੇ ਤੱਕ ਨਹੀਂ ਕੀਤੀ ਗਈ। ਲੋਕ ਸੰਪਰਕ ਵਿਭਾਗ ਨੇ 15 ਹਜ਼ਾਰ ਰੁਪਏ ਵਿਚ ਜਸਦੇਵ ਯਮਲਾ ਜੱਟ ਨੂੰ ਬੁੱਕ ਕੀਤਾ ਸੀ। ਪੰਜਾਬ ਸਰਕਾਰ ਨੇ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸਮਿਤੀਆਂ ਦੇ ਮੈਂਬਰਾਂ ਨੂੰ ਸਹੁੰ ਚੁਕਾਉਣ ਵਾਸਤੇ 19 ਜੁਲਾਈ 2013 ਨੂੰ ਸਹੁੰ ਚੁੱਕ ਸਮਾਗਮ ਕੀਤੇ ਸਨ। ਇਨ੍ਹਾਂ ਸਮਾਰੋਹਾਂ ਵਿਚ ਤਿੰਨ ਢਾਡੀ ਜਥਿਆਂ ਨੇ ਪ੍ਰੋਗਰਾਮ ਦਿੱਤਾ ਜਿਨ੍ਹਾਂ ਨੂੰ ਹਾਲੇ ਤੱਕ ਅਦਾਇਗੀ ਨਹੀਂ ਕੀਤੀ ਗਈ। ਗੁਰਮੁਖ ਸਿੰਘ ਮੋਹਨਪੁਰ, ਮਹਿੰਦਰ ਸਿੰਘ ਤੇ ਹਰਨੇਕ ਸਿੰਘ ਰਾਣਾ ਦੇ ਢਾਡੀ ਜਥੇ ਨੂੰ ਹਾਲੇ ਤੱਕ 20 ਹਜ਼ਾਰ ਰੁਪਏ ਦੀ ਅਦਾਇਗੀ ਨਹੀਂ ਹੋਈ। ਢਾਡੀ ਗੁਰਮੁਖ ਸਿੰਘ ਤੇ ਹਰਨੇਕ ਸਿੰਘ ਨੇ ਤਾਂ ਪੰਚਾਂ-ਸਰਪੰਚਾਂ ਦੇ ਲੁਧਿਆਣਾ ਵਿਚ ਚਾਰ ਅਗਸਤ ਨੂੰ ਹੋਏ ਸਹੁੰ ਚੁੱਕ ਸਮਾਗਮਾਂ ਵਿਚ ਵੀ ਹਾਜ਼ਰੀ ਭਰੀ ਸੀ ਪਰ ਇਨ੍ਹਾਂ ਦੋਵਾਂ ਢਾਡੀਆਂ ਨੂੰ ਸਰਕਾਰ ਨੇ 15 ਹਜ਼ਾਰ ਰੁਪਏ ਦੀ ਅਦਾਇਗੀ ਨਹੀਂ ਕੀਤੀ।

# ਬਾਦਲ ਵੱਲੋਂ ਨੀਂਹ ਪੱਥਰਾਂ ਦੀ ਸਿਆਸਤ ਤੇਜ਼

**ਰਾਮ ਤੀਰਥ:** ਲੋਕ ਸਭਾ ਚੋਣਾਂ ਨੇੜੇ ਆਉਂਦੀਆਂ ਵੇਖ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਨੀਂਹ ਪੱਥਰਾਂ ਦੀ ਸਿਆਸਤ ਤੇਜ਼ ਕਰ ਦਿੱਤੀ ਗਈ ਹੈ। ਲੰਘੇ ਦਿਨੀਂ ਉਨ੍ਹਾਂ ਭਗਵਾਨ ਵਾਲਮੀਕ ਤੀਰਥ ਦੀ ਉਸਾਰੀ ਦਾ ਨੀਂਹ ਪੱਥਰ ਰੱਖਿਆ ਪਰ ਹੈਰਾਨੀ ਦੀ ਗੱਲ ਹੈ ਕਿ ਇਸ ਤੋਂ ਪਹਿਲਾਂ ਧਾਰਮਿਕ ਅਸਥਾਨ ਦੀ ਉਸਾਰੀ ਲਈ ਤਿੰਨ ਵਾਰ ਨੀਂਹ ਪੱਥਰ ਰੱਖਿਆ ਜਾ ਚੁੱਕਿਆ ਹੈ। ਮੁੱਖ ਮੰਤਰੀ ਵੱਲੋਂ ਇਹ ਚੌਥੀ ਵਾਰ ਨੀਂਹ ਪੱਥਰ ਰੱਖਿਆ ਗਿਆ ਹੈ। ਮਿਲੇ ਵੇਰਵਿਆਂ ਅਨੁਸਾਰ ਇਸ ਤੋਂ ਪਹਿਲਾਂ ਇਸ ਧਾਰਮਿਕ ਅਸਥਾਨ ਦਾ ਨੀਂਹ ਪੱਥਰ 1972 ਵਿਚ, 1993 ਵਿਚ ਤੇ 2003 ਵਿਚ ਰੱਖਿਆ ਜਾ ਚੁੱਕਿਆ ਹੈ ਪਰ ਮੰਦਰ ਦੀ ਉਸਾਰੀ ਦਾ ਕੰਮ ਸ਼ੁਰੂ ਨਹੀਂ ਹੋਇਆ। ਹੁਣ ਇਸ ਮੰਦਰ ਦੀ ਉਸਾਰੀ ਲਈ ਚੌਥੀ ਵਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਮੁੜ ਨੀਂਹ ਪੱਥਰ ਰੱਖਿਆ ਗਿਆ ਹੈ।

ਇਥੇ ਪੁਰਾਤਨ ਤੇ ਇਤਿਹਾਸਕ ਧਾਰਮਿਕ ਸਥਾਨ ਰਾਮ ਤੀਰਥ ਵਿਖੇ ਭਗਵਾਨ ਵਾਲਮੀਕ ਜਯੰਤੀ ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੱਖ ਵੱਖ ਧਰਮਾਂ ਦੇ ਸੰਤਾਂ, ਮਹਾਂਪੁਰਖਾਂ ਦੀ ਹਾਜ਼ਰੀ ਵਿਚ 115 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਭਗਵਾਨ ਵਾਲਮੀਕ ਤੀਰਥ ਦਾ ਨੀਂਹ ਪੱਥਰ ਵੀ ਰੱਖਿਆ। ਸ. ਬਾਦਲ ਨੇ ਆਖਿਆ ਕਿ ਸੂਬਾ ਸਰਕਾਰ ਵੱਲੋਂ ਇਹ ਸਮਾਗਮ ਵਾਲਮੀਕ ਭਾਈਚਾਰੇ ਦਾ ਕੋਈ ਰਾਜਸੀ ਲਾਹਾ ਲੈਣ ਲਈ ਨਹੀਂ ਕੀਤਾ ਸਗੋਂ ਭਗਵਾਨ ਵਾਲਮੀਕ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਲਈ ਉਨ੍ਹਾਂ ਦੀ ਯਾਦ ਵਿਚ ਸਮਾਗਮ ਕਰਵਾਇਆ ਹੈ।

ਇਸ ਯਾਦ ਨੂੰ ਸਦੀਵੀ ਬਣਾਉਣ ਲਈ ਭਗਵਾਨ ਵਾਲਮੀਕ ਤੀਰਥ ਦਾ ਨਿਰਮਾਣ ਵੀ ਸ਼ੁਰੂ ਕਰਵਾਇਆ ਜਾ ਰਿਹਾ ਹੈ ਜਿਸ ਉਪਰ ਤਕਰੀਬਨ 115 ਕਰੋੜ ਰੁਪਏ ਖਰਚ ਹੋਣਗੇ। ਇਸ ਮੰਦਰ ਦੀ ਉਸਾਰੀ ਦਾ ਕੰਮ ਅਗਲੇ ਦੋ ਮਹੀਨਿਆਂ ਤਕ ਸ਼ੁਰੂ ਹੋ ਜਾਵੇਗਾ ਤੇ ਆਉਂਦੇ ਡੇਢ ਸਾਲ ਵਿਚ ਪਹਿਲੇ ਪੜਾਅ ਦਾ ਕੰਮ ਮੁਕੰਮਲ ਹੋ ਜਾਵੇਗਾ। ਮੁੱਖ ਮੰਤਰੀ ਨੇ ਆਖਿਆ ਕਿ ਅਕਾਲੀ ਭਾਜਪਾ ਸਰਕਾਰ ਵੱਲੋਂ ਜਲਦੀ ਹੀ ਹੁਸ਼ਿਆਰਪੁਰ ਸਥਿਤ ਖੁਰਾਲਗੜ੍ਹ ਵਿਖੇ ਭਗਤ ਰਵਿਦਾਸ ਜੀ ਦੀ ਯਾਦਗਾਰ ਬਣਾਈ ਜਾਵੇਗੀ।

ਇਸ ਤੋਂ ਇਲਾਵਾ ਆਨੰਦਪੁਰ ਸਾਹਿਬ ਵਿਖੇ ਭਾਈ ਜੈਤਾ ਜੀ ਦੀ ਯਾਦਗਾਰ ਬਣਾਈ ਜਾਵੇਗੀ। ਜੰਗੇ ਆਜ਼ਾਦੀ ਦੇ ਸ਼ਹੀਦਾਂ ਤੇ ਪਰਵਾਨਿਆਂ ਦੀ ਯਾਦ ਵਿਚ ਕਰਤਾਰਪੁਰ ਨੇੜੇ ਯਾਦਗਾਰ ਤੇ ਅੰਮ੍ਰਿਤਸਰ ਵਿਚ ਵਾਰ ਮੈਮੋਰੀਅਲ ਵੀ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪਹਿਲ ਦੇ ਆਧਾਰ ਉਤੇ ਸਾਰੇ ਇਤਿਹਾਸਕ ਸਥਾਨਾਂ ਦੀ ਸਾਰ ਲਈ ਜਾਵੇਗੀ।

ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸੰਬੋਧਨ ਕਰਦਿਆਂ ਆਖਿਆ ਕਿ ਭਗਵਾਨ ਵਾਲਮੀਕ ਦੀਆਂ ਸਿੱਖਿਆਵਾਂ ਦੀ ਆਪਸੀ ਏਕਤਾ ਤੇ ਵੈਰ ਵਿਰੋਧ ਖ਼ਤਮ ਕਰਨ ਦੀ ਪ੍ਰੇਰਨਾ ਦਿੰਦੀਆਂ ਹਨ। ਇਸ ਮੌਕੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਭਾਜਪਾ ਦੇ ਪ੍ਰਧਾਨ ਕਮਲ ਸ਼ਰਮਾ, ਆਰਟ ਆਫ ਲੀਵਿੰਗ ਸੰਸਥਾ ਦੇ ਮੁਖੀ ਸ੍ਰੀ ਰਵੀ ਸ਼ੰਕਰ ਵੀ ਪੁੱਜੇ ਹੋਏ ਸਨ।

## 'ਪਾਤਸ਼ਾਹੀ' ਸ਼ਬਦ ਸਿਰਫ ਗੁਰੂ ਸਹਿਬਾਨ ਲਈ ਵਰਤਣ ਦੇ ਆਦੇਸ਼

**ਅੰਮ੍ਰਿਤਸਰ:** ਕੁਝ ਸਮਾਂ ਪਹਿਲਾਂ ਸ਼ਰਾਬ ਦੀ ਵਰਤੋਂ ਵਾਲੇ ਘਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦੀ ਸਖ਼ਤ ਮਨਾਹੀ ਦੇ ਆਦੇਸ਼ ਪਿੱਛੋਂ ਹੁਣ ਜਥੇਦਾਰ ਸ੍ਰੀ ਅਕਾਲ ਤਖ਼ਤ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ 'ਪਾਤਸ਼ਾਹੀ' ਸ਼ਬਦ ਸਿਰਫ ਤੇ ਸਿਰਫ ਸਿੱਖ ਗੁਰੂ ਸਹਿਬਾਨ, ਗੁਰੂ ਨਾਨਕ ਦੇਵ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੱਕ ਹੀ ਵਰਤਣ ਦਾ ਪੰਥਕ ਆਦੇਸ਼ ਜਾਰੀ ਕੀਤਾ।

ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਸਿੰਘ ਸਾਹਿਬ ਨੇ ਦੱਸਿਆ ਕਿ ਰਾਜਸਥਾਨ ਦੇ ਹਨੂੰਮਾਨ ਖੇਤਰ ਵਿਚ ਅੱਠ ਐਲ.ਐਲ.ਡਬਲਿਊ. ਪਿੰਡ ਵਿਚ ਲੱਖਾ ਸਿੰਘ ਨਾਂ ਦਾ ਵਿਅਕਤੀ ਸਿੱਖ ਗੁਰੂ ਸਾਹਿਬਾਨ ਦਾ ਨਕਲੀ ਸਵਾਂਗ ਰਚਦਿਆਂ ਪਾਖੰਡ ਦੀ ਦੁਕਾਨ ਚਲਾ ਰਿਹਾ ਸੀ ਜਿਸ ਦੀਆਂ ਕਾਰਵਾਈਆਂ ਦੀ ਪੜਤਾਲ ਭਾਈ ਬਲਬੀਰ ਸਿੰਘ ਮੁੱਛਲ ਦੀ ਅਗਵਾਈ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਮੈਂਬਰਾਂ ਵੱਲੋਂ ਕਰਦਿਆਂ ਸਬੂਤਾਂ ਸਹਿਤ ਉਸ ਨੂੰ ਦੋਸ਼ੀ ਪਾਇਆ ਗਿਆ।

ਸਿੰਘ ਸਾਹਿਬ ਵੱਲੋਂ ਉਕਤ ਲੱਖਾ ਸਿੰਘ ਨੂੰ ਅਗਲੀ ਬੈਠਕ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕੀਤਾ ਜਾਵੇਗਾ। ਦਿੱਲੀ ਵਿਚ ਗੁਰਦੁਵਾਰਾ ਰਕਾਬ ਗੰਜ ਵਿਖੇ ਬਣ ਰਹੀ ਸ਼ਹੀਦੀ ਯਾਦਗਾਰ ਦਾ ਮਾਮਲਾ ਅਦਾਲਤ ਵਿਚ ਲਿਜਾਣ ਤੋਂ ਰੋਕਣ ਬਾਰੇ ਸ. ਪਰਮਜੀਤ ਸਿੰਘ ਸਰਨਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਹੁਕਮਨਾਮੇ ਦੇ ਵਿਰੋਧ ਵਿਚ ਦਿੱਲੀ ਵਾਸੀ ਜਤਿੰਦਰ ਸਿਆਲੀ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਖ਼ਿਲਾਫ਼ ਅਦਾਲਤ ਵਿਚ ਮਾਮਲਾ ਲਿਜਾਣ ਦਾ ਸਖ਼ਤ ਨੋਟਿਸ ਲੈਂਦਿਆਂ ਜਥੇਦਾਰ ਨੇ ਕਿਹਾ ਕਿ ਸ. ਸਿਆਲੀ ਨੂੰ ਇਸ ਬਾਰੇ ਤਲਬ ਕੀਤਾ ਜਾਵੇਗਾ।

# ਮਹਾਰਾਜਾ ਰਣਜੀਤ ਸਿੰਘ ਦੇ ਕਿਲੇ ਵਿਚੋਂ ਮਿਲਿਆ ਪੁਰਾਤਨ ਅਸਲਾ

**ਅੰਮ੍ਰਿਤਸਰ:** ਮਹਾਰਾਜਾ ਰਣਜੀਤ ਸਿੰਘ ਵੱਲੋਂ ਜਿੱਤੇ ਤੇ ਬਣਵਾਏ ਗਏ ਇਤਿਹਾਸਕ ਗੋਬਿੰਦਗੜ੍ਹ ਕਿਲੇ ਵਿਚ ਸਾਂਭ-ਸੰਭਾਲ ਦੇ ਚੱਲ ਰਹੇ ਕੰਮ ਦੌਰਾਨ ਕਿਲੇ ਦੀ ਇਕ ਕੰਧ ਵਿਚ ਬਣੇ ਹੋਏ ਗੁਪਤ ਤਹਿਖਾਨੇ ਵਿਚੋਂ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਦੇ ਸਮੇਂ ਨਾਲ ਸਬੰਧਤ 400 ਗੋਲੀਆਂ ਮਿਲੀਆਂ ਹਨ। ਇਹ ਗੋਲੀਆਂ ਲੋਹੇ ਦੇ ਬਕਸੇ ਵਿਚ ਰੱਖੀਆਂ ਹੋਈਆਂ ਸਨ ਜਿਸ ਨੂੰ ਹੁਣ ਜੰਗਾਲ ਲੱਗ ਚੁੱਕਾ ਹੈ।



ਪੁਲਿਸ ਅਨੁਸਾਰ ਇਹ ਗੋਲੀਆਂ ਪੁਰਾਣੀਆਂ ਹਨ। ਇਨ੍ਹਾਂ ਦੀ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਇਨ੍ਹਾਂ ਦੇ ਸਮੇਂ ਬਾਰੇ ਪਤਾ ਲੱਗ ਸਕੇ। ਇਨ੍ਹਾਂ ਗੋਲੀਆਂ ਦੀ ਗਿਣਤੀ 402 ਹੈ ਤੇ ਇਨ੍ਹਾਂ ਉਪਰ 1944 ਉਕਰਿਆ ਹੋਇਆ ਹੈ। ਇਨ੍ਹਾਂ ਬਾਰੇ ਅਸਲਾ ਮਾਹਿਰਾਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ। ਇਹ ਮਾਮਲਾ ਭਾਰਤੀ ਫੌਜ ਦੇ ਧਿਆਨ ਵਿਚ ਵੀ ਲਿਆਂਦਾ ਗਿਆ ਹੈ ਕਿਉਂਕਿ ਲੰਮਾ ਸਮਾਂ ਇਹ ਕਿਲਾ ਭਾਰਤੀ ਫੌਜ ਦੇ ਕਬਜ਼ੇ ਹੇਠ ਰਿਹਾ ਹੈ।

ਗੋਲੀਆਂ ਪ੍ਰਾਪਤ ਕਰਨ ਮਗਰੋਂ ਸੋਚਿਆ ਜਾ ਰਿਹਾ ਸੀ ਕਿ ਇਹ ਗੋਲੀਆਂ ਭਾਰਤੀ ਫੌਜ ਨਾਲ ਹੀ ਸਬੰਧਤ ਹੋਣਗੀਆਂ ਪਰ ਜਦੋਂ ਫੌਜੀ ਅਧਿਕਾਰੀਆਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਗੋਲੀਆਂ ਫੌਜ ਨਾਲ ਸਬੰਧਤ ਨਹੀਂ ਹਨ ਤੇ ਨਾ ਹੀ ਹੁਣ ਇਨ੍ਹਾਂ ਨੂੰ ਵਰਤਣ ਵਾਲੇ ਹਥਿਆਰ ਮੌਜੂਦ ਹਨ। ਗੋਲੀਆਂ ਦਾ ਇਹ ਬਕਸਾ ਕੰਧ ਵਿਚ ਬਣੇ ਹੋਏ ਤਹਿਖਾਨੇ ਵਿਚ ਰੱਖਿਆ ਹੋਇਆ ਸੀ। ਇਥੇ ਕੰਮ ਕਰ ਰਹੇ ਮਜ਼ਦੂਰਾਂ ਵੱਲੋਂ ਜਦੋਂ ਇਸ ਕੰਧ ਦੀ ਮੁਰੰਮਤ ਦਾ ਕੰਮ ਕੀਤਾ ਜਾ ਰਿਹਾ ਸੀ ਤਾਂ ਉਨ੍ਹਾਂ ਨੂੰ ਕੰਧ 'ਤੇ ਹੋਏ ਪਲਸਤਰ ਹੇਠਾਂ ਖਾਲੀ ਡੂੰਘੀ ਥਾਂ ਦਿਖਾਈ ਦਿੱਤੀ ਜਿਸ ਵਿਚ ਇਹ ਗੋਲੀਆਂ ਦਾ ਬਕਸਾ ਰੱਖਿਆ ਹੋਇਆ ਸੀ।

ਜ਼ਿਕਰਯੋਗ ਹੈ ਕਿ ਇਤਿਹਾਸਕ ਗੋਬਿੰਦਗੜ੍ਹ ਕਿਲਾ ਭੰਗੀ ਮਿਸਲ ਦੇ ਗੁਜਰ ਸਿੰਘ ਭੰਗੀ ਵੱਲੋਂ ਬਣਵਾਇਆ ਗਿਆ ਸੀ। ਉਸ ਵੇਲੇ ਇਹ ਕੱਚਾ ਕਿਲਾ ਸੀ। ਇਸ ਕਿਲੇ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਜਿੱਤਣ ਮਗਰੋਂ ਪੱਕਾ ਕਿਲਾ ਬਣਵਾਇਆ ਤੇ ਇਸ ਦਾ ਨਾਂ ਗੋਬਿੰਦਗੜ੍ਹ ਕਿਲਾ ਰੱਖਿਆ। ਉਹ ਇਸ ਕਿਲੇ ਨੂੰ ਜਿੱਥੇ ਫੌਜੀ ਰਿਹਾਇਸ਼ ਵਜੋਂ ਵਰਤਦੇ ਸਨ, ਉੱਥੇ ਇਸ ਵਿਚ ਟਕਸਾਲ ਵੀ ਸਥਾਪਤ ਕੀਤੀ ਸੀ।

ਇਸ ਮਗਰੋਂ ਇਹ ਕਿਲਾ ਅੰਗਰੇਜ਼ਾਂ ਦੇ ਕਬਜ਼ੇ ਵਿਚ ਆ ਗਿਆ ਤੇ ਤਕਰੀਬਨ 100 ਸਾਲ ਅੰਗਰੇਜ਼ਾਂ ਦੇ ਕਬਜ਼ੇ ਵਿਚ ਰਿਹਾ। ਇਸ ਕਿਲੇ ਵਿਚ ਮਾਈਕਲ ਓ ਡਾਇਰ ਦੀ ਰਿਹਾਇਸ਼ ਵੀ ਰਹੀ ਹੈ। ਦੇਸ਼ ਦੀ ਆਜ਼ਾਦੀ ਮਗਰੋਂ ਇਹ ਕਿਲਾ ਭਾਰਤੀ ਫੌਜ ਦੇ ਕਬਜ਼ੇ ਹੇਠ ਆ ਗਿਆ ਸੀ ਤੇ 2006 ਵਿਚ ਪ੍ਰਧਾਨ ਮੰਤਰੀ ਵੱਲੋਂ ਇਹ ਕਿਲਾ ਪੰਜਾਬ ਸਰਕਾਰ ਨੂੰ ਸੌਂਪਿਆ ਗਿਆ ਸੀ। ਹੁਣ ਇਹ ਕਿਲਾ ਪੰਜਾਬ ਸੈਰ ਸਪਾਟਾ ਵਿਭਾਗ ਕੋਲ ਹੈ ਤੇ ਇਥੇ ਮੁੜ ਉਸਾਰੀ ਤੇ ਸਾਂਭ ਸੰਭਾਲ ਦਾ ਕੰਮ ਚੱਲ ਰਿਹਾ ਹੈ।

# ਪਤੀ ਤੇ ਦੋ ਬੱਚਿਆਂ ਦੀ ਹੱਤਿਆ ਮਗਰੋਂ ਕੀਤੀ ਖੁਦਕੁਸ਼ੀ

**ਜਗਰਾਉਂ:** ਇਥੇ ਇਕ ਔਰਤ ਨੇ ਆਪਣੇ ਪਤੀ ਤੇ ਦੋ ਬੱਚਿਆਂ ਨੂੰ ਜ਼ਹਿਰ ਦੇ ਕੇ ਮਾਰਨ ਪਿੱਛੋਂ ਆਤਮ ਹੱਤਿਆ ਕਰ ਲਈ। ਮ੍ਰਿਤਕਾਂ ਦੀ ਪਛਾਣ ਡਾ. ਪਰਮਿੰਦਰ ਕੌਰ ਤੇ ਉਸ ਦਾ ਪਤੀ ਗੁਰਪ੍ਰੀਤ ਸਿੰਘ ਚੋਜੀ (42) ਤੇ ਦੋ ਬੱਚੇ ਜਸਮੀਤ ਸਿੰਘ (8) ਤੇ ਲੜਕੀ ਜਮੀਨਾ (13) ਵਜੋਂ ਹੋਈ ਹੈ। ਗੁਰਪ੍ਰੀਤ ਸਿੰਘ ਚੋਜੀ ਦੇ ਪਿਤਾ ਪ੍ਰਿਤਪਾਲ ਸਿੰਘ ਖੱਤਰੀ ਨੇ ਦੱਸਿਆ ਕਿ ਕੁਝ ਮਹੀਨਿਆਂ ਤੋਂ ਗੁਰਪ੍ਰੀਤ ਤੇ ਉਸ ਦੀ ਪਤਨੀ ਪਰਮਿੰਦਰ ਕੌਰ ਉਰਫ ਰੁਪਿੰਦਰ ਕੌਰ ਦੇ ਆਪਸੀ ਸਬੰਧ ਸੁਖਾਵੇਂ ਨਹੀਂ ਸਨ।

ਇਸ ਤੋਂ ਇਲਾਵਾ ਉਨ੍ਹਾਂ ਦੇ ਆਰਥਿਕ ਹਾਲਾਤ ਵੀ ਠੀਕ ਨਹੀਂ ਸਨ। ਇਸ ਤੋਂ ਪ੍ਰੇਸ਼ਾਨ ਹੋ ਕੇ ਡਾ. ਪਰਮਿੰਦਰ ਕੌਰ ਨੇ ਰਾਤ ਨੂੰ ਆਪਣੇ ਦੋਵਾਂ ਬੱਚਿਆਂ ਜਸਮੀਤ ਸਿੰਘ (8) ਤੇ ਲੜਕੀ ਜਮੀਨਾ (13) ਤੇ ਪਤੀ ਗੁਰਪ੍ਰੀਤ ਸਿੰਘ ਚੋਜੀ (42) ਨੂੰ ਜ਼ਹਿਰੀਲਾ ਪਦਾਰਥ ਦੇ ਕੇ ਮਾਰ ਦਿੱਤਾ। ਇਸ ਪਿਛੋਂ ਉਸ ਨੇ ਪੇਕੇ ਪਿੰਡ ਗੁਰੂਹਰਸਹਾਏ ਵਿਖੇ ਰਹਿੰਦੇ ਆਪਣੇ ਚਾਚੇ ਨੂੰ ਤੜਕੇ 4.30 ਵਜੇ ਦੇ ਕਰੀਬ ਫੋਨ ਕਰਕੇ ਦੱਸਿਆ ਕਿ ਉਸ ਨੇ ਆਪਣੇ ਬੱਚਿਆਂ ਤੇ ਪਤੀ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ ਹੈ ਤੇ ਹੁਣ ਉਹ ਖ਼ੁਦਕੁਸ਼ੀ ਕਰਨ ਲੱਗੀ ਹੈ। ਇਸ ਸਬੰਧੀ ਉਸ ਨੇ ਖ਼ੁਦਕੁਸ਼ੀ ਪੱਤਰ ਵੀ ਲਿਖ ਦਿੱਤਾ ਹੈ।

ਜਦੋਂ ਤੱਕ ਉਸ ਦਾ ਚਾਚਾ ਉਹ ਦੇ ਕੋਲ ਪੁੱਜਿਆ ਉਸਨੇ ਪੱਖੇ ਨਾਲ ਫਾਹਾ ਲੈ ਲਿਆ ਸੀ। ਪਰਮਿੰਦਰ ਕੌਰ ਦੇ ਪਿਤਾ ਸੁਚੇਤ ਸਿੰਘ ਨੇ ਦੋਸ਼ ਲਾਇਆ ਕਿ ਉਸ ਦੇ ਜਵਾਈ ਗੁਰਪ੍ਰੀਤ ਸਿੰਘ ਦੇ ਦੂਜੀਆਂ ਔਰਤਾਂ ਨਾਲ ਨਾਜਾਇਜ਼ ਸਬੰਧ ਸਨ। ਇਸ ਕਾਰਨ ਪਰਮਿੰਦਰ ਪ੍ਰੇਸ਼ਾਨ ਰਹਿੰਦੀ ਸੀ।

# ਪੰਜਾਬੀ ਸਾਹਿਤ ਤੇ ਸਭਿਆਚਾਰ ਸੁਸਾਇਟੀ ਦੀ ਮਿਲਣੀ

**ਫਰਿਜ਼ਨੋ (ਬਿਊਰੋ):** ਨਜ਼ਦੀਕੀ ਕਸਬੇ ਦੇ ਗੁਰਦੁਆਰਾ ਸਿੱਖ ਸੈਂਟਰ ਆਫ਼ ਪੈਸੇਫਿਕ ਕੋਸਟ ਵਿਚ ਪੰਜਾਬੀ ਸਾਹਿਤ ਅਤੇ ਸਭਿਆਚਾਰ ਸੁਸਾਇਟੀ ਫਰਿਜ਼ਨੋ ਦੀ ਇਕ ਸਾਹਿਤਕ ਮਿਲਣੀ



ਸਾਹਿਤਕ ਮਿਲਣੀ ਵਿਚ ਹਾਜ਼ਰ ਕੁਝ ਸਾਹਿਤਕਾਰ

ਹੋਈ ਜਿਸ ਵਿਚ ਆਲੋਚਕ ਡਾ. ਸੁਹਿੰਦਰਬੀਰ ਸਿੰਘ ਤੋਂ ਇਲਾਵਾ ਸੁਰਿੰਦਰ ਸਿੰਘ ਸੁੰਨੜ (ਲਾਸ ਏਂਜਲਸ), ਸ਼ਾਇਰ ਡਾ. ਗੁਰੂਮੇਲ ਸਿੰਘ ਸਿੱਧੂ ਤੇ ਹਰਜਿੰਦਰ ਕੰਗ, ਕਹਾਣੀਕਾਰ ਕਰਮ ਸਿੰਘ, ਕੁੰਦਨ ਸਿੰਘ ਧਾਮੀ, ਸਾਧੂ ਸਿੰਘ ਸੰਘਾ, ਸ਼ਹੀਦ ਭਗਤ ਸਿੰਘ ਦੇ ਪੋਤਰੇ ਕ੍ਰਿਪਾਲ ਸਿੰਘ ਸੰਧੂ, ਕਹਾਣੀਕਾਰ ਮਾਸਟਰ ਲਛਮਣ ਸਿੰਘ ਰਠੌਰ, ਚਰਨਜੀਤ ਸਿੰਘ ਬਾਠ ਤੇ ਪੱਤਰਕਾਰ ਅਮਰੀਕ ਸਿੰਘ ਵਿਰਕ ਨੇ ਹਾਜ਼ਰੀ ਲੁਆਈ।

ਸਾਹਿਤਕ ਮਿਲਣੀ ਦੇ ਸ਼ੁਰੂ ਵਿਚ ਅਮਰੀਕ ਸਿੰਘ ਵਿਰਕ ਨੇ ਆਏ ਸਾਹਿਤਕਾਰਾਂ ਨਾਲ ਵਾਕਫੀ ਕਰਵਾਈ ਅਤੇ ਡਾ. ਸੁਹਿੰਦਰਬੀਰ ਸਿੰਘ ਦੀਆਂ ਪੰਜਾਬੀ ਸਾਹਿਤ ਤੇ ਆਲੋਚਨਾਤਮਕ ਖੇਤਰ ਦੀਆਂ ਸਰਗਰਮੀਆਂ 'ਤੇ ਚਾਨਣਾ ਪਾਇਆ। ਉਪਰੰਤ ਡਾ. ਸੁਹਿੰਦਰਬੀਰ ਸਿੰਘ ਨੇ ਅਮਰੀਕਾ ਵਸਦੇ ਸਾਹਿਤਕਾਰਾਂ ਦੀ ਗੱਲ ਕਰਦਿਆਂ ਆਖਿਆ ਕਿ ਉਹ ਪਰਦੇਸ ਵਿਚ ਰਹਿੰਦਿਆਂ ਵੀ ਆਪਣੇ ਪਿਛੋਕੜ ਨਾਲ ਜੁੜੇ ਹੋਏ ਹਨ ਅਤੇ ਉਨ੍ਹਾਂ ਦੇ ਵਿਸ਼ੇ ਵਸਤੂ, ਕਾਵਿਕ ਸ਼ੈਲੀ, ਅਲੰਕਾਰ ਅਤੇ ਮੁਹਾਵਰੇ ਉਤੇ ਪੰਜਾਬੀ ਸਭਿਆਚਾਰ ਦੀ ਡੂੰਘੀ ਛਾਪ ਹੈ। ਸਾਹਿਤਕਾਰਾਂ ਨੂੰ ਪ੍ਰਵਾਸੀ ਜੀਵਨ ਦੀਆਂ ਘਟਨਾਵਾਂ, ਸਮਸਿਆਵਾਂ, ਸਮਾਜਿਕ ਰਹੁ ਰੀਤਾਂ, ਸਿਆਸੀ ਭਿੰਨ ਭੇਦਾਂ ਅਤੇ ਆਰਥਿਕ ਸੰਕਟ ਦੇ ਮਾਨਵ ਜੀਵਨ 'ਤੇ ਪ੍ਰਭਾਵ ਨੂੰ ਆਪਣੀ ਰਚਨਾਵਾਂ ਦਾ ਵਿਸ਼ਾ ਬਣਾਉਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਉਹ ਪਰਦੇਸ ਵਸਦੇ ਪੰਜਾਬੀ ਸਾਹਿਤਕਾਰਾਂ ਦੀਆਂ ਰਚਨਾਵਾਂ ਇਕੱਤਰ ਕਰਕੇ ਉਨ੍ਹਾਂ ਦਾ ਮੁਲੰਕਣ ਕਰਨਾ ਚਾਹੁੰਦੇ ਹਨ। ਉਨ੍ਹਾਂ ਸਾਹਿਤਕਾਰਾਂ ਨੂੰ ਆਪਣੀਆਂ ਰਚਨਾਵਾਂ ਉਨ੍ਹਾਂ ਤੀਕ ਪਹੁੰਚਾਉਣ ਦੀ ਬੇਨਤੀ ਕੀਤੀ।

ਪੇਸ਼ੇ ਵਜੋਂ ਵਿਗਿਆਨੀ ਡਾ. ਗੁਰੂਮੇਲ ਸਿੰਘ ਸਿੱਧੂ ਨੇ ਵੀ ਆਪਣੇ ਵਿਚਾਰ ਪੇਸ਼ ਕਰਦਿਆਂ ਸਾਹਿਤਕਾਰਾਂ ਨੂੰ ਕਈ ਸੁਝਾਅ ਦਿੱਤੇ। ਲਛਮਣ ਸਿੰਘ ਰਠੌਰ ਨੇ ਸਾਹਿਤ ਦੀ ਆਲੋਚਨਾ ਉਪਰ ਜ਼ੋਰ ਦਿੰਦਿਆਂ ਕਿਹਾ ਕਿ ਰਚਨਾਵਾਂ ਨੂੰ ਹੋਰ ਬਿਹਤਰ ਬਣਾਉਣ ਲਈ ਉਸਾਰੂ ਆਲੋਚਨਾ ਜ਼ਰੂਰੀ ਹੈ। ਉਨ੍ਹਾਂ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਸਾਹਿਤਕ ਗੁੱਟਬੰਦੀ ਉਤੇ ਅਫਸੋਸ ਜਾਹਰ ਕੀਤਾ। ਸੁਰਿੰਦਰ ਸਿੰਘ ਸੁੰਨੜ ਦੇ ਸਾਹਿਤਕ ਰਿਸਾਲਿਆਂ ਤੇ ਵਿਚਾਰ ਗੋਸ਼ਟੀ ਹੋਈ। ਕ੍ਰਿਪਾਲ ਸਿੰਘ ਸੰਧੂ ਨੇ ਵੀ ਆਪਣੇ ਵਿਚਾਰ ਰੱਖੇ।

# ਲਾਲ ਸਿੰਘ ਦਸੂਹਾ ਦੀਆਂ ਲਿਖਤਾਂ ਦੀ ਵੈਬ ਸਾਈਟ ਲੋਕ ਅਰਪਿਤ

**ਦਸੂਹਾ:** ਕਹਾਣੀਕਾਰ ਲਾਲ ਸਿੰਘ ਦਸੂਹਾ ਦੀਆਂ ਲਿਖਤਾਂ ਹੁਣ ਇੰਟਰਨੈਟ 'ਤੇ ਵੀ ਉਪਲਬਧ ਹੋਣਗੀਆਂ। ਉਨ੍ਹਾਂ ਦੀ ਵੈਬ ਸਾਈਟ www.lalsinghdasuya.yolasite.com ਲੋਕ ਅਰਪਿਤ ਕਰਨ ਦੀ ਰਸਮ ਰਿਟਾਇਰਡ ਡੀ. ਪੀ. ਆਰ. ਓ. ਬਲਦੇਵ ਸਿੰਘ ਬੱਲੀ ਨੇ ਸਾਹਿਤ ਸਭਾ ਦਸੂਹਾ-ਗੜ੍ਹਦੀਵਾਲਾ ਦੇ ਮੈਂਬਰਾਂ ਦੀ ਹਾਜ਼ਰੀ ਵਿਚ ਨਿਭਾਈ।



ਲਾਲ ਸਿੰਘ ਦਸੂਹਾ

ਵੈਬ ਸਾਈਟ ਲੋਕ ਅਰਪਿਤ ਕਰਦਿਆਂ ਬਲਦੇਵ ਸਿੰਘ ਬੱਲੀ ਨੇ ਕਿਹਾ ਕਿ ਕੋਈ ਵੀ ਭਾਸ਼ਾ ਵਿਕਸਤ ਭਾਸ਼ਾ ਤਾਂ ਹੀ ਅਖਵਾ ਸਕਦੀ ਹੈ ਜੇ ਉਹ ਸਮਕਾਲੀਨ ਸੰਚਾਰ ਲੋੜਾਂ ਪੂਰੀਆਂ ਕਰ ਸਕਣ ਦੇ ਸਮਰਥ ਹੋਵੇ। ਇਸ ਵੈਬ ਸਾਈਟ ਰਾਹੀਂ ਪਾਠਕਾਂ ਅਤੇ ਲੇਖਕ ਲਾਲ ਸਿੰਘ ਵਿਚਾਲੇ ਡੂੰਘੀ ਸਾਂਝ ਪੈਦਾ ਹੋਵੇਗੀ। ਸਾਹਿਤ ਸਭਾ ਦੇ ਸਾਬਕਾ ਪ੍ਰਧਾਨ ਜਰਨੈਲ ਸਿੰਘ ਘੁੰਮਣ ਨੇ ਲਾਲ ਸਿੰਘ ਨੂੰ ਵਧਾਈ ਦਿੰਦਿਆਂ ਕਿਹਾ ਕਿ ਵੈਬ ਸਾਈਟ ਰਾਹੀਂ ਪੰਜਾਬੀ ਕਹਾਣੀ ਦਾ ਵਿਕਾਸ ਹੋਰ ਪ੍ਰਬਲ ਹੋਵੇਗਾ। ਪ੍ਰਿੰ. ਨਵਤੇਜ ਗੜ੍ਹਦੀਵਾਲਾ ਅਤੇ ਅਮਰੀਕ ਡੋਗਰਾ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਪੰਜਾਬੀ ਭਾਸ਼ਾ ਦਾ ਵਿਕਾਸ ਤਕਨਾਲੋਜੀ ਨਾਲ ਹੀ ਜੁੜਿਆ ਹੋਇਆ ਹੈ। ਇਸ ਸੰਦਰਭ ਵਿਚ ਇਹ ਉਪਰਾਲਾ ਸਲਾਹੁਣਯੋਗ ਹੈ। ਇਸ ਨਾਲ ਲਾਲ ਸਿੰਘ ਦਸੂਹਾ ਦੇ ਪਾਠਕਾਂ ਦਾ ਦੇਸ਼ ਵਿਦੇਸ਼ ਵਿਚ ਘੇਰਾ ਵਧੇਗਾ। ਸੁਰਿੰਦਰ ਸਿੰਘ ਨੇਕੀ, ਗੁਰਇਕਬਾਲ ਸਿੰਘ ਬੋਦਲ, ਤਰਸੇਮ ਸਿੰਘ ਸਫ਼ਰੀ, ਕਰਨੈਲ ਸਿੰਘ ਨੇਕਨਾਮਾ, ਦਿਲਪ੍ਰੀਤ ਸਿੰਘ ਕਾਹਲੋਂ ਅਤੇ ਮਹਿੰਦਰ ਸਿੰਘ ਨੇ ਵੀ ਆਪਣੇ ਵਿਚਾਰ ਪ੍ਰਗਟਾਏ।


## Matrimonial

ਕੰਨਿਆਂ ਦੀ ਲੋੜ

Beautiful & well educated girl sought for Lobana Sikh handsome clean shaven boy, 26, 5'-10", Green Card holder, B-tech engineering. Only reputed Lobana Sikh families from USA/ Canada need to contact. Ph: 916-821-1569 or email: supertoolsindia@yahoo.co.in

Looking match for Saini Sikh turbaned boy, computer engineer, 5'-8", completed higher study in Canada recently, belongs to Dist. Hoshiapur. California girl preferred. Contact: 510-557-6988 or raj@gfbontime.com

ਜੱਟ ਸਿੱਖ ਇੰਡੀਅਨਐਪੋਲਿਸ ਰਹਿੰਦੇ, ਉਮਰ 29, ਕੱਦ 5'-6", ਗਰੀਨ ਕਾਰਡ ਹੋਲਡਰ ਲੜਕੇ ਲਈ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ: 317-364-2016, ਈ-ਮੇਲ: nkra123@yahoo.com

ਕੰਬੋਜ ਸਿੱਖ ਥਿੰਦ, ਕੱਦ 6 ਫੁੱਟ, ਗਰੀਨ ਕਾਰਡ ਹੋਲਡਰ, ਆਟੋ ਮਕੈਨਿਕ ਲੜਕੇ ਲਈ ਅਮਰੀਕਾ ਰਹਿੰਦੀ ਗਰੀਨ ਕਾਰਡ ਹੋਲਡਰ ਜਾਂ ਵਿਜ਼ੀਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਸੰਪਰਕ ਕਰੋ: 916-470-5520



ਇੰਡੀਅਨ ਰੈਸਟੋਰੈਂਟ ਲਈ ਸਟਾਫ ਦੀ ਲੋੜ ਹੈ

ਅਟਲਾਂਟਾ, ਜਾਰਜੀਆ ਵਿਚ ਖੁਲ੍ਹ ਰਹੇ ਨਵੇਂ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕੁਕ, ਹੈਲਪਰ, ਵੇਟਰ ਅਤੇ ਹੋਰ ਸਟਾਫ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼

ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ

ਫੋਨ: 916-743-1620

NW-41,42



MRP TRAVEL

Lowest International and Domestic Fares

ARC FLY ANY AIRLINE OF YOUR CHOICE IATA

Providing the lowest Air-fare, Cruise and Travel Packages to Asia, Africa, Europe, the Middle East and North America

408-929-8005

E-mail:mrptravel@gmail.com

2123 Port Way, San Jose, CA 95133

CST: 2097308-40

Passport & Visa services also available



Asiana Airlines Emirates Korean Air Singapore Airlines Cathay Pacific Lufthansa China Airlines

India Vacation tour package also available.



Prince's Barber Shop

37477 Fremont Blvd, suite C, Fremont, CA 94536

Men & Children's Hair Cut

*Threading *Custom Text
*Men's Facials *Hair Coler
*Custom Designing *Shave &
*Line-ups *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



Cell: (510)-677-9942
Shop: (510)-505-9605
www.princebarbershop.com



FARMERS INSURANCE GROUP Symbol of Superior Service

FARMERS

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

*Auto *Home *Life *Umbrella
*Business Work Comp.

Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਦਲਿਤ ਵੋਟਾਂ ਖਿੱਚਣ ਲਈ ਲਾਇਆ ਪੂਰਾ ਟਿੱਲ

**ਚੰਡੀਗੜ੍ਹ:** ਆਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੰਜਾਬ ਦੀ ਸੱਤਾਧਾਰੀ ਅਕਾਲੀ-ਭਾਜਪਾ ਗਠਜੋੜ ਤੇ ਕਾਂਗਰਸ ਪਾਰਟੀ ਦੀ ਅੱਖ ਹੁਣ ਦਲਿਤ ਵੋਟ ਬੈਂਕ ਨੂੰ ਭਰਮਾਉਣ 'ਤੇ ਟਿਕ ਗਈ ਹੈ। ਦੋਵੇਂ ਪਾਰਟੀਆਂ ਦਲਿਤ ਵੋਟਾਂ ਦੀ ਅਹਿਮੀਅਤ ਨੂੰ ਸਮਝ ਚੁੱਕੀਆਂ ਹਨ। ਇਸੇ ਅਹਿਮੀਅਤ ਨੂੰ ਮੁੱਖ ਰੱਖ ਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦਲਿਤ ਵੋਟ ਬੈਂਕ ਨੂੰ ਖੁਸ਼ ਕਰਨ ਲਈ ਕੁਝ ਜੁਗਤਾਂ ਘੜੀਆਂ ਹਨ। ਬੀਤੇ ਦਿਨੀਂ ਗੱਠਜੋੜ ਵੱਲੋਂ ਭਗਵਾਨ ਵਾਲਮੀਕ ਮੰਦਰ ਦੇ ਰੱਖੇ ਨੀਂਹ ਪੱਥਰ ਨੂੰ ਵੀ ਇਸੇ ਲੜੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ। ਅਕਾਲੀਆਂ ਦੀਆਂ ਇਨ੍ਹਾਂ ਸਰਗਰਮੀਆਂ ਨੂੰ ਦੇਖ ਕਾਂਗਰਸ ਨੇ ਵੀ ਜਲੰਧਰ ਵਿਚ ਵਿਸ਼ਾਲ ਰੈਲੀ ਦਾ ਐਲਾਨ ਕਰ ਦਿੱਤਾ ਹੈ।



ਜ਼ਿਕਰਯੋਗ ਹੈ ਕਿ ਦਲਿਤਾਂ ਵਿਚੋਂ ਵਾਲਮੀਕੀ ਤੇ ਆਦਿ-ਧਰਮੀ ਸੂਬੇ ਦੇ ਕਈ ਜ਼ਿਲ੍ਹਿਆਂ ਵਿਚ ਖਾਸਾ ਪ੍ਰਭਾਵ ਰੱਖਦੇ ਹਨ। ਅਕਾਲੀਆਂ ਵੱਲੋਂ ਇਸੇ ਤਰ੍ਹਾਂ ਦਾ ਇਕ ਹੋਰ ਮੰਦਰ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਖੁਰਲਗੜ੍ਹ ਵਿਖੇ ਗੁਰੂ ਰਵਿਦਾਸ ਦੇ ਫਲਸਫੇ ਦੇ ਪ੍ਰਚਾਰ-ਪ੍ਰਸਾਰ ਹਿੱਤ ਬਣਾਇਆ ਜਾ ਰਿਹਾ ਹੈ। ਭਾਈ ਜੈਤਾ ਵਜੋਂ ਮਸ਼ਹੂਰ ਭਾਈ ਜੀਵਨ ਸਿੰਘ ਦੀ ਯਾਦ ਵਿਚ ਆਨੰਦਪੁਰ ਸਾਹਿਬ ਵਿਖੇ ਸਮਾਰਕ ਉਸਾਰੀ ਜਾ ਰਹੀ ਹੈ। ਮੁੱਖ ਮੰਤਰੀ ਦੀ ਰਣਨੀਤੀ ਹੈ ਕਿ ਧਾਰਮਿਕ ਸਥਾਨ ਉਸਾਰ ਕੇ ਤੇ ਇਨ੍ਹਾਂ ਲੋਕਾਂ ਦੀਆਂ ਅਧਿਆਤਮਕ ਤੇ ਸਭਿਆਚਾਰਕ ਮੰਗਾਂ ਪੂਰੀਆਂ ਕਰਕੇ ਦਲਿਤਾਂ ਦੇ ਸਾਰੇ ਗਰੁੱਪਾਂ/ਵਰਗਾਂ ਨੂੰ ਗੋਡ ਵਿਚ ਕਰ ਲਿਆ ਜਾਵੇ।

ਪੰਜਾਬ ਉਨ੍ਹਾਂ ਸੂਬਿਆਂ ਵਿਚ ਸ਼ੁਮਾਰ ਹੁੰਦਾ ਹੈ ਜਿਥੇ ਦਲਿਤਾਂ ਦੀ ਵਸੋਂ ਸਭ ਤੋਂ ਵੱਧ (31 ਫੀਸਦੀ) ਹੈ। ਨਵਾਂਸ਼ਹਿਰ ਵਰਗੇ ਜ਼ਿਲ੍ਹਿਆਂ ਵਿਚ ਤਾਂ ਵਸੋਂ 40 ਫੀਸਦੀ ਤੱਕ ਹੈ। ਇਸੇ ਤਰ੍ਹਾਂ ਜਲੰਧਰ ਤੇ ਮੁਕਤਸਰ ਵਿਚ ਇਹ ਵਸੋਂ 38 ਫੀਸਦੀ ਹੈ। ਹੁਣ ਤਾਂ ਰਾਏ ਸਿੱਖ ਵੀ ਰਾਖਵੀਂ ਸ਼੍ਰੇਣੀ ਵਿਚ ਆ ਗਏ ਹਨ ਤੇ ਫਿਰੋਜ਼ਪੁਰ ਵਿਚ ਹੁਣ ਦਲਿਤਾਂ ਦੀ ਵਸੋਂ 42 ਫੀਸਦੀ ਤੱਕ ਅੱਪੜ ਗਈ ਹੈ। ਸਪਸ਼ਟ ਹੈ ਕਿ ਸੂਬੇ ਵਿਚ ਸੱਤਾ ਤੇ ਲੋਕ ਸਭਾ ਵਿਚ ਪੈਂਠ ਖਾਤਰ ਦਲਿਤ ਵੋਟਾਂ ਮਾਇਨੇ ਰੱਖਦੀਆਂ ਹਨ।

ਪੰਜਾਬ ਵਿਧਾਨ ਸਭਾ ਦੀਆਂ ਕੁੱਲ 117 ਵਿਧਾਨ ਸਭਾ ਸੀਟਾਂ ਵਿਚੋਂ 34 ਸੀਟਾਂ ਰਿਜ਼ਰਵ ਹਨ। ਇਸੇ ਤਰ੍ਹਾਂ ਲੋਕ ਸਭਾ ਦੀਆਂ 13 ਵਿਚੋਂ ਚਾਰ ਸੀਟਾਂ ਰਿਜ਼ਰਵ ਹਨ। ਪਿਛਲੇ ਸਾਲ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ-ਭਾਜਪਾ ਗਠਜੋੜ ਦੇ 25 ਉਮੀਦਵਾਰ ਇਨ੍ਹਾਂ ਸੀਟਾਂ ਤੋਂ ਜਿੱਤੇ। ਇਨ੍ਹਾਂ ਚੋਣਾਂ ਵਿਚ ਆਟਾ-ਦਾਲ ਸਕੀਮ ਨੇ ਬ੍ਰਹਮ ਅਸਤਰ ਵਾਲਾ ਕੰਮ ਕੀਤਾ ਹੈ। ਕਾਂਗਰਸ ਲਈ ਇਹ ਵੱਡਾ ਝਟਕਾ ਸੀ ਜੋ ਦਹਾਕਿਆਂ ਤੋਂ ਗਰੀਬ ਵਰਗਾਂ ਦੀ ਹਮਾਇਤ ਨਾਲ ਸੱਤਾ ਉਤੇ ਕਬਜ਼ਾ ਕਰਦੀ ਰਹੀ ਹੈ।

ਚੇਤੇ ਰਹੇ ਕਿ 2009 ਵਾਲੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੇ ਲੋਕ ਸਭਾ ਦੀਆਂ ਰਿਜ਼ਰਵ ਚਾਰ ਸੀਟਾਂ ਵਿਚੋਂ ਤਿੰਨ ਜਿੱਤ ਲਈਆਂ ਸਨ। ਹੁਣ ਵੀ ਕਾਂਗਰਸ ਦੀ ਲੀਡਰਸ਼ਿਪ ਨੂੰ ਪਤਾ ਹੈ ਕਿ ਦਲਿਤ ਵੋਟਾਂ ਬਗੈਰ ਸੂਬੇ ਵਿਚ ਮੁੜ ਪੈਰ ਜਮਾ ਸਕਣੇ ਔਖੇ ਹਨ। ਬਹੁਜਨ ਸਮਾਜ ਪਾਰਟੀ ਦਾ ਜ਼ੋਰ ਮੁਕਾਬਲਤਨ ਘਟਣ ਕਾਰਨ ਹੁਣ ਦੋਵੇਂ ਮੁੱਖ ਧਿਰਾਂ ਇਨ੍ਹਾਂ ਵੋਟਾਂ ਲਈ ਘਾਤ ਲਾ ਰਹੀਆਂ ਹਨ।

## ਅਕਾਲੀਆਂ ਲਈ ਵੱਕਾਰ ਦਾ ਸਵਾਲ ਬਣੀ ਬਠਿੰਡਾ ਸੀਟ

**ਚੰਡੀਗੜ੍ਹ:** ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਦੇ ਬਠਿੰਡਾ ਲੋਕ ਸਭਾ ਸੀਟ ਤੋਂ ਚੋਣ ਲੜਨ ਦੇ ਸੰਭਾਵੀ ਐਲਾਨ ਨੇ ਬਾਦਲ ਪਰਿਵਾਰ ਵਿਚ ਮਾਹੌਲ ਫਿਰ ਗਰਮਾ ਦਿੱਤਾ ਹੈ। ਬਠਿੰਡੇ ਤੋਂ ਮੌਜੂਦਾ ਮੈਂਬਰ ਪਾਰਲੀਮੈਂਟ ਤੇ ਬਾਦਲ ਪਰਿਵਾਰ ਦੀ ਨੂੰਹ ਬੀਬੀ ਹਰਸਿਮਰਤ ਕੌਰ ਬਾਦਲ ਤੇ ਮਨਪ੍ਰੀਤ ਸਿੰਘ ਬਾਦਲ ਵਿਚਾਲੇ ਸੰਭਾਵੀ ਟੱਕਰ ਰੋਕਣ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਭਰਾ ਗੁਰਦਾਸ ਸਿੰਘ ਬਾਦਲ ਪੂਰੀ ਵਾਹ ਲਾ ਰਹੇ ਹਨ।



ਪਤਾ ਲੱਗਾ ਹੈ ਕਿ ਉਹ ਨਹੀਂ ਚਾਹੁੰਦੇ ਕਿ ਵਿਧਾਨ ਸਭਾ ਦੀਆਂ ਪਿਛਲੀਆਂ ਚੋਣਾਂ ਵਾਲਾ ਟਕਰਾਅ ਪਰਿਵਾਰ ਵਿਚ ਦੋਬਾਰਾ ਵੇਖਣ ਨੂੰ ਮਿਲੇ। ਹੁਣੇ ਜਿਹੇ ਪਿੰਡ ਬਾਦਲ ਵਿਚ ਦੋਵਾਂ ਭਾਈਆਂ ਵਿਚਾਲੇ ਇਕ ਮੀਟਿੰਗ ਕਰਵਾਈ ਗਈ। ਇਸ ਮੌਕੇ 'ਤੇ ਕੋਈ ਤੀਜਾ ਵਿਅਕਤੀ ਮੌਜੂਦ ਨਹੀਂ ਸੀ। ਅਕਾਲੀ ਹਲਕਿਆਂ ਅਨੁਸਾਰ ਗੁਰਦਾਸ ਸਿੰਘ ਬਾਦਲ ਇਸ ਗੱਲ ਲਈ ਸਹਿਮਤ ਹਨ ਕਿ ਪੰਜਾਬ ਦੇ ਕੁਝ ਕਾਂਗਰਸੀ ਆਗੂਆਂ ਦੀ ਇੱਛਾ ਹੈ ਕਿ ਮਨਪ੍ਰੀਤ ਬਾਦਲ ਨੂੰ ਬਠਿੰਡਾ ਲੋਕ ਸਭਾ ਸੀਟ ਤੋਂ ਕਾਂਗਰਸ ਦੇ ਸਮਰਥਨ ਨਾਲ ਖੜ੍ਹਾ ਕਰਕੇ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੋਹਾਂ ਨੂੰ ਬੀਬੀ ਹਰਸਿਮਰਤ ਕੌਰ ਬਾਦਲ ਦੀ ਸੀਟ (ਬਠਿੰਡਾ) ਤੱਕ ਹੀ ਸੀਮਤ ਕਰ ਦਿੱਤਾ ਜਾਵੇ।

ਕਈ ਕਾਂਗਰਸੀ ਮੰਨਦੇ ਹਨ ਕਿ ਜੇ ਬਾਪ ਤੇ ਬੇਟਾ ਦੋਹਾਂ ਨੂੰ ਬਠਿੰਡਾ ਵਿਚ ਹੀ ਸਿਆਸੀ ਤੌਰ 'ਤੇ ਉਲਝਾ ਲਿਆ ਜਾਏ ਤਾਂ ਇਸ ਦਾ ਕਾਂਗਰਸ ਨੂੰ ਸਿਆਸੀ ਫਾਇਦਾ ਪਹੁੰਚ ਸਕਦਾ ਹੈ। ਉਧਰ, ਮਨਪ੍ਰੀਤ ਸਿੰਘ ਬਾਦਲ ਦੀ ਇਹ ਕੋਸ਼ਿਸ਼ ਹੈ ਕਿ ਉਹ ਉਸੇ ਸੂਰਤ ਵਿਚ ਹੀ ਬਠਿੰਡਾ ਤੋਂ ਲੋਕ ਸਭਾ ਦੀ ਚੋਣ ਲੜਨਗੇ, ਜਦੋਂ ਭਾਰਤੀ ਕਮਿਊਨਿਸਟ ਪਾਰਟੀ ਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਉਨ੍ਹਾਂ ਨੂੰ ਸਮਰਥਨ ਦੇਣਗੀਆਂ। ਉਹ ਇਕੱਲਿਆਂ ਕਾਂਗਰਸ ਦੇ ਸਿਆਸੀ ਚੱਕਰ ਵਿਚ ਫਸਣ ਲਈ ਤਿਆਰ ਨਹੀਂ। ਮਾਰਕਸਵਾਦੀ ਪਾਰਟੀ ਦਾ ਤਾਂ ਖੁੱਲ੍ਹਾ ਸਟੈਂਡ ਹੈ ਕਿ ਜੇਕਰ ਮਨਪ੍ਰੀਤ ਬਾਦਲ ਕਾਂਗਰਸ ਦੇ ਸਿਆਸੀ ਜਾਲ ਵਿਚ ਫਸ ਗਏ ਤਾਂ ਉਹ ਸਾਂਝੇ ਮੋਰਚੇ ਵਿਚੋਂ ਬਾਹਰ ਆ ਜਾਏਗੀ।

## ਹਰਸਿਮਰਤ ਨੂੰ ਹਰ ਹਾਲ ਹਰਾਵਾਂਗੇ: ਮਨਪ੍ਰੀਤ

**ਲਹਿਰਾਗਾਗਾ:** ਪੰਜਾਬ ਪੀਪਲਜ਼ ਪਾਰਟੀ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਹੈ ਕਿ ਲੋਕ ਸਭਾ ਚੋਣਾਂ ਵਿਚ ਅਕਾਲੀ ਦਲ ਦੀ ਵਕਾਰੀ ਸੀਟ ਬਠਿੰਡਾ ਤੋਂ ਹਰਸਿਮਰਤ ਕੌਰ ਬਾਦਲ ਨੂੰ ਹਰਾਉਣ ਲਈ ਸਾਰੀਆਂ ਵਿਰੋਧੀ ਪਾਰਟੀਆਂ ਵੱਲੋਂ ਸਾਂਝੇ ਤੌਰ 'ਤੇ ਬੇਹਤਰੀਨ ਉਮੀਦਵਾਰ ਖੜ੍ਹਾ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਕਾਂਗਰਸ ਪਾਰਟੀ ਨਾਲ ਲੋਕ ਸਭਾ ਚੋਣਾਂ ਬਾਰੇ ਕੋਈ ਰਸਮੀ ਜਾਂ ਗੈਰ-ਰਸਮੀ ਗੱਲਬਾਤ ਨਹੀਂ ਹੋਈ ਪਰ ਉਹ ਚਾਹੁੰਦੇ ਹਨ ਕਿ ਅਕਾਲੀ ਦਲ ਨੂੰ ਹਰਾਉਣ ਲਈ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਇਕ ਮੰਚ 'ਤੇ ਇਕੱਠਾ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੇ ਪਿੰਡ ਦੀ ਸਹਿਕਾਰੀ ਸਭਾ ਤੋਂ ਲੈ ਕੇ ਲੋਕ ਸਭਾ ਤੱਕ ਹਰ ਚੋਣ ਲੜਨ ਦਾ ਫੈਸਲਾ ਕੀਤਾ ਹੈ। ਇਸ ਲਈ ਉਹ ਪਾਰਟੀ ਨੂੰ ਮਜ਼ਬੂਤ ਕਰਨ ਲਈ ਸੂਬੇ ਅੰਦਰ ਮੁਹਿੰਮ ਚਲਾ ਰਹੇ ਹਨ।

ਇਸ ਤੋਂ ਪਹਿਲਾਂ ਲੋਕਾਂ ਨੂੰ ਸੰਬੋਧਨ ਕਰਨ ਵੇਲੇ ਮਨਪ੍ਰੀਤ ਬਾਦਲ ਨੇ ਸੁਖਬੀਰ ਬਾਦਲ ਦਾ ਨਾਂ ਲਏ ਬਿਨਾਂ 25 ਸਾਲ ਰਾਜ ਕਰਨ ਦੇ ਦਾਅਵੇ ਦੀ ਖਿੱਲੀ ਉਡਾਉਂਦੇ ਕਿਹਾ ਕਿ ਉਹ ਹੈਂਕੜਵਾਲੇ, ਦਹਿਸ਼ਤ ਤੇ ਬੇਇਨਸਾਫ਼ੀ ਵਾਲੇ ਰਾਜ ਨੂੰ ਢਾਹ ਕੇ ਦਿਖਾਉਣਗੇ। ਉਨ੍ਹਾਂ ਕਿਹਾ ਕਿ ਦੇਸ਼ ਗਰੀਬ ਨਹੀਂ ਬਲਕਿ ਸਿਸਟਮ ਦੀਆਂ ਗਲਤ ਨੀਤੀਆਂ ਨੇ ਇਸ ਨੂੰ ਗਰੀਬ ਤੇ ਬੇਵੱਸ ਬਣਾ ਕੇ ਰੱਖ ਦਿੱਤਾ ਹੈ।

# ਸਿੱਧੂ ਨੂੰ ਵੱਡੀ ਜ਼ਿੰਮੇਵਾਰੀ ਸੌਂਪਣ ਦੀ ਤਿਆਰੀ

**ਜਲੰਧਰ:** ਆਪਣੀ ਹੀ ਪਾਰਟੀ ਦੇ ਆਗੂਆਂ ਨਾਲ ਨਾਰਾਜ਼ ਚੱਲ ਰਹੇ ਭਾਜਪਾ ਦੇ ਅੰਮ੍ਰਿਤਸਰ ਤੋਂ ਲੋਕ ਸਭਾ ਮੈਂਬਰ ਨਵਜੋਤ ਸਿੱਧੂ ਨੂੰ ਆਉਣ ਵਾਲੇ ਦਿਨਾਂ ਵਿਚ ਪਾਰਟੀ ਵਿਚ ਕੋਈ ਵੱਡੀ ਜ਼ਿੰਮੇਵਾਰੀ ਮਿਲ ਸਕਦੀ ਹੈ। ਬੀਤੇ ਦਿਨੀਂ ਦਿੱਲੀ ਵਿਚ ਹਾਈਕਮਾਨ ਦੇ ਸੀਨੀਅਰ ਆਗੂਆਂ ਨਾਲ ਕੀਤੀ ਮੁਲਾਕਾਤ ਵਿਚ ਸ. ਸਿੱਧੂ ਨੇ ਸੂਬੇ ਵਿਚ ਪਾਰਟੀ ਵੱਲੋਂ ਉਨ੍ਹਾਂ ਨੂੰ ਅਣਗੌਲਿਆ ਕਰਨ ਦਾ ਮਸਲਾ ਉਠਾਇਆ ਸੀ ਜਿਸ 'ਤੇ ਹਾਈਕਮਾਨ ਨੇ ਸ. ਸਿੱਧੂ ਨੂੰ ਪਰਚਾਉਣ ਦੀ ਤਿਆਰੀ ਕਰ ਲਈ ਹੈ।



ਭਾਜਪਾ ਦੇ ਇਸ ਲੋਕ ਸਭਾ ਮੈਂਬਰ ਦੇ ਨਾਲ ਉਨ੍ਹਾਂ ਦੀ ਧਰਮ-ਪਤਨੀ ਡਾ. ਨਵਜੋਤ ਕੌਰ ਸਿੱਧੂ ਵੀ ਸਾਬਕਾ ਸਿਹਤ ਮੰਤਰੀ ਨਾਲ ਨਾਰਾਜ਼ ਸਨ ਤੇ ਉਨ੍ਹਾਂ ਨੇ ਆਪਣੀ ਸਰਗਰਮੀਆਂ ਬੰਦ ਕਰ ਦਿੱਤੀਆਂ ਸਨ ਪਰ ਹੁਣ ਸਿਹਤ ਮੰਤਰੀ ਵੱਲੋਂ ਡਾ. ਨਵਜੋਤ ਕੌਰ ਸਿੱਧੂ ਨੂੰ ਅਚਨਚੇਤ ਚੈਕਿੰਗ ਦੇ ਅਧਿਕਾਰ ਦੇਣ ਤੋਂ ਬਾਅਦ ਇਹ ਸੰਕੇਤ ਮਿਲ ਰਿਹਾ ਹੈ ਕਿ ਹਾਈਕਮਾਨ ਹੁਣ ਸਿੱਧੂ ਪਰਿਵਾਰ ਦੀ ਗੱਲ ਧਿਆਨ ਨਾਲ ਸੁਣ ਰਿਹਾ ਹੈ।ਇਸ ਤੋਂ ਇਲਾਵਾ ਲੋਕ ਸਭਾ ਚੋਣਾਂ ਨੂੰ ਦੇਖਦੇ ਹੋਏ ਕਾਂਗਰਸ ਅੰਦਰ ਸ੍ਰੀਮਤੀ ਪ੍ਰਿਅੰਕਾ ਗਾਂਧੀ ਨੂੰ ਰਾਜਨੀਤੀ ਵਿਚ ਲਿਆਉਣ ਦੀ ਮੰਗ ਉਠ ਰਹੀ ਹੈ, ਇਸ ਤਰ੍ਹਾਂ ਦੀ ਸਥਿਤੀ ਵਿਚ ਭਾਜਪਾ ਦੇ ਸਟਾਰ ਪ੍ਰਚਾਰਕ ਨਵਜੋਤ ਸਿੰਘ ਸਿੱਧੂ ਪਾਰਟੀ ਲਈ ਵੱਡਾ ਸਹਾਰਾ ਹਨ। ਦਿੱਲੀ ਵਿਚ ਨਰਿੰਦਰ ਮੋਦੀ ਦੀ ਰੈਲੀ ਵਿਚ ਨਵਜੋਤ ਸਿੰਘ ਸਿੱਧੂ ਨੇ ਸ਼ਾਮਲ ਹੋ ਕੇ ਆਪਣੀ ਹਾਜ਼ਰੀ ਦਰਜ ਕਰਵਾ ਦਿੱਤੀ ਸੀ। ਉਸ ਰੈਲੀ ਵਿਚ ਮੋਦੀ ਤੋਂ ਬਾਅਦ ਲੋਕਾਂ ਨੇ ਸਿਰਫ਼ ਸ. ਸਿੱਧੂ ਨੂੰ ਸੁਣਨ ਵਿਚ ਵਿਸ਼ੇਸ਼ ਦਿਲਚਸਪੀ ਦਿਖਾਈ ਸੀ। ਸ. ਸਿੱਧੂ ਨੇ ਹਾਈਕਮਾਨ ਦੇ ਦਖ਼ਲ ਤੋਂ ਬਾਅਦ ਭਾਵੇਂ ਸਿੱਧੇ ਹਮਲੇ ਕਰਨੇ ਬੰਦ ਕਰ ਦਿੱਤੇ ਹਨ ਪਰ ਉਨ੍ਹਾਂ ਨੇ ਆਪਣੀ ਨਾਰਾਜ਼ਗੀ ਹਾਈਕਮਾਨ ਦੇ ਸੀਨੀਅਰ ਆਗੂਆਂ ਸਾਹਮਣੇ ਜ਼ਰੂਰ ਰੱਖ ਦਿੱਤੀ ਹੈ। ਉੱਚ ਪੱਧਰੀ ਸੂਤਰਾਂ ਦਾ ਕਹਿਣਾ ਹੈ ਕਿ ਭਾਜਪਾ ਦੇ ਲੋਕ ਸਭਾ ਮੈਂਬਰ ਨੇ ਪਾਰਟੀ ਨੇਤਾਵਾਂ ਨੂੰ ਵਿਸਥਾਰ ਨਾਲ ਸਾਰੀ ਜਾਣਕਾਰੀ ਦਿੱਤੀ ਹੈ ਜਿਨ੍ਹਾਂ ਨੇ ਸ. ਸਿੱਧੂ ਨੂੰ ਭਰੋਸਾ ਦਿੱਤਾ ਹੈ ਕਿ ਉਨ੍ਹਾਂ ਨੂੰ ਪਾਰਟੀ ਵਿਚ ਅਣਗੌਲਿਆ ਨਹੀਂ ਕੀਤਾ ਗਿਆ ਸਗੋਂ ਉਨ੍ਹਾਂ ਨੂੰ ਵੱਡੀ ਜ਼ਿੰਮੇਵਾਰੀ ਸੌਂਪੀ ਜਾਵੇਗੀ।

## ਬੀਬੀ ਸਿੱਧੂ ਨੂੰ ਛਾਪੇ ਮਾਰਨ ਦੀ ਖੁੱਲ੍ਹ

**ਚੰਡੀਗੜ੍ਹ:** ਸਾਬਕਾ ਸਿਹਤ ਮੰਤਰੀ ਮਦਨ ਮੋਹਨ ਮਿੱਤਲ ਨਾਲ ਆਢਾ ਲਾਉਣ ਵਾਲੀ ਮੁੱਖ ਸੰਸਦੀ ਸਕੱਤਰ (ਸਿਹਤ) ਤੇ ਵਿਧਾਇਕ ਡਾ. ਨਵਜੋਤ ਕੌਰ ਸਿੱਧੂ ਨੂੰ ਸਰਕਾਰ ਨੇ ਮੁੜ ਪੰਜਾਬ ਵਿਚ ਸਿਹਤ ਸੁਧਾਰਾਂ ਲਈ ਛਾਪੇ ਮਾਰਨ ਵਾਸਤੇ ਖੁੱਲ੍ਹੀ ਛੁੱਟੀ ਦੇ ਦਿੱਤੀ ਹੈ। ਇਸ ਤੋਂ ਬਾਅਦ ਡਾ. ਸਿੱਧੂ ਨੇ ਸੂਬੇ ਦੇ ਸਮੂਹ ਵਿਧਾਇਕਾਂ ਤੇ ਸਿਵਲ ਸਰਜਨਾਂ ਨੂੰ ਪੱਤਰ ਲਿਖਦਿਆਂ ਕਿਹਾ ਹੈ ਕਿ ਉਹ ਆਉਂਦੇ ਦਿਨੀਂ ਉਨ੍ਹਾਂ ਦੇ ਹਲਕਿਆਂ/ਖੇਤਰਾਂ ਵਿਚਲੇ ਸਰਕਾਰੀ ਹਸਪਤਾਲਾਂ ਦੀ ਜਾਂਚ ਕਰਨਗੇ।

ਡਾ. ਨਵਜੋਤ ਕੌਰ ਸਿੱਧੂ ਨੇ ਦੱਸਿਆ ਕਿ ਉਨ੍ਹਾਂ ਨੂੰ ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਨੇ ਸੂਬੇ ਵਿਚ ਸਿਹਤ ਸੇਵਾਵਾਂ ਦੇ ਸੁਧਾਰ ਲਈ ਖੁੱਲ੍ਹੀ ਛੁੱਟੀ ਦੇ ਦਿੱਤੀ ਹੈ ਜਿਸਦੇ ਚੱਲਦਿਆਂ ਉਨ੍ਹਾਂ ਪੰਜਾਬ ਸਿਵਲ ਸਕੱਤਰੇਤ ਵਿਖੇ ਦਫ਼ਤਰੀ ਫਾਈਲਾਂ ਵੀ ਕੱਢੀਆਂ ਤੇ ਹੁਣ ਉਹ ਹਰ ਬੁੱਧਵਾਰ ਤੇ ਵੀਰਵਾਰ ਸਵੇਰੇ 9 ਤੋਂ ਸ਼ਾਮ 5 ਵਜੇ ਤੱਕ ਸਕੱਤਰੇਤ ਵਿਚਲੇ ਆਪਣੇ ਦਫ਼ਤਰ ਵਿਚ ਬੈਠਿਆ ਵੀ ਕਰਨਗੇ। ਡਾ. ਸਿੱਧੂ ਨੂੰ ਜਦੋਂ ਪੁੱਛਿਆ ਗਿਆ ਕਿ ਸ੍ਰੀ ਮਦਨ ਮੋਹਨ ਮਿੱਤਲ ਨੇ ਉਨ੍ਹਾਂ ਨੂੰ ਖੁੱਲ੍ਹੀ ਛੁੱਟੀ ਕਿਉਂ ਨਹੀਂ ਸੀ ਦਿੱਤੀ, ਜਵਾਬ ਵਿਚ ਡਾ. ਸਿੱਧੂ ਨੇ ਕਿਹਾ ਕਿ ਸ੍ਰੀ ਮਿੱਤਲ ਦੀ ਕਾਰਜਸ਼ੈਲੀ ਵੱਖਰੀ ਸੀ, ਉਹ ਚਾਹੁੰਦੇ ਸਨ ਕਿ ਇਕ ਵਿਅਕਤੀ ਐਨੀ ਕੁ ਸੀਮਾ ਵਿਚ ਕੰਮ ਕਰੇ।

# ਮਜੀਠੀਏ ਨੇ ਵੀ ਹੈਲੀਕਾਪਟਰ ਝੂਟਣ ਦੇ ਰਿਕਾਰਡ ਤੋੜੇ

**ਚੰਡੀਗੜ੍ਹ:** ਪੰਜਾਬ ਦੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਇਨ੍ਹੀਂ ਦਿਨੀਂ ਸਰਕਾਰੀ ਹੈਲੀਕਾਪਟਰ ਦੀ ਖੁੱਲ੍ਹ ਕੇ ਵਰਤੋਂ ਕਰ ਰਹੇ ਹਨ। ਪੰਜਾਬ ਮੰਤਰੀ ਮੰਡਲ ਵਿਚ ਉਹ ਇਕੋ ਇਕ ਅਜਿਹੇ ਵਜ਼ੀਰ ਹਨ ਜਿਨ੍ਹਾਂ ਨੂੰ ਇਹ ਹੱਕ ਹਾਸਲ ਹੈ। ਪਹਿਲਾਂ ਤਾਂ ਮਾਲ ਮੰਤਰੀ ਸਰਕਾਰੀ ਹੈਲੀਕਾਪਟਰ ਦੀ ਵਰਤੋਂ ਕਦੇ ਕਦਾਈਂ ਹੀ ਕਰਦੇ ਸਨ ਪਰ ਸਤੰਬਰ ਤੇ ਅਕਤੂਬਰ ਮਹੀਨਿਆਂ ਦੇ 40 ਕੁ ਦਿਨ ਅਜਿਹੇ ਹਨ ਜਦੋਂ ਮਾਲ ਮੰਤਰੀ ਵਿਧਾਨ ਸਭਾ ਹਲਕੇ ਮਜੀਠਾ ਤੇ ਸੂਬੇ ਵਿਚ ਹੋਰ ਥਾਈਂ ਹੋਈਆਂ ਰਾਜਸੀ ਸਰਗਰਮੀਆਂ ਵਿਚ ਸ਼ਾਮਲ ਹੋਣ ਲਈ ਸਰਕਾਰੀ ਹੈਲੀਕਾਪਟਰ 'ਤੇ ਸਵਾਰ ਹੋ ਕੇ ਗਏ।

ਸ਼ਹਿਰੀ ਹਵਾਬਾਜ਼ੀ ਵਿਭਾਗ ਦੇ ਸੂਤਰਾਂ ਅਨੁਸਾਰ ਸਤੰਬਰ ਦਾ ਮਹੀਨਾ ਸੂਬੇ ਦੇ ਇਤਿਹਾਸ ਵਿਚ ਅਜਿਹਾ ਮਹੀਨਾ ਸੀ ਜਦੋਂ ਹੈਲੀਕਾਪਟਰ ਦੀ ਵਰਤੋਂ ਤਕਰੀਬਨ 60 ਘੰਟੇ ਹੋਈ। ਆਮ ਤੌਰ 'ਤੇ ਸਰਕਾਰੀ ਹੈਲੀਕਾਪਟਰ ਦੀ ਵਰਤੋਂ 25 ਤੋਂ 30 ਘੰਟਿਆਂ ਤੱਕ ਹੀ ਹੁੰਦੀ ਹੈ। ਨਿਯਮਾਂ ਮੁਤਾਬਕ ਸਰਕਾਰੀ ਹੈਲੀਕਾਪਟਰ ਦੀ ਸਹੂਲਤ ਗਵਰਨਰ ਸ਼ਿਵ ਰਾਜ ਪਾਟਿਲ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਹੀ ਕਰ ਸਕਦੇ ਹਨ। ਮਾਲ ਮੰਤਰੀ ਦੀਆਂ ਹਵਾਈ ਉਡਾਣਾਂ ਲਈ ਮੁੱਖ ਮੰਤਰੀ ਵਿਸ਼ੇਸ਼ ਤੌਰ 'ਤੇ ਪ੍ਰਵਾਨਗੀ ਦਿੰਦੇ ਹਨ।




ਸੂਤਰਾਂ ਅਨੁਸਾਰ ਮਜੀਠੀਆ ਚਾਰ ਸਤੰਬਰ ਨੂੰ ਚੰਡੀਗੜ੍ਹ ਤੋਂ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਫੱਤੂ ਭਿੱਲਾ, ਅੱਠ ਸਤੰਬਰ ਨੂੰ ਮੁਕਤਸਰ ਤੋਂ ਫੱਤੂ ਭਿੱਲਾ, ਨੌਂ ਸਤੰਬਰ ਨੂੰ ਚੰਡੀਗੜ੍ਹ ਤੋਂ ਅੰਮ੍ਰਿਤਸਰ ਤੇ ਉਸ ਤੋਂ ਅਗਲੇ ਦਿਨ ਮੋਗਾ ਜ਼ਿਲ੍ਹੇ ਦੇ ਪਿੰਡ ਬੱਧਨੀ ਕਲਾਂ ਗਏ। ਪੰਜਾਬ ਸਰਕਾਰ ਦਾ ਆਪਣਾ ਹੈਲੀਕਾਪਟਰ ਮੁਹੱਈਆ ਨਾ ਹੋਣ ਕਾਰਨ ਵਿਭਾਗ ਨੇ 14 ਸਤੰਬਰ ਨੂੰ ਮੱਤੇਵਾਲ, ਫੱਤੂ ਭਿੱਲਾ ਤੇ ਅੰਮ੍ਰਿਤਸਰ ਜ਼ਿਲ੍ਹੇ ਵਿਚ ਹੋਰਨੀਂ ਥਾਈਂ ਜਾਣ ਲਈ 'ਇੰਡੀਆ ਫਲਾਈ ਸੇਫ਼' ਕੰਪਨੀ ਦਾ ਹੈਲੀਕਾਪਟਰ ਕਿਰਾਏ 'ਤੇ ਲੈ ਕੇ ਦਿੱਤਾ।

ਇਸੇ ਤਰ੍ਹਾਂ ਮਜੀਠੀਆ ਨੇ 30 ਸਤੰਬਰ ਨੂੰ ਚੰਡੀਗੜ੍ਹ ਤੋਂ ਕਾਲਝਰਾਨੀ ਲਈ ਵੀ ਹੈਲੀਕਾਪਟਰ ਦੀ ਵਰਤੋਂ ਕੀਤੀ। ਮਾਲ ਮੰਤਰੀ ਚਾਰ ਅਕਤੂਬਰ ਨੂੰ ਚੰਡੀਗੜ੍ਹ ਦੇ ਨਜ਼ਦੀਕ ਨਵਾਂਸ਼ਹਿਰ ਵਿਚ ਇਕ ਸਿਆਸੀ ਸਮਾਗਮ ਵਿਚ ਸ਼ਿਰਕਤ ਕਰਨ ਲਈ ਸਰਕਾਰੀ ਹੈਲੀਕਾਪਟਰ 'ਤੇ ਗਏ। ਪੰਜਾਬ ਦੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਵੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹੈਲੀਕਾਪਟਰ ਦੀ ਵਰਤੋਂ ਕਰਨ ਲਈ ਵਿਸ਼ੇਸ਼ ਤੌਰ 'ਤੇ ਇਜਾਜ਼ਤ ਦਿੰਦੇ ਹਨ ਪਰ ਪਿਛਲੇ 40-50 ਦਿਨਾਂ ਵਿਚ ਉਨ੍ਹਾਂ ਹੈਲੀਕਾਪਟਰ ਦੀ ਵਰਤੋਂ ਨਹੀਂ ਕੀਤੀ।

ਪੰਜਾਬ ਸਰਕਾਰ ਵੱਲੋਂ ਜੇਕਰ ਹੈਲੀਕਾਪਟਰ ਕਿਰਾਏ 'ਤੇ ਲਿਆ ਜਾਂਦਾ ਹੈ ਤਾਂ ਇਸ ਹੈਲੀਕਾਪਟਰ ਦਾ ਅੰਦਾਜ਼ਨ ਕਿਰਾਇਆ ਪੌਣੇ ਦੋ ਲੱਖ ਰੁਪਏ ਪ੍ਰਤੀ ਘੰਟਾ ਪੈਂਦਾ ਹੈ। ਸਰਕਾਰ ਨੇ ਜਿਹੜਾ ਆਪਣਾ ਹੈਲੀਕਾਪਟਰ ਖ਼ਰੀਦਿਆ ਹੈ ਉਸ ਦੀ ਖ਼ਰਚਾ 80 ਹਜ਼ਾਰ ਰੁਪਏ ਪ੍ਰਤੀ ਘੰਟਾ ਪੈਂਦਾ ਹੈ। ਜ਼ਿਕਰਯੋਗ ਹੈ ਕਿ ਰਾਜ ਸਰਕਾਰ ਨੇ ਜਦੋਂ ਆਪਣਾ ਹੈਲੀਕਾਪਟਰ ਖ਼ਰੀਦਿਆ ਸੀ ਤਾਂ ਇਹ ਤਰਕ ਦਿੱਤਾ ਗਿਆ ਸੀ ਕਿ ਕਿਰਾਏ ਦਾ ਹੈਲੀਕਾਪਟਰ ਸਰਕਾਰੀ ਖ਼ਜ਼ਾਨੇ 'ਤੇ ਜ਼ਿਆਦਾ ਭਾਰੂ ਪੈਂਦਾ ਹੈ। ਸਰਕਾਰ ਨੇ ਇਸ ਹੈਲੀਕਾਪਟਰ 'ਤੇ 38 ਕਰੋੜ ਰੁਪਏ ਖਰਚੇ ਸਨ। ਅਪਰੈਲ ਮਹੀਨੇ ਤੋਂ ਸਰਕਾਰੀ ਹੈਲੀਕਾਪਟਰ ਉਡਣਾ ਸ਼ੁਰੂ ਹੋ ਗਿਆ ਸੀ।

## ਸਰਕਾਰ ਦੀ ਫ਼ਜ਼ੂਲ ਖ਼ਰਚੀ ਦੇ ਆਡਿਟ ਦੀ ਮੰਗ

**ਚੰਡੀਗੜ੍ਹ:** ਪੰਜਾਬ ਕਾਂਗਰਸ ਨੇ ਬਾਦਲ ਸਰਕਾਰ ਵੱਲੋਂ ਕੀਤੀ ਜਾ ਰਹੀ ਫ਼ਜ਼ੂਲ ਖ਼ਰਚੀ ਬਾਰੇ ਵਿਸ਼ੇਸ਼ ਆਡਿਟ ਕਰਵਾਉਣ ਦੀ ਮੰਗ ਕੀਤੀ। ਇਸ ਲੜੀ ਹੇਠ ਕਲੋਨੀਆਂ ਦੀ ਰੈਗੂਲਰਾਈਜੇਸ਼ਨ ਫੀਸ, ਖੁਰਾਕਾਂ 'ਤੇ ਵਾਧੂ ਸੈੱਸ, ਮੈਰਿਜ ਪੈਲੇਸਾਂ ਦੇ ਰੈਗੂਲਰਾਈਜੇਸ਼ਨ 'ਤੇ ਵੈਟ ਤੇ ਡੀਲਰਾਂ 'ਤੇ ਪ੍ਰੋਸੈਸਿੰਗ ਫੀਸ ਲਾਗੂ ਹੋ ਚੁੱਕੀ ਹੈ। ਪਾਰਟੀ ਬੁਲਾਰੇ ਰਾਜਨਬੀਰ ਸਿੰਘ ਦਾ ਕਹਿਣ ਹੈ ਕਿ ਪੰਜਾਬ ਸਰਕਾਰ ਵੱਲੋਂ ਲਾਏ ਗਏ ਵਾਧੂ ਟੈਕਸਾਂ ਨਾਲ ਮਹਿੰਗਾਈ ਵਧੇਗੀ। ਦੂਜੇ ਪਾਸੇ ਸਰਕਾਰੀ ਪੈਸੇ ਨੂੰ ਸੰਗਤ ਦਰਸ਼ਨ ਵਰਗੇ ਗੈਰ ਫਾਇਦੇਮੰਦ ਪ੍ਰੋਗਰਾਮਾਂ 'ਤੇ ਖ਼ਰਚਿਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਗੁਆਂਢੀ ਰਾਜਾਂ ਜਿਵੇਂ ਹਰਿਆਣਾ ਵਿਚ ਖਪਤਕਾਰ ਵਸਤਾਂ 'ਤੇ ਵੈਟ ਦੀ ਘੱਟੋ-ਘੱਟ ਦਰ 4.5 ਪ੍ਰਤੀਸ਼ਤ ਹੈ ਜਦਕਿ ਪੰਜਾਬ ਵਿਚ ਇਹ 5.5 ਫੀਸਦੀ ਪਹੁੰਚ ਚੁੱਕੀ ਹੈ। ਹੁਣ ਪੰਜਾਬ ਸਰਕਾਰ ਨੇ ਕੋਲਡ ਡ੍ਰਿੰਕਸ 'ਤੇ ਟੈਕਸਾਂ ਨੂੰ 14.5 ਤੋਂ 22.5 ਫੀਸਦੀ ਕਰ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਦੇ ਮਾੜੇ ਪ੍ਰਬੰਧਾਂ ਦਾ ਹਰਜ਼ਾਨਾ ਆਮ ਲੋਕਾਂ ਨੂੰ ਭਰਨਾ ਪੈ ਰਿਹਾ ਹੈ ਤੇ ਲੋਕਾਂ ਨੂੰ ਸਰਕਾਰੀ ਸਹੂਲਤਾਂ ਲਈ ਕਈ ਵਾਰ ਅਦਾਇਗੀ ਕਰਨੀ ਪਏਗੀ।

# ਨਸ਼ਿਆਂ ਖਿਲਾਫ ਪਾਸ ਮਤੇ ਦਰਕਿਨਾਰ

**ਸੰਗਰੂਰ:** ਪੰਜਾਬ ਵਿਚ ਸ਼ਰਾਬ ਦੇ ਠੇਕਿਆਂ ਵਿਰੁੱਧ ਮਤੇ ਪਾਸ ਕਰਨ ਵਾਲੀਆਂ ਪੰਚਾਇਤਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਤੇ ਇਸ ਵਿਚ ਜ਼ਿਲ੍ਹਾ ਸੰਗਰੂਰ ਦੀਆਂ ਪੰਚਾਇਤਾਂ ਮੋਹਰੀ ਹਨ। ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 40 ਤਹਿਤ ਗਰਾਮ ਪੰਚਾਇਤਾਂ ਨੂੰ ਇਹ ਅਧਿਕਾਰ ਹੈ ਕਿ ਉਹ ਬਹੁਸੰਮਤੀ ਨਾਲ ਮਤਾ ਪਾਸ ਕਰਕੇ 30 ਸਤੰਬਰ ਤੱਕ ਆਬਕਾਰੀ ਵਿਭਾਗ ਨੂੰ ਭੇਜ ਸਕਦੀਆਂ ਹਨ। ਮਤਾ ਪ੍ਰਵਾਨ ਹੋਣ 'ਤੇ ਸਬੰਧਤ ਪਿੰਡ ਵਿਚ ਅਗਲੇ ਸਾਲ ਇਕ ਅਪਰੈਲ ਤੋਂ ਸ਼ਰਾਬ ਦਾ ਠੇਕਾ ਨਹੀਂ ਖੁੱਲ੍ਹੇਗਾ।

ਮਿਲੀ ਜਾਣਕਾਰੀ ਅਨੁਸਾਰ ਸਾਲ 2009-10 ਦੌਰਾਨ ਪੰਜਾਬ ਦੀਆਂ 44 ਪੰਚਾਇਤਾਂ ਨੇ ਮਤੇ ਪਾਸ ਕੀਤੇ ਸਨ ਜਿਨ੍ਹਾਂ ਵਿਚੋਂ 22 ਪੰਚਾਇਤਾਂ ਇਕੱਲੇ ਸੰਗਰੂਰ ਜ਼ਿਲ੍ਹੇ ਦੀਆਂ ਸਨ। ਸਾਲ 2010-11 ਦੌਰਾਨ ਪੰਜਾਬ ਦੇ 72 ਪਿੰਡਾਂ ਦੀਆਂ ਪੰਚਾਇਤਾਂ ਨੇ ਮਤੇ ਪਾਸ ਕੀਤੇ ਸਨ ਜਿਨ੍ਹਾਂ ਵਿਚੋਂ 44 ਪੰਚਾਇਤਾਂ ਇਕੱਲੇ ਜ਼ਿਲ੍ਹਾ ਸੰਗਰੂਰ ਨਾਲ ਸਬੰਧਤ ਸਨ। ਇਸੇ ਤਰ੍ਹਾਂ ਸਾਲ 2011-12 ਦੌਰਾਨ ਪੰਜਾਬ ਦੇ 89 ਪਿੰਡਾਂ ਦੀਆਂ ਪੰਚਾਇਤਾਂ ਨੇ ਮਤੇ ਪਾਸ ਕੀਤੇ ਸਨ ਜਿਨ੍ਹਾਂ ਵਿਚੋਂ 52 ਪੰਚਾਇਤਾਂ ਇਕੱਲੇ ਸੰਗਰੂਰ ਜ਼ਿਲ੍ਹੇ ਦੀਆਂ ਸਨ।

## ਲੋਕਾਂ ਦੇ ਰੋਹ ਤੋਂ ਪੰਜਾਬ ਸਰਕਾਰ ਬੇਪ੍ਰਵਾਹ

ਸਾਲ 2012-13 ਦੌਰਾਨ ਪੰਜਾਬ ਵਿਚੋਂ 127 ਪੰਚਾਇਤਾਂ ਨੇ ਸ਼ਰਾਬ ਦੇ ਠੇਕਿਆਂ ਵਿਰੁੱਧ ਮਤੇ ਪਾਸ ਕੀਤੇ ਸਨ ਜਿਨ੍ਹਾਂ ਵਿਚੋਂ 43 ਪਿੰਡ ਇਕੱਲੇ ਸੰਗਰੂਰ ਜ਼ਿਲ੍ਹੇ ਦੇ ਸਨ। ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਮਤੇ ਪਾਸ ਕਰਨ ਵਾਲੀਆਂ ਜ਼ਿਲ੍ਹਾ ਸੰਗਰੂਰ ਦੀਆਂ ਪੰਚਾਇਤਾਂ ਦੀ ਗਿਣਤੀ 61 'ਤੇ ਪੁੱਜ ਗਈ ਹੈ। ਸੰਗਰੂਰ ਦੀਆਂ ਪੰਚਾਇਤਾਂ ਵੱਲੋਂ ਬੁਲੰਦ ਕੀਤੀ ਆਵਾਜ਼ ਦੀ ਗੂੰਜ ਮੁੰਬਈ ਦੀ ਫਿਲਮ ਇੰਡਸਟਰੀ ਤੱਕ ਵੀ ਪਈ ਸੀ ਤੇ ਪਿੰਡ ਚੰਗਾਲ ਦੀ ਪੰਚਾਇਤ ਵੱਲੋਂ ਨਸ਼ਿਆਂ ਖਿਲਾਫ਼ ਬੁਲੰਦ ਕੀਤੀ ਆਵਾਜ਼ ਨੂੰ ਟੀ.ਵੀ. 'ਤੇ ਵੀ ਵਿਖਾਇਆ ਗਿਆ ਸੀ ਪਰ ਇਹ ਆਵਾਜ਼ ਸਮੇਂ ਦੀਆਂ ਸਰਕਾਰਾਂ ਨੂੰ ਅਜੇ ਤੱਕ ਸੁਣਾਈ ਨਹੀਂ ਦਿੱਤੀ।

ਪੰਜਾਬ ਸਰਕਾਰ ਵੱਲੋਂ ਪੰਚਾਇਤਾਂ ਦੇ ਮਤਿਆਂ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ ਤੇ ਨਾ ਹੀ ਪੰਚਾਇਤਾਂ ਦੇ ਮਤਿਆਂ ਦੇ ਰਾਹ ਵਿਚ ਅੜਿੱਕਾ ਬਣ ਰਹੀ ਪੰਚਾਇਤੀ ਰਾਜ ਐਕਟ 1994 ਦੀ ਧਾਰਾ 40 (2) ਵਿਚ ਲੱਗੀ ਸ਼ਰਤ ਵਿਚ ਸੋਧ ਕੀਤੀ ਗਈ ਹੈ। ਪਿੰਡ ਚੰਗਾਲ ਵਿਚ ਭਾਵੇਂ ਕਰੀਬ ਤਿੰਨ ਸਾਲ ਸ਼ਰਾਬ ਦਾ ਠੇਕਾ ਬੰਦ ਰਿਹਾ ਪਰ ਇਸ ਵਾਰ ਮੁੜ ਠੇਕਾ ਖੁੱਲ੍ਹ ਗਿਆ ਹੈ। ਪਿੰਡ ਦੇ ਸਰਪੰਚ ਨਿਰਭੈ ਸਿੰਘ ਦਾ ਕਹਿਣਾ ਹੈ ਕਿ ਪਿੰਡ ਦੇ ਲੋਕ ਤੇ ਖਾਸ ਕਰਕੇ ਔਰਤਾਂ ਠੇਕਾ ਮੁੜ ਖੁੱਲ੍ਹਣ ਦੇ ਖਿਲਾਫ਼ ਹਨ।

ਪਿੰਡ ਅੰਧੇੜੀ ਦੇ ਪੰਚ ਰਣਜੀਤ ਸਿੰਘ ਨੇ ਦੱਸਿਆ ਕਿ ਪੰਚਾਇਤ ਨੇ ਪਹਿਲਾਂ ਵੀ ਮਤਾ ਪਾਸ ਕੀਤਾ ਸੀ ਪਰ ਆਬਕਾਰੀ ਵਿਭਾਗ ਨੇ ਪਿੰਡ ਦੇ ਕਿਸੇ ਵਿਅਕਤੀ 'ਤੇ ਨਾਜਾਇਜ਼ ਸ਼ਰਾਬ ਦਾ ਕੇਸ ਹੋਣ ਦਾ ਇਤਰਾਜ਼ ਲਗਾ ਕੇ ਮਤਾ ਰੱਦ ਕਰ ਦਿੱਤਾ ਸੀ। ਇਸ ਵਾਰ ਮੁੜ ਮਤਾ ਪਾਸ ਕਰਕੇ ਭੇਜਿਆ ਗਿਆ ਹੈ। ਨਸ਼ਿਆਂ ਵਿਰੁੱਧ ਸਰਗਰਮ ਸਮਾਜ ਸੇਵੀ ਸੰਸਥਾ ਸਾਇੰਟੇਫਿਕ ਅਵੇਅਰਨੈਸ ਐਂਡ ਸੋਸ਼ਲ ਵੈਲਫੇਅਰ ਫੋਰਮ ਦੇ ਪ੍ਰਧਾਨ ਡਾ.ਏ.ਐਸ. ਮਾਨ ਨੇ ਕਿਹਾ ਕਿ ਪਿੰਡਾਂ ਵਿਚ ਨਾਜਾਇਜ਼ ਸ਼ਰਾਬ ਦੇ ਕੇਸ ਸਾਹਮਣੇ ਆਉਣ 'ਤੇ ਪੰਚਾਇਤਾਂ ਦੇ ਮਤੇ ਰੱਦ ਕੀਤੇ ਜਾ ਰਹੇ ਹਨ। ਇਸ ਨਿਯਮ ਵਿਚ ਸੋਧ ਹੋਣੀ ਚਾਹੀਦੀ ਹੈ।

# ਪੰਜਾਬ ਵਿਚ 70 ਫੀਸਦੀ ਲੋਕ ਨਸ਼ਿਆਂ ਦੇ ਆਦੀ

**ਲੁਧਿਆਣਾ:** ਸਥਾਨਕ ਪੰਜਾਬੀ ਭਵਨ ਵਿਚ ਲੋਕ ਸਾਹਿਤ ਮੰਚ ਤੇ ਸੋਸ਼ਲ ਥਿੰਕਰ ਫੋਰਮ ਵੱਲੋਂ ਪੰਜਾਬ ਵਿਚ ਵਧ ਰਹੇ ਨਸ਼ਿਆਂ ਦੇ ਰੁਝਾਨ ਬਾਰੇ ਕਰਵਾਏ ਸੈਮੀਨਾਰ ਵਿਚ ਸਾਬਕਾ ਡੀ.ਜੀ.ਪੀ. ਜੇਲ੍ਹਾਂ ਸ਼ਸ਼ੀ ਕਾਂਤ ਨੇ ਕਿਹਾ ਕਿ ਪੰਜਾਬ ਵਿਚ ਸਰਗਰਮ ਡਰੱਗ ਮਾਫੀਆ ਅਪਰਾਧ ਲਈ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਡਰੱਗ ਮਾਫੀਏ ਦੀ ਸਰਪ੍ਰਸਤੀ ਸਰਕਾਰ ਦੇ ਨੁਮਾਇੰਦੇ ਹੀ ਕਰਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਉਹ ਜਦੋਂ ਡੀ.ਜੀ.ਪੀ. ਸਨ ਤਾਂ ਉਨ੍ਹਾਂ ਸਰਕਾਰ ਨੂੰ ਡਰੱਗ ਮਾਫੀਏ ਦੀਆਂ ਸ਼ਿਕਾਇਤਾਂ ਭੇਜੀਆਂ ਸਨ ਪਰ ਸਰਕਾਰ 'ਤੇ ਕੋਈ ਅਸਰ ਨਹੀਂ ਹੋਇਆ। ਉਨ੍ਹਾਂ ਫਿਕਰ ਜ਼ਾਹਿਰ ਕੀਤਾ ਕਿ ਪੰਜਾਬ ਵਿਚ ਇਸ ਵੇਲੇ 70 ਫੀਸਦੀ ਲੋਕ ਨਸ਼ਿਆਂ ਦੀ ਗ੍ਰਿਫਤ ਵਿਚ ਹਨ ਜਿਸ ਦਾ ਹੱਲ ਕਰੇ ਬਿਨਾਂ ਪੰਜਾਬ ਦੀ ਕਿਸੇ ਪ੍ਰਕਾਰ ਦੀ ਤਰੱਕੀ ਸੰਭਵ ਨਹੀਂ।


ਜਾਇਦਾਦ ਦੀ ਖਰੀਦ-ਵੇਚ

ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ

ਪੁਨੀਆ ਰੀਅਲ ਅਸਟੇਟ:94173-34049

ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

SUPER TRAVEL

847-676-9090, 773-465-5566

E-mail: supertravel2003@yahoo.com

Lowest Fares With Excellent Service

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

For Emergency Call anytime at 847-673-3825

EARLY BIRD SALE!!!!

India $545
London $250

RADIO CHARDI KALA

ਦੁਨੀਆਂ ਭਰ ਵਿਚ ਸੁਣਿਆ ਜਾ ਰਿਹਾ

ਰੇਡੀਓ ਚੜ੍ਹਦੀ ਕਲਾ

ਡਾਇਲ ਕਰੋ ਤੇ ਸੁਣੋ

832-551-5038 ਰੇਡੀਓ ਚੜ੍ਹਦੀ ਕਲਾ 24/7
www.radiock.com
702-489-0222 ਖਾਲਸਾ ਰੇਡੀਓ 24/7
(ਗੁਰਬਾਣੀ)
www.khalsaradio.org
702-489-0228 ਆਪਣਾ ਪੰਜਾਬ 24/7
(ਭੰਗੜਾ ਮਿਊਜ਼ਿਕ)
www.apnapunjabradio.com
702-489-0229 ਦੇਸੀ ਬਾਈਟ ਰੇਡੀਓ 24/7
(ਬਾਲੀਵੁਡ ਮਿਊਜ਼ਿਕ)
www.desibiteradio.com

ਧਾਰਮਿਕ, ਸਭਿਆਚਾਰਕ ਪ੍ਰੋਗ੍ਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਨੀ ਦਾ ਸਿੱਧਾ ਪ੍ਰਸਾਰਣ

Wifi Radio ਖਰੀਦਣ ਅਤੇ ਹੋਰ ਜਾਣਕਾਰੀ ਲਈ

ਫੋਨ: 510-900-3600

Radio CK, PO Box 296, Fremont, CA 94537

ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?

ਤਾਂ ਫਿਰ ਹੋਮੀਓਪੈਥੀ ਅਜ਼ਮਾ ਕੇ ਦੇਖੋ

ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸ਼ੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ

ਫੋਨ: (559) 317-2149



Paramjit S. Khaira
D.H.M.S (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
e- mail: drpskhaira@gmail.com
Working under state law SB 577



Global Multi Services


1950 E. Miner Ave., Stockton, CA 95205

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ ਵਾਲਿਆਂ ਵਲੋਂ

ਸਟਾਕਟਨ ਇਲਾਕੇ 'ਚ ਰਹਿੰਦੇ ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇਕੋ ਛੱਤ ਥੱਲੇ

ਇਸ ਮਹੀਨੇ ਸਪੈਸ਼ਲ ਆਫਰ

2 steer tire Michellin 22.5 lp for 1150.00 including wheel balancing.



Repair Shop

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਤਸੱਲੀਬਖਸ਼ ਕੀਤੀ ਜਾਂਦੀ ਹੈ। 50 ਟਰੱਕਾਂ ਦੀ ਖੁੱਲ੍ਹੀ ਡੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਹੈ। ਟਰੱਕ ਟਰੇਲਰ ਵਾਸ਼ ਵੀ ਕੀਤਾ ਜਾਂਦਾ ਹੈ।
ਫੋਨ: 209-547-9210
ਫੈਕਸ: 209-547-9211

ਸਟਾਕਟਨ ਇਲਾਕੇ ਵਿਚ ਪੰਜਾਬੀ ਭਰਾਵਾਂ ਦੀ ਇਕੋ ਇਕ Allignment Shop

ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ

Registration Services

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, Dot Fuel Tax, Corporation Filing ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲਈ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਤੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਮਦਦ ਕਰਦੇ ਹਾਂ।

ਫੋਨ: 209-982-9996 ਫੈਕਸ: 209-982-9997

e-mail: globalmultiservices123@yahoo.com

ਪੰਜਾਬ ਟਾਈਮਜ਼

*ਸਨਿਚਰਵਾਰ, 26 ਅਕਤੂਬਰ, 2013*

# ਪੰਜਾਬ ਲਈ ਸਵੱਲਾ ਰਾਹ

ਭਾਰਤ ਦੇ ਹੋਰ ਸੂਬਿਆਂ ਵਾਂਗ ਪੰਜਾਬ ਵਿਚ ਵੀ ਅਗਲੇ ਸਾਲ ਹੋਣ ਵਾਲੀਆਂ ਚੋਣਾਂ ਦਾ ਰੰਗ ਨਿੱਤ ਦਿਨ ਚੜ੍ਹ ਰਿਹਾ ਹੈ। ਤਕਰੀਬਨ ਹਰ ਸਿਆਸੀ ਧਿਰ ਇਨ੍ਹਾਂ ਚੋਣਾਂ ਨੂੰ ਕੇਂਦਰ ਵਿਚ ਰੱਖ ਕੇ ਅੱਜ ਕੱਲ੍ਹ ਸਰਗਰਮੀ ਚਲਾ ਰਹੀ ਹੈ। ਬੇਅੰਤ ਸਿੰਘ ਕਤਲ ਕੇਸ ਵਿਚ ਫਾਂਸੀ ਦੀ ਸਜ਼ਾ ਪ੍ਰਾਪਤ ਬਲਵੰਤ ਸਿੰਘ ਰਾਜੋਆਣਾ ਨੇ ਪਟਿਆਲਾ ਲੋਕ ਸਭਾ ਤੋਂ ਆਪਣੀ ਭੈਣ ਬੀਬੀ ਕਮਲਦੀਪ ਕੌਰ ਨੂੰ ਆਜ਼ਾਦ ਉਮੀਦਵਾਰ ਥਾਪ ਦਿੱਤਾ ਹੈ। ਉਸ ਨੇ ਅਨੰਦਪੁਰ ਸਾਹਿਬ ਤੋਂ ਵੀ ਆਪਣਾ ਉਮੀਦਵਾਰ ਮੈਦਾਨ ਵਿਚ ਉਤਾਰਨ ਦਾ ਐਲਾਨ ਕੀਤਾ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਜਿਨ੍ਹਾਂ ਨੇ ਕੁਝ ਅਰਸਾ ਪਹਿਲਾਂ ਇਹ ਐਲਾਨ ਕਰ ਦਿੱਤਾ ਸੀ ਕਿ ਮਹਿੰਗੇ ਚੋਣ ਢਾਂਚੇ ਕਾਰਨ ਉਹ ਹੁਣ ਚੋਣਾਂ ਵਿਚ ਹਿੱਸਾ ਨਹੀਂ ਲਿਆ ਕਰਨਗੇ, ਨੇ ਫਿਰ ਚੋਣ ਮੈਦਾਨ ਵਿਚ ਕੁੱਦਣ ਦਾ ਐਲਾਨ ਕਰ ਦਿੱਤਾ ਹੈ। ਇਨ੍ਹਾਂ ਐਲਾਨਾਂ ਦੇ ਨਾਲ-ਨਾਲ ਚੋਣ ਮੈਦਾਨਾਂ ਦੇ ਖਿਡਾਰੀ ਪਹਿਲਾਂ ਹੀ ਚੁੱਪ-ਚੁਪੀਤੇ ਇਸ ਚੋਣ ਪਿੜ ਵਿਚ ਸਰਗਰਮ ਹੋ ਚੁੱਕੇ ਹਨ। ਹੁਣ ਸਵਾਲ ਹੈ ਕਿ ਜਿਸ ਤਰ੍ਹਾਂ ਰਾਜੋਆਣਾ ਨੇ ਆਪਣੇ ਵੱਲੋਂ ਉਮੀਦਵਾਰ ਦਾ ਐਲਾਨ ਕੀਤਾ ਹੈ, ਉਸ ਨਾਲ ਇਸ ਸਿਸਟਮ ਵਿਚ ਕੋਈ ਸਿਫਤੀ ਤਬਦੀਲੀ ਆਵੇਗੀ ਜਿਸ ਦੀ ਉਹ ਪਹਿਲਾਂ ਆਪਣੀਆਂ ਚਿੱਠੀਆਂ ਵਿਚ ਤਿੱਖੀ ਨੁਕਤਾਚੀਨੀ ਕਰ ਚੁੱਕਾ ਹੈ? ਦਰਅਸਲ ਚੋਣਾਂ ਉਸ ਵਿਸ਼ਾਲ ਪ੍ਰਕਿਰਿਆ ਦਾ ਇਕ ਅਹਿਮ ਹਿੱਸਾ ਹਨ ਜਿਸ ਦੇ ਆਧਾਰ ਉਤੇ ਹਾਕਮ ਜਮਾਤਾਂ ਸਥਾਪਤੀ ਦਾ ਸਮੁੱਚਾ ਬੋਝ ਆਮ ਲੋਕਾਂ ਉਪਰ ਲੱਦਦੀਆਂ ਰਹੀਆਂ ਹਨ। ਇਨ੍ਹਾਂ ਚੋਣਾਂ ਨੂੰ ਆਧਾਰ ਬਣਾ ਕੇ ਹੀ ਹਾਕਮ ਜਮਾਤਾਂ ਭਾਰਤ ਨੂੰ ਸੰਸਾਰ ਦੀ ਸਭ ਤੋਂ ਵੱਡੀ ਜਮਹੂਰੀਅਤ ਐਲਾਨਦੀਆਂ ਹਨ। ਜਮਹੂਰੀਅਤ ਨੂੰ ਚੋਣਾਂ ਨਾਲ ਇੰਨਾ ਰਲਗੱਡ ਕਰ ਦਿੱਤਾ ਗਿਆ ਹੈ ਕਿ ਸਮੁੱਚੀ ਤਾਣੀ ਹੀ ਉਲਝ ਗਈ ਹੈ। ਨਤੀਜਾ ਇਹ ਨਿਕਲਿਆ ਹੈ ਕਿ ਚੋਣਾਂ ਕਰਨ/ਕਰਵਾਉਣ ਜਾਂ ਇਸ ਵਿਚ ਹਿੱਸਾ ਲੈਣ ਨੂੰ ਹੀ ਨੂੰ ਜਮਹੂਰੀਅਤ ਸਾਬਤ ਕਰ ਦਿੱਤਾ ਗਿਆ ਹੈ। ਜੇ ਇਸ ਚੋਣ ਢਾਂਚੇ ਉਤੇ ਤਰਦੀ ਜਿਹੀ ਨਿਗ੍ਹਾ ਵੀ ਮਾਰੀ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਇਹ ਚੋਣਾਂ ਆਮ ਲੋਕਾਂ ਦੇ ਅੱਖੀਂ ਘੱਟਾ ਪਾਉਣ ਤੋਂ ਸਿਵਾ ਕੁਝ ਵੀ ਨਹੀਂ ਹਨ। ਆਮ ਬੰਦਾ ਇਸ ਚੋਣ ਪ੍ਰਕਿਰਿਆ ਵਿਚੋਂ ਬਾਹਰ ਨਿਕਲ ਚੁੱਕਾ ਹੈ। ਇਸ ਦਾ ਮੁੱਖ ਕਾਰਨ ਇਹੀ ਹੈ ਕਿ ਚੋਣਾਂ ਹੁਣ ਪੈਸੇ ਅਤੇ ਬਾਹੂਬਲ ਦੇ ਸਿਰ ਉਤੇ ਹੀ ਲੜੀਆਂ ਅਤੇ ਜਿੱਤੀਆਂ ਜਾਂਦੀਆਂ ਹਨ। ਜਿੱਤ ਖਾਤਰ ਨਸ਼ਿਆਂ ਦੇ ਦਰਿਆ ਵਹਾਏ ਜਾਂਦੇ ਹਨ। ਲੋਕ ਸਭਾ, ਵਿਧਾਨ ਸਭਾ, ਪੰਚਾਇਤੀ ਚੋਣਾਂ ਤਾਂ ਕੀ; ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਮੌਕੇ ਵੀ ਵੱਡੇ ਪੱਧਰ ਉਤੇ ਨਸ਼ੇ ਵੰਡਣ ਤੋਂ ਗੁਰੇਜ਼ ਨਹੀਂ ਕੀਤਾ ਜਾਂਦਾ। ਕੁਝ ਸੰਜੀਦਾ ਸਿਆਸੀ ਅਤੇ ਗੈਰ-ਸਿਆਸੀ ਧਿਰਾਂ ਇਸ ਨਿਘਾਰ ਵੱਲ ਉਂਗਲ ਤਾਂ ਉਠਾਉਂਦੀਆਂ ਰਹੀਆਂ ਹਨ, ਪਰ ਅਜੇ ਤੱਕ ਉਹ ਇਸ ਮਾਮਲੇ ਵਿਚ ਵੱਡੇ ਪੱਧਰ ਉਤੇ ਦਖਲ ਦੇਣ ਵਿਚ ਨਾਕਾਮ ਰਹੀਆਂ ਹਨ। ਅਸਲ ਵਿਚ ਚੋਣ ਢਾਂਚਾ ਇਸ ਕਦਰ ਪਲੀਤ ਹੋ ਚੁੱਕਾ ਹੈ ਕਿ ਇਸ ਨੂੰ ਕਾਮਯਾਬੀ ਨਾਲ ਪਲੀਤਾ ਲਾ ਸਕਣਾ ਫਿਲਹਾਲ ਕਿਸੇ ਧਿਰ ਦੇ ਵੱਸ ਦਾ ਰੋਗ ਨਹੀਂ ਜਾਪਦਾ। ਇਸੇ ਕਰ ਕੇ ਨਿਘਾਰ ਦੇ ਹਾਲਤ ਆਏ ਦਿਨ ਬਦ ਤੋਂ ਬਦਤਰ ਹੋ ਰਹੇ ਹਨ। ਤਕਰੀਬਨ ਸਾਰੀਆਂ ਧਿਰਾਂ ਇਸ ਬਾਰੇ ਚਲਾਵੀਂ ਜਿਹੀ ਗੱਲ ਕਰ ਕੇ ਬੁੱਤਾ ਸਾਰ ਰਹੀਆਂ ਹਨ। ਇਸ ਢਾਂਚੇ ਨੂੰ ਭੰਨ ਸੁੱਟਣ ਦੀ ਕੋਈ ਕਾਰਵਾਈ ਫਿਲਹਾਲ ਨਦਾਰਦ ਹੀ ਹੈ।

ਜ਼ਾਹਿਰ ਹੈ ਕਿ ਇਸ ਕੋਝੇ ਢਾਂਚੇ ਨੂੰ ਭੰਨਣ-ਤੋੜਨ ਲਈ ਯਤਨਸ਼ੀਲ ਧਿਰਾਂ ਦਾ ਇਨ੍ਹਾਂ ਚੋਣਾਂ ਨਾਲ ਬਹੁਤਾ ਨੇੜੇ ਦਾ ਰਿਸ਼ਤਾ ਨਹੀਂ ਹੈ। ਹਾਂ, ਕੁਝ ਧਿਰਾਂ ਚੋਣਾਂ ਦੇ ਸਮਿਆਂ ਦੌਰਾਨ ਆਪਣੀ ਧਿਰ ਦੇ ਪ੍ਰਚਾਰ ਲਈ ਚੋਣਾਂ ਵਿਚ ਹਿੱਸਾ ਜ਼ਰੂਰ ਲੈਂਦੀਆਂ ਹਨ। ਇਨ੍ਹਾਂ ਧਿਰਾਂ ਵੱਲੋਂ ਚੋਣਾਂ ਜਿੱਤਣਾ ਨਹੀਂ, ਚੋਣਾਂ ਲੜਨਾ ਹੀ ਅਹਿਮ ਗਿਣਿਆ ਜਾਂਦਾ ਹੈ। ਇਸ ਪ੍ਰਸੰਗ ਵਿਚ ਹੀ ਰਾਜੋਆਣਾ ਦੇ ਐਲਾਨ ਦਾ ਕੋਈ ਮਤਲਬ ਬਣਦਾ ਹੈ। ਇਸ ਨੁਕਤਾ-ਨਿਗ੍ਹਾ ਤੋਂ ਚੋਣਾਂ ਵਿਚ ਹਿੱਸਾ ਲੈਣ ਨੂੰ ਰਾਜਨੀਤੀ ਦੀ ਥਾਂ ਰਣਨੀਤੀ ਦੇ ਦ੍ਰਿਸ਼ਟੀਕੋਣ ਤੋਂ ਵਿਚਾਰਿਆ ਜਾ ਸਕਦਾ ਹੈ। ਇਸੇ ਪ੍ਰਸੰਗ ਵਿਚ ਦੋ ਅਹਿਮ ਚੋਣਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਇਹ ਉਹ ਚੋਣਾਂ ਸਨ ਜਿਨ੍ਹਾਂ ਨੇ ਸਿਆਸਤ ਵਿਚ ਬੜਾ ਤਿੱਖਾ ਮੋੜ ਕੱਟਿਆ ਸੀ। ਪਹਿਲੀ ਚੋਣ 1989 ਵੇਲੇ ਦੀ ਲੋਕ ਸਭਾ ਚੋਣ ਹੈ ਜਿਸ ਵਿਚ ਪੰਜਾਬ ਦੀਆਂ ਸੰਘਰਸ਼ਸ਼ੀਲ ਧਿਰਾਂ ਨੇ 13 ਵਿਚੋਂ 9 ਸੀਟਾਂ ਉਤੇ ਕਬਜ਼ਾ ਕਰ ਲਿਆ ਸੀ। ਇਹ ਗੱਲ ਵੱਖਰੀ ਹੈ ਕਿ ਇਹ ਧਿਰਾਂ ਇਸ ਮੌਕੇ ਦਾ ਕੋਈ ਲਾਹਾ ਨਹੀਂ ਸੀ ਲੈ ਸਕੀਆਂ। ਸਿੱਟੇ ਵਜੋਂ ਕੁਝ ਸਮੇਂ ਬਾਅਦ ਹੀ ਹਾਲਾਤ ਇਕ ਵਾਰ ਫਿਰ ਸਥਾਪਤੀ ਵੱਲ ਝੁਕ ਗਏ। ਦੂਜੀ ਚੋਣ 1992 ਵਾਲੀ ਵਿਧਾਨ ਸਭ ਚੋਣ ਹੈ ਜਿਸ ਵਿਚ ਅਕਾਲੀਆਂ ਨੇ ਬਾਈਕਾਟ ਕੀਤਾ ਸੀ। ਇਨ੍ਹਾਂ ਚੋਣਾਂ ਵਿਚ ਬਹੁਤ ਘੱਟ ਵੋਟਾਂ ਪਈਆਂ ਸਨ ਅਤੇ ਇਸ ਚੋਣ ਤੋਂ ਬਾਅਦ ਹੋਂਦ ਵਿਚ ਆਈ ਬੇਅੰਤ ਸਿੰਘ ਸਰਕਾਰ ਨੇ ਖਾੜਕੂ ਧਿਰਾਂ ਨੂੰ ਮਗਰੋਂ ਨਿੱਸਲ ਕਰ ਕੇ ਸੁੱਟ ਦਿੱਤਾ ਸੀ। ਉਂਜ, ਸਿਤਮਜ਼ਰੀਫੀ ਤਾਂ ਇਹ ਹੈ ਕਿ ਕਿਸੇ ਵੀ ਧਿਰ ਨੇ ਇਸ ਸਮੁੱਚੇ ਹਾਲਾਤ ਬਾਰੇ ਕਦੀ ਕੋਈ ਪੁਖਤਾ ਪੁਣ-ਛਾਣ ਨਹੀਂ ਕੀਤੀ। ਇਹੀ ਕਾਰਨ ਹੈ ਕਿ 1992 ਵਿਚ ਚੋਣਾਂ ਦਾ ਬਾਈਕਾਟ ਕਰਨ ਵਾਲੀਆਂ ਧਿਰਾਂ ਨੇ ਬਾਅਦ ਵਿਚ ਚੋਣ ਪ੍ਰਕਿਰਿਆ ਵਿਚ ਹਿੱਸਾ ਵੀ ਲੈ ਲਿਆ ਪਰ ਉਦੋਂ ਜੋ ਨੁਕਸਾਨ ਹੋਇਆ, ਉਸ ਦੀ ਭਰਪਾਈ ਅੱਜ ਤੱਕ ਨਹੀਂ ਹੋ ਸਕੀ। ਇਹ ਅਸਲ ਵਿਚ ਰਾਜਨੀਤੀ ਤੋਂ ਰਣਨੀਤੀ ਵੱਲ ਕਦਮ ਵਧਾਉਣ ਅਤੇ ਫਿਰ ਰਣਨੀਤੀ ਤੋਂ ਰਾਜਨੀਤੀ ਦੇ ਪਿੜ ਵਿਚ ਝੰਡੇ ਗੱਡਣ ਦਾ ਮਾਮਲਾ ਸੀ। ਇਹ ਮਾਮਲਾ ਬਹੁਤ ਉਚੇਰੀ ਸਿਆਸੀ ਸੂਝ ਦੀ ਮੰਗ ਕਰਦਾ ਹੈ ਜਿਸ ਉਤੇ ਨਿੱਠ ਕੇ ਪਹਿਰਾ ਨਹੀਂ ਦਿੱਤਾ ਜਾ ਸਕਿਆ। ਜ਼ਾਹਿਰ ਹੈ ਕਿ ਰਣਨੀਤੀ ਤੋਂ ਵਿਰਵੀ ਰਾਜਨੀਤੀ ਇਸੇ ਤਰ੍ਹਾਂ ਹਰ ਵਾਰ ਚੌਫਾਲ ਡਿਗਦੀ ਹੈ। ਜਿੰਨੀ ਦੇਰ ਰਾਜਨੀਤੀ ਤੋਂ ਰਣਨੀਤੀ ਵਾਲੇ ਸਫਰ ਵੱਲ ਕਦਮ ਨਹੀਂ ਵਧਾਏ ਜਾਂਦੇ, ਕਿਤੇ ਵੀ ਕੋਈ ਤਬਦੀਲੀ ਆਉਣ ਦੀਆਂ ਸੰਭਾਵਨਾਵਾਂ ਘੱਟ ਹੀ ਹਨ। ਹੁਣ ਤੱਕ ਦਾ ਰਾਜਨੀਤਕ ਇਤਿਹਾਸ ਅਜਿਹੀਆਂ ਘਟਨਾਵਾਂ ਨਾਲ ਭਰਿਆ ਪਿਆ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਝੋਨਾ-ਫੋਨਾਂ ਦਾ ਚੱਕਰ !*

ਨਵੇਂ ਪੋਚ ਵਿਚ ਸਹਿਜ ਨਾ ਸ਼ਾਂਤੀ ਏ, ਤੱਤਾ ਬੋਲਣੋ ਮਾਪੇ ਨੇ ਡਰੀ ਜਾਂਦੇ।
ਘਰ ਦੇ ਕੰਮ ਨੂੰ ਹੱਥ ਨਾ ਮੂਲ ਲਾਉਂਦੇ, 'ਬਾਹਰ ਜਾਣ' ਲਈ ਹੌਕੇ ਈ ਭਰੀ ਜਾਂਦੇ।
ਜਾ ਕੇ ਸ਼ਹਿਰ ਮੁਸ਼ਟੰਡਿਆਂ ਵਾਂਗ ਫਿਰਦੇ, ਕੁੜੀਆਂ ਪਿੱਛੇ ਹੀ ਸਾਰਾ ਦਿਨ ਮਰੀ ਜਾਂਦੇ।
ਲੈ ਕੇ ਜ਼ਰਦੇ ਤੋਂ ਸੜੀ-ਸਮੈਕ ਤਾਂਈਂ, ਆਵੇ ਹੱਥ ਜੋ ਸਾਰਾ ਕੁਝ ਚਰੀ ਜਾਂਦੇ।
ਸੁਣ ਕੇ ਲੇਖ ਅਖਬਾਰਾਂ ਵਿਚ ਲਾਹਣਤਾਂ ਦੇ, ਬਣ ਕੇ ਢੀਠ ਫਿਟਕਾਰਾਂ ਨੂੰ ਜਰੀ ਜਾਂਦੇ।
ਝੋਨਾ ਸਾਂਭਦਾ ਖੇਤਾਂ ਦੇ ਵਿਚ ਬਾਪੂ, ਮੁੰਡੇ ਫੋਨਾਂ 'ਤੇ 'ਚੈਟਿੰਗਾਂ' ਕਰੀ ਜਾਂਦੇ !

# ਜਾਂਚ ਬਾਰੇ ਦੂਹਰੇ ਮਿਆਰ

ਬੂਟਾ ਸਿੰਘ
ਫੋਨ: 91-94634-74342

ਮਹਾਂਰਾਸ਼ਟਰ ਵਿਚ ਵਹਿਮਾਂ ਭਰਮਾਂ ਵਿਰੁੱਧ ਲੜਾਈ ਦੇਣ ਵਾਲੀ ਹਰਮਨਪਿਆਰੀ ਸ਼ਖਸੀਅਤ ਡਾ. ਨਰੇਂਦਰ ਦਭੋਲਕਰ ਦਾ ਕਤਲ ਭਾਰਤੀ ਰਾਜ ਦੇ ਦੋ-ਮੂੰਹੇਂ ਕਿਰਦਾਰ ਦਾ ਪਰਦਾਫਾਸ਼ ਕਰਨ ਦਾ ਇਕ ਹੋਰ ਸਬੱਬ ਹੋ ਨਿੱਬੜਿਆ ਹੈ। ਕਤਲ ਤੋਂ ਤੁਰੰਤ ਬਾਅਦ ਮਹਾਂਰਾਸ਼ਟਰ ਦੇ ਮੁੱਖ ਮੰਤਰੀ ਨੇ ਬਿਆਨ ਦਿੱਤਾ ਸੀ ਕਿ ਡਾ. ਦਭੋਲਕਰ ਦਾ ਕਤਲ ਉਨ੍ਹਾਂ ਤਾਕਤਾਂ ਨੇ ਕੀਤਾ ਹੈ ਜਿਨ੍ਹਾਂ ਦਾ ਮੋਹਨ ਦਾਸ ਕਰਮਚੰਦ ਗਾਂਧੀ ਦੇ ਕਤਲ ਪਿੱਛੇ ਹੱਥ ਸੀ। ਦੇਖਣ ਨੂੰ ਇਹ ਬਿਆਨ ਬੜਾ ਨੇਕ-ਨੀਅਤ ਲਗਦਾ ਸੀ। ਦਰਅਸਲ ਮੁੱਖ ਮੰਤਰੀ ਇਹ ਪ੍ਰਭਾਵ ਦੇਣਾ ਚਾਹੁੰਦਾ ਸੀ ਕਿ ਉਸ ਦੀ ਆਪਣੀ ਹਕੂਮਤ ਅਤੇ ਹੁਕਮਰਾਨ ਲਾਣੇ ਦਾ ਇਸ ਸ਼ਖਸੀਅਤ ਦੇ ਕਤਲ ਵਿਚ ਕੋਈ ਹੱਥ ਨਹੀਂ ਹੈ, ਜਦਕਿ ਹੁਕਮਰਾਨ ਉਸ ਕਾਜ ਦੇ ਘੋਰ ਦੁਸ਼ਮਣ ਹੋਣ ਕਾਰਨ ਅਤੇ ਉਨ੍ਹਾਂ ਪਿਛਾਖੜੀ ਤਾਕਤਾਂ ਦੀ ਪੁਸ਼ਤ-ਪਨਾਹੀ ਕਰ ਰਹੇ ਹੋਣ ਕਾਰਨ ਇਕ ਤਰ੍ਹਾਂ ਨਾਲ ਕਤਲ ਵਿਚ ਹਿੱਸੇਦਾਰ ਸਨ। ਉਸ ਦੀ ਲੜਾਈ ਕਿਸੇ ਵੀ ਹੁਕਮਰਾਨ ਹਿੱਸੇ ਨੂੰ ਗਵਾਰਾ ਨਹੀਂ ਸੀ। ਡਾ. ਦਭੋਲਕਰ ਮਨੁੱਖਤਾ ਨੂੰ ਵਹਿਮਾਂ-ਭਰਮਾਂ, ਮਜ਼ਹਬੀ ਤੇ ਹੋਰ ਕੱਟੜਪੰਥੀ ਵਿਚਾਰਾਂ ਦੀ ਵਿਚਾਰਧਾਰਕ ਜਕੜ 'ਚੋਂ ਆਜ਼ਾਦ ਕਰਵਾ ਕੇ ਸਿਹਤਮੰਦ, ਤਰੱਕੀਪਸੰਦ ਤੇ ਜਮਹੂਰੀ ਸੋਚ ਦੇ ਲੜ ਲਾਉਣ ਲਈ ਜੂਝ ਰਿਹਾ ਸੀ। ਵਿਗਿਆਨਕ ਨਜ਼ਰੀਏ ਵਾਲਾ ਡਾਕਟਰ ਹੋਣ ਕਾਰਨ ਉਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਵਹਿਮ-ਭਰਮ ਮਨੁੱਖ ਨੂੰ ਆਪਣੀਆਂ ਚੌਤਰਫ਼ਾ ਸਮੱਸਿਆਵਾਂ ਦੇ ਅਸਲ ਕਾਰਨ ਸਮਝਣ ਅਤੇ ਉਨ੍ਹਾਂ ਦੇ ਹੱਲ ਲਈ ਸੰਘਰਸ਼ ਕਰਨ ਦੇ ਰਾਹ ਵਿਚ ਵੱਡੀ ਰੁਕਾਵਟ ਹਨ। ਸਮਾਜ ਦੀ ਖ਼ਰੀ ਤਰੱਕੀ ਲਈ ਇਨ੍ਹਾਂ ਦਾ ਖ਼ਾਤਮਾ ਕਰਨਾ ਅਤੇ ਉਨ੍ਹਾਂ ਤਾਕਤਾਂ ਨੂੰ ਹਰਾਉਣਾ ਜ਼ਰੂਰੀ ਹੈ ਜੋ ਵਹਿਮਾਂ-ਭਰਮਾਂ ਅਤੇ ਹਰ ਤਰ੍ਹਾਂ ਦੇ ਪਿਛਲਖ਼ੁਰੀ ਵਿਚਾਰਾਂ ਦਾ ਅਸਲ ਸਰੋਤ ਹਨ।

ਸਮਾਜ ਦੇ ਜਾਗਰੂਕ ਹਿੱਸੇ ਇਹ ਭਲੀਭਾਂਤ ਜਾਣਦੇ ਸਨ ਕਿ ਮੁੱਖ ਮੰਤਰੀ ਜਾਂ ਸੱਤਾਧਾਰੀ ਧਿਰ ਦਾ ਕੋਈ ਵੀ ਨੁਮਾਇੰਦਾ ਕੁਝ ਵੀ ਬਿਆਨ ਦਿੰਦਾ ਰਹੇ, ਕੌੜਾ ਸੱਚ ਇਹ ਸੀ ਕਿ ਡਾ. ਦਭੋਲਕਰ ਨੂੰ ਕਤਲ ਕਰਨ ਵਾਲਿਆਂ ਦੀ ਸ਼ਨਾਖ਼ਤ ਕਦੇ ਵੀ ਸਾਹਮਣੇ ਨਹੀਂ ਆਵੇਗੀ; ਕਿਉਂਕਿ ਹੁਕਮਰਾਨ ਖ਼ੁਦ ਅਤੇ ਸਥਾਪਤੀ ਪੱਖੀ ਕੋਈ ਵੀ ਤਾਕਤ ਅਜਿਹਾ ਨਹੀਂ ਹੋਣ ਦੇਣਾ ਚਾਹੁੰਦੇ। ਕਤਲ ਕਰਨ/ਕਰਵਾਉਣ ਵਾਲੇ ਹੁਕਮਰਾਨ ਧਿਰ ਦਾ ਅਨਿੱਖੜ ਹਿੱਸਾ ਹਨ। ਉਨ੍ਹਾਂ ਦੀ ਵਿਅਕਤੀਗਤ ਸ਼ਨਾਖ਼ਤ ਨਾਲੋਂ ਉਨ੍ਹਾਂ ਦੀ ਵਿਚਾਰਧਾਰਕ ਸ਼ਨਾਖ਼ਤ ਵੱਧ ਜ਼ਰੂਰੀ ਹੈ।

ਮੁੱਖ ਮੰਤਰੀ ਅਤੇ ਆਹਲਾ ਪੁਲਿਸ ਅਧਿਕਾਰੀਆਂ ਨੇ ਹਿੱਕ ਥਾਪੜ ਕੇ ਕਿਹਾ ਸੀ ਕਿ ਕੁਝ ਹੀ ਦਿਨਾਂ ਵਿਚ ਕਾਤਲ ਫੜ ਲਏ ਜਾਣਗੇ ਅਤੇ ਕਾਤਲਾਂ ਬਾਰੇ ਜਾਣਕਾਰੀ ਦੇਣ ਵਾਲੇ ਨੂੰ ਦਸ ਲੱਖ ਰੁਪਏ ਇਨਾਮ ਦੇਣ ਦਾ ਨਾਟਕ ਵੀ ਕੀਤਾ ਗਿਆ। ਇਹ ਸਿਰਫ਼ ਡਾ. ਦਭੋਲਕਰ ਦੇ ਕਤਲ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਨੂੰ ਗੁੰਮਰਾਹ ਕਰਨ ਲਈ ਸੀ। ਇਸ ਦੀ ਆੜ ਹੇਠ ਦਰਅਸਲ ਕਤਲ ਦਾ ਖ਼ੁਰਾ ਮਿਟਾਉਣ ਅਤੇ ਹੁਕਮਰਾਨ ਲਾਣੇ ਨਾਲ ਕਾਤਲਾਂ ਦੀ ਡੂੰਘੀ ਸਾਕ-ਸਕੀਰੀ ਨੂੰ ਨੰਗਾ ਹੋਣ ਤੋਂ ਬਚਾਉਣ ਦਾ ਪੱਕਾ ਬੰਦੋਬਸਤ ਕੀਤਾ ਜਾ ਰਿਹਾ ਸੀ।

ਕਤਲ 20 ਅਗਸਤ ਨੂੰ ਹੋਇਆ। ਦੋ ਮਹੀਨੇ ਬਾਅਦ ਵੀ ਪੁਲਿਸ ਇਕ ਵੀ ਦੋਸ਼ੀ ਦਾ ਪਤਾ ਨਹੀਂ ਲਾ ਸਕੀ; ਹਾਲਾਂਕਿ ਪੁਣੇ ਪੁਲਿਸ ਵਲੋਂ ਕਤਲ ਦਾ ਸੁਰਾਗ਼ ਲਾਉਣ ਲਈ 21 ਟੀਮਾਂ ਬਣਾਈਆਂ ਗਈਆਂ ਸਨ ਅਤੇ ਸੀ.ਆਈ.ਡੀ. ਅਤੇ 'ਅਤਿਵਾਦ ਵਿਰੋਧੀ ਦਸਤੇ' ਦੀ ਮਦਦ ਵੀ ਲਈ ਗਈ। ਐਸ.ਪੀ. ਰੈਂਕ ਦੇ ਅਧਿਕਾਰੀਆਂ ਸਮੇਤ ਸੀ.ਆਈ.ਡੀ. ਦੀ 26 ਮੈਂਬਰੀ ਟੀਮ ਸਮੇਤ 220 ਪੁਲਿਸ ਅਧਿਕਾਰੀ ਜਾਂਚ ਵਿਚ ਸ਼ਾਮਲ ਹਨ। 600 ਗਵਾਹਾਂ ਦੇ ਬਿਆਨਾਂ ਦੀ ਛਾਣ-ਬੀਣ ਤੋਂ ਬਾਦ ਵੀ ਤਫ਼ਤੀਸ਼ ਕਿਸੇ ਸਿੱਟੇ ਉੱਪਰ ਨਹੀਂ ਪਹੁੰਚ ਸਕੀ।

ਇਸੇ ਦੌਰਾਨ ਕੇਤਨ ਤਿਰੋਦਕਰ ਵਲੋਂ ਬੰਬਈ ਹਾਈ ਕੋਰਟ ਵਿਚ ਲੋਕ-ਹਿਤ ਪਟੀਸ਼ਨ ਦਾਇਰ ਕਰ ਕੇ ਮੰਗ ਕੀਤੀ ਗਈ ਕਿ ਦਭੋਲਕਰ ਦੇ ਕਤਲ ਦੀ ਜਾਂਚ ਕੌਮੀ ਜਾਂਚ ਏਜੰਸੀ ਤੋਂ ਕਰਾਈ ਜਾਵੇ। ਪਟੀਸ਼ਨ ਕਰਤਾ ਨੇ ਦਲੀਲ ਦਿੱਤੀ ਕਿ ਇਹ ਕਤਲ ਹਿੰਦੂਤਵੀ ਸੱਜੇਪੱਖੀਆਂ ਦਾ ਕਾਰਾ ਹੈ ਅਤੇ ਹਕੂਮਤ ਦੀ ਇਸ ਦਾ ਸੁਰਾਗ਼ ਲਾਉਣ ਦੀ ਰਫ਼ਤਾਰ ਸੁਸਤ ਹੋਣ ਕਾਰਨ ਜਾਂਚ ਕਿਸੇ ਤਣ-ਪੱਤਣ ਲੱਗਣ ਵਾਲੀ ਨਹੀਂ ਹੈ। ਇਸ ਲਈ ਇਹ ਮਾਮਲਾ ਕੌਮੀ ਜਾਂਚ ਏਜੰਸੀ ਨੂੰ ਸੌਂਪਿਆ ਜਾਵੇ।

ਏਜੰਸੀ ਦੇ ਐਸ.ਪੀ. ਸੁਹਾਸ ਵੜਕੇ ਵਲੋਂ ਅਦਾਲਤ ਵਿਚ ਹਲਫ਼ਨਾਮਾ ਦੇ ਕੇ ਇਸ ਦੇ ਜਵਾਬ ਵਿਚ ਜੋ ਕਿਹਾ ਗਿਆ, ਉਹ ਭਾਰਤੀ ਸਟੇਟ ਅਤੇ ਇਸ ਦੀਆਂ ਏਜੰਸੀਆਂ ਦੀ ਜ਼ਹਿਨੀਅਤ ਨੂੰ ਸਮਝਣ ਲਈ ਕਾਫ਼ੀ ਹੈ। ਏਜੰਸੀ ਦੇ ਨੁਮਾਇੰਦੇ ਨੇ ਦਲੀਲ ਦਿੱਤੀ ਹੈ ਕਿ "ਐਕਟ-2008 ਤਹਿਤ ਕੌਮੀ ਪੱਧਰ 'ਤੇ ਇਹ ਏਜੰਸੀ ਸਿਰਫ਼ ਉਨ੍ਹਾਂ ਸੂਚੀ ਦਰਜ ਜੁਰਮਾਂ ਦੀ ਛਾਣ-ਬੀਣ ਕਰਨ ਅਤੇ ਮੁਕੱਦਮੇ ਚਲਾਉਣ ਲਈ ਬਣਾਈ ਗਈ ਸੀ ਜਿਨ੍ਹਾਂ ਦਾ ਅਸਰ ਭਾਰਤ ਅਤੇ ਇਸ ਦੇ ਸੂਬਿਆਂ ਦੀ ਪ੍ਰਭੂਸੱਤਾ, ਸੁਰੱਖਿਆ ਅਤੇ ਅਖੰਡਤਾ ਉੱਪਰ ਪੈਂਦਾ ਹੈ"; ਕਿ ਇਹ ਮਹਿਜ਼ ਕਤਲ ਦਾ ਕੇਸ ਹੈ ਜੋ ਤਾਜ਼ੀਰਾਤੇ-ਹਿੰਦ (ਆਈ.ਪੀ.ਸੀ.) ਦੇ ਘੇਰੇ ਵਿਚ ਆਉਂਦਾ ਹੈ ਜਿਸ ਦੀ ਛਾਣ-ਬੀਣ ਪੁਲਿਸ ਪਹਿਲਾਂ ਹੀ ਕਰ ਰਹੀ ਹੈ; ਕਿ ਕੌਮੀ ਜਾਂਚ ਏਜੰਸੀ ਐਕਟ ਤਹਿਤ, ਏਜੰਸੀ ਮਹਿਜ਼ ਉਨ੍ਹਾਂ ਸੂਚੀ ਦਰਜ ਜੁਰਮਾਂ ਦੀ ਛਾਣ-ਬੀਣ ਹੀ ਕਰ ਸਕਦੀ ਹੈ ਜੋ ਗ਼ੈਰ-ਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ (ਯੂ.ਏ.ਪੀ.ਏ.) ਦੇ ਜੁਮਰੇ ਵਿਚ ਆਉਂਦੇ ਹਨ। ਦੂਜੇ ਲਫ਼ਜ਼ਾਂ ਵਿਚ ਇਹ ਕੇਸ ਯੂ.ਏ.ਪੀ.ਏ. ਤਹਿਤ ਸੂਚੀ ਦਰਜ ਜੁਰਮਾਂ ਦੇ ਘੇਰੇ ਵਿਚ ਨਹੀਂ ਆਉਂਦਾ। ਲਿਹਾਜ਼ਾ ਇਸ ਦੀ ਜਾਂਚ ਆਮ ਕੇਸ ਵਜੋਂ ਜਿਵੇਂ ਪੁਲਿਸ ਕਰ ਰਹੀ ਹੈ, ਉਹੀ ਸਹੀ ਹੈ।

ਏਜੰਸੀ ਨੂੰ ਅਜਿਹੀ ਖ਼ਾਸ ਸਫ਼ਾਈ ਦੇਣ ਦੀ ਲੋੜ ਕਿਉਂ ਪੈ ਗਈ? ਕਿਉਂਕਿ ਪਟੀਸ਼ਨ-ਕਰਤਾ ਨੇ ਦਲੀਲ ਦਿੱਤੀ ਸੀ ਕਿ ਦਭੋਲਕਰ ਦਾ ਕਤਲ ਯੂ.ਏ.ਪੀ.ਏ. ਦੀ ਧਾਰਾ 15 ਤਹਿਤ ਆਉਂਦਾ ਹੈ; ਕਿਉਂਕਿ ਜਿਨ੍ਹਾਂ ਨੌਸਰਬਾਜ਼ ਤਾਕਤਾਂ ਖਿਲਾਫ਼ ਕਾਨੂੰਨ ਬਣਾਏ ਜਾਣ ਲਈ ਉਹ ਅਤੇ ਉਸ ਦੇ ਸਾਥੀ ਲੜ ਰਹੇ ਸਨ, ਉਨ੍ਹਾਂ ਵਲੋਂ ਉਸ ਨੂੰ ਸ਼ਰੇਆਮ ਧਮਕੀਆਂ ਦਿੱਤੀਆਂ ਜਾਂਦੀਆਂ ਰਹੀਆਂ। ਸਟੇਟ ਨੂੰ ਇਸ ਦਾ ਚੰਗੀ ਤਰ੍ਹਾਂ ਇਲਮ ਸੀ ਅਤੇ ਇਸ ਆਧਾਰ 'ਤੇ ਇਹ ਕੇਸ ਜਾਂਚ ਲਈ ਕੌਮੀ ਜਾਂਚ ਏਜੰਸੀ ਦੇ ਹਵਾਲੇ ਕੀਤਾ ਜਾਣਾ ਚਾਹੀਦਾ ਹੈ। ਕੌਮੀ ਜਾਂਚ ਏਜੰਸੀ ਬਜ਼ਿਦ ਹੈ ਕਿ ਕਤਲ ਵਿਚ ਹਿੰਦੂਤਵੀ ਤਾਕਤਾਂ ਦੀ ਭੂਮਿਕਾ ਬਾਰੇ ਪਟੀਸ਼ਨ ਮਹਿਜ਼ ਮਨੌਤ 'ਤੇ ਆਧਾਰਤ ਹੈ, ਨਾ ਕਿ ਕਾਨੂੰਨ ਅਤੇ ਤੱਥਾਂ 'ਤੇ ਆਧਾਰਤ; ਇਸ ਲਈ ਇਹ ਜੁਰਮ ਏਜੰਸੀ ਦੇ ਘੇਰੇ ਵਿਚ ਨਹੀਂ ਆਉਂਦਾ। ਇਹ ਏਜੰਸੀ ਦੇ ਖ਼ਾਸ ਸਿੱਕੇਬੰਦ ਦੂਹਰੇ ਵਤੀਰੇ ਦਾ ਬੇਹਯਾ ਇਜ਼ਹਾਰ ਹੈ।

ਏਜੰਸੀ ਦੇ ਪੱਖਪਾਤੀ ਅਤੇ ਤੁਅੱਸਬੀ ਕਿਰਦਾਰ ਨੂੰ ਸਮਝਣ ਲਈ ਪਹਿਲਾ ਕਾਬਲੇ-ਗ਼ੌਰ ਨੁਕਤਾ ਇਹ ਹੈ ਕਿ ਏਜੰਸੀ ਮੁਲਕ ਦੇ ਕੇਂਦਰੀ ਗ੍ਰਹਿ ਮੰਤਰਾਲੇ ਦੀ ਕਠਪੁਤਲੀ ਹੈ ਅਤੇ ਇਹ ਉਹੀ ਕਰਦੀ ਹੈ ਜੋ ਇਸ ਨੂੰ ਕਰਨ ਲਈ ਕਿਹਾ ਜਾਂਦਾ ਹੈ। ਦੂਜੀ ਗੱਲ, ਹਿੰਦੂਤਵੀ ਝੁਕਾਅ ਭਾਰਤੀ ਰਾਜ ਦੀ ਮੂਲ ਫ਼ਿਤਰਤ ਦਾ ਅਨਿੱਖੜ ਹਿੱਸਾ ਹੈ ਜੋ ਉਂਝ ਧਰਮ ਨਿਰਪੱਖ ਹੋਣ ਦਾ ਦਾਅਵਾ ਕਰਦਾ ਹੈ। ਬੀਤੇ ਦਹਾਕਿਆਂ ਵਿਚ ਇਹ ਵਾਰ-ਵਾਰ ਜ਼ਾਹਿਰ ਹੋਇਆ ਹੈ ਜਦੋਂ ਮੁਸਲਮਾਨ ਜਾਂ ਸਿੱਖ ਧਾਰਮਿਕ ਘੱਟ-ਗਿਣਤੀਆਂ, ਕੌਮੀਅਤਾਂ, ਦਲਿਤਾਂ, ਕਬਾਇਲੀਆਂ ਵਰਗੇ ਦੱਬੇ-ਕੁਚਲੇ ਹਿੱਸਿਆਂ ਦਾ ਸਵਾਲ ਆਉਂਦਾ ਹੈ ਤਾਂ ਭਾਰਤੀ ਸਟੇਟ ਤੇ ਇਸ ਦੀਆਂ ਸੁਰੱਖਿਆ ਏਜੰਸੀਆਂ ਉਨ੍ਹਾਂ ਨੂੰ ਜਮਾਂਦਰੂ ਤੌਰ 'ਤੇ ਮੁਜਰਮ ਮੰਨ ਕੇ ਚਲਦੀਆਂ ਹਨ। ਉਨ੍ਹਾਂ ਦੀ ਮਾਮੂਲੀ ਹਿੰਸਕ ਕਾਰਵਾਈ ਨੂੰ ਵੀ ਰਾਜ-ਧ੍ਰੋਹ ਅਤੇ ਮੁਲਕ ਦੀ ਏਕਤਾ-ਅਖੰਡਤਾ ਲਈ ਭਾਰੀ ਖ਼ਤਰਾ ਐਲਾਨ ਕੇ ਜਥੇਬੰਦੀਆਂ ਉੱਪਰ ਪਾਬੰਦੀ ਮੜ੍ਹ ਦਿੱਤੀ ਜਾਂਦੀ ਹੈ।

ਕਬਾਇਲੀ ਸੰਘਰਸ਼ ਚਾਹੇ ਪੂਰੀ ਤਰ੍ਹਾਂ ਅਹਿੰਸਕ ਹੋਣ ਜਾਂ ਸਵੈ-ਹਿਫਾਜ਼ਤ ਲਈ ਹਥਿਆਰਬੰਦ ਹੋਏ ਹੋਣ, ਇਥੇ ਹਰ ਕਬਾਇਲੀ ਨੂੰ ਮੁਜਰਮ ਮੰਨ ਕੇ ਚਲਿਆ ਜਾਂਦਾ ਹੈ। 'ਪੰਜਾਬ ਮਸਲੇ' ਸਮੇਂ ਹੁਕਮਰਾਨ ਜਮਾਤ ਦੇ ਦਲਾਲਾਂ ਨੂੰ ਛੱਡ ਕੇ ਬਾਕੀ ਹਰ ਸਿੱਖ ਦੀ ਵਫ਼ਾਦਾਰੀ ਨੂੰ ਸ਼ੱਕ ਦੀ ਨਜ਼ਰ ਨਾਲ ਹੀ ਦੇਖਿਆ ਜਾਂਦਾ ਰਿਹਾ ਹੈ ਅਤੇ ਸਿੱਖੀ ਸਰੂਪ ਵਾਲੇ ਹਰ ਮਨੁੱਖ ਨੂੰ ਮੁਜਰਮ ਸਮਝਣ ਦਾ ਵਤੀਰਾ ਭਾਰੂ ਰਿਹਾ ਹੈ। ਇਸ ਦੇ ਉਲਟ, 1984 ਦੇ ਸਿੱਖ ਵਿਰੋਧੀ ਦੰਗਿਆਂ ਵਿਚ ਹਿੰਦੂ ਜਨੂੰਨੀ ਭੀੜਾਂ ਪ੍ਰਤੀ ਹੁਕਮਰਾਨ ਕਾਂਗਰਸ ਪਾਰਟੀ ਸਮੇਤ ਸਟੇਟ ਦੇ ਵੱਖ-ਵੱਖ ਹਿੱਸਿਆਂ ਦਾ ਹਮਦਰਦੀ ਤੇ ਹੱਥ ਵਟਾਊ ਵਤੀਰਾ ਜੱਗ ਜ਼ਾਹਿਰ ਹੋਇਆ।

ਹੁਣ ਇਹੀ ਵਤੀਰਾ ਮੁਸਲਮਾਨ ਭਾਈਚਾਰੇ ਵੱਲ ਹੈ। ਭਾਰਤੀ ਸਟੇਟ ਦੀਆਂ ਵੰਨ-ਸੁਵੰਨੀਆਂ ਸੁਰੱਖਿਆ ਏਜੰਸੀਆਂ ਜਿਨ੍ਹਾਂ ਵਿਚ ਕੌਮੀ ਜਾਂਚ ਏਜੰਸੀ ਦੀ ਭੂਮਿਕਾ ਸਿਰ-ਕੱਢਵੀਂ ਹੈ, ਬੇਕਸੂਰ ਮੁਸਲਮਾਨ ਨੌਜਵਾਨਾਂ ਨੂੰ ਨਿਰਾ ਸ਼ੱਕ ਦੇ ਆਧਾਰ 'ਤੇ ਮਹਿਜ਼ ਗ੍ਰਿਫ਼ਤਾਰ ਹੀ ਨਹੀਂ ਕਰ ਰਹੀਆਂ ਸਗੋਂ ਸਾਲਾਂ ਬੱਧੀ ਜੇਲ੍ਹਾਂ ਵਿਚ ਸਾੜਦੀਆਂ ਅਤੇ ਫਰਜ਼ੀ ਮੁਕਾਬਲਿਆਂ ਵਿਚ ਕਤਲ ਕਰਦੀਆਂ ਆ ਰਹੀਆਂ ਹਨ। ਮੁਲਕ ਦੀ ਨਿਆਂ ਪ੍ਰਣਾਲੀ ਦਾ ਗਿਣਨਯੋਗ ਹਿੱਸਾ ਇਸੇ ਤੁਅੱਸਬ ਦਾ ਡੰਗਿਆ ਹੋਇਆ ਹੈ। ਇਨ੍ਹਾਂ ਦੀਆਂ ਨਜ਼ਰਾਂ ਵਿਚ ਹਰ ਮੁਸਲਮਾਨ ਅਤਿਵਾਦੀ ਹੈ ਪਰ ਕੋਈ ਹਿੰਦੂਤਵੀ ਜਥੇਬੰਦੀ ਅਤਿਵਾਦੀ ਹੋ ਹੀ ਨਹੀਂ ਸਕਦੀ।

ਸਿੱਕੇ ਦਾ ਦੂਜਾ ਪਾਸਾ ਇਹ ਹੈ ਕਿ ਸਥਾਪਤੀ ਪੱਖੀ ਤਾਕਤਾਂ ਦੇ ਮਾਮਲੇ ਵਿਚ ਅਜਿਹਾ ਨਹੀਂ ਹੈ। ਇਨ੍ਹਾਂ ਦੀਆਂ ਨਜ਼ਰਾਂ ਵਿਚ ਹਿੰਦੂ, ਉੱਚ ਜਾਤੀ, ਉੱਚ ਵਰਗੀ ਲੋਕ ਮੁਜਰਮ ਨਹੀਂ ਹੋ ਸਕਦੇ। ਰਾਜਸਥਾਨ ਦਾ ਭਾਂਬਰੀ ਦੇਵੀ ਜਬਰ ਜਨਾਹ ਕਾਂਡ ਇਸ ਮਿਸਾਲੀ ਵਤੀਰੇ ਦਾ ਸਭ ਤੋਂ ਕੁਢਰ ਇਜ਼ਹਾਰ ਸੀ ਜਿਸ ਵਿਚ ਜੱਜ ਨੇ ਉੱਚ ਜਾਤੀ ਬਲਾਤਕਾਰੀਆਂ ਨੂੰ ਇਸ ਆਧਾਰ 'ਤੇ ਬਰੀ ਕਰ ਦਿੱਤਾ ਸੀ ਕਿ ਉੱਚ ਜਾਤੀ ਵਾਲੇ ਤਾਂ ਨੀਵੀਂ ਜਾਤ ਵਾਲਿਆਂ ਨੂੰ ਛੂਹਣਾ ਵੀ ਪਸੰਦ ਨਹੀਂ ਕਰਦੇ, ਉਹ ਨੀਵੀਂ ਜਾਤ ਦੀ ਔਰਤ ਨਾਲ ਜਬਰ ਜਨਾਹ ਕਰਨ ਬਾਰੇ ਕਿਵੇਂ ਸੋਚ ਸਕਦੇ ਹਨ!

ਭਾਰਤੀ ਹੁਕਮਰਾਨ ਲਾਣੇ ਵਲੋਂ ਬਣਾਏ ਖ਼ਾਸ ਕਾਨੂੰਨਾਂ ਵਿਚ ਵੀ ਇਹ ਤੁਅੱਸਬ ਬਹੁਤ ਸਪਸ਼ਟ ਹੈ। ਅਤਿਵਾਦੀ ਵਿਰੋਧੀ ਕਾਨੂੰਨ ਯੂ.ਏ.ਪੀ.ਏ. ਜੋ ਟਾਡਾ ਅਤੇ ਪੋਟਾ ਵਰਗੇ ਬਦਨਾਮ ਦਮਨਕਾਰੀ ਕਾਨੂੰਨਾਂ ਦਾ ਹੀ ਵਿਸਤਾਰਿਆ ਅਤੇ ਸੋਧਿਆ ਹੋਇਆ ਨਵਾਂ ਅਵਤਾਰ ਹੈ, ਇਸ ਵਕਤ ਭਾਰਤੀ ਰਾਜ ਦੇ ਖ਼ੂਨੀ ਹੱਥਾਂ ਵਿਚ ਹਰ ਸੰਘਰਸ਼ਸ਼ੀਲ ਦੱਬੇ-ਕੁਚਲੇ ਹਿੱਸੇ ਨੂੰ ਦਬਾਉਣ ਦਾ ਮੁੱਖ ਸੰਦ ਹੈ। ਇਸ ਕਾਨੂੰਨ ਵਿਚ ਵੀ ਘੱਟ-ਗਿਣਤੀਆਂ ਤੇ ਦੱਬੇ-ਕੁਚਲਿਆਂ ਵਿਰੋਧੀ ਅਤੇ ਸਥਾਪਤੀ ਦੀਆਂ ਭਾਰੂ ਤਾਕਤਾਂ ਦੇ ਹੱਕ ਵਿਚ ਖ਼ਾਸ ਕਿਸਮ ਦੇ ਕਾਨੂੰਨੀ ਇੰਤਜ਼ਾਮ ਕੀਤੇ ਗਏ ਹਨ। ਇਸ ਵਿਚ ਅਤਿਵਾਦੀ ਜਥੇਬੰਦੀ ਅਤੇ ਅਤਿਵਾਦੀ ਗਰੋਹ ਦੋ ਖ਼ਾਸ ਤਰ੍ਹਾਂ ਦੀਆਂ ਵੰਨਗੀਆਂ ਬਣਾ ਲਈਆਂ ਗਈਆਂ। ਜਿਨ੍ਹਾਂ ਦੇ ਪਿੱਛੇ ਇਕ ਖ਼ਾਸ ਮਕਸਦ ਤੇ ਸੋਚ ਕੰਮ ਕਰਦੇ ਹਨ। ਜਦੋਂ ਤਾਂ ਕਿਸੇ ਘੱਟ-ਗਿਣਤੀ ਸਮੂਹ ਜਾਂ ਦੱਬੇ-ਕੁਚਲੇ ਹਿੱਸੇ ਦੀ ਹੱਕ-ਜਤਾਈ ਨੂੰ ਕੁਚਲਣਾ ਹੁੰਦਾ ਹੈ, ਉਨ੍ਹਾਂ ਦੀਆਂ ਜਥੇਬੰਦੀਆਂ ਨੂੰ ਫਟਾਫਟ ਅਤਿਵਾਦੀ ਜਥੇਬੰਦੀਆਂ ਦੇ ਜੁਮਰੇ ਵਿਚ ਸ਼ਾਮਲ ਕਰ ਕੇ ਉਸ ਨੂੰ ਗ਼ੈਰ-ਕਾਨੂੰਨੀ ਐਲਾਨ ਦਿੱਤਾ ਜਾਂਦਾ ਹੈ। ਮਸਲਨ, ਨਕਸਲੀ ਜਾਂ ਮੁਸਲਿਮ/ਸਿੱਖ ਜਾਂ ਕੌਮੀਅਤ ਜਥੇਬੰਦੀਆਂ ਨੂੰ ਅਤਿਵਾਦੀ ਕਰਾਰ ਦੇ ਕੇ ਨਜਿੱਠਿਆ ਜਾ ਰਿਹਾ ਹੈ ਪਰ ਮਹਾਂਰਾਸ਼ਟਰ ਵਿਚ ਬੰਬ ਧਮਾਕਿਆਂ ਅਤੇ ਗੁਜਰਾਤ ਵਿਚ ਘੱਟ-ਗਿਣਤੀ ਮੁਸਲਮਾਨਾਂ ਦੀ ਕਤਲੋਗ਼ਾਰਤ ਵਿਚ ਸ਼ਾਮਲ ਹਿੰਦੂਤਵੀ ਅਨਸਰਾਂ, ਮੋਦੀ-ਅਮਿਤ ਸ਼ਾਹ ਵਰਗੇ ਜ਼ਾਹਰਾ ਹਿੰਦੂਤਵੀ ਦਹਿਸ਼ਤਗਰਦਾਂ ਅਤੇ ਇਨ੍ਹਾਂ ਦੇ ਚਹੇਤੇ ਜਲਾਦ ਪੁਲਿਸ ਅਫ਼ਸਰਾਂ ਜਾਂ ਕੇ ਕਿਸੇ ਕਾਂਗਰਸੀ ਬੁਰਛਾਗਰਦ ਨੂੰ ਕਦੇ ਵੀ ਇਸ ਘੇਰੇ ਵਿਚ ਸ਼ੁਮਾਰ ਨਹੀਂ ਕੀਤਾ ਗਿਆ।

ਇਸ ਮੁਲਕ ਦੇ ਦੋ ਤਰ੍ਹਾਂ ਦੇ ਕਾਨੂੰਨ ਸਟੇਟ ਤੇ ਇਸ ਦੀਆਂ ਏਜੰਸੀਆਂ ਦੇ ਦੂਹਰੇ ਵਤੀਰੇ ਦਾ ਇਜ਼ਹਾਰ ਹਨ ਜਿਨ੍ਹਾਂ ਦੀਆਂ ਨਜ਼ਰਾਂ ਵਿਚ ਡਾ. ਦਭੋਲਕਰ ਵਰਗੀ ਕੱਦਾਵਰ ਸ਼ਖਸੀਅਤ ਦੇ ਕਤਲ ਨਾਲ ਮੁਲਕ ਦੇ ਹਿੱਤ ਪ੍ਰਭਾਵਿਤ ਨਹੀਂ ਹੁੰਦੇ, ਕਿਉਂਕਿ ਉਹ ਸਥਾਪਤੀ ਵਿਰੋਧੀ ਸੀ; ਪਰ ਛੱਤੀਸਗੜ੍ਹ ਦੇ ਜੰਗਲਾਂ ਵਿਚੋਂ ਸਾਲ ਦੀ ਬਹੁਤ ਹੀ ਮੁੱਲਵਾਨ ਲੱਕੜ ਦੀ ਸਮਗਲਿੰਗ ਕਰਨ ਵਾਲੇ ਮਾਫ਼ੀਆ ਗਰੋਹ ਦੇ ਮੁਖੀ ਮਹੇਂਦਰ ਕਰਮਾ ਦੇ ਕਤਲ ਨਾਲ ਪੂਰੀ ਸਥਾਪਤੀ ਹਿੱਲ ਉੱਠੀ ਸੀ ਅਤੇ ਪੂਰੇ ਮੁਲਕ ਦੀਆਂ ਏਜੰਸੀਆਂ ਜ਼ੈੱਡ+ ਸੁਰੱਖਿਆ ਦੀਆਂ ਖ਼ਾਮੀਆਂ ਲੱਭਣ ਵਿਚ ਲਗਾ ਦਿੱਤੀਆਂ ਗਈਆਂ ਸਨ। ਤੇ ਜੇ ਕਦੇ ਹਿੰਦੂਤਵੀ ਜਲਾਦ-ਕਾਰਪੋਰੇਟ ਦਲਾਲ ਨਰੇਂਦਰ ਮੋਦੀ, ਕਾਂਗਰਸੀ ਜਲਾਦ ਸੱਜਣ ਕੁਮਾਰ ਜਾਂ ਇਨ੍ਹਾਂ ਦੇ 'ਮੁੱਖਧਾਰਾਈ' ਕੋੜਮੇ ਦੇ ਕਿਸੇ ਹੋਰ ਮਹਾਂ-ਘੁਟਾਲੇਬਾਜ਼ ਉੱਪਰ ਆਪਣੇ ਹੀ 'ਕਰਮਾਂ ਦਾ ਫ਼ਲ' ਦਾ ਸਿਧਾਂਤ ਲਾਗੂ ਹੋ ਗਿਆ ਜਿਸ ਦੀ ਦਲੀਲ ਹਿੰਦੂਤਵੀਆਂ ਨੇ ਡਾ ਦਭੋਲਕਰ ਦੇ ਕਤਲ ਉਪਰੰਤ ਦਿੱਤੀ ਸੀ, ਫਿਰ ਦੇਖਿਓ ਮੁਲਕ ਦੇ ਹਿੱਤ ਕਿਵੇਂ 'ਪ੍ਰਭਾਵਿਤ' ਹੁੰਦੇ ਹਨ ਅਤੇ ਕੌਮੀ ਜਾਂਚ ਏਜੰਸੀ ਤੇ ਇਸ ਦਾ ਸੂਤਰਧਾਰ ਗ੍ਰਹਿ ਮੰਤਰਾਲਾ ਕਿਵੇਂ ਪੱਬਾਂ ਭਾਰ ਹੁੰਦਾ ਹੈ!

## ਗਦਰੀ ਬਾਬੇ ਕੌਣ ਸਨ?-1

ਭਾਰਤੀ ਆਜ਼ਾਦੀ ਦੇ ਇਤਿਹਾਸ ਦੇ ਮਿਸਾਲੀ ਘੋਲ 'ਗਦਰ ਲਹਿਰ' ਦਾ ਸ਼ਤਾਬਦੀ ਵਰ੍ਹਾ ਚੱਲ ਰਿਹਾ ਹੈ। 20ਵੀਂ ਸਦੀ ਦੇ ਅਰੰਭ ਵਿਚ ਇਨ੍ਹਾਂ ਗਦਰੀਆਂ ਨੇ ਬਰਤਾਨਵੀ ਹਕੂਮਤ ਨੂੰ ਹੱਥਾਂ-ਪੈਰਾਂ ਦੀ ਪਾ ਦਿੱਤੀ ਸੀ। ਇਨ੍ਹਾਂ ਗਦਰੀਆਂ ਦੀ ਚਰਚਾ ਗਾਹੇ-ਬਗਾਹੇ ਹੁੰਦੀ ਰਹੀ ਹੈ ਅਤੇ ਸੰਜੀਦਾ ਜੁਝਾਰੂ ਲੋਕ ਉਨ੍ਹਾਂ ਦੀ ਵਿਰਾਸਤ ਨੂੰ ਅਗਾਂਹ ਤੋਰਨ ਦੇ ਆਹਰ ਵਿਚ ਵੀ ਲੱਗੇ ਰਹੇ ਹਨ। ਹੁਣ ਸ਼ਤਾਬਦੀ ਮੌਕੇ ਗਦਰੀਆਂ ਵੱਲੋਂ ਕੌਮੀ ਕਾਜ ਵਿਚ ਪਾਏ ਯੋਗਦਾਨ ਬਾਰੇ ਚਰਚਾ ਇਕ ਵਾਰ ਫਿਰ ਭਰਪੂਰ ਰੂਪ ਵਿਚ ਛਿੜੀ ਹੈ ਪਰ ਕੁਝ ਵਿਦਵਾਨ ਗਦਰ ਲਹਿਰ ਨੂੰ ਮਹਿਜ਼ ਸਿੱਖਾਂ ਤੱਕ ਸੀਮਤ ਕਰ ਰਹੇ ਹਨ। ਇਸ ਨੁਕਤਾ-ਨਿਗ੍ਹਾ ਤੋਂ ਕਹਾਣੀਕਾਰ ਵਰਿਆਮ ਸਿੰਘ ਸੰਧੂ ਦਾ ਲੰਮਾ ਲੇਖ ਪਹਿਲਾਂ ਪਾਠਕਾਂ ਦੀ ਨਜ਼ਰ ਕੀਤਾ ਜਾ ਚੁੱਕਾ ਹੈ। ਇਸ ਅੰਕ ਤੋਂ ਅਸੀਂ ਡਾ. ਸਰਬਜੀਤ ਸਿੰਘ ਦੀ ਲੇਖ ਲੜੀ ਛਾਪ ਰਹੇ ਹਾਂ। ਇਸ ਬਾਰੇ ਆਏ ਵਿਚਾਰਾਂ ਨੂੰ ਪਰਚੇ ਵਿਚ ਬਣਦੀ ਥਾਂ ਦਿੱਤੀ ਜਾਵੇਗੀ। -ਸੰਪਾਦਕ

# ਗਦਰੀਆਂ ਦੇ ਸਿਰੜ ਤੇ ਸਿਦਕ ਦੀਆਂ ਜੜ੍ਹਾਂ



ਡਾ. ਸਰਬਜੀਤ ਸਿੰਘ
ਫੋਨ: 91-98155-74144

2013 ਗ਼ਦਰ ਲਹਿਰ ਦਾ ਸ਼ਤਾਬਦੀ ਵਰ੍ਹਾ ਹੈ। ਪੰਜਾਬ ਤੋਂ ਬਾਹਰ ਕੈਨੇਡਾ ਅਤੇ ਅਮਰੀਕਾ ਵਿਚ ਵਿਸ਼ੇਸ ਤੌਰ 'ਤੇ ਅਤੇ ਹੋਰ ਮੁਲਕਾਂ ਵਿਚ ਵੀ ਇਹ ਵਰ੍ਹਾ ਜਸ਼ਨ ਅਤੇ ਚਿੰਤਨ ਦੇ ਰੂਪ ਵਿਚ ਮਨਾਇਆ ਜਾ ਰਿਹਾ ਹੈ। ਸੈਮੀਨਾਰ, ਕਾਨਫਰੰਸਾਂ, ਨਾਟਕ ਮੰਚਣ, ਰਸਾਲਿਆਂ ਦਾ ਸੰਪਾਦਨ, ਪੁਸਤਕਾਂ ਦਾ ਪ੍ਰਕਾਸ਼ਨ, ਸੀ.ਡੀਜ਼ ਆਦਿ ਕਿੰਨੇ ਹੀ ਰੂਪ ਗ਼ਦਰ ਲਹਿਰ ਦੀ ਮਹੱਤਤਾ ਨੂੰ ਦਰਸਾਉਣ ਵਾਲੇ ਵੰਨ-ਸੁਵੰਨੇ ਰੂਪ ਹਨ ਪਰ ਇਨ੍ਹਾਂ ਵਿਚ ਇੱਕ ਗੱਲ ਬਹੁਤ ਤਿੱਖੇ ਰੂਪ ਵਿਚ ਰੜਕਦੀ ਹੈ ਕਿ ਗ਼ਦਰ ਲਹਿਰ ਰਾਹੀਂ ਜੋ ਭਾਰਤੀ ਆਜ਼ਾਦੀ ਦੇ ਇਤਿਹਾਸ ਦੀ ਪੁਨਰ-ਚਿੰਤਨ ਦੀ ਜ਼ਰੂਰਤ ਹੈ ਅਤੇ ਗ਼ਦਰ ਲਹਿਰ ਸਮੇਂ ਰਚੇ ਗਏ ਸਾਹਿਤ ਦੇ ਮੁੱਲ ਤੇ ਮੁਲੰਕਣ ਦੀ ਜ਼ਰੂਰਤ ਹੈ, ਉਹ ਇਸ ਵਿਚੋਂ ਗ਼ੈਰ-ਹਾਜ਼ਰ ਹੈ। ਭਾਰਤ ਦੀ ਆਜ਼ਾਦੀ ਬਾਰੇ ਲਿਖੇ ਗਏ ਬੁਰਜ਼ਵਾ ਇਤਿਹਾਸਕਾਰਾਂ ਦੇ ਇਤਿਹਾਸ ਨੂੰ ਵੀ ਛੱਡ ਦੇਈਏ, ਹੁਣ ਤੱਕ ਪ੍ਰਗਤੀਵਾਦੀ ਚਿੰਤਕਾਂ ਦੁਆਰਾ ਲਿਖੇ ਗਏ ਇਤਿਹਾਸਾਂ ਵਿਚ ਵੀ ਇਸ ਲਹਿਰ ਦਾ ਜੋ ਮੌਲਿਕ ਸਰੂਪ ਹੈ, ਉਹ ਉਭਰਵੇਂ ਰੂਪ ਵਿਚ ਕਿਧਰੇ ਦਿਖਾਈ ਨਹੀਂ ਦਿੰਦਾ। ਬਹੁਤਾ ਤੋਂ ਬਹੁਤਾ ਇਸ ਨੂੰ ਰਾਸ਼ਟਰਵਾਦੀ ਲਹਿਰ ਕਹਿ ਕੇ ਸਾਰ ਲਿਆ ਜਾਂਦਾ ਹੈ ਪਰ ਗ਼ਦਰ ਲਹਿਰ ਦੇ ਰਾਸ਼ਟਰਵਾਦ ਦੇ ਸੰਕਲਪ ਅਤੇ ਦ੍ਰਿਸ਼ਟੀ ਦਾ ਨਿਖੇੜਾ ਵੀ ਨਹੀਂ ਕੀਤਾ ਗਿਆ ਕਿ ਇਹ ਬੁਰਜ਼ਵਾ ਰਾਸ਼ਟਰਵਾਦ ਨਾਲੋਂ ਕਿਵੇਂ ਵੱਖਰੇ ਸਰੂਪ ਵਾਲਾ ਅਤੇ ਵਿਚਾਰਧਾਰਕ ਅੰਦਾਜ਼ ਵਾਲਾ ਹੈ? ਕੁਝ ਚਿੰਤਕ ਇਸ ਨੂੰ ਖਾੜਕੂ ਰਾਸ਼ਟਰਵਾਦ ਕਹਿ ਕੇ ਨਿਖੇੜਦੇ ਹਨ ਪਰ ਖਾੜਕੂ ਰਾਸ਼ਟਰਵਾਦ ਦੇ ਰੂਪ ਵਿਚ ਵੀ ਵਿਸ਼ਲੇਸ਼ਣ ਨਹੀਂ ਕੀਤਾ ਗਿਆ ਕਿ ਇਹ ਬੰਗਾਲੀ ਕ੍ਰਾਂਤੀਕਾਰੀਆਂ ਦੇ ਖਾੜਕੂ ਰਾਸ਼ਟਰਵਾਦ ਨਾਲੋਂ ਕਿਵੇਂ ਭਿੰਨ ਹੈ?

ਇਨ੍ਹਾਂ ਸਭ ਨਾਲੋਂ ਵੱਡਾ ਸੰਕਟ ਇਹ ਹੈ ਕਿ ਗ਼ਦਰ ਲਹਿਰ ਨੂੰ ਲਗਾਤਾਰਤਾ ਵਿਚ ਨਾ ਦੇਖਣਾ। ਜੋ ਚਿੰਤਕ ਗ਼ਦਰ ਲਹਿਰ ਨੂੰ 1913-14 ਦੇ ਬਿੰਦੂ ਉਤੇ ਖੜ੍ਹੋ ਕੇ ਹੀ ਦੇਖਦੇ ਹਨ, ਉਨ੍ਹਾਂ ਦੀ ਸਭ ਤੋਂ ਵੱਡੀ ਸੀਮਾ ਹੀ ਇਹ ਹੈ ਕਿ ਇਸ ਨੂੰ ਉਹ ਇਤਿਹਾਸਕ ਘਟਨਾ ਦੇ ਰੂਪ ਵਿਚ ਹੀ ਦੇਖ ਰਹੇ ਹਨ। ਇਸ ਘਟਨਾ ਦੇ ਆਧਾਰ 'ਤੇ ਉਸ ਦੇ ਅਸਫ਼ਲ ਹੋ ਜਾਣ ਦੇ ਕਾਰਨਾਂ ਦੀ ਤਲਾਸ਼ ਵਿਚ ਹੀ ਆਪਣੀ ਸਾਰੀ ਸ਼ਕਤੀ ਜਾਇਆ ਕਰ ਦਿੰਦੇ ਹਨ। ਦੂਜਾ ਇਹ ਵੀ ਹੈ ਕਿ 1913-14 ਦੇ ਬਿੰਦੂ 'ਤੇ ਖੜ੍ਹੋ ਕੇ ਗ਼ਦਰ ਲਹਿਰ ਨੂੰ ਗਤੀ-ਰਹਿਤ ਵਰਤਾਰਾ ਬਣਾ ਦਿੰਦੇ ਹਨ। ਇਹ ਵਰਤਾਰਾ ਬਣਾਉਣ ਪਿੱਛੇ ਉਨ੍ਹਾਂ ਦੇ ਜਾਂ ਤਾਂ ਜਮਾਤੀ ਹਿੱਤ ਹਨ ਜਾਂ ਇਸ ਤੋਂ ਵੀ ਅਗਾਂਹ ਫਿਰਕਾਪ੍ਰਸਤ ਹਿੱਤ ਹਨ ਕਿਉਂਕਿ ਜਦੋਂ ਉਹ ਗ਼ਦਰ ਲਹਿਰ ਨੂੰ ਲਗਾਤਾਰਤਾ ਵਿਚ ਦੇਖਣਗੇ ਤਾਂ ਉਨ੍ਹਾਂ ਦੇ ਜਮਾਤੀ ਅਤੇ ਫਿਰਕਾਪ੍ਰਸਤ ਹਿੱਤ ਖੇਰੂੰ-ਖੇਰੂੰ ਹੋ ਜਾਣਗੇ; ਉਹ ਇਸ ਲਈ ਕਿ ਗ਼ਦਰ ਲਹਿਰ ਜੋ ਆਰੰਭਲੇ ਪੜਾਅ ਉਪਰ ਰਾਸ਼ਟਰਵਾਦ ਦੇ ਵਿਚਾਰਧਾਰਕ ਸੂਤਰ ਉਪਰ ਦ੍ਰਿੜਤਾ ਨਾਲ ਪਹਿਰਾ ਦਿੰਦੀ ਹੈ, ਉਹ ਆਪਣੇ ਅਗਲੇ ਪੜਾਅ ਵਿਚ ਕੌਮਾਂਤਰੀਵਾਦ ਦੇ ਸੰਕਲਪ ਨੂੰ ਪ੍ਰਣਾਉਂਦੀ ਹੈ। ਇਹੋ ਕਾਰਨ ਹੈ ਕਿ 1913-14 ਦਾ ਗ਼ਦਰ ਲਹਿਰ ਦਾ ਆਗ਼ਾਜ਼ ਬਿੰਦੂ ਆਪਣੇ ਅਗਲੇ ਵਿਕਾਸ ਵਿਚ ਉਨ੍ਹਾਂ ਤੱਤਾਂ, ਪਹਿਲੂਆਂ ਅਤੇ ਪਾਸਾਰਾਂ ਨੂੰ ਵਡੇਰੇ ਪ੍ਰਸੰਗ ਵਿਚ ਰਾਸ਼ਟਰਵਾਦ ਤੋਂ ਕੌਮਾਂਤਰੀਵਾਦ ਤੱਕ ਵਿਸਤਾਰ ਦਿੰਦਾ ਹੈ। ਇਹ ਤਰਕ ਉਨ੍ਹਾਂ ਗ਼ਦਰੀ ਬਾਬਿਆਂ ਦਾ ਜੀਵੰਤ ਪ੍ਰਮਾਣ ਹੈ ਜੋ ਕਾਲੇਪਾਣੀਆਂ ਤੇ ਹੋਰ ਜੇਲ੍ਹਾਂ ਦੀਆਂ ਸਖ਼ਤ ਸਜ਼ਾਵਾਂ ਭੁਗਤਣ ਤੋਂ ਬਾਅਦ ਦੇਸ਼ ਦੀ ਆਜ਼ਾਦੀ ਅਤੇ ਆਜ਼ਾਦੀ ਉਪਰੰਤ ਬੁਰਜ਼ਵਾ ਪ੍ਰਬੰਧ ਨਾਲ ਗਹਿ-ਗੱਚ ਸੰਘਰਸ਼ ਦੀ ਪ੍ਰਕਿਰਿਆ ਵਿਚ ਰਹਿੰਦੇ ਹਨ। 1913-14 ਦੇ ਬਿੰਦੂ 'ਤੇ ਖੜੋਣ ਵਾਲਿਆਂ ਦੀ ਸੀਮਾ ਇਹ ਹੈ ਕਿ ਉਹ ਗ਼ਦਰ ਲਹਿਰ ਨੂੰ ਘਟਨਾ ਸਵੀਕਾਰ ਕਰਦੇ ਹਨ ਪਰ ਪ੍ਰਾਪਤੀ ਇਹ ਸਮਝਦੇ ਹਨ ਕਿ ਗ਼ਦਰ ਲਹਿਰ ਨੂੰ ਉਹ ਕੁਝ 'ਸਿੱਧ' ਕਰਨ ਦਾ ਯਤਨ ਕਰਦੇ ਹਨ ਜੋ ਬੁਨਿਆਦੀ ਤੌਰ 'ਤੇ ਇਹ ਲਹਿਰ ਹੈ ਹੀ ਨਹੀਂ।

ਇਥੇ ਇਕ ਨੁਕਤਾ ਬਹੁਤ ਮਹੱਤਵਪੂਰਨ ਹੈ ਕਿ ਪਿਛਲੇ ਸਮੇਂ ਵਿਚ ਗ਼ਦਰ ਲਹਿਰ ਬਾਰੇ ਕੁਝ ਤੱਥ ਨਵੇਂ ਸਾਹਮਣੇ ਆਏ ਹਨ ਜਿਨ੍ਹਾਂ ਵਿਚ ਗ਼ਦਰੀ ਬਾਬਿਆਂ ਦੀਆਂ ਲਿਖਤਾਂ, ਡਾਇਰੀਆਂ, ਬਿਆਨ, ਸਾਜ਼ਿਸ਼ ਕੇਸਾਂ ਦੀਆਂ ਕਾਰਵਾਈਆਂ ਆਦਿਕ ਸ਼ਾਮਲ ਹਨ। ਇਨ੍ਹਾਂ ਨਾਲ ਗ਼ਦਰ ਲਹਿਰ ਦੀ ਵਿਚਾਰਧਾਰਕ ਸੰਘਣਤਾ ਅਤੇ ਗ਼ਦਰ ਲਹਿਰ ਦੇ ਵਿਸ਼ਾਲ ਪਾਸਾਰੇ ਬਾਰੇ ਅਹਿਮ ਜਾਣਕਾਰੀ ਮਿਲਦੀ ਹੈ। ਮਿਸਾਲ ਦੇ ਤੌਰ 'ਤੇ ਸਿੰਘਾਪੁਰ ਦੀ ਬਗ਼ਾਵਤ, ਅਫ਼ਰੀਕਾ ਵਿਚ ਗ਼ਦਰ ਲਹਿਰ ਦੇ ਤੱਥ, ਕਾਬਲ ਦਾ ਸੈਂਟਰ ਆਦਿਕ ਉਹ ਪਹਿਲੂ ਹਨ ਜੋ ਗ਼ਦਰ ਲਹਿਰ ਦੇ ਪੁਨਰ ਮੁਲੰਕਣ ਦੀ ਮੰਗ ਕਰਦੇ ਹਨ। ਗ਼ਦਰ ਲਹਿਰ ਦਾ ਪੁਨਰ-ਮੁਲੰਕਣ ਕਰਦਿਆਂ ਇਕ ਨਿਖੇੜਾ ਹੋਰ ਵੀ ਕਰਨ ਦੀ ਜ਼ਰੂਰਤ ਹੈ ਕਿ ਅਮਰੀਕਾ, ਕੈਨੇਡਾ ਅਤੇ ਪੂਰਬੀ ਏਸ਼ੀਆ ਦੇ ਮੁਲਕਾਂ ਤੋਂ ਆਏ ਗ਼ਦਰੀਆਂ ਤੋਂ ਬਿਨਾਂ ਭਾਰਤ ਅੰਦਰ ਗ਼ਦਰ ਵਿਚ ਹਿੱਸਾ ਲੈਣ ਵਾਲਾ ਇਕ ਸਮੂਹ ਬਰਤਾਨਵੀ ਬਸਤੀਵਾਦ ਦੇ ਵਿਰੁੱਧ ਧਾਰਮਿਕ ਦ੍ਰਿਸ਼ਟੀ ਤੋਂ ਸ਼ਾਮਲ ਹੁੰਦਾ ਹੈ। ਇਹ ਲੋਕ ਦਿੱਲੀ ਵਿਚ ਬਰਤਾਨਵੀ ਸਾਮਰਾਜ ਵੱਲੋਂ ਗੁਰਦੁਆਰਾ ਰਕਾਬਗੰਜ ਦੀ ਕੰਧ ਢਾਹੇ ਜਾਣ ਕਰ ਕੇ ਔਖੇ ਸਨ। ਇਹ ਸਮੂਹ ਗ਼ਦਰ ਤੋਂ ਪਹਿਲਾਂ ਹੀ ਆਪਣੇ ਦੀਵਾਨ ਲਗਾ ਕੇ ਵਿਰੋਧ ਦੇ ਮਤੇ ਸਰਕਾਰ ਨੂੰ ਭੇਜ ਰਿਹਾ ਸੀ। ਇਹ ਸਮੂਹ ਭਾਈ ਸਾਹਿਬ ਭਾਈ ਰਣਧੀਰ ਸਿੰਘ ਨਾਰੰਗਵਾਲ ਦੀ ਅਗਵਾਈ ਹੇਠ ਕਿਰਿਆਸ਼ੀਲ ਸੀ।

ਗ਼ਦਰ ਲਹਿਰ ਦੀ ਮੌਲਿਕ ਅਤੇ ਇਤਿਹਾਸਕ ਪਛਾਣ ਕਰਨ ਲਈ ਇਸ ਮਹੱਤਵਪੂਰਨ ਤੱਥ ਤੋਂ ਉੱਕਾ ਹੀ ਅੱਖ ਨਹੀਂ ਫੇਰੀ ਜਾ ਸਕਦੀ ਕਿ ਇਹ ਆਪਣੇ ਉਦੈ ਸਮੇਂ ਕਮਿਊਨਿਸਟ ਲਹਿਰ ਨਹੀਂ ਹੈ। ਜੇ ਕੋਈ ਇਸ ਨੂੰ ਆਪਣੇ ਉਦੈ ਸਮੇਂ ਕਮਿਊਨਿਸਟ ਲਹਿਰ ਸਿੱਧ ਕਰਨ ਦੀ ਜ਼ਿਦ ਕਰੇਗਾ, ਉਹ ਇਸ ਲਹਿਰ ਦੀ ਮੌਲਿਕਤਾ ਅਤੇ ਸਰੂਪ ਨੂੰ ਗੰਧਲਾ ਕਰ ਦੇਵੇਗਾ। ਦੂਜਾ, ਜੇ ਕੋਈ ਇਸ ਲਹਿਰ ਨੂੰ ਸਿੱਖ ਬਹੁ-ਗਿਣਤੀ ਕਰ ਕੇ ਸਿੱਖ ਲਹਿਰ ਜਾਂ ਸਿੱਖੀ ਦੀ ਲਹਿਰ ਕਹੇਗਾ, ਉਹ ਗ਼ਦਰ ਲਹਿਰ ਦੀ ਇਤਿਹਾਸਕ ਮਹੱਤਤਾ ਨੂੰ ਹੀ ਖਾਰਜ ਨਹੀਂ ਕਰੇਗਾ, ਸਗੋਂ ਗ਼ਦਰ ਲਹਿਰ ਨੂੰ ਐਨਾ ਸੀਮਤ ਕਰ ਦੇਵੇਗਾ ਅਤੇ ਸੰਗੋੜ ਦੇਵੇਗਾ ਕਿ ਇਹ ਆਪਣੇ ਮੂਲ ਅਰਥਾਂ ਅਤੇ ਮੂਲ ਉਦੇਸ਼ਾਂ ਤੋਂ ਹੀ ਭਟਕ ਜਾਵੇਗੀ ਕਿਉਂਕਿ ਗ਼ਦਰ ਲਹਿਰ ਕਿਸੇ ਧਾਰਮਿਕ ਪੁਨਰ-ਸੁਰਜੀਤੀ ਦੀ ਲਹਿਰ ਉੱਕਾ ਹੀ ਨਹੀਂ ਹੈ। ਇਸ ਕਰ ਕੇ ਇਸ ਤੱਥ ਤੋਂ ਸਪਸ਼ਟ ਹੋਣ ਦੀ ਜ਼ਰੂਰਤ ਹੈ ਕਿ ਆਰੰਭ ਵੇਲੇ ਗ਼ਦਰ ਲਹਿਰ ਕੋਲ ਨਾ ਤਾਂ ਕਮਿਊਨਿਸਟ ਫ਼ਲਸਫ਼ੇ ਵਾਲੇ ਸਮਾਜਵਾਦ ਦਾ ਉਦੇਸ਼ ਹੈ ਅਤੇ ਨਾ ਹੀ ਖ਼ਾਲਸਾ ਰਾਜ ਦੀ ਖੋ ਚੁੱਕੀ ਸੌਵਰਨਿਟੀ ਦੀ ਪੁਨਰ-ਸਥਾਪਨਾ ਦਾ ਸੁਪਨਾ ਹੈ। ਇਹ ਲਹਿਰ ਆਪਣੇ ਉਦੈ ਸਮੇਂ ਧਰਮ ਨਿਰਪੱਖ ਰਾਸ਼ਟਰਵਾਦੀ ਲਹਿਰ ਹੈ। ਇਹ ਕਿਆਸ ਕੀਤਾ ਜਾ ਸਕਦਾ ਹੈ ਕਿ ਜੇ ਗ਼ਦਰ ਪਾਰਟੀ ਦੇ ਮੁੱਢਲੇ ਰਾਸ਼ਟਰਵਾਦੀ ਅਸੂਲਾਂ ਅਨੁਸਾਰ ਦੇਸ਼ ਆਜ਼ਾਦ ਹੁੰਦਾ ਤਾਂ ਧਰਮ ਦੇ ਆਧਾਰ ਉਤੇ ਪਾਕਿਸਤਾਨ ਦੀ ਅੱਜ ਬਿਲਕੁਲ ਹੋਂਦ ਨਾ ਹੁੰਦੀ। ਗ਼ਦਰ ਲਹਿਰ ਦੇ ਇਤਿਹਾਸਕ ਤੱਥ ਹੀ ਇਸ ਗੱਲ ਦੀ ਦੱਸ ਪਾਉਂਦੇ ਹਨ ਕਿ ਗ਼ਦਰ ਲਹਿਰ ਅਮਰੀਕਾ-ਕੈਨੇਡਾ ਦੇ ਨਸਲਵਾਦੀ ਵਰਤਾਰੇ ਕਾਰਨ ਭਾਰਤੀ ਲੋਕਾਂ ਦੇ ਬੇਇੱਜ਼ਤ ਅਤੇ ਅਪਮਾਨਿਤ ਹੋਣ ਵਿਚੋਂ ਉਦੈ ਹੁੰਦੀ ਹੈ:

ਦੇਸ ਪੈਣ ਧੱਕੇ, ਬਾਹਰ ਮਿਲੇ ਢੋਈ ਨਾ,
ਸਾਡਾ ਪਰਦੇਸੀਆਂ ਦਾ ਦੇਸ ਕੋਈ ਨਾ।

ਇਉਂ ਇਹ ਉਹ ਲੋਕ ਹਨ ਜਿਨ੍ਹਾਂ ਦੇ ਕੈਨੇਡਾ ਵਿਚ ਬਰਤਾਨਵੀ ਰਿਆਇਆ ਹੋਣ ਦੇ ਭਰਮ ਟੁੱਟਦੇ ਹਨ ਅਤੇ ਅਮਰੀਕਾ ਵਿਚ 1907 ਵਿਚ ਵਾਸ਼ਿੰਗਟਨ ਸਟੇਟ ਦੇ ਬਲਿੰਘਮ ਸ਼ਹਿਰ ਵਿਚ ਪੰਜ ਸੌ ਗੋਰਿਆਂ ਦੇ ਨਸਲਵਾਦੀ ਹਮਲੇ ਕਾਰਨ ਆਪਣੀ ਗੁਲਾਮੀ ਦਾ ਅਹਿਸਾਸ ਜਾਗਦਾ ਹੈ। ਇਉਂ ਅਮਰੀਕਾ-ਕੈਨੇਡਾ ਦੀਆਂ ਜ਼ਮੀਨੀ ਹਕੀਕਤਾਂ ਭਾਰਤੀ ਪਰਵਾਸੀਆਂ ਨੂੰ ਇਕ ਪਲੇਟਫਾਰਮ 'ਤੇ ਇਕੱਠਾ ਹੋਣ ਦੀਆਂ ਜ਼ਾਮਨ ਬਣਦੀਆਂ ਹਨ। ਇਥੇ ਇਹ ਨੁਕਤਾ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਕੈਨੇਡਾ ਅਤੇ ਵਿਸ਼ੇਸ਼ ਰੂਪ ਵਿਚ ਅਮਰੀਕਾ ਦੀ ਆਜ਼ਾਦੀ ਭਾਰਤੀ ਪਰਵਾਸੀਆਂ ਨੂੰ ਚੁੰਬਕ ਵਾਂਗ ਆਪਣੇ ਵੱਲ ਖਿੱਚਦੀ ਹੈ। ਇਹੋ ਜਿਹੀ ਆਜ਼ਾਦੀ ਦਾ ਸੁਪਨਾ ਪਾਲ ਕੇ ਇਹ ਗ਼ਦਰੀ ਬਰਤਾਨਵੀ ਬਸਤੀਵਾਦ ਨੂੰ ਨੇਸਤੋ-ਨਾਬੂਦ ਕਰ ਕੇ ਭਾਰਤ ਅੰਦਰ 'ਪੰਚਾਇਤੀ ਰਾਜ' (ਰਿਪਬਲਿਕ) ਸਿਰਜਣਾ ਚਾਹੁੰਦੇ ਹਨ। ਇਸ ਕਰ ਕੇ ਹੀ ਗ਼ਦਰ ਦੀ ਭਾਰਤੀ ਇਤਿਹਾਸ ਵਿਚ ਮਹੱਤਤਾ ਹੈ ਕਿ ਇਸ ਨੇ ਪਹਿਲੀ ਵਾਰ ਬਰਤਾਨਵੀ ਬਸਤੀਵਾਦ ਦੀ ਥਾਂ ਆਧੁਨਿਕ ਸਰੂਪ ਵਾਲੇ 'ਰਾਸ਼ਟਰੀ ਰਾਜ' ਦਾ ਸੁਪਨਾ ਲਿਆ ਜਦ ਕਿ ਭਾਰਤ ਅੰਦਰ ਉਸ ਵੇਲੇ ਤੱਕ ਸੰਘਰਸ਼ ਕਰ ਰਹੀ ਪਾਰਟੀ ਇੰਡੀਅਨ ਨੈਸ਼ਨਲ ਕਾਂਗਰਸ ਕੋਲ 'ਰਾਸ਼ਟਰੀ ਰਾਜ' ਦਾ ਕੋਈ ਸੁਪਨਾ ਨਹੀਂ ਸੀ ਜਿਸ ਵਿਚ ਪੂਰਨ ਰਾਜਸੀ ਤੇ ਆਰਥਿਕ ਆਜ਼ਾਦੀ ਦਾ ਮਸਲਾ ਹੋਵੇ। ਧਰਮ ਦੇ ਆਧਾਰ 'ਤੇ ਲਏ ਜਾਣ ਵਾਲੇ ਰਾਮ ਰਾਜ ਜਾਂ ਖ਼ਾਲਸਾ ਰਾਜ ਦੇ ਸੁਪਨੇ ਅਸਲੋਂ ਹੀ ਨਿਸੱਤੇ ਹੋ ਗਏ ਸਨ, ਕਿਉਂਕਿ 1857 ਦੇ ਗ਼ਦਰ ਤੋਂ ਬਾਅਦ ਬਰਤਾਨਵੀ ਬਸਤੀਵਾਦ ਨੇ ਧਰਮ, ਇਲਾਕਾ ਅਤੇ ਭਾਸ਼ਾ ਦੀ ਜੋ ਸ਼ਤਰੰਜੀ ਚਾਲ ਖੇਡੀ, ਉਸ ਨਾਲ ਭਾਰਤ ਅੰਦਰ ਧਰਮ ਬਚਾਉਣ ਲਈ ਧਾਰਮਿਕ ਸੁਧਾਰਾਂ ਦੀਆਂ ਲਹਿਰਾਂ 'ਆਤਮ ਸੁਰੱਖਿਆ' ਵਿਚ ਗੁੰਮਣ-ਗੁਆਚਣ ਲੱਗ ਪਈਆਂ ਸਨ। ਇਸ ਸ਼ਤਰੰਜੀ ਚਾਲ ਵਿਚ ਧਰਮਾਂ ਦੇ ਅੰਦਰਲਾ ਆਰਥਿਕ ਰੂਪ ਵਿਚ ਸ਼ਕਤੀਸ਼ਾਲੀ ਵਰਗ ਬਰਤਾਨਵੀ ਸਾਮਰਾਜ ਦੀ ਪਿੱਠ 'ਤੇ ਪਹਿਰੇਦਾਰ ਬਣ ਕੇ ਖੜ੍ਹਾ ਹੋ ਜਾਂਦਾ ਹੈ। ਇਸ ਕਰ ਕੇ ਗ਼ਦਰ ਲਹਿਰ ਆਧੁਨਿਕ ਵਿਚਾਰਾਂ ਵਾਲੀ ਨਵੀਨ ਰਾਸ਼ਟਰਵਾਦੀ ਲਹਿਰ ਬਣਦੀ ਹੈ, ਨਾ ਕਿ ਧਾਰਮਿਕ ਅਵਸ਼ੇਸ਼ਾਂ ਵਾਲੀ ਅਤੇ ਕਮਿਊਨਿਸਟ ਉਦੇਸ਼ਾਂ ਵਾਲੀ।



ਗ਼ਦਰ ਲਹਿਰ ਦਾ ਪਰਚਮ

ਗ਼ਦਰ ਲਹਿਰ ਬਾਰੇ ਹੋਈ ਖੋਜ ਅਤੇ ਇਤਿਹਾਸਕ ਸਿਧਾਂਤਕਾਰੀ ਬਾਰੇ ਕਾਫ਼ੀ ਮਤਭੇਦ ਹਨ ਪਰ ਇਸੇ ਵਿਚ ਇਕ ਮਹੱਤਵਪੂਰਨ ਅੰਤਰ-ਦ੍ਰਿਸ਼ਟੀ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ; ਕਿਉਂਕਿ ਇਸ ਅੰਤਰ-ਦ੍ਰਿਸ਼ਟੀ ਨਾਲ ਸਿਰਫ਼ ਗ਼ਦਰੀਆਂ ਦੇ ਸੁਭਾਅ ਦੀ ਹੀ ਪ੍ਰਮਾਣਿਕ ਨਿਸ਼ਾਨਦੇਹੀ ਨਹੀਂ ਹੁੰਦੀ ਸਗੋਂ ਇਸ ਨਾਲ ਪੰਜਾਬੀ ਭਾਸ਼ਾ ਅਤੇ ਪੰਜਾਬੀ ਸਭਿਆਚਾਰ ਦੀਆਂ ਵੀ ਕਈ ਗੁੰਝਲਾਂ ਸੁਲਝਣੀਆਂ ਹਨ। ਇਹ ਅੰਤਰ-ਦ੍ਰਿਸ਼ਟੀ ਹੈ ਮਾਨਵ-ਵਿਗਿਆਨਕ ਪੱਖ ਤੋਂ ਪੰਜਾਬੀਆਂ ਦੀ ਮੂਲ ਨਸਲ ਦੀ ਪਛਾਣ, ਕਿਉਂਕਿ ਮਨੁੱਖੀ ਨਸਲਾਂ ਦੇ ਗੁਣ ਸਦੀਆਂ ਤੋਂ ਹੋਰ ਨਸਲਾਂ ਦੇ ਮਿਲਾਪ ਬਾਅਦ ਵੀ ਜੀਵੰਤ ਰਹਿੰਦੇ ਹਨ ਜਿਹੜੇ ਕਿਸੇ ਭਾਈਚਾਰੇ ਦੇ ਵਿਸ਼ੇਸ਼ ਸੁਭਾਅ ਨੂੰ ਸਿਰਜਦੇ ਹੋਏ ਵੱਖਰੇ ਗੁਣ ਅਤੇ ਵਿਸ਼ੇਸ਼ਤਾਵਾਂ ਬਣ ਜਾਂਦੇ ਹਨ। ਇਹ ਗੁਣ ਅੱਗਿਉਂ ਭਾਈਚਾਰਿਆਂ ਦੀਆਂ ਸਿਰਜੀਆਂ ਸਮਾਜਕ, ਰਾਜਨੀਤਕ, ਸਭਿਆਚਾਰਕ, ਨੈਤਿਕ, ਧਾਰਮਿਕ ਰਵਾਇਤਾਂ ਵਿਚ ਪ੍ਰਵਾਹਤ ਹੋ ਜਾਂਦੇ ਹਨ ਜਿਨ੍ਹਾਂ ਕਰ ਕੇ ਭਾਈਚਾਰਿਆਂ ਦੀ ਸਭਿਆਚਾਰਕ ਪਛਾਣ ਬਣਦੀ ਹੁੰਦੀ ਹੈ। ਇਹ ਪਛਾਣ ਐਨੀ ਮੌਲਿਕ ਅਤੇ ਸ਼ਕਤੀਸ਼ਾਲੀ ਬਣ ਜਾਂਦੀ ਹੈ ਕਿ ਦੂਜੇ ਭਾਈਚਾਰਿਆਂ ਨਾਲੋਂ ਭਾਈਚਾਰੇ ਅਸਲੋਂ ਹੀ ਵੱਖਰੇ, ਬੇਜੋੜ ਅਤੇ ਵਿਰੋਧੀ ਪ੍ਰਤੀਤ ਹੋਣ ਲੱਗ ਜਾਂਦੇ ਹਨ ਪਰ ਅਸੀਂ ਕਿਸੇ ਵਰਤਾਰੇ ਦਾ ਅਧਿਐਨ ਕਰਨ ਸਮੇਂ ਇਨ੍ਹਾਂ ਮੂਲ ਨਸਲੀ ਗੁਣਾਂ ਨੂੰ ਅੱਖੋਂ-ਪਰੋਖੇ ਕਰ ਦਿੰਦੇ ਹਾਂ ਅਤੇ ਇਸ ਭੁਲੇਖੇ ਦਾ ਸ਼ਿਕਾਰ ਹੋ ਜਾਂਦੇ ਹਾਂ ਕਿ ਵਰਤਾਰੇ ਪਿੱਛੇ ਕਿਸੇ ਭਾਈਚਾਰੇ ਦੀਆਂ ਰਵਾਇਤਾਂ ਜਾਂ ਉਸ ਦੀ ਮੂਲ ਭਾਵਨਾ ਪਈ ਹੈ ਜਿਹੜੀ ਸਮਾਜਕ, ਧਾਰਮਿਕ, ਰਾਜਸੀ ਜਾਂ ਸਭਿਆਚਾਰਕ ਹੋ ਸਕਦੀ ਹੈ। ਇਸ ਭੁਲੇਖੇ ਅਤੇ ਭੁੱਲ ਨਾਲ ਅਸੀਂ ਵਰਤਾਰਿਆਂ ਦਾ ਵਿਸ਼ਲੇਸ਼ਣ ਕਰਦੇ ਹੋਏ ਗ਼ਲਤ ਵਿਚਾਰਧਾਰਕ ਪੁਜੀਸ਼ਨ ਗ੍ਰਹਿਣ ਕਰ ਲੈਂਦੇ ਹਾਂ। ਗ਼ਦਰ ਲਹਿਰ ਦੇ ਅਧਿਐਨ ਵੇਲੇ ਵੀ ਅਸੀਂ ਇਸ ਕਰ ਕੇ ਗ਼ਦਰੀਆਂ ਦੇ ਸੁਭਾਅ ਅਤੇ ਵਿਸ਼ੇਸ਼ ਲੱਛਣਾਂ ਨੂੰ ਕਿਸੇ ਧਾਰਮਿਕ ਜਾਂ ਸਭਿਆਚਾਰਕ ਰਵਾਇਤ ਨਾਲ ਨੱਥੀ ਕਰ ਦਿੰਦੇ ਹਾਂ ਅਤੇ ਗ਼ਦਰੀਆਂ ਦੀ ਸਿਰਲੱਥ ਕੁਰਬਾਨੀ, ਦ੍ਰਿੜਤਾ ਅਤੇ ਬਹਾਦਰੀ ਨੂੰ ਉਨ੍ਹਾਂ ਦੇ ਨਸਲੀ ਗੁਣਾਂ ਦੀ ਬਜਾਏ ਜਾਂ ਤਾਂ ਸਿੱਖ ਧਰਮ 'ਚੋਂ ਤਲਾਸ਼ਣ ਲੱਗ ਜਾਂਦੇ ਹਾਂ ਜਾਂ ਪੰਜਾਬੀ ਸਭਿਆਚਾਰ ਦੇ ਸਰਬ ਸਾਂਝੇ ਵਿਰਸੇ ਵਿਚੋਂ। ਪੰਜਾਬੀ ਭਾਈਚਾਰੇ ਦੀ ਆਜ਼ਾਦ ਤਬੀਅਤ, ਨਾਬਰੀ ਵਾਲੀ ਬਿਰਤੀ ਅਤੇ ਜੰਗਜੂ ਭਾਵਨਾ ਦੀਆਂ ਜੜ੍ਹਾਂ ਉਨ੍ਹਾਂ ਦੀ ਸੇਥੀਅਨ ਨਸਲ ਵਿਚ ਪਈਆਂ ਹਨ। ਸ. ਜਗਜੀਤ ਸਿੰਘ ਨੇ ਗ਼ਦਰੀਆਂ ਦੇ ਇਸ ਸੁਭਾਅ ਨੂੰ ਤਲਾਸ਼ਦਿਆਂ ਆਪਣੀ ਪੁਸਤਕ 'ਗ਼ਦਰ ਪਾਰਟੀ ਲਹਿਰ' ਵਿਚ ਵਿਸ਼ੇਸ਼ ਤੌਰ 'ਤੇ ਇਸ ਮਸਲੇ ਨੂੰ ਅਧਿਐਨ ਹੇਠ ਲਿਆਂਦਾ ਸੀ। ਇਸ ਉਪਰੰਤ ਗ਼ਦਰੀਆਂ ਬਾਰੇ ਕੀਤੀ ਗਈ ਬਹੁਤੀ ਚਰਚਾ ਵਿਚ ਪੰਜਾਬੀਆਂ ਦੀ ਸੇਥੀਅਨ ਨਸਲ ਦਾ ਮਸਲਾ ਦਰਕਿਨਾਰ ਹੀ ਰਿਹਾ ਪਰ ਪੰਜਾਬੀਆਂ ਦੇ ਇਸ ਮੂਲ ਸੁਭਾਅ ਦੀ ਇਤਿਹਾਸਕ ਨਿਸ਼ਾਨਦੇਹੀ ਅਤੇ ਡੂੰਘੀ ਪੜ੍ਹਤ ਸਤਨਾਮ ਚਾਨਾ ਨੇ ਆਪਣੀ ਪੁਸਤਕ 'ਸਿੱਖ ਫ਼ਲਸਫ਼ੇ ਦਾ ਰਾਜਨੀਤਕ ਏਜੰਡਾ ਅਤੇ ਪੰਜਾਬ ਕਮਿਊਨ' ਵਿਚ ਤਿਆਰ ਕੀਤੀ। ਨਸਲ-ਦ੍ਰਿਸ਼ਟੀ ਤੋਂ ਜਿਸ ਤਰ੍ਹਾਂ ਸਿੱਖ ਸਿਧਾਂਤਾਂ ਅਤੇ ਸਰਬੱਤ ਦੇ ਭਲੇ ਦੀ ਤਲਾਸ਼ ਕੀਤੀ ਗਈ ਹੈ, ਉਹ ਆਪਣੇ-ਆਪ ਵਿਚ ਹੀ ਮਹੱਤਵਪੂਰਨ ਹੈ। ਇਸ ਦੇ ਨਾਲ ਹੀ ਡਾ. ਨਿਰਮਲ ਸਿੰਘ ਮਾਨ ਨੇ ਆਪਣੀ ਪੁਸਤਕ 'ਦੇਸ਼ ਭਗਤ ਗ਼ਦਰੀ ਪਾਖਰ ਸਿੰਘ ਚੂਹੜਚੱਕ' ਵਿਚ ਪੰਜਾਬੀਆਂ ਦੇ ਇਹੋ ਜਿਹੇ ਸੁਭਾਅ ਅਤੇ ਬਿਰਤੀ ਦੀ ਤਲਾਸ਼ ਕੀਤੀ ਹੈ। ਇਉਂ ਇਹ ਪੁਸਤਕ ਅਤੇ ਉਪਰੋਕਤ ਹਵਾਲਾ ਪੁਸਤਕਾਂ ਤੋਂ ਬਾਅਦ ਇਹ ਸਿੱਧ ਹੋ ਜਾਂਦਾ ਹੈ ਕਿ ਗ਼ਦਰੀ ਬਾਬੇ ਜਿਸ ਦਲੇਰੀ ਨਾਲ ਗ਼ਦਰ ਵਿਚ ਹਿੱਸਾ ਲੈਂਦੇ ਹਨ, ਉਹ ਇਨ੍ਹਾਂ ਦੇ ਨਸਲੀ ਗੁਣਾਂ ਸਦਕਾ ਹੈ। ਦੂਜਾ ਇਸ ਨਾਲ ਪੰਜਾਬ ਦੇ ਉਸ ਸੰਕਲਪ ਦਾ ਭਰਮ-ਜਾਲ ਵੀ ਟੁੱਟ ਜਾਂਦਾ ਹੈ ਜਿਸ ਨੂੰ ਪ੍ਰੋ. ਪੂਰਨ ਸਿੰਘ ਸਥਾਪਤ ਕਰਦਾ ਹੈ। ਇਉਂ ਪੰਜਾਬੀਆਂ ਦੇ ਨਾਬਰੀ ਦੇ ਸੁਭਾਅ ਨੇ ਆਪਣੇ ਯੁੱਗ ਦੀਆਂ ਸਥਾਪਤ ਮਰਿਯਾਦਾਵਾਂ, ਮਾਨਤਾਵਾਂ ਅਤੇ ਸਥਾਪਨਾਵਾਂ ਨਾਲ ਖਹਿ ਕੇ ਸੰਘਰਸ਼ ਕਰ ਕੇ ਆਪਣੀਆਂ ਰਵਾਇਤਾਂ ਸਿਰਜੀਆਂ ਹਨ। ਇਨ੍ਹਾਂ ਰਵਾਇਤਾਂ ਦਾ ਮੂਲ ਪੰਜਾਬੀਆਂ ਦੇ ਸੁਭਾਅ ਨਾਲ ਦਵੰਦਾਤਮਕ ਰਿਸ਼ਤੇ ਦੀ ਲੰਮੀ ਤੇ ਜੀਵੰਤ ਪ੍ਰਕਿਰਿਆ ਨਾਲ ਜੁੜਿਆ ਹੋਇਆ ਹੈ।

ਗ਼ਦਰ ਲਹਿਰ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰਦੇ ਦੋ ਮੁੱਖ ਮਤ ਸਾਹਮਣੇ ਆਏ ਹਨ। ਇਕ ਮਤ ਤਾਂ ਰਾਸ਼ਟਰਵਾਦ ਨਾਲ ਸੰਬੰਧਤ ਹੈ ਜਿਸ ਵਿਚ ਸੋਹਣ ਸਿੰਘ ਜੋਸ਼, ਗੁਰਚਰਨ ਸਿੰਘ ਸਹਿੰਸਰਾ, ਜਗਜੀਤ ਸਿੰਘ, ਹਰੀਸ਼ ਕੇ. ਪੁਰੀ, ਰਾਮ ਸਿੰਘ ਮਜੀਠਾ ਅਤੇ ਖੁਦ ਗ਼ਦਰੀ ਬਾਬੇ ਸ਼ਾਮਲ ਹਨ। ਦੂਜਾ ਮਤ ਇਹ ਹੈ ਕਿ ਗ਼ਦਰ ਲਹਿਰ ਸਿੱਖ ਲਹਿਰ ਸੀ। ਇਨ੍ਹਾਂ ਵਿਚ ਹਰਜੋਤ ਉਬਰਾਏ, ਪਰਮਬੀਰ ਸਿੰਘ ਗਿੱਲ, ਅਜਮੇਰ ਸਿੰਘ ਅਤੇ ਰਾਜਵਿੰਦਰ ਸਿੰਘ ਰਾਹੀ ਹਨ। ਇਨ੍ਹਾਂ ਵਿਚੋਂ ਹੀ ਕੁਝ ਸਿੱਖ ਚਿੰਤਕ ਡਾ. ਪਿਰਥੀਪਾਲ ਸਿੰਘ ਕਪੂਰ ਵਰਗੇ ਇਸ ਦੀਆਂ ਜੜ੍ਹਾਂ ਤਾਂ ਸਿੱਖੀ 'ਚੋਂ ਤਲਾਸ਼ਦੇ ਹਨ ਪਰ 'ਆਜ਼ਾਦੀ ਦੀ ਲਹਿਰ ਨੂੰ ਮੰਨਦੇ ਧਰਮ ਨਿਰਪੱਖ ਚਿਹਰੇ' ਵਾਲੀ ਹਨ। ਦੂਜੇ ਮਤ ਵਾਲੇ ਸੋਚਵਾਨਾਂ ਦੀ ਸਮੱਸਿਆ ਹੀ ਇਹੋ ਹੈ ਕਿ ਇਹ ਗ਼ਦਰ ਲਹਿਰ ਨੂੰ 1913-14 ਦੇ ਆਗ਼ਾਜ਼ ਬਿੰਦੂ ਉਪਰ ਹੀ ਟਿਕਾ ਕੇ ਦੇਖਦੇ ਹਨ। ਇਉਂ ਉਨ੍ਹਾਂ ਲਈ ਗ਼ਦਰ ਲਹਿਰ, ਲਹਿਰ ਨਹੀਂ ਅਤੇ ਗ਼ਦਰ ਪਾਰਟੀ, ਪਾਰਟੀ ਨਹੀਂ ਸਗੋਂ ਘਟਨਾ ਹੈ। ਇਸ ਤੋਂ ਪਾਰ ਨਾ ਜਾਣ ਵਿਚ ਹੀ ਉਨ੍ਹਾਂ ਦੀ ਸਮੱਸਿਆ ਹੈ, ਕਿਉਂਕਿ ਉਨ੍ਹਾਂ ਲਈ ਗ਼ਦਰ ਪਾਰਟੀ ਦਾ ਗ਼ਦਰ 1913-14 ਵਿਚ ਹੀ ਖ਼ਤਮ ਹੋ ਜਾਂਦਾ ਹੈ, ਜਦੋਂ ਕਿ ਹਕੀਕਤ ਇਹ ਹੈ ਕਿ ਬਾਬਾ ਸੋਹਣ ਸਿੰਘ ਭਕਨਾ, ਭਾਈ ਸੰਤੋਖ ਸਿੰਘ, ਭਾਈ ਰਤਨ ਸਿੰਘ, ਬਾਬਾ ਗੁਰਮੁਖ ਸਿੰਘ ਲਲਤੋਂ ਵਰਗੇ ਕਿੰਨੇ ਗ਼ਦਰੀ ਹਨ ਜੋ ਆਪਣੇ ਅੰਤਮ ਸਮੇਂ ਤੱਕ ਸੰਘਰਸ਼ ਵਿਚ ਗਹਿ-ਗੱਚ ਰਹਿੰਦੇ ਹਨ। ਇਨ੍ਹਾਂ ਦੀ ਇਸ ਸਮੱਸਿਆ ਦੀ ਧੁਰੀ ਇਥੇ ਇਸ ਲਈ ਟਿਕੀ ਹੋਈ ਹੈ ਕਿ ਗ਼ਦਰ ਪਾਰਟੀ/ਲਹਿਰ ਦਾ ਵਿਕਾਸ ਇਨ੍ਹਾਂ ਨੂੰ ਗ਼ਦਰ ਲਹਿਰ ਨੂੰ ਸਿੱਖ ਲਹਿਰ ਕਹਿਣ ਦੀ ਇਜਾਜ਼ਤ ਨਹੀਂ ਦਿੰਦਾ। ਇਸੇ ਕਰ ਕੇ ਇਨ੍ਹਾਂ ਲਈ ਬਾਬਾ ਭਗਤ ਸਿੰਘ ਬਿਲਗਾ ਵਰਗਾ ਗ਼ਦਰੀ ਵੀ ਗ਼ਦਰੀ ਨਹੀਂ ਰਹਿੰਦਾ ਜਿਹੜਾ ਅਰਜਨਟੀਨਾ ਵਿਚ ਗ਼ਦਰ ਪਾਰਟੀ ਦਾ ਆਗੂ ਹੀ ਨਹੀਂ, ਰੂਹੇ-ਰਵਾਂ ਵੀ ਹੈ। ਗ਼ਦਰ ਲਹਿਰ ਨੂੰ ਸਿੱਖ ਲਹਿਰ ਕਹਿਣ ਵਾਲੇ ਵਿਸ਼ਲੇਸ਼ਣਕਾਰ ਇਤਿਹਾਸ ਪ੍ਰਤੀ ਹੀ ਖੰਡਿਤ ਰਵੱਈਏ ਵਾਲੇ ਹਨ। ਇਸ ਲਈ ਇਨ੍ਹਾਂ ਨਾਲ ਤਾਂ ਸੰਵਾਦ ਦੀ ਵੀ ਸੰਭਾਵਨਾ ਨਹੀਂ ਬਣਦੀ, ਫਿਰ ਵੀ ਇਨ੍ਹਾਂ ਦੁਆਰਾ ਸਥਾਪਤ ਕੀਤੀਆਂ ਧਾਰਨਾਵਾਂ ਦੀ ਪੁਣ-ਛਾਣ ਜ਼ਰੂਰ ਕੀਤੀ ਜਾ ਸਕਦੀ ਹੈ ਕਿ ਇਹ ਕਿਸ ਆਧਾਰ ਉਤੇ ਗ਼ਦਰ ਲਹਿਰ ਨੂੰ ਸਿੱਖ ਲਹਿਰ ਬਣਾਉਣ ਦੀ ਜ਼ਿਦ ਕਰ ਰਹੇ ਹਨ।

*(ਚਲਦਾ)*

# ਕਲਮ ਹਥਿਆਰ ! ਕਰੇ ਦੂਰ ਦੂਰ ਤੱਕ ਮਾਰ !

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਦੂਰ ਦਰਾਜ ਦੇ ਇਲਾਕਿਆਂ ਦੀਆਂ ਖਾਣਾਂ ਵਿਚੋਂ ਬੜੀ ਮਿਹਨਤ ਨਾਲ ਸੋਨੇ ਚਾਂਦੀ ਜਿਹੀਆਂ ਬੇਸ਼ਕੀਮਤੀ ਧਾਤਾਂ, ਕੱਚੇ ਮਿਸ਼ਰਣ ਦੇ ਰੂਪ ਵਿਚ ਕੱਢੀਆਂ ਜਾਂਦੀਆਂ ਹਨ। ਕਈ ਤਰ੍ਹਾਂ ਦੇ ਤਰਲ ਪਦਾਰਥਾਂ ਦੀ ਸਹਾਇਤਾ ਨਾਲ ਇਸ ਕੱਚੇ ਮਿਸ਼ਰਣ ਨੂੰ ਮਸ਼ੀਨਾਂ ਰਾਹੀਂ ਸ਼ੁੱਧ ਕੀਤਾ ਜਾਂਦਾ ਹੈ। ਇੰਜ ਪ੍ਰਾਪਤ ਹੋਈਆਂ ਸੋਨੇ ਚਾਂਦੀ ਦੀਆਂ ਡਲੀਆਂ, ਗਹਿਣਿਆਂ ਵਾਂਗ ਕਤੱਈ ਨਹੀਂ ਵਰਤੀਆਂ ਜਾਂਦੀਆਂ ਸਗੋਂ ਕਾਰੀਗਰ ਸੁਨਿਆਰ ਇਨ੍ਹਾਂ ਨੂੰ ਅੱਗ ਦਾ ਸੇਕ ਦੇ ਕੇ, ਭਾਂਤ-ਸੁਭਾਂਤੇ ਗਹਿਣੇ ਬਣਾ ਦਿੰਦਾ ਹੈ। ਸੁਨਿਆਰ ਦੀ ਕਲਾ ਰਾਹੀਂ ਹੋਂਦ ਵਿਚ ਆਏ ਗਹਿਣੇ ਕਿਸੇ ਦੇ ਕੰਨਾਂ ਦੀ, ਕਿਸੇ ਦੀ ਗੋਰੀ ਧੌਣ ਦੀ, ਕਿਸੇ ਦੀ ਵੀਣੀ ਅਤੇ ਕਿਸੇ ਦੇ ਪੈਰਾਂ ਦੀ ਸ਼ਾਨ ਨੂੰ ਚਾਰ ਚੰਨ ਲਾ ਦਿੰਦੇ ਹਨ।

ਠੀਕ ਇਸੇ ਤਰ੍ਹਾਂ ਕਲਮਕਾਰ ਆਪਣੇ ਆਲੇ-ਦੁਆਲੇ ਹੋ-ਬੀਤ ਰਹੇ ਵਰਤਾਰੇ ਵਿਚੋਂ ਹੀ ਕੱਚਾ ਮਸਾਲਾ ਇਕੱਤਰ ਕਰ ਲੈਂਦਾ ਹੈ, ਫਿਰ ਆਪਣੀ ਸੂਝ ਰਾਹੀਂ ਉਸ ਵਿਚੋਂ ਕੁੱਝ ਜ਼ਿਆਦਾ ਚਮਕਦੇ ਦਿਸਦੇ ਟੁਕੜੇ ਅਲੱਗ ਛਾਂਟ ਲੈਂਦਾ ਹੈ। ਕਲਮਕਾਰੀ ਦੀ ਜੁਗਤਿ ਨਾਲ ਇਨ੍ਹਾਂ ਵਿਚੋਂ ਵੀ ਕੁਝ ਕੁ ਨੂੰ ਕਲਮ ਦੀ ਨੋਕ ਵਿਚੀਂ ਲੰਘਾ ਕੇ ਪਾਠਕਾਂ ਅੱਗੇ ਪਰੋਸਦਾ ਹੈ। ਅਗਲੀ ਗੱਲ, ਕਲਮ ਦੀ ਧਾਰ ਵਿਚੋਂ ਨਿਕਲੇ ਹੋਏ ਮਸੌਦੇ ਦੀ 'ਕੁਆਲਿਟੀ' ਉਤੇ ਨਿਰਭਰ ਕਰਦੀ ਹੈ ਕਿ ਉਸ ਵਿਚ ਕਿੰਨੀ ਕੁ 'ਜਾਨ' ਹੈ।

ਜਦ ਤੋਂ ਧਰਤੀ ਉਪਰ ਲਿਖਣ ਪ੍ਰਕਿਰਿਆ ਦਾ ਆਗਾਜ਼ ਹੋਇਆ, ਇਹ ਸਿਲਸਿਲਾ ਲਗਾਤਾਰ ਚੱਲਦਾ ਆ ਰਿਹਾ ਹੈ। ਕਦੀ ਕਦੀ ਕਲਮੀ ਯੋਧਾ ਕੁੱਝ ਅਜਿਹੇ ਨੁਕਤਿਆਂ ਦੀ ਉਧੇੜ-ਬੁਣ ਕਰ ਕੇ ਪਾਠਕਾਂ ਦੀ ਨਜ਼ਰ ਕਰ ਦਿੰਦਾ ਹੈ ਕਿ ਉਹ ਲਿਖਤ ਉਨ੍ਹਾਂ ਦੇ ਧੁਰ ਅੰਦਰ ਤੱਕ ਲਹਿ ਜਾਂਦੀ ਹੈ। ਸਰਸਰੀ ਨਜ਼ਰੇ ਕੋਈ ਗੱਲ ਵੈਸੇ ਜੱਗੋਂ ਤੇਰ੍ਹਵੀਂ ਤਾਂ ਹੁੰਦੀ ਨਹੀਂ, ਬੱਸ ਪੇਸ਼ਕਾਰੀ ਦਾ ਢੰਗ ਹੀ ਉਸ ਨੂੰ ਨਵੀਂ ਜਾਂ ਧਿਆਨਯੋਗ ਬਣਾ ਦਿੰਦਾ ਹੈ। 'ਹਾਲੀ' ਦੇ ਸ਼ਿਅਰ ਹੈ,

ਕੋਈ ਚੀਜ਼ ਨਈ ਨਹੀਂ ਹੋਤੀ ਐ 'ਹਾਲੀ'
ਨਈ ਬਣਾ ਦੇਤਾ ਹੈ ਅੰਦਾਜ਼ੇ-ਬਿਆਂ ਉਸ ਕੋ!

ਜਿਵੇਂ ਪਿੱਛੇ ਜਿਹੇ ਸਾਡੇ ਪਿੰਡ ਇਕ ਕੁੜੀ ਦਾ ਵਿਆਹ ਹੋਇਆ। ਗੱਲ ਤਾਂ ਇਹ ਆਮ ਹੀ ਸੀ। ਦੁਨੀਆਂ 'ਚ ਸੈਂਕੜੇ ਹਜ਼ਾਰਾਂ ਵਿਆਹ ਰੋਜ਼ ਹੁੰਦੇ ਹਨ ਪਰ ਪਿੰਡ ਵਾਲੇ ਮਿੱਤਰ ਨਾਲ ਗੱਲਾਂ ਕਰਦਿਆਂ ਸਹਿਵਨ ਜਦ ਇਸ ਵਿਆਹ ਦਾ ਜ਼ਿਕਰ ਆਇਆ, ਉਦੋਂ ਮੇਰੇ ਕੰਨ ਖੜ੍ਹੇ ਹੋ ਗਏ। ਉਸ ਨੇ ਮੈਨੂੰ ਇਹ ਅਨੋਖੀ ਗੱਲ ਸੁਣਾਈ। ਉਸ ਨੇ ਦੱਸਿਆ ਕਿ ਸਾਡੇ ਪਿੰਡ ਦੇ ਗੁਰਦੁਆਰੇ ਵਿਚ ਜਦੋਂ ਜੰਮੂ ਕਸ਼ਮੀਰ ਤੋਂ ਆਈ ਬਰਾਤ ਅਨੰਦ ਕਾਰਜ ਵਾਸਤੇ ਪਹੁੰਚੀ ਤਾਂ ਦਿਲਚਸਪ ਨਜ਼ਾਰਾ ਦੇਖਣ ਨੂੰ ਮਿਲਿਆ। ਜੰਮੂ ਕਸ਼ਮੀਰ ਦੇ ਵਸਨੀਕ ਹੋਣ ਕਰ ਕੇ ਇਕ ਤਾਂ ਬਰਾਤੀ ਊਂ ਗੋਰੇ ਗੋਰੇ; ਦੂਜੀ ਵਿਸ਼ੇਸ਼ ਗੱਲ ਇਹ ਕਿ ਲਗਭਗ ਸੌ ਕੁ ਬੰਦਿਆਂ ਦੀ ਬਰਾਤ ਵਿਚ ਕੋਈ ਇਕ ਵੀ 'ਸਰਦਾਰ' ਐਸਾ ਨਹੀਂ ਸੀ ਜਿਸ ਨੇ ਦਾੜ੍ਹੀ ਕੱਟੀ ਹੋਵੇ ਜਾਂ ਸਿਰ 'ਤੇ ਦਸਤਾਰ ਨਾ ਸਜਾਈ ਹੋਵੇ।

ਇਸ ਦੇ ਉਲਟ ਧੇਤਿਆਂ (ਧੀ ਵਾਲੇ) ਵਾਲੇ ਪਾਸੇ ਬੈਠੇ ਪੰਜਾਬ ਨਿਵਾਸੀ ਮੇਲੀਆਂ ਵਿਚ ਪੱਗ ਵਾਲਾ ਜਾਂ ਸਾਬਤ ਸੂਰਤ ਕੋਈ ਵਿਰਲਾ-ਟਾਵਾਂ ਹੀ ਨਜ਼ਰੀਂ ਪੈ ਰਿਹਾ ਸੀ। ਮਿੱਤਰ ਦੇ ਕਹਿਣ ਮੁਤਾਬਕ ਇਸ ਵਿਲੱਖਣ ਗੱਲ ਦੀ 'ਚੁਰ ਚੁਰਾ ਮੌਕੇ ਉਤੇ ਹੀ ਹੋਣ ਲੱਗ ਪਈ ਅਤੇ ਪਿੰਡ ਵਿਚ ਵੀ ਕਈ ਦਿਨ ਇਸੇ ਨੁਕਤੇ 'ਤੇ ਤਬਸਰਾ ਹੁੰਦਾ ਰਿਹਾ। ਮਨ ਵਿਚ ਕੁੱਝ ਸੋਚ ਕੇ ਮੈਂ ਉਸ ਵਿਆਹੁੰਦੜ ਦੇ ਬਾਪ ਨਾਲ ਸੰਪਰਕ ਸਾਧਿਆ। ਉਸ ਨੇ ਦਿਲ ਚੀਰਵੀਂ ਜਾਣਕਾਰੀ ਦਿੱਤੀ ਕਿ ਕੁੜੀ ਦੀ ਇੱਛਾ ਅਨੁਸਾਰ ਪੰਜਾਬ ਵਿਚੋਂ ਕੋਈ ਸਾਬਤ ਸੂਰਤ ਮੁੰਡਾ ਹੀ ਨਾ ਲੱਭਿਆ। ਬੜੇ ਯਤਨ ਕੀਤੇ ਪਰ ਆਖਰ ਨੂੰ ਏਡੀ ਦੂਰ ਦੇ ਇਲਾਕੇ ਵਿਚ ਜਾਣਾ ਪਿਆ। ਉਸ ਨੂੰ ਬੇਨਤੀ ਕਰ ਕੇ ਮੈਂ ਅਨੰਦ ਕਾਰਜ ਦੀਆਂ ਪੰਜ-ਸੱਤ ਫ਼ੋਟੋਆਂ ਵੀ ਮੰਗਵਾ ਲਈਆਂ। ਮੈਂ ਖ਼ੁਦ ਵੀ ਤਸੱਲੀ ਕਰ ਲਈ।

ਮਾਦਰੇ-ਵਤਨ ਤੋਂ ਹਜ਼ਾਰਾਂ ਮੀਲ ਦੂਰ ਕੈਲੀਫੋਰਨੀਆ ਬੈਠਿਆਂ ਇਹ ਵੇਰਵਾ ਸੁਣ ਕੇ ਮੇਰੀ ਕਲਮ ਕਲਪਣ ਲੱਗ ਪਈ। ਸ੍ਰੀ ਅਨੰਦਪੁਰ ਸਾਹਿਬ ਦੀ ਠੇਰੀ 'ਤੇ ਮਨਾਈ ਗਈ 1699 ਵਾਲੀ ਇਨਕਲਾਬੀ ਵਿਸਾਖੀ ਦੀਆਂ ਬਰਕਤਾਂ ਦੀ ਲੋਅ ਥੱਲੇ ਅਜੋਕੇ ਪੰਜਾਬ ਲਈ ਹਾਅ ਦਾ ਨਾਹਰਾ ਮਾਰਦਿਆਂ ਮੈਂ ਛੋਟਾ ਜਿਹਾ ਲੇਖ ਲਿਖਿਆ। 'ਪੰਜਾਬ ਦੀ ਸਰਦਾਰੀ ਨੂੰ ਹੀ ਸਰਾਪ ਕਿਉਂ?' ਦੇ ਸਿਰਲੇਖ ਹੇਠ ਮੈਂ ਇਸ ਦੁਖਦਾਈ ਵਰਤਾਰੇ ਨੂੰ ਉਭਾਰਿਆ ਕਿ ਦਿੱਲੀ-ਹਰਿਆਣੇ, ਹਿਮਾਚਲ ਜਾਂ ਜੰਮੂ ਕਸ਼ਮੀਰ ਦੀ ਸਿੱਖੀ ਦੇ ਮੁਕਾਬਲੇ ਪੰਜਾਬ ਦੀ ਸਿੱਖ ਫੁਲਵਾੜੀ ਨੂੰ ਕਾਹਦਾ ਸਰਾਪ ਪਿਆ ਹੋਇਆ ਹੈ? ਪੰਜਾਬ ਵਿਚ ਉਹ ਕਿਹੜਾ ਕਲਹਿਣਾ ਚਿਰਾਗ ਬਲ ਰਿਹਾ ਹੈ ਜੋ ਘਰ ਨੂੰ ਹੀ ਫੂਕਣ ਦਾ ਸਬੱਬ ਬਣਿਆ ਹੋਇਆ ਹੈ? ਹੈ ਕੋਈ ਬੁੱਧੀਜੀਵੀ, ਕੋਈ ਸਮਾਜ ਸ਼ਾਸਤਰੀ ਜੋ ਇਸ ਬਿਮਾਰੀ ਦੀ ਜੜ੍ਹ ਲੱਭ ਸਕੇ? ਪਿੰਡ ਵਾਲੇ ਅਨੰਦ ਕਾਰਜ ਦੀਆਂ ਕੁੱਝ ਫ਼ੋਟੋਆਂ ਸਮੇਤ ਮੇਰਾ ਇਹ ਲੇਖ ਦੇਸ਼-ਵਿਦੇਸ਼ ਦੀਆਂ ਕਈ ਅਖ਼ਬਾਰਾਂ/ਮੈਗਜ਼ੀਨਾਂ ਅਤੇ ਵੈਬਸਾਈਟਾਂ ਨੇ ਛਾਪਿਆ।

ਇਸ ਦੇ ਪ੍ਰਤੀਕਰਮ ਵਜੋਂ ਅਨੇਕਾਂ 'ਈ-ਮੇਲਾਂ' ਅਤੇ ਫੋਨ ਆਏ। ਤਰਨਤਾਰਨ ਲਾਗੇ ਦੇ ਪਿੰਡ 'ਮੁੰਡਾ' ਦੇ ਇਕ ਮੁੰਡੇ ਨੇ ਫੋਨ 'ਤੇ ਮੇਰੀ ਲਿਖਤ ਦੀ ਤਾਈਦ ਕਰਦਿਆਂ ਆਪਣੀ ਹੱਡ ਬੀਤੀ ਸੁਣਾਈ, "ਤੁਹਾਡੀ ਗੱਲ ਸੌ ਪ੍ਰਤੀਸ਼ਤ ਸੱਚੀ ਹੈ। ਅਸੀਂ ਚਾਰ-ਪੰਜ ਮੁੰਡੇ ਪੰਜਾਬ ਤੋਂ ਜੰਮੂ ਕਸ਼ਮੀਰ ਬੀ.ਐਡ. ਕਰਨ ਗਏ ਸੀ। ਉਥੋਂ ਦੇ ਸਰਦਾਰ ਸਾਡੀਆਂ ਕਤਰੀਆਂ ਦਾੜ੍ਹੀਆਂ ਦੇਖ-ਦੇਖ ਕੇ ਬੜੇ ਹੈਰਾਨ ਹੁੰਦੇ। ਹੋਰ ਤਾਂ ਹੋਰ, ਤੁਸੀਂ ਉਥੋਂ ਦੇ ਮੁਸਲਿਮ ਨਾਈ ਦੀ ਵਾਰਤਾ ਸੁਣ ਕੇ ਤਾਂ ਦੰਗ ਹੀ ਰਹਿ ਜਾਉਗੇ।

ਮੁਸਲਮਾਨ ਨਾਈ ਨੇ ਪਤਾ ਜੇ ਕੀ ਕਾਰਨਾਮਾ ਕੀਤਾ? ਸੁਣੋ ਜ਼ਰਾ! ਜੰਮੂ ਪਹੁੰਚ ਕੇ ਅਸੀਂ ਚਾਰੇ ਪੰਜੇ 'ਪੰਜਾਬੀ ਸਰਦਾਰ' ਹਫ਼ਤੇ ਕੁ ਬਾਅਦ ਕਿਸੇ ਬਾਜ਼ਾਰ ਵੱਲ ਨਿਕਲ ਤੁਰੇ ਤਾਂ ਕਿ ਆਪਣੀਆਂ ਦਾੜ੍ਹੀਆਂ ਦੀ ਛਾਂਗ-ਛੰਗਾਈ ਕਰਵਾ ਸਕੀਏ। ਨਾਈ ਦੀ ਦੁਕਾਨ ਲੱਭਦੇ-ਲਭਾਉਂਦੇ ਇਕ ਮੁਸਲਮਾਨ ਹਜ਼ਾਮਤੀਏ ਦੀ ਦੁਕਾਨ 'ਚ ਜਾ ਵੜੇ।

'ਆਉ ਸਰਦਾਰ ਜੀ, ਕਿਵੇਂ ਆਉਣਾ ਹੋਇਆ?' ਮੁਸਲਮਾਨ ਨਾਈ ਨੇ ਇਨ੍ਹਾਂ ਨੂੰ ਅੰਦਰ ਵੜਦਿਆਂ ਨੂੰ ਪੁੱਛਿਆ।

'ਜਨਾਬ, ਅਹੀਂ ਕਟਿੰਗ ਕਰਾਉਣ ਆਏ ਹਾਂ।'

'ਓ ਸਰਦਾਰੋ ਤੁਸੀਂ ਕਟਿੰਗ ਕਰਾਉਣ ਆਏ ਹੋ? ਭਰਾਉ, ਮੈਨੂੰ ਤੇ ਯਾਰਾਂ-ਬਾਰਾਂ ਸਾਲ ਹੋ ਗਏ ਇਹੀ ਕਿੱਤਾ ਕਰਦਿਆਂ, ਮੇਰੀ ਸ਼ਾਪ ਵਿਚ ਕੋਈ ਸਰਦਾਰ ਅੱਜ ਪਹਿਲੀ ਵਾਰ ਹੀ ਆਇਆ ਏ! ਤੁਸੀਂ ਕਿਤਿਉਂ ਦੁਰੇਡਿਉਂ ਆਏ ਲਗਦੇ ਜੇ! ਨਾਲੇ ਤੁਹਾਡਾ ਮਜ਼ਹਬ ਤਾਂ ਸਰਦਾਰ ਜੀ, ਇਸ ਗੱਲ ਦੀ ਇਜਾਜ਼ਤ ਈ ਨਹੀਂ ਦਿੰਦਾ? ਮੈਂ ਤੁਹਾਨੂੰ ਬੇ-ਦੀਨ ਨਹੀਂ ਕਰਾਂਗਾ। ਬਰਾਏ ਮਿਹਰਬਾਨੀ, ਤੁਸੀਂ ਮੇਰੀ ਦੁਕਾਨ ਤੋਂ ਬਾਹਰ ਤਸ਼ਰੀਫ਼ ਲੈ ਜਾਉ।'

ਲਉ ਜੀ, ਮੁਸਲਮਾਨ ਤੋਂ ਆਪਣੇ ਧਰਮ ਦਾ ਸਬਕ ਸੁਣਨ ਵਾਲੇ ਇਸ ਪੰਜਾਬੀ ਮੁੰਡੇ ਦੀ ਆਪ ਬੀਤੀ ਸੁਣ ਕੇ ਹੈਰਾਨ ਹੁੰਦਿਆਂ, ਮੈਂ ਫਿਰ ਕਲਮ ਨੂੰ ਹਥਿਆਰ ਬਣਾ ਲਿਆ। 'ਇਕ ਮੁਸਲਮਾਨ ਦੀ ਕੈਂਚੀ ਨੇ ਕੱਟੀ ਨਾ ਸਿੱਖ ਦੀ ਦਾੜ੍ਹੀ!' ਦੇ ਸਿਰਲੇਖ ਅਧੀਨ ਇਸ ਵਾਰਤਾ ਨੂੰ ਕਲਮਬੰਦ ਕਰ ਕੇ ਮੀਡੀਏ ਵਿਚ ਭੇਜਿਆ। ਸਿੱਖ ਹਿਤਾਂ ਨਾਲ ਤੇਹ-ਮੋਹ ਰਖਾਉਣ ਵਾਲੇ ਕਈ ਅਖ਼ਬਾਰਾਂ ਅਤੇ ਮੈਗਜ਼ੀਨਾਂ ਨੇ ਇਸ ਨਿਕੜੇ ਜਿਹੇ ਲੇਖ ਨੂੰ ਵੀ ਵੱਡੀ ਪ੍ਰਮੁੱਖਤਾ ਨਾਲ ਛਾਪਿਆ।

ਉਡਦੀ-ਉਡਦੀ ਗੱਲ ਜੰਮੂ ਵੀ ਜਾ ਪਹੁੰਚੀ। ਉਥੇ ਕੰਮ ਕਰ ਰਹੀ 'ਵਿਰਸਾ ਸੰਭਾਲ ਸੰਸਥਾ' ਦੇ ਇਕ ਪ੍ਰਬੰਧਕ ਭਾਈ ਮਨਜੀਤ ਸਿੰਘ ਨੇ ਮੇਰੇ ਨਾਲ ਸੰਪਰਕ ਕੀਤਾ। ਇਧਰੋਂ ਉਧਰੋਂ ਫੋਨ ਨੰਬਰ ਲੈ ਕੇ, ਉਨ੍ਹਾਂ ਸਾਡੇ ਪਿੰਡ ਵਿਆਹੁਣ ਗਿਆ ਗੁਰਸਿੱਖ ਲਾੜਾ ਤਾਂ ਲੱਭ ਲਿਆ ਹੈ, ਹੁਣ ਉਹ ਤਰਨਤਾਰਨ ਲਾਗਲੇ ਪਿੰਡ 'ਮੁੰਡਾ' ਦੇ ਅਧਿਆਪਕ ਨੂੰ ਲੈ ਕੇ ਜੰਮੂ ਦੇ ਉਸ ਮੁਸਲਿਮ ਨਾਈ ਦੀ ਭਾਲ ਕਰਨ ਲਈ ਸਰਗਰਮ ਹੋਏ ਹੋਏ ਨੇ। ਉਨ੍ਹਾਂ ਦੀ ਯੋਜਨਾ ਹੈ ਕਿ ਜੰਮੂ ਕਸ਼ਮੀਰ ਵਿਚ ਪੰਥਕ ਇਕੱਠ ਕਰ ਕੇ ਇਨ੍ਹਾਂ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਜਾਵੇ।

ਹੈ ਨਾ ਕਮਾਲ? ਸੱਤ ਸਮੁੰਦਰੋਂ ਪਾਰ, ਕੈਲੀਫੋਰਨੀਆ ਬੈਠਿਆਂ ਚਲਾਇਆ ਹੋਇਆ ਕਲਮ ਹਥਿਆਰ, ਕਰੇ ਦੂਰ ਦੂਰ ਤਕ ਮਾਰ।

---

## ਸਤਿਜੁਗੀ ਲੋਕ-4

# ਮਾਂ-ਜਾਈ ਹੀ ਤਾਂ ਹੈਂ ਤੂੰ ਮੇਰੀ !

ਕੁਛ ਦਿਨ ਪਹਿਲਾਂ ਦੀ ਘਟਨਾ ਹੈ। ਮੈਂ ਦਿੱਲੀ ਆਪਣੇ ਘਰ ਦੇ ਸਾਹਮਣੇ ਗਲੀ ਵਿਚ ਕੁਛ ਗੁਆਂਢੀਆਂ ਨਾਲ ਖੜ੍ਹਾ ਗੱਲਾਂ ਕਰ ਰਿਹਾ ਸੀ। ਉਨ੍ਹਾਂ ਵਿਚੋਂ ਇਕ ਦਾ ਦਸ ਕੁ ਸਾਲ ਦਾ ਲੜਕਾ ਆਇਆ ਅਤੇ ਕਹਿੰਦਾ, "ਡੈਡੀ, ਆਪ ਕੀ ਸਿਸਟਰ ਆਈ ਹੈ, ਘਰ ਚਲੀਏ।" ਏਨਾਂ ਕਹਿ ਕੇ ਵਾਪਸ ਭੱਜਣ ਲੱਗੇ ਦੀ ਮੈਂ ਬਾਂਹ ਫੜ ਲਈ ਅਤੇ ਕਿਹਾ, "ਬੇਟਾ, ਉਹ ਤੇਰੀ ਵੀ ਕੁਛ ਲਗਦੀ ਹੈ ਕਿ ਨਹੀਂ?" ਉਹਨੇ ਰਿਸ਼ਤਾ ਯਾਦ ਕਰਨ ਵਾਲਿਆਂ ਵਾਂਗ ਕਿਹਾ, "ਲਗਤੀ ਹੈ... ਉਂ... ਉਂ...ਬੂਆ!" ਤੇ ਉਹ ਬਾਂਹ ਛੁਡਾ ਕੇ ਭੱਜ ਗਿਆ। ਜੇ ਸਰਸਰੀ ਦੇਖੋ, ਗੱਲ ਛੋਟੀ ਜਿਹੀ ਹੈ ਪਰ ਜੇ ਧਿਆਨ ਨਾਲ ਸੋਚੋ, ਗੱਲ ਬਹੁਤ ਵੱਡੀ ਹੈ। ਇਹ ਸਾਡੇ ਸਮਾਜ ਵਿਚ ਰਿਸ਼ਤਿਆਂ ਦੀ ਪਛਾਣ ਅਤੇ ਪਕੜ ਮੱਧਮ ਪੈਂਦੀ ਜਾਣ ਦੀ ਨਿਸ਼ਾਨੀ ਹੈ।



ਗੁਰਬਚਨ ਸਿੰਘ ਭੁੱਲਰ
ਫੋਨ:91-11-65736868
e-mail: bhullargs@gmail.com

ਅੱਜ ਸੁਣਾਉਣ ਵਾਲੀ ਵਾਰਤਾ ਦੀ ਭੂਮਿਕਾ ਵਜੋਂ ਇਕ ਹੋਰ ਗੱਲ ਸੁਣਾਉਣੀ ਵੀ ਜ਼ਰੂਰੀ ਹੈ। ਕੋਈ ਚਾਲੀ ਸਾਲ ਪਹਿਲਾਂ ਦੀ ਗੱਲ ਹੈ। ਮੇਰੇ ਬਾਪੂ ਜੀ ਦਿੱਲੀ ਸਾਡੇ ਨਾਲ ਰਹਿੰਦਿਆਂ ਜਦੋਂ ਸਾਂਝੀ ਕੰਧ ਵਾਲੇ ਗੁਆਂਢੀਆਂ ਨੂੰ ਇਕ ਦੂਜੇ ਦੇ ਅੱਗੇ-ਪਿੱਛੇ ਬਾਰੇ ਬਿਲਕੁਲ ਬੇਪਤਾ ਦੇਖਦੇ ਤਾਂ ਬੜੇ ਹੈਰਾਨ ਹੁੰਦੇ। ਉਹ ਆਖਿਆ ਕਰਦੇ ਸਨ, ਸਾਡੇ ਜ਼ਮਾਨੇ ਵਿਚ ਲੋਕ ਅਣਜਾਣੇ ਬੰਦੇ ਨਾਲ ਪੈਦਲ ਰਾਹ ਤੁਰਦਿਆਂ ਜਾਂ ਰੇਲ-ਗੱਡੀ ਵਿਚ ਕੋਲ ਬੈਠਿਆਂ ਇਕ ਦੂਜੇ ਦਾ ਨਾਂ-ਪਤਾ, ਪਿੰਡ-ਗਰਾਂ ਤਾਂ ਪੁਛਦੇ ਹੀ, ਨਾਨਕਿਆਂ-ਦਾਦਕਿਆਂ, ਸਕੇ-ਸਬੰਧੀਆਂ, ਵਾਹੀ-ਖੇਤੀ ਤੱਕ ਹੋਰ ਸਾਰੀ ਜਾਣਕਾਰੀ ਵੀ ਲੈ ਲੈਂਦੇ ਸਨ।

ਅਸੀਂ ਉਸ ਸਮੇਂ ਜਿਸ ਫ਼ਲੈਟ ਵਿਚ ਰਹਿੰਦੇ ਸਾਂ, ਉਹ ਪੌੜੀਆਂ ਚੜ੍ਹ ਕੇ ਖੱਬੇ ਪਾਸੇ ਸੀ ਅਤੇ ਸਾਹਮਣੇ ਸੱਜੇ ਪਾਸੇ ਇਕ ਹੋਰ ਪੰਜਾਬੀ ਪਰਿਵਾਰ ਰਹਿੰਦਾ ਸੀ। ਦੋਵਾਂ ਦਰਵਾਜ਼ਿਆਂ ਵਿਚਕਾਰ ਮਸਾਂ ਤਿੰਨ ਕੁ ਗਜ਼ ਦੀ ਵਿੱਥ ਸੀ। ਜਦੋਂ ਕਦੀ ਪੌੜੀਆਂ ਵਿਚ ਮੇਲ ਹੁੰਦਾ, ਮੈਂ ਉਹਨੂੰ ਮਦਾਨ ਸਾਹਿਬ ਆਖ ਕੇ ਦੁਆ-ਸਲਾਮ ਕਰ ਦਿੰਦਾ, ਉਹ ਮੈਨੂੰ ਭੁੱਲਰ ਸਾਹਿਬ ਆਖ ਕੇ ਜਵਾਬ ਦੇ ਦਿੰਦਾ। ਬਾਪੂ ਜੀ ਇਕ ਦਿਨ ਮੈਨੂੰ ਕਹਿੰਦੇ, "ਐਹ ਆਪਣੇ ਸਾਹਮਣੇ ਵਾਲੇ ਮਦਾਨ ਦਾ ਨਾਂ ਕੀ ਐ ਤੇ ਇਹ ਕਿਥੋਂ ਦੇ ਨੇ?" ਮੈਂ ਕਿਹਾ, "ਪਤਾ ਨਹੀਂ। ਕਦੇ ਕੁਛ ਜਾਣਨ ਦੀ ਲੋੜ ਹੀ ਨਹੀਂ ਪਈ। ਨਾਂ ਤਾਂ ਸਭ ਮਦਾਨ ਹੀ ਲੈਂਦੇ ਨੇ।" ਉਹ ਹੈਰਾਨ ਹੋਏ, "ਹੱਦ ਹੋ ਗਈ! ਗੁਆਂਢੀ ਹਾਂ, ਤੇ ਨਾਂ-ਥਾਂ ਦਾ ਪਤਾ ਨਹੀਂ।" ਮੈਂ ਕੱਚਾ ਜਿਹਾ ਹੋ ਕੇ ਕਿਹਾ, "ਬਾਪੂ ਜੀ, ਵੱਡੇ ਸ਼ਹਿਰਾਂ ਦਾ ਜੀਵਨ ਆਪਣੇ ਪਿੰਡਾਂ ਨਾਲੋਂ ਬਿਲਕੁਲ ਵੱਖਰਾ ਹੈ। ਇਥੇ ਇਹੋ ਜਿਹੀ ਪੁੱਛ-ਦੱਸ ਦਾ ਲੋਕ ਬੁਰਾ ਮਨਾਉਂਦੇ ਨੇ। ਕਹਿੰਦੇ ਨੇ, ਕਿਸੇ ਦੂਜੇ ਨੂੰ ਇਨ੍ਹਾਂ ਗੱਲਾਂ ਨਾਲ ਕੀ ਮਤਲਬ।" ਉਹ ਬੋਲੇ, "ਉਨ੍ਹਾਂ ਦੀ ਗੱਲ ਠੀਕ ਹੈ। ਜੋ 'ਕਿਸੇ' ਹੈ, ਉਹਦਾ ਇਹ ਸਭ ਪੁੱਛਣ ਦਾ ਕੀ ਮਤਲਬ। ਪਰ ਅਸੀਂ ਕਿਸੇ ਥੋੜ੍ਹੋ ਹਾਂ, ਅਸੀਂ ਤਾਂ ਗੁਆਂਢੀ ਹਾਂ!" ਇਸ ਮਾਨਵਵਾਦੀ ਤਰਕ ਦਾ ਕੀ ਜਵਾਬ ਹੋ ਸਕਦਾ ਸੀ, ਮੈਂ ਚੁੱਪ ਕਰਨਾ ਹੀ ਠੀਕ ਸਮਝਿਆ।

ਮੈਂ ਸੋਚਿਆ, ਗੱਲ ਮੁੱਕ ਗਈ ਪਰ ਮੁੱਕੀ ਹੈ ਨਹੀਂ ਸੀ। ਸ਼ਾਮ ਨੂੰ ਬਾਪੂ ਜੀ ਨੇੜਲੇ ਪਾਰਕ ਵਿਚ ਸੈਰ ਕਰ ਕੇ ਮੁੜੇ ਤਾਂ ਸਾਨੂੰ ਦੋਵਾਂ ਨੂੰ ਕੋਲ ਬੁਲਾ ਕੇ ਮਦਾਨ ਦਾ ਪੂਰਾ ਨਾਂ, ਉਨ੍ਹਾਂ ਦਾ ਪਾਕਿਸਤਾਨ ਦਾ ਪਿੱਛਾ, ਭਰਾ-ਭੈਣ, ਮਾਮੇ-ਭੂਆ, ਦਫ਼ਤਰ ਵਗੈਰਾ ਦੀ ਸਾਰੀ ਜਾਣਕਾਰੀ ਦੇ ਦਿੱਤੀ ਅਤੇ ਬੋਲੇ, "ਮਦਾਨ ਦੇ ਘਰੋਂ ਬੀਬੀ ਬੜੀ ਭਲੀ ਹੈ, ਮੱਲੋਜ਼ੋਰੀ ਮਠਿਆਈ ਨਾਲ ਚਾਹ ਪਿਆਈ।"

ਇਕ ਰਿਸ਼ਤਾ ਸਕੇ-ਸਬੰਧੀਆਂ ਤੇ ਗੁਆਂਢੀਆਂ ਨਾਲ ਹੁੰਦਾ ਹੈ ਅਤੇ ਇਕ ਰਿਸ਼ਤਾ ਵਾਕਫ਼ਾਂ-ਦੋਸਤਾਂ ਤੇ ਸਹਿਕਰਮੀਆਂ ਨਾਲ ਹੁੰਦਾ ਹੈ। ਪਰ ਜੇ ਸਮਝੀਏ ਤਾਂ ਮਨੁੱਖ ਦੇ ਨਾਤੇ ਸਾਡਾ ਇਕ ਰਿਸ਼ਤਾ ਹਰ ਮਨੁੱਖ ਨਾਲ ਹੁੰਦਾ ਹੈ, ਉਹਨੂੰ ਅਸੀਂ ਜਾਣਦੇ ਹੋਈਏ ਜਾਂ ਨਾ। ਜਾਨਵਰਾਂ ਨੂੰ ਕੁਦਰਤ ਨੇ ਇਹ ਸਮਰੱਥਾ ਨਹੀਂ ਦਿੱਤੀ ਪਰ ਅਸੀਂ ਕਿਸੇ ਵੀ ਮਨੁੱਖ ਦੇ ਸੁਖ ਵਿਚ ਸੁਖੀ ਅਤੇ ਦੁੱਖ ਵਿਚ ਦੁਖੀ ਮਹਿਸੂਸ ਕਰਨ ਦੇ ਸਮਰੱਥ ਹਾਂ ਅਤੇ ਸਾਨੂੰ ਕਰਨਾ ਚਾਹੀਦਾ ਵੀ ਹੈ!

ਜਦੋਂ ਕਦੇ ਅਜਿਹਾ ਜ਼ਿਕਰ ਚਲਦਾ ਹੈ, ਚਾਚਾ ਬਖ਼ਸ਼ੀ ਸਿੰਘ ਯਾਦ ਆ ਜਾਂਦਾ ਹੈ। ਉਹ ਸਾਡੇ ਸਕੇ ਘਰਾਂ ਵਿਚੋਂ ਤਾਂ ਨਹੀਂ ਸੀ ਪਰ ਉਨ੍ਹਾਂ ਦਾ ਮਕਾਨ ਸਾਡੇ ਨੇੜੇ ਹੀ ਸੀ। ਚਾਚੇ ਦੀਆਂ ਤਿੰਨ ਭੈਣਾਂ ਸਨ, ਸਾਡੀਆਂ ਭੂਆ। ਉਸ ਦੇ ਦੁਖਦੇ-ਸੁਖਦੇ, ਖ਼ੁਸ਼ੀ-ਗ਼ਮੀ ਦੇ ਹਰ ਮੌਕੇ ਉਹ ਤਿੰਨੇ ਆ ਹਾਜ਼ਰ ਹੁੰਦੀਆਂ। ਜਦੋਂ ਮੈਂ ਕੁਛ ਵੱਡਾ ਹੋਇਆ ਤਾਂ ਇਕ ਦਿਨ ਉਨ੍ਹਾਂ ਦੇ ਟੱਬਰ ਦੀ ਅਤੇ ਚਾਚੇ ਦੇ ਚੰਗੇ ਸੁਭਾਅ ਦੀ ਗੱਲ ਚੱਲੀ ਤੋਂ ਮੇਰੀ ਮਾਂ ਕਹਿੰਦੀ, "ਸਕੀਆਂ ਭੈਣਾਂ ਤਾਂ ਤੇਰੇ ਚਾਚੇ ਦੀਆਂ ਦੋ ਹੀ ਨੇ, ਤੀਜੀ ਬੰਤੋ ਦੀ ਤਾਂ ਭਾਈ ਹੋਰ ਹੀ ਕਹਾਣੀ ਹੈ।" ਜਦੋਂ ਮਾਂ ਨੇ ਪੂਰਾ ਕਿੱਸਾ ਸੁਣਾਇਆ, ਉਸ ਸਮੇਂ ਦੇ ਪੇਂਡੂ ਮਾਹੌਲ ਵਿਚ ਨੇਕ ਬੰਦਿਆਂ ਦੀ ਅਤੇ ਉਨ੍ਹਾਂ ਦੇ ਨਿਰਮਲ ਦਿਲਾਂ ਦੀਆਂ ਗੱਲਾਂ ਦੀ ਕੋਈ ਘਾਟ ਨਾ ਹੋਣ ਦੇ ਬਾਵਜੂਦ ਮੈਂ ਹੈਰਾਨ ਰਹਿ ਗਿਆ। ਮੇਰੇ ਮੂੰਹੋਂ ਸੁਤੇ-ਸਿਧ ਨਿੱਕਲ ਗਿਆ, "ਵਾਹ ਚਾਚਾ ਬਖ਼ਸ਼ੀ ਸਿਆਂ, ਕਮਾਲ ਕਰ ਦਿੱਤੀ ਤੂੰ ਤਾਂ!"

ਹੁਣ ਤਾਂ ਰੱਬ ਜਾਣੇ, ਉਸ ਤੋਂ ਵੀ ਵੱਡਾ ਜੰਕਸ਼ਨ ਹੋਰ ਕੋਈ ਹੋਰ ਕਿਤੇ ਬਣ ਗਿਆ ਹੈ ਕਿ ਨਹੀਂ, ਬਠਿੰਡਾ ਉਦੋਂ ਰੇਲਾਂ ਦਾ ਏਸ਼ੀਆ ਦਾ ਸਭ ਤੋਂ ਵੱਡਾ ਜੰਕਸ਼ਨ ਮੰਨਿਆ ਜਾਂਦਾ ਸੀ। ਉਥੋਂ ਸੱਤ ਪਾਸਿਆਂ ਨੂੰ ਰੇਲਾਂ ਜਾਂਦੀਆਂ ਹਨ। ਮਤਲਬ ਵਾਇਆ ਬਠਿੰਡਾ ਕਿਤੇ ਵੀ ਪਹੁੰਚਿਆ ਜਾ ਸਕਦਾ ਹੈ। ਸਾਡੇ ਪਿੰਡ ਵਾਸਤੇ ਬਠਿੰਡਾ-ਅੰਬਾਲਾ ਲਾਈਨ ਉਤੇ ਚੌਵੀ ਘੰਟਿਆਂ ਵਿਚ ਦੋ ਗੱਡੀਆਂ ਇਧਰ ਨੂੰ ਅਤੇ ਦੋ ਉਧਰ ਨੂੰ ਚਲਦੀਆਂ ਸਨ। ਅੱਜ ਦੇ ਮਾਰੋਮਾਰ ਰੁਝੇਵੇਂ ਨਹੀਂ ਸਨ ਹੁੰਦੇ। ਇਕ ਰੇਲ ਖੁੰਝੀ ਤੋਂ ਲੋਕ ਪਲੇਟਫ਼ਾਰਮ ਉਤੇ ਬੈਠੇ ਆਰਾਮ ਨਾਲ ਗੱਲਾਂ ਮਾਰਦੇ ਹੋਏ ਜਾਂ ਲੰਮੇ ਪਏ ਹੋਏ ਅਗਲੀ ਗੱਡੀ ਦੀ ਉਡੀਕ ਕਰਦੇ ਰਹਿੰਦੇ।

ਇਕ ਦਿਨ ਚਾਚਾ ਬਖ਼ਸ਼ੀ ਸਿੰਘ ਬਠਿੰਡੇ ਦੇ ਮੁਸਾਫ਼ਰਖਾਨੇ ਦੇ ਬੈਂਚ ਉਤੇ ਬੈਠਾ ਰੇਲ ਉਡੀਕ ਰਿਹਾ ਸੀ ਤਾਂ ਇਕ ਸੁਆਣੀ ਉਸੇ ਬੈਂਚ ਉਤੇ ਗਠੜੀ ਰੱਖ ਕੇ ਬੈਠ ਗਈ। ਗੱਲਾਂ ਤਾਂ ਚੱਲਣੀਆਂ ਹੀ ਹੋਈਆਂ। ਲੋਕ ਇਕ ਦੂਜੇ ਨਾਲ ਮਨੁੱਖੀ ਰਿਸ਼ਤਾ ਸਮਝਦਿਆਂ ਗੱਲੀਂ ਪੈਂਦੇ ਹੀ ਸਨ। ਸੁਆਣੀ ਨੇ ਆਪਣੇ ਪਿੰਡ ਜਾਣ ਵਾਸਤੇ ਮਾਨਸਾ ਵਾਲੀ ਗੱਡੀ ਫੜਨੀ ਸੀ। ਚਾਚੇ ਨੂੰ ਲੱਗਿਆ, ਕੋਈ ਕਸਰ ਜ਼ਰੂਰ ਹੈ, ਉਹ ਕੁਛ ਢਿੱਲੀ ਜਿਹੀ ਹੈ। ਉਹਨੇ ਪੁੱਛਿਆ, ਬੀਬੀ, ਤੇਰਾ ਕੁਛ ਦੁਖਦਾ ਹੈ? ਉਹਨੇ ਨਹੀਂ ਵਿਚ ਸਿਰ ਫੇਰਿਆ। ਚਾਚਾ ਕਹਿੰਦਾ, ਫੇਰ ਭਾਈ ਤੂੰ ਉਦਾਸੀ ਜਿਹੀ ਕਿਉਂ ਹੈਂ?

ਉਹ ਬੋਲੀ, "ਕੀ ਦੱਸਾਂ ਭਾਈ, ਮਹੀਨੇ ਕੁ ਨੂੰ ਮੇਰੀ ਧੀ ਦਾ ਵਿਆਹ ਐ। ਅੱਜ ਸੁਨਿਆਰ ਨੂੰ ਕੁਛ ਟੂਮ-ਟੱਲਾ ਬਣਨਾ ਦੇ ਕੇ ਆਈ ਆਂ ਤੇ ਐਹ ਕੁਛ ਲੀੜੇ-ਲੱਤੇ ਲੈ ਕੇ ਚੱਲੀ ਆਂ। ਵਿਆਹ ਦੀ ਖਰੀਦ ਵਿਚ ਲੱਗੀ ਦੀ ਮੇਰੀ ਸੁਰਤ ਮੁੜ ਮੁੜ ਪੇਕਿਆਂ ਵੰਨੀਂ ਭਟਕਦੀ ਰਹੀ। ਮੇਰੇ ਕੋਈ ਭਰਾ ਨਹੀਂ। ਮੈਨੂੰ ਇਹੋ ਵਿਗੋਚਾ ਖਾਈ ਜਾਂਦਾ ਐ ਭਾਈ, ਨਾਨਕੇ ਵਿਹਾਰ ਕਿਵੇਂ ਨਿਭਣਗੇ! ਜੇ ਰੱਬ ਨੇ ਮੇਰੀ ਧੀ ਦਾ ਕੋਈ ਸਕਾ ਮਾਮਾ ਦਿੱਤਾ ਹੁੰਦਾ, ਹੁੱਬ ਕੇ ਵਿਆਹ ਆਉਂਦਾ ਤੇ ਸਾਰੇ ਵਿਹਾਰ ਨਿਭਾਉਂਦਾ!" ਉਹਦੀਆਂ ਅੱਖਾਂ ਭਿੱਜ ਗਈਆਂ ਤੇ ਉਹ ਹੌਕਾ ਲੈ ਕੇ ਚੁੱਪ ਕਰ ਗਈ।

ਚਾਚੇ ਨੇ ਉਹਦਾ ਉਦਾਸਿਆ ਚਿਹਰਾ ਗਹੁ ਨਾਲ ਦੇਖਿਆ ਤੇ ਕਹਿੰਦਾ, "ਕੁੜੀਏ ਕੌਣ ਕਹਿੰਦਾ ਹੈ, ਤੇਰੇ ਭਰਾ ਨਹੀਂ, ਐਹ ਦੇਖ ਬੈਠਾ ਤੇਰਾ ਭਰਾ, ਤੇਰਾ ਸਕਾ ਭਰਾ! ਬਖ਼ਸ਼ੀ ਸਿਉਂ ਨਾਂ ਹੈ ਮੇਰਾ ਤੇ ਪਿੰਡ ਪਿੱਥੋ। ਪੂਰੇ ਪਿੰਡ ਵਿਚ ਹੋਰ ਕੋਈ ਬਖ਼ਸ਼ੀ ਹੈ ਹੀ ਨਹੀਂ। ਦੋ ਅੱਖਰ ਲਿਖਾ ਕੇ ਡਾਕਖਾਨੇ ਦਾ ਕੱਚਾ ਕਾਟ ਨਾ ਪਾ ਦੇਈਂ, ਨਾਈ ਹੱਥ ਪੱਕੀ ਗੰਢ ਭੇਜੀਂ। ਨਾਈ ਨੂੰ ਉਹਦਾ ਵਿਹਾਰ ਦੇਊਂ। ਵਿਆਹ ਵੇਲੇ ਜੋ ਟੂਮ-ਟਾਕੀ ਸਰੀ, ਮੈਂ ਤੇਰੀ ਭਰਜਾਈ ਤੇ ਹੋਰ ਸਾਰੇ ਮਹੈਣ ਨਾਲ ਨਾਨਕ-ਛੱਕ ਲੈ ਕੇ ਆਊਂਗਾ। ਨਾਨਕਿਆਂ ਵਾਲੇ ਪੂਰੇ ਵਿਹਾਰ ਕਰਾਂਗੇ ਅੱਗੇ ਹੋ ਹੋ! ਐਵੇਂ ਨਾ ਉਦਾਸ ਬੈਠ। ਧੀ ਦਾ ਸਾਹਾ ਐ, ਖ਼ੁਸ਼ੀ ਦਾ ਮੌਕਾ ਐ, ਖ਼ੁਸ਼ ਹੋ ਕਮਲੀਏ!" ਬੇਯਕੀਨੀ ਜਿਹੀ ਨਾਲ ਸੁਣਦੀ ਰਹੀ ਬੀਬੀ ਦਾ ਜਿਵੇਂ ਕੜ ਪਾਟ ਗਿਆ ਹੋਵੇ। ਉਹ ਉਠ ਕੇ ਚਾਚੇ ਦੇ ਗ਼ਲ ਨੂੰ ਚਿੰਬੜ ਕੇ ਧਾਹਾਂ ਮਾਰਨ ਲੱਗੀ, "ਕਿਥੇ ਗੁਆਚਿਆ ਰਿਹਾ ਵੇ ਮੇਰਿਆ ਸਰਵਣਾ ਵੀਰਾ!"

ਨਾਈ ਗੰਢ ਲਿਆਇਆ, ਚਾਚੀ ਨੇ ਉਹਨੂੰ ਖੇਸ ਤੇ ਪੰਜ ਰੁਪਈਏ ਦਿੱਤੇ। ਭਾਣਜੀ ਦੇ ਵਿਆਹ ਦਾ ਸਾਰਾ ਲੈਣ-ਦੇਣ ਉਸੇ ਹਿਸਾਬ ਨਾਲ ਕੀਤਾ ਜਿਵੇਂ ਦੋਵਾਂ ਸਕੀਆਂ ਭੈਣਾਂ ਦੀਆਂ ਧੀਆਂ ਦੇ ਵਿਆਹਾਂ ਵੇਲੇ ਕੀਤਾ ਸੀ। ਉਸ ਦਿਨ ਤੋਂ ਚਾਚੇ ਦੀਆਂ ਦੋ ਦੀ ਥਾਂ ਤਿੰਨ ਸਕੀਆਂ ਭੈਣਾਂ ਤਾਂ ਹੋ ਹੀ ਗਈਆਂ, ਉਸ ਮਗਰੋਂ ਉਹਦੀ ਔਲਾਦ ਲਈ ਵੀ ਉਹ ਤਿੰਨੇ ਬਰਾਬਰ ਦੀਆਂ ਸਕੀਆਂ ਭੂਆ ਰਹੀਆਂ।

ਇਉਂ ਜੇ ਬੰਦਾ ਸਮਝੇ-ਪਛਾਣੇ, ਇਕ ਮਨੁੱਖ ਦਾ ਦੂਜੇ ਮਨੁੱਖ ਨਾਲ ਸਭ ਤੋਂ ਸੰਘਣਾ ਰਿਸ਼ਤਾ ਮਨੁੱਖਤਾ ਦਾ ਹੀ ਹੁੰਦਾ ਹੈ!

---

## ਭਾਰਤ 'ਚ ਡੇਢ ਕਰੋੜ ਲੋਕਾਂ ਦੀ ਹਾਲਤ ਗੁਲਾਮਾਂ ਵਰਗੀ


**ਸਿਡਨੀ:** ਭਾਰਤ ਵਿਚ ਗੁਲਾਮਾਂ ਦੀ ਗਿਣਤੀ ਇਸ ਵੇਲੇ ਕੋਈ ਇਕ ਕਰੋੜ ਚਾਲੀ ਲੱਖ ਦੇ ਕਰੀਬ ਹੈ। ਇਹ ਪ੍ਰਗਟਾਵਾ 162 ਮੁਲਕਾਂ ਦੇ ਸਰਵੇਖਣ 'ਤੇ ਆਧਾਰਤ ਹੈ। ਆਸਟਰੇਲੀਆ ਦੀ ਮਨੁੱਖੀ ਅਧਿਕਾਰਾਂ ਬਾਰੇ ਸੰਸਥਾ ਵਾਕ ਫਰੀ ਫਾਊਂਡੇਸ਼ਨ ਵੱਲੋਂ ਤਿਆਰ ਆਲਮੀ ਦਾਸਤਾਂ ਦੇ ਅਨੁਸਾਰ ਇਹ ਗੁਲਾਮੀ ਉਧਾਰੇ ਪੈਸੇ ਚੁਕਾਉਣ ਵਾਲੇ ਬੰਧੂਆਂ ਮਜ਼ਦੂਰਾਂ, ਜਬਰੀ ਵਿਆਹ, ਬੱਚਿਆਂ ਦਾ ਵਪਾਰ, ਮਨੁੱਖੀ ਵਪਾਰ ਤੇ ਵਗਾਰ ਕਰਾਉਣ ਵਰਗੀਆਂ ਬੁਰਾਈਆਂ 'ਤੇ ਆਧਾਰਤ ਹੈ। ਅਫਰੀਕੀ ਮੁਲਕ ਮੌਰੇਤਾਨੀਆ ਦੀ ਹਾਲਤ ਇਸ ਮਾਮਲੇ ਵਿਚ ਬੇਹੱਦ ਮਾੜੀ ਹੈ। ਉਥੇ ਚਾਰ ਫੀਸਦੀ ਬੰਧੂਆ ਮਜ਼ਦੂਰ ਹਨ। ਇਸ ਰਿਪੋਰਟ ਦੇ ਅਨੁਸਾਰ ਚੀਨ, ਪਾਕਿਸਤਾਨ, ਨਾਈਜੀਰੀਆ ਵਿਚ ਅਜਿਹੇ ਬਹੁਤ ਸਾਰੇ ਲੋਕ ਹਨ ਜਿਨ੍ਹਾਂ ਦਾ ਜੀਵਨ ਗੁਲਾਮਾਂ ਵਰਗਾ ਹੈ।

## ਟੋਇਟਾ ਨੇ 8,85,000 ਕਾਰਾਂ ਵਾਪਸ ਮੰਗਵਾਈਆਂ

**ਵਾਸ਼ਿਗਟਨ:** ਜਾਪਾਨੀ ਕਾਰ ਕੰਪਨੀ ਟੋਇਟਾ ਨੇ ਏਅਰ ਕੰਡੀਸ਼ਨਿੰਗ ਯੰਤਰ ਵਿਚ ਮੁਸ਼ਕਲਾਂ ਦੂਰ ਕਰਨ ਲਈ ਦੁਨੀਆ ਭਰ ਤੋਂ 885000 ਕਾਰਾਂ ਵਾਪਸ ਮੰਗਵਾਈਆਂ ਹਨ। ਇਸ ਏਸੀ ਯੰਤਰ ਵਿਚ ਰਿਸਾਅ ਦੇ ਖਦਸ਼ੇ ਨਾਲ ਏਅਰ ਬੈਗ ਪ੍ਰਭਾਵਿਤ ਹੋਣ ਦਾ ਜ਼ੋਖਮ ਹੈ। ਟੋਇਟਾ ਨੇ ਕਿਹਾ ਕਿ ਉਹ 2012 ਤੇ 2013 ਦਰਮਿਆਨ ਦੇ ਕੈਮਰੀ, ਕੈਮਰੀ ਹਾਈਬ੍ਰਿਡ, ਏਵਲਾਨ, ਏਵਲਾਨ ਹਾਈਬ੍ਰਿਡ ਤੇ ਵੇਂਜਾ ਮਾਡਲਾਂ ਨੂੰ ਵਾਪਸ ਮੰਗਵਾ ਰਹੀ ਹੈ। ਇਨ੍ਹਾਂ ਵਿਚ ਸਭ ਤੋਂ ਜ਼ਿਆਦਾ 803000 ਵਾਹਨ ਅਮਰੀਕਾ ਵਿਚ ਹਨ ਜਦਕਿ 15000 ਪੱਛਮ ਏਸ਼ੀਆ ਤੇ 1600 ਯੂਰਪ ਵਿਚ ਹਨ।

# ਅਰਵਿੰਦ ਕੇਜਰੀਵਾਲ ਦੀਆਂ ਗੱਲਾਂ ਤੇ ਜ਼ਮੀਨੀ ਹਕੀਕਤਾਂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

**ਅਰਵਿੰਦ ਕੇਜਰੀਵਾਲ ਇਸ ਵਕਤ ਉਸ ਤਰ੍ਹਾਂ ਦੇ ਹੁਲਾਰੇ ਵਿਚ ਹੈ, ਜਿਸ ਤਰ੍ਹਾਂ ਦਾ ਦੋ ਸਾਲ ਪਹਿਲਾਂ ਪੰਜਾਬ ਵਿਚ ਮਨਪ੍ਰੀਤ ਸਿੰਘ ਬਾਦਲ ਨੂੰ ਸੀ। ਖਟਕੜ ਕਲਾਂ ਅਤੇ ਢੁੱਡੀਕੇ ਵਿਚ ਮਨਪ੍ਰੀਤ ਸਿੰਘ ਬਾਦਲ ਦੇ ਲਾਮਿਸਾਲ ਇਕੱਠ ਹੋਏ ਤਾਂ ਕਾਂਗਰਸੀ ਤੇ ਅਕਾਲੀ ਦੋਵੇਂ ਧਿਰਾਂ ਵਾਲੇ ਪਿੱਛੇ ਰਹਿ ਗਏ ਜਾਪਦੇ ਸਨ। ਇਥੇ ਹੀ ਠਿੱਬੀ ਲੱਗ ਗਈ ਸੀ।**

ਆਜ਼ਾਦੀ ਤੋਂ ਬਾਅਦ ਬਣੀ ਦਿੱਲੀ ਦੀ ਪਹਿਲੀ ਵਿਧਾਨ ਸਭਾ ਪੰਡਿਤ ਜਵਾਹਰ ਲਾਲ ਨਹਿਰੂ ਦੇ ਵੇਲੇ ਮਸਾਂ ਚਾਰ ਸਾਲ ਦੀ ਮਿਆਦ ਪੂਰੀ ਹੋਣ 'ਤੇ ਤੋੜ ਦਿੱਤੀ ਗਈ ਸੀ। ਉਸ ਪਿੱਛੋਂ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦੇ ਵੇਲੇ ਇਹ ਵਿਧਾਨ ਸਭਾ ਦੋਬਾਰਾ ਬਣ ਸਕੀ ਸੀ। ਇਸ ਦੌਰਾਨ ਇਹ ਸ਼ਹਿਰ ਇਸ ਦੇਸ਼ ਦੀ ਰਾਜਧਾਨੀ ਹੁੰਦੇ ਹੋਏ ਵੀ ਆਪ ਕਿਸੇ ਚੁਣੀ ਹੋਈ ਸਰਕਾਰ ਦੇ ਅਧੀਨ ਨਾ ਹੋ ਕੇ ਕੇਂਦਰ ਦੇ ਸਿੱਧੇ ਪ੍ਰਬੰਧ ਦਾ ਖੇਤਰ ਹੁੰਦਾ ਸੀ ਤੇ ਜਿਹੜੀਆਂ ਪਾਰਟੀਆਂ ਇਸ ਦੀ ਆਪਣੀ ਅਸੈਂਬਲੀ ਹੋਣ ਦਾ ਪੱਖ ਲੈਂਦੀਆਂ ਸਨ, ਕੇਂਦਰ ਦੀ ਕਮਾਨ ਆਪਣੇ ਹੱਥ ਆਉਣ ਉਤੇ ਉਹ ਵੀ ਇਸ ਤੋਂ ਕੰਨੀ ਕਤਰਾ ਜਾਂਦੀਆਂ ਸਨ। ਜਦੋਂ ਵੀਹ ਕੁ ਸਾਲ ਪਹਿਲਾਂ ਵਿਧਾਨ ਸਭਾ ਬਹਾਲ ਹੋਈ ਤੇ ਦਿੱਲੀ ਦੇ ਲੋਕਾਂ ਨੇ ਪਹਿਲੀ ਵਾਰ ਵੋਟਾਂ ਪਾਉਣੀਆਂ ਸਨ, ਉਦੋਂ ਭਾਰਤੀ ਜਨਤਾ ਪਾਰਟੀ ਨੇ ਇਹ ਨਾਅਰਾ ਦਿੱਤਾ ਕਿ ਜੇ ਅਸੀਂ ਦਿੱਲੀ ਜਿੱਤ ਲਈ ਤਾਂ ਭਾਰਤ ਵੀ ਜਿੱਤ ਲਵਾਂਗੇ, ਕਿਉਂਕਿ ਇਹ 'ਮਿੰਨੀ ਹਿੰਦੁਸਤਾਨ' ਹੈ। ਕੇਂਦਰ ਵਿਚ ਉਦੋਂ ਚੱਲ ਰਹੀ ਕਾਂਗਰਸ ਦੀ ਨਰਸਿਮਹਾ ਰਾਓ ਸਰਕਾਰ ਦੀ ਬਦਨਾਮੀ ਹੁਣ ਵਾਲੀ ਸਰਕਾਰ ਤੋਂ ਵੀ ਬਹੁਤ ਵੱਧ ਸੀ। ਭਾਜਪਾ ਆਗੂ ਇਹ ਜਾਣਦੇ ਸਨ ਕਿ ਇਸ ਦਾ ਸਭ ਤੋਂ ਵੱਧ ਅਸਰ ਦਿੱਲੀ ਵਿਚ ਹੋਵੇਗਾ ਤੇ ਇਥੇ ਹਰ ਰਾਜ ਤੋਂ ਆਏ ਲੋਕ ਵੱਸਦੇ ਹੋਣ ਕਰ ਕੇ ਇਹੋ ਮੁਹਿੰਮ ਸਾਰੇ ਦੇਸ਼ ਅੰਦਰ ਪੁਚਾਈ ਜਾ ਸਕੇਗੀ। ਇਸ ਵਿਚ ਉਹ ਕਾਫੀ ਹੱਦ ਤੱਕ ਸਫਲ ਵੀ ਰਹੇ ਅਤੇ ਦਿੱਲੀ ਵਿਚ ਉਨ੍ਹਾਂ ਦਾ ਮਦਨ ਲਾਲ ਖੁਰਾਣਾ ਮੁੱਖ ਮੰਤਰੀ ਬਣਨ ਪਿੱਛੋਂ ਪਾਰਲੀਮੈਂਟ ਚੋਣਾਂ ਵਿਚ ਭਾਜਪਾ ਤੇਰਾਂ ਦਿਨਾਂ ਦੀ ਸਰਕਾਰ ਬਣਾਉਣ ਦਾ ਦਾਅ ਵੀ ਖੇਡ ਗਈ ਸੀ।

ਅੱਜ ਇਹੋ ਗੱਲਾਂ ਦਿੱਲੀ ਦੇ ਲੋਕਾਂ ਨੂੰ ਅਰਵਿੰਦ ਕੇਜਰੀਵਾਲ ਕਹਿ ਰਿਹਾ ਹੈ। ਭਾਜਪਾ ਵਾਲੇ ਉਸ ਵਕਤ ਕੇਂਦਰ ਸਰਕਾਰ ਦੇ ਭ੍ਰਿਸ਼ਟਾਚਾਰ ਦਾ ਰੌਲਾ ਵੀ ਪਾਉਂਦੇ ਸਨ, ਪਰ ਬਹੁਤਾ ਜ਼ੋਰ ਉਨ੍ਹਾਂ ਦਾ ਇਸ ਗੱਲ ਉਤੇ ਸੀ ਕਿ ਅਯੁੱਧਿਆ ਵਿਚ ਬਾਬਰੀ ਮਸਜਿਦ ਢਾਹ ਕੇ ਰਾਮ ਮੰਦਰ ਬਣਾਉਣਾ ਹੈ। ਭ੍ਰਿਸ਼ਟਾਚਾਰ ਦੇ ਸਤਾਏ ਹੋਏ ਲੋਕ ਵੀ ਉਨ੍ਹਾਂ ਨਾਲ ਜੁੜੇ ਸਨ, ਪਰ ਬਹੁਤਾ ਅਸਰ ਇਸ ਗੱਲ ਨੇ ਪਾਇਆ ਸੀ ਕਿ ਉਨ੍ਹਾਂ ਬਾਬਰੀ ਮਸਜਿਦ ਨੂੰ ਨਰਸਿਮਹਾ ਰਾਓ ਦੇ ਪਹਿਲੇ ਸਾਲ ਵੇਲੇ ਉਸ ਨਾਲ ਸੈਨਤ ਮਿਲਾ ਕੇ ਟੱਕ ਜਾ ਲਾਇਆ ਤੇ ਦੂਸਰੇ ਸਾਲ ਮਸਜਿਦ ਨੂੰ ਮਲਬਾ ਬਣਾ ਦਿੱਤਾ ਸੀ। ਉਸ ਵਕਤ ਹਿੰਦੂ ਭਾਈਚਾਰੇ ਦੀਆਂ ਭਾਵਨਾਵਾਂ ਕਾਫੀ ਹੱਦ ਤੱਕ ਭਾਜਪਾ ਦੇ ਹੱਕ ਵਿਚ ਉਲਾਰ ਸਨ ਤੇ ਦੂਸਰਾ ਭਾਈਚਾਰਾ ਇਸ ਦੇ ਵਿਰੋਧ ਵਿਚ ਇੱਕ-ਤਰਫਾ ਚੱਲਣ ਦੀ ਥਾਂ ਕਾਂਗਰਸ ਵੱਲ ਵੀ ਸ਼ੱਕ ਨਾਲ ਵੇਖ ਰਿਹਾ ਸੀ। ਭਾਜਪਾ ਇਸ ਹਾਲਤ ਵਿਚ ਸਥਿਤੀ ਦਾ ਉਹ ਲਾਭ ਲੈ ਗਈ ਸੀ, ਜਿਹੜਾ ਕੇਜਰੀਵਾਲ ਨੂੰ ਨਹੀਂ ਮਿਲ ਸਕਦਾ। ਉਸ ਨੂੰ ਸਿਰਫ ਇੱਕੋ ਨੁਕਤੇ ਉਤੇ, ਭ੍ਰਿਸ਼ਟਾਚਾਰ ਦੇ ਵਿਰੋਧ ਦੇ ਨੁਕਤੇ ਉਤੇ, ਲੋਕਾਂ ਦੀ ਦੁਖਦੀ ਰਗ ਉਤੇ ਹੱਥ ਰੱਖਣਾ ਪੈ ਰਿਹਾ ਹੈ ਤੇ ਇਹ ਇਕਲੌਤਾ ਨੁਕਤਾ ਉਸ ਨੂੰ ਪਾਰ ਲਾ ਸਕਦਾ ਹੈ, ਇਸ ਵਿਚ ਬਹੁਤ ਸਾਰੇ ਲੋਕਾਂ ਨੂੰ ਸ਼ੱਕ ਹੈ।

ਇਸ ਗੱਲ 'ਤੇ ਕਿਸੇ ਨੂੰ ਹੈਰਾਨ ਨਹੀਂ ਹੋਣਾ ਚਾਹੀਦਾ ਕਿ ਅਰਵਿੰਦ ਕੇਜਰੀਵਾਲ ਪਿਛਲੀਆਂ ਸਾਰੀਆਂ ਧਿਰਾਂ ਤੋਂ ਵੱਖਰੀ ਰਾਜਨੀਤੀ ਕਰਨ ਤੁਰਿਆ ਤਾਂ ਉਸ ਦੇ ਨਾਲ ਲੋਕ ਵੀ ਵੱਖਰੀ ਕਿਸਮ ਦੇ ਜੁੜਦੇ ਨਜ਼ਰ ਆਏ ਹਨ। ਕੋਈ ਵਿੱਦਿਆ ਦੇ ਖੇਤਰ ਦਾ ਬਹੁਤ ਵੱਡਾ ਨਾਮ ਹੈ ਤੇ ਕੋਈ ਡਾਕਟਰ ਜਾਂ ਇੰਜੀਨੀਅਰ ਹੈ, ਜਿਨ੍ਹਾਂ ਨੂੰ ਲੋਕ ਸਤਿਕਾਰ ਨਾਲ ਵੇਖਦੇ ਤੇ ਚਾਹੁੰਦੇ ਹਨ ਕਿ ਇਹੋ ਜਿਹੇ ਲੋਕ ਅੱਗੇ ਆਉਣੇ ਚਾਹੀਦੇ ਹਨ। ਇਹ ਸੁਫਨੇ ਵਰਗੀ ਸਥਿਤੀ ਹੈ। ਜਦੋਂ ਸੁਫਨੇ ਤੋਂ ਬਾਹਰ ਨਿਕਲੀਏ ਤਾਂ ਹਕੀਕਤਾਂ ਅਸਲੋਂ ਵੱਖਰੀਆਂ ਹੁੰਦੀਆਂ ਹਨ। ਅਸੀਂ ਕਈ ਲੋਕ ਇਹੋ ਜਿਹੇ ਵੇਖੇ ਹਨ, ਜਿਨ੍ਹਾਂ ਦਾ ਸਤਿਕਾਰ ਬੜਾ ਸੀ, ਪਰ ਚੋਣਾਂ ਵਿਚ ਲੋਕਾਂ ਨੇ ਗੋਡੀਂ ਹੱਥ ਉਨ੍ਹਾਂ ਦੇ ਲਾ ਕੇ ਵੋਟਾਂ ਉਨ੍ਹਾਂ ਦੇ ਵਿਰੋਧੀਆਂ ਨੂੰ ਪਾ ਦਿੱਤੀਆਂ ਸਨ। ਇੱਕ ਵਾਰੀ ਕਿਸੇ ਚੋਣ ਵਿਚ ਇਹ ਗੱਲ ਵੀ ਚੱਲੀ ਸੀ ਕਿ ਜਲਸੇ ਵੇਖੇ ਜਾਣ ਤਾਂ ਸਭ ਤੋਂ ਵੱਧ ਲੋਕ ਕਾਮਰੇਡਾਂ ਦੇ ਮੂਹਰੇ ਬੈਠੇ ਹੁੰਦੇ ਹਨ, ਪਰ ਵੋਟਾਂ ਉਨ੍ਹਾਂ ਦੀ ਥਾਂ ਦੂਸਰਿਆਂ ਨੂੰ ਪਾ ਦਿੰਦੇ ਹਨ। ਉਦੋਂ ਚੋਣ ਵਿਸ਼ਲੇਸ਼ਣਾਂ ਦੇ ਇੱਕ ਮਾਹਰ ਨੇ ਮਜ਼ਾਕ ਨਾਲ ਕਿਹਾ ਸੀ ਕਿ ਕਾਮਰੇਡ ਇਨ੍ਹਾਂ ਜਲਸਿਆਂ ਵਿਚ ਆਪਣੇ ਦੇਸ਼ ਦੀ ਏਨੀ ਅਸਲੀ ਤਸਵੀਰ ਪੇਸ਼ ਕਰਦੇ ਹਨ ਕਿ ਲੋਕਾਂ ਨੂੰ ਕਾਂਗਰਸ ਪਾਰਟੀ ਜਾਂ ਉਸ ਦੇ ਵਿਰੋਧੀਆਂ ਵਿਚੋਂ ਘੱਟ ਪਾਪੀ ਜਾਪਦਾ ਉਮੀਦਵਾਰ ਚੁਣਨ ਦੀ ਸੌਖ ਹੋ ਜਾਂਦੀ ਹੈ। ਅੱਜਕੱਲ੍ਹ ਇਹੋ ਕੁਝ ਅਰਵਿੰਦ ਕੇਜਰੀਵਾਲ ਦੇ ਭਾਸ਼ਣਾਂ ਬਾਰੇ ਕਿਹਾ ਜਾ ਰਿਹਾ ਹੈ। ਉਹ ਜਦੋਂ ਵੀ ਬੋਲਦਾ ਹੈ ਤਾਂ ਕਾਂਗਰਸ ਅਤੇ ਭਾਜਪਾ ਦੋਵਾਂ ਦੇ ਆਗੂਆਂ ਦੇ ਸਾਰੇ ਵਰਕੇ ਉਥੱਲ ਦੇਂਦਾ ਹੈ ਤੇ ਲੋਕ ਇਹ ਪੜ੍ਹਨ ਵਿਚ ਸੌਖ ਮਹਿਸੂਸ ਕਰਦੇ ਹਨ ਕਿ ਦੋਵਾਂ ਵਿਚੋਂ ਵੱਧ ਦਾਗ ਕਿਸ ਦੇ ਚਿਹਰੇ ਉਤੇ ਹਨ ਤੇ ਘੱਟ ਕਿਸ ਦੇ? ਭਾਰਤ ਦੇ ਲੋਕ-ਰਾਜ ਦੀ ਇਹ ਵੀ ਇੱਕ ਤਰ੍ਹਾਂ ਦੀ 'ਸੇਵਾ' ਕਹੀ ਜਾ ਸਕਦੀ ਹੈ, ਜਿਹੜੀ ਉਹ ਕਰ ਰਿਹਾ ਹੈ।




ਜਿੱਥੋਂ ਤੱਕ ਚੋਣਾਂ ਵੇਲੇ ਵੋਟਾਂ ਪਾਉਣ ਦਾ ਸਬੰਧ ਹੈ, ਲੋਕ ਹੁਣ ਇਹ ਵੱਡੀ ਗੱਲ ਨਹੀਂ ਮੰਨਦੇ ਕਿ ਫਲਾਣੀ ਪਾਰਟੀ ਜਿੱਤ ਗਈ ਤਾਂ ਮੁਲਕ ਦੀ ਹਾਲਤ ਸੁਧਾਰ ਦੇਵੇਗੀ, ਸਗੋਂ ਇਹ ਵੇਖਣ ਲੱਗ ਪਏ ਹਨ ਕਿ ਫਲਾਣਾ ਲੀਡਰ ਜਿੱਤ ਗਿਆ ਤਾਂ ਸਾਡਾ ਫਲਾਣਾ ਕੰਮ ਕਰਵਾ ਦੇਵੇਗਾ। ਲੱਖਾਂ ਲੋਕ ਇਥੇ ਝੁੱਗੀ-ਝੌਂਪੜੀ ਵਿਚ ਜਾਂ ਉਸ ਵਰਗੇ ਉਨ੍ਹਾਂ ਘਰਾਂ ਵਿਚ ਰਹਿੰਦੇ ਹਨ, ਜਿਨ੍ਹਾਂ ਨੂੰ ਘਰ ਕਹਿਣਾ ਘਰ ਸ਼ਬਦ ਦੀ ਬੇਇੱਜ਼ਤੀ ਕਹੀ ਜਾ ਸਕਦੀ ਹੈ। ਉਹ ਲੋਕ ਆਪਣੀ ਗਲੀ ਵਿਚੋਂ ਇੱਕ ਗੰਦੀ ਨਾਲੀ ਕੱਢਣ ਲਈ ਚੋਣਾਂ ਦੇ ਦਿਨਾਂ ਵਿਚ ਕਿਸੇ ਉਮੀਦਵਾਰ ਵੱਲੋਂ ਚੁੱਪ ਕਰ ਕੇ ਫੜਾਏ ਪੰਜ ਹਜ਼ਾਰ ਰੁਪਏ ਵੀ ਬਹੁਤ ਵੱਡੀ ਗੱਲ ਸਮਝ ਲੈਂਦੇ ਹਨ। ਲੋਕ ਤਾਂ ਇਹ ਵੀ ਵੇਖਦੇ ਹਨ ਕਿ ਜੇ ਕੱਲ੍ਹ ਨੂੰ ਅੱਧੀ ਰਾਤ ਕੰਮ ਤੋਂ ਮੁੜਦੇ ਘਰ ਦੇ ਕਿਸੇ ਜੀਅ ਨੂੰ ਕੋਈ ਪੁਲਿਸ ਵਾਲਾ ਫੜ ਕੇ ਥਾਣੇ ਲੈ ਗਿਆ ਤਾਂ ਇਦਾਂ ਦੇ ਵਕਤ ਉਨ੍ਹਾਂ ਨਾਲ ਫਲਾਣਾ ਤੁਰ ਪੈਂਦਾ ਹੈ, ਭਾਵੇਂ ਪਹਿਲਾਂ ਫੜਾਇਆ ਵੀ ਉਸ ਬੰਦੇ ਨੇ ਆਪ ਹੀ ਹੋਵੇ। ਇਨ੍ਹਾਂ ਗੱਲਾਂ ਨੇ ਲੋਕ-ਰਾਜ ਦੀ ਚੋਣ ਪ੍ਰਕਿਰਿਆ ਨੂੰ ਅਸਲੀ ਲੀਹ ਉਤੋਂ ਲਾਹ ਕੇ ਇਹੋ ਜਿਹੇ ਔਝੜੇ ਰਾਹ ਪਾ ਲਿਆ ਹੈ, ਜਿੱਥੋਂ ਇਸ ਨੂੰ ਮੋੜਾ ਪੈਣਾ ਕਿਸੇ ਇਨਕਲਾਬ ਤੋਂ ਘੱਟ ਨਹੀਂ ਤੇ ਇਨਕਲਾਬ ਦੇ ਹਾਲਾਤ ਅਜੇ ਨਹੀਂ ਬਣੇ।

ਅਸੀਂ ਪਿਛਲੇ ਸਮੇਂ ਵਿਚ ਬਹੁਤ ਸਾਰੇ ਚੋਣ ਸਰਵੇਖਣ ਵੇਖੇ ਹਨ, ਜਿਨ੍ਹਾਂ ਵਿਚ ਕਦੀ ਇੱਕ ਪਾਰਟੀ ਜਿੱਤਦੀ ਤੇ ਕਦੀ ਦੂਸਰੀ ਅੱਗੇ ਨਿਕਲਦੀ ਵਿਖਾਈ ਦੇਂਦੀ ਹੈ। ਅਰਵਿੰਦ ਕੇਜਰੀਵਾਲ ਦੇ ਨਾਲ ਇੱਕ ਨਵਾਂ ਖੜਾ ਹੋਇਆ ਆਗੂ ਯੋਗਿੰਦਰ ਸ਼ਰਮਾ ਪਿਛਲੇ ਕਈ ਸਾਲਾਂ ਤੋਂ ਚੋਣ ਸਰਵੇਖਣਾਂ ਦੇ ਮਾਹਰ ਵਜੋਂ ਲੋਕਾਂ ਸਾਹਮਣੇ ਪੇਸ਼ ਹੁੰਦਾ ਰਿਹਾ ਹੈ ਤੇ ਇਹ ਚਰਚਾ ਉਸ ਦੇ ਸਾਹਮਣੇ ਕਈ ਵਾਰੀ ਚੱਲ ਚੁੱਕੀ ਹੈ ਕਿ ਸਰਵੇਖਣ ਕਈ ਵਾਰੀ ਸਾਈ ਦੇ ਕੇ ਵੀ ਬਣਵਾਏ ਜਾਂਦੇ ਹਨ। ਹੁਣ ਜਦੋਂ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਹੋਣੀਆਂ ਹਨ, ਇੱਕ ਸਰਵੇਖਣ ਵਿਚ ਭਾਜਪਾ ਜਿੱਤ ਗਈ ਤੇ ਕਾਂਗਰਸ ਦੂਸਰੇ ਨੰਬਰ ਉਤੇ ਰੱਖ ਕੇ ਅਰਵਿੰਦ ਕੇਜਰੀਵਾਲ ਦੀ ਪਾਰਟੀ ਨੂੰ ਮਸਾਂ ਅੱਧੀ ਦਰਜਨ ਸੀਟਾਂ ਤੱਕ ਜਿੱਤਦੀ ਦੱਸਿਆ ਗਿਆ ਸੀ। ਦੂਸਰੇ ਸਰਵੇਖਣ ਵਿਚ ਕੇਜਰੀਵਾਲ ਨੂੰ ਸ਼ੀਲਾ ਦੀਕਸ਼ਤ ਤੋਂ ਬਾਅਦ ਸਭ ਤੋਂ ਹਰਮਨ ਪਿਆਰਾ ਆਗੂ ਬਣਾ ਕੇ ਪੇਸ਼ ਕੀਤਾ ਗਿਆ ਤੇ ਭਾਜਪਾ ਦਾ ਵਿਜੇ ਗੋਇਲ ਤੀਸਰੀ ਥਾਂ ਦੱਸਿਆ ਗਿਆ, ਜਿਸ ਵਿਚ ਕੁਝ ਸੱਚਾਈ ਵੀ ਜਾਪਦੀ ਸੀ। ਤੀਸਰੇ ਵਿਚ ਕੇਜਰੀਵਾਲ ਨੂੰ ਸਭ ਤੋਂ ਵੱਧ ਪਸੰਦ ਵਾਲਾ ਦੱਸ ਕੇ ਦੂਸਰੀ ਥਾਂ ਸ਼ੀਲਾ ਦੀਕਸ਼ਤ ਦਾ ਨੰਬਰ ਲਾ ਦਿੱਤਾ ਗਿਆ ਤੇ ਸੀਟਾਂ ਕੇਜਰੀਵਾਲ ਦੀ ਨਵੀਂ ਬਣੀ ਪਾਰਟੀ ਲਈ ਵਧਾ ਕੇ ਅੱਠਾਂ ਤੋਂ ਅਠਾਰਾਂ ਤੇ ਫਿਰ ਬਾਈ ਕਰ ਦਿੱਤੀਆਂ ਗਈਆਂ। ਕੰਮ ਤਾਂ ਇਹ ਵੀ ਕਾਫੀ ਸੀ, ਪਰ ਕੇਜਰੀਵਾਲ ਦੀ ਤਸੱਲੀ ਨਾ ਹੋਈ ਤੇ ਉਸ ਨੇ ਅਗਲਾ ਛੜੱਪਾ ਮਾਰ ਕੇ ਆਪਣਾ ਕਰਵਾਇਆ ਸਰਵੇਖਣ ਪੇਸ਼ ਕਰ ਦਿੱਤਾ, ਜਿਸ ਵਿਚ ਉਸ ਦੀ 'ਆਮ ਆਦਮ ਪਾਰਟੀ' ਨੂੰ ਇਕੱਲੀ ਨੂੰ ਅਸੈਂਬਲੀ ਵਿਚ ਬਹੁ-ਸੰਮਤੀ ਮਿਲਦੀ ਵਿਖਾ ਦਿੱਤੀ ਗਈ ਹੈ। ਇਸ ਨਾਲ ਉਸ ਦਾ ਪ੍ਰਭਾਵ ਚੰਗਾ ਨਹੀਂ ਗਿਆ। ਬਾਕੀ ਪਾਰਟੀਆਂ ਵਾਲੇ ਪੈਸੇ ਦੇ ਕੇ ਜਿੱਦਾਂ ਦੇ ਸਰਵੇਖਣ ਬਣਵਾਉਂਦੇ ਹਨ, ਇਹ ਵੀ ਉਹੋ ਕੁਝ ਕਰਦਾ ਨਜ਼ਰ ਆਇਆ ਹੈ।

ਸਮੱਸਿਆ ਕੇਜਰੀਵਾਲ ਦੀ ਇਹ ਹੈ ਕਿ ਉਸ ਕੋਲ ਕਦੀ ਦਿੱਲੀ ਦੀਆਂ ਸੱਤਰ ਸੀਟਾਂ ਲਈ ਇੱਕ ਸੌ ਚਾਲੀ ਤੋਂ ਵੱਧ ਉਮੀਦਵਾਰ ਜਾਪਦੇ ਹਨ ਤੇ ਕਦੀ ਸੱਤਰਾਂ ਲਈ ਪੈਂਤੀ ਵੀ ਨਹੀਂ ਰਹਿੰਦੇ ਜਾਪਦੇ। ਉਹ ਕਹਿੰਦਾ ਹੈ ਕਿ ਉਸ ਕੋਲ ਆਗੂ ਬਹੁਤ ਹਨ, ਪਰ ਉਸ ਨੇ ਕਿਸੇ ਨੂੰ ਆਪ ਉਮੀਦਵਾਰ ਨਹੀਂ ਬਣਾਉਣਾ, ਸਬੰਧਤ ਹਲਕੇ ਵਿਚੋਂ ਉਸ ਪਾਰਟੀ ਦੇ ਮੈਂਬਰ ਜਿਸ ਨੂੰ ਬਹੁਤਾ ਪਸੰਦ ਕਰਨਗੇ, ਉਹੋ ਹੋਵੇਗਾ। ਇੱਕ ਹਲਕੇ ਤੋਂ ਉਸ ਦੀ ਪਾਰਟੀ ਦਾ ਉਮੀਦਵਾਰ ਚੁਣਿਆ ਗਿਆ ਤਾਂ ਸਾਰਾ ਕੁਝ ਆਰਾਮ ਨਾਲ ਹੋ ਜਾਣ ਮਗਰੋਂ ਪਤਾ ਲੱਗਾ ਕਿ ਜਿਹੜਾ ਉਮੀਦਵਾਰ ਚੁਣਿਆ ਹੈ, ਉਸ ਨੇ ਆਪਣੀ ਟਿਕਟ ਯਕੀਨੀ ਬਣਾਉਣ ਲਈ ਨਾਲ ਵਾਲੇ ਹਲਕੇ ਤੋਂ ਆਪਣੇ ਰਿਸ਼ਤੇਦਾਰਾਂ ਤੇ ਯਾਰਾਂ-ਮਿੱਤਰਾਂ ਨੂੰ ਇਸ ਹਲਕੇ ਤੋਂ ਪਾਰਟੀ ਦੇ ਮੈਂਬਰ ਬਣਾ ਕੇ ਇਥੇ ਮੀਟਿੰਗ ਵਿਚ ਲਿਆ ਬਿਠਾਇਆ ਸੀ। ਹੁਣ ਉਸ ਦੀ ਟਿਕਟ ਦਾ ਰੌਲਾ ਪੈ ਗਿਆ ਹੈ। ਇੱਕ ਹੋਰ ਹਲਕੇ ਤੋਂ ਇੱਕ ਬੰਦਾ ਉਸ ਪਾਰਟੀ ਦਾ ਉਮੀਦਵਾਰ ਮੰਨ ਲਿਆ ਗਿਆ ਤੇ ਪਿੱਛੋਂ ਕਿਸੇ ਨੇ ਉਸ ਦੀ ਸ਼ਿਕਾਇਤ ਕਰ ਦਿੱਤੀ ਕਿ ਇਸ ਨੇ ਚੋਣ ਕਮਿਸ਼ਨ ਨੂੰ ਧੋਖਾ ਦੇਣਾ ਹੀ ਹੈ, ਤੁਹਾਨੂੰ ਵੀ ਦੇ ਗਿਆ ਹੈ। ਜਦੋਂ ਇਸ ਨੇ ਪਾਰਟੀ ਦਾ ਉਮੀਦਵਾਰ ਬਣਨ ਦੀ ਅਰਜ਼ੀ ਦਿੱਤੀ, ਉਸ ਵਿਚ ਇਹ ਨਹੀਂ ਦੱਸਿਆ ਕਿ ਇਸ ਦੇ ਖਿਲਾਫ ਕਈ ਕੇਸ ਵੀ ਚੱਲ ਰਹੇ ਹਨ। ਸ਼ਿਕਾਇਤ ਸੱਚੀ ਨਿਕਲਣ ਦੇ ਬਾਅਦ ਉਸ ਦੀ ਟਿਕਟ ਉਤੇ ਕਾਟਾ ਮਾਰ ਦਿੱਤਾ ਗਿਆ ਹੈ। ਅਗਲੇ ਦਿਨਾਂ ਵਿਚ ਏਦਾਂ ਦੇ ਹੋਰ ਵੀ ਕਈ ਨਿਕਲ ਸਕਦੇ ਹਨ।

ਅਰਵਿੰਦ ਕੇਜਰੀਵਾਲ ਇਸ ਵਕਤ ਉਸ ਤਰ੍ਹਾਂ ਦੇ ਹੁਲਾਰੇ ਵਿਚ ਹੈ, ਜਿਸ ਤਰ੍ਹਾਂ ਦਾ ਦੋ ਸਾਲ ਪਹਿਲਾਂ ਪੰਜਾਬ ਵਿਚ ਮਨਪ੍ਰੀਤ ਸਿੰਘ ਬਾਦਲ ਨੂੰ ਸੀ। ਖਟਕੜ ਕਲਾਂ ਅਤੇ ਢੁੱਡੀਕੇ ਵਿਚ ਮਨਪ੍ਰੀਤ ਸਿੰਘ ਬਾਦਲ ਦੇ ਲਾਮਿਸਾਲ ਇਕੱਠ ਹੋਏ ਤਾਂ ਕਾਂਗਰਸੀ ਤੇ ਅਕਾਲੀ ਦੋਵੇਂ ਧਿਰਾਂ ਵਾਲੇ ਪਿੱਛੇ ਰਹਿ ਗਏ ਜਾਪਦੇ ਸਨ। ਇਥੇ ਹੀ ਠਿੱਬੀ ਲੱਗ ਗਈ ਸੀ। ਖਟਕੜ ਕਲਾਂ ਦੇ ਇਕੱਠ ਵਿਚ ਚਾਰ ਇਹੋ ਜਿਹੇ ਅਕਾਲੀ ਆਗੂਆਂ ਨੇ ਆਪਣੇ ਬੰਦੇ ਭੇਜੇ ਸਨ, ਜਿਨ੍ਹਾਂ ਨੂੰ ਬਾਦਲ ਅਕਾਲੀ ਦਲ ਦੀ ਟਿਕਟ ਚਾਹੀਦੀ ਸੀ ਤੇ ਅੱਗੋਂ ਹਾਂ ਨਹੀਂ ਸੀ ਹੁੰਦੀ, ਪਰ ਉਹ ਆਪ ਉਸ ਦਿਨ ਪੰਜਾਬ ਤੋਂ ਬਾਹਰ ਰਹੇ ਸਨ। ਇਹ ਗੱਲ ਬਾਦਲ ਬਾਪ-ਬੇਟੇ ਤੱਕ ਵੀ ਪਹੁੰਚ ਗਈ ਤੇ ਉਨ੍ਹਾਂ ਨੇ ਸੱਦ ਕੇ ਕਹਿ ਦਿੱਤਾ ਕਿ ਤੁਹਾਨੂੰ ਟਿਕਟ ਦਿੱਤੀ ਜਾ ਰਹੀ ਹੈ। ਬੰਦੇ ਭੇਜੇ ਹੀ ਇਸ ਲਈ ਸਨ ਕਿ ਬਾਦਲ ਬਾਪ-ਬੇਟੇ ਨੂੰ ਦੱਸਿਆ ਜਾਵੇ ਕਿ ਟਿਕਟ ਨਾ ਮਿਲੀ ਤਾਂ ਅਸੀਂ ਮਨਪ੍ਰੀਤ ਸਿੰਘ ਬਾਦਲ ਨਾਲ ਜਾ ਸਕਦੇ ਹਾਂ। ਢੁੱਡੀਕੇ ਦੀ ਰੈਲੀ ਵਿਚ ਤਿੰਨ ਲੀਡਰਾਂ ਨੇ ਕਾਂਗਰਸ ਦੀ ਟਿਕਟ ਲਈ ਇਹੋ ਖੇਖਣ ਕੀਤਾ ਅਤੇ ਆਪਣੇ ਬੰਦੇ ਮਨਪ੍ਰੀਤ ਸਿੰਘ ਬਾਦਲ ਦੇ ਪਿੱਛੇ ਤੋਰ ਦਿੱਤੇ ਸਨ। ਇਸ ਨਾਲ ਕਾਂਗਰਸ ਲੀਡਰਸ਼ਿਪ ਚਿੰਤਾ ਵਿਚ ਪੈ ਗਈ। ਜਦੋਂ ਉਨ੍ਹਾਂ ਨੂੰ ਸੱਦ ਕੇ ਇਹ ਸਮਝਾ ਦਿੱਤਾ ਗਿਆ ਕਿ ਟਿਕਟ ਤੁਹਾਨੂੰ ਮਿਲ ਜਾਣੀ ਹੈ, ਅਗਲੇ ਦਿਨਾਂ ਵਿਚ ਮਨਪ੍ਰੀਤ ਸਿੰਘ ਭਾਸ਼ਣ ਕਰਦਾ ਰਹਿ ਗਿਆ ਸੀ ਤੇ ਉਸ ਦੇ ਭਾਸ਼ਣ ਸੁਣ ਕੇ ਤਾੜੀਆਂ ਮਾਰਨ ਵਾਲੇ ਕੁਝ ਲੋਕ ਕੈਪਟਨ ਅਮਰਿੰਦਰ ਸਿੰਘ ਦੀ ਜ਼ਿੰਦਾਬਾਦ ਕਰੀ ਜਾਂਦੇ ਸਨ ਤੇ ਕੁਝ ਬਾਦਲ ਬਾਪ-ਬੇਟੇ ਦੇ ਪੈਰੀਂ ਹੱਥ ਲਾਉਣ ਲਈ ਕਤਾਰਾਂ ਬੰਨ੍ਹ ਕੇ ਖੜੇ ਸਨ।

ਆਖਰੀ ਗੱਲ ਇਹ ਕਿ ਦੋਵਾਂ ਪਾਰਟੀਆਂ ਨੇ ਕੁਝ ਬੰਦੇ ਗਿਣ-ਮਿਥ ਕੇ ਆਪ ਮਨਪ੍ਰੀਤ ਸਿੰਘ ਬਾਦਲ ਦੇ ਨਾਲ ਤੋਰੇ ਸਨ, ਤਾਂ ਕਿ ਇਹ ਪਤਾ ਲੱਗਦਾ ਰਹੇ ਕਿ ਉਸ ਦੀ ਰਣਨੀਤੀ ਕੀ ਹੈ? ਜਦੋਂ ਅਖਾੜਾ ਮਘ ਪਿਆ, ਉਹ ਬੰਦੇ ਅਸਲੀ ਅੱਡੇ ਉਤੇ ਵਾਪਸ ਜਾ ਪਹੁੰਚੇ ਤੇ ਉਧਰੋਂ ਟਿਕਟ ਲੈ ਕੇ ਚੋਣਾਂ ਲੜਦੇ ਫਿਰਦੇ ਸਨ। ਹੁਣ ਕੁਝ ਲੋਕ ਅਰਵਿੰਦ ਕੇਜਰੀਵਾਲ ਦੇ ਨਾਲ ਵੀ ਇਹੋ ਜਿਹੇ ਹਨ, ਜਿਹੜੇ ਕਾਂਗਰਸ ਜਾਂ ਭਾਜਪਾ ਨਾਲ ਨੇੜ ਰੱਖਣ ਵਾਲੇ ਹਨ। ਹਵਾਈ ਗੁਬਾਰੇ ਨੂੰ ਬੇਗਾਨੀ ਫੂਕ ਉਤੇ ਹਵਾ ਵਿਚ ਉਡਦਾ ਵੇਖਣ ਨਾਲ ਆਦਮੀ ਦੇ ਪੈਰ ਜ਼ਮੀਨ ਤੋਂ ਉਖੜ ਸਕਦੇ ਹਨ। ਮਨਪ੍ਰੀਤ ਸਿੰਘ ਬਾਦਲ ਨੂੰ ਬੇਗਾਨੀ ਫੂਕ ਨਾਲ ਉਡਦੇ ਗੁਬਾਰਿਆਂ ਨੇ ਡੋਬ ਦਿੱਤਾ ਸੀ, ਇਹੋ ਕੁਝ ਹੁਣ ਦਿੱਲੀ ਵਿਚ ਹੋ ਰਿਹਾ ਹੈ। ਅਰਵਿੰਦ ਕੇਜਰੀਵਾਲ ਦੀ ਪਾਰਟੀ ਕੁਝ ਕਾਰਗੁਜ਼ਾਰੀ ਵਿਖਾ ਜਾਵੇ ਤੇ ਦੇਸ਼ ਲਈ ਇਹ ਸੱਦਾ ਦੇਣ ਜੋਗੀ ਬਣ ਜਾਵੇ ਕਿ 'ਮਿੰਨੀ ਹਿੰਦੁਸਤਾਨ' ਦਿੱਲੀ ਦੇ ਲੋਕਾਂ ਦਾ ਆਹ ਫਤਵਾ ਹੈ, ਤਾਂ ਸਾਨੂੰ ਖੁਸ਼ੀ ਹੋਵੇਗੀ, ਪਰ ਪਿਛਲੇ ਤਜਰਬੇ ਇਸ ਦੀ ਸ਼ਾਹਦੀ ਨਹੀਂ ਭਰ ਰਹੇ।

## ਭਾਰਤੀ ਮੁਟਿਆਰ ਨੂੰ ਕਾਮਨਵੈਲਥ ਯੂਥ ਐਵਾਰਡ

**ਲੰਡਨ:** ਸਥਾਨਕ ਲੋਕਾਂ ਤੇ ਸਰਕਾਰ ਨਾਲ ਮਿਲ ਕੇ ਵਾਤਾਵਰਨ ਤਬਦੀਲੀ ਲਈ ਕੰਮ ਕਰਨ ਵਾਲੀ ਭਾਰਤੀ ਮੁਟਿਆਰ ਨੂੰ ਕਾਮਨਵੈਲਥ ਯੂਥ ਐਵਾਰਡ ਮਿਲਿਆ ਹੈ। ਰਾਸ਼ਟਰਮੰਡਲ ਸਕੱਤਰੇਤ ਹੈੱਡਕੁਆਰਟਰ ਵਿਚ ਕਰਾਏ ਗਏ ਸਮਾਗਮ ਵਿਚ ਪ੍ਰੀਤੀ ਰਾਜਾਗੋਪਾਲਾਨ (23 ਸਾਲ) ਨੂੰ ਪੰਜ ਹਜ਼ਾਰ ਪੌਂਡ ਦਾ ਇਹ ਇਨਾਮ ਦਿੱਤਾ ਗਿਆ।

## ਸੰਪਾਦਕ ਦੀ ਡਾਕ

## ਗਦਰੀ ਬਾਬਿਆਂ ਬਾਰੇ

ਗਦਰੀ ਬਾਬਿਆਂ ਬਾਰੇ ਆਪਣੇ ਪਸੰਦੀਦਾ ਕਹਾਣੀਕਾਰ ਵਰਿਆਮ ਸਿੰਘ ਸੰਧੂ ਦਾ ਲੰਮਾ ਲੇਖ ਪੜ੍ਹਿਆ। ਵਰਿਆਮ ਦੀਆਂ ਕਹਾਣੀ ਮੈਨੂੰ ਇਸ ਕਰ ਕੇ ਅਪੀਲ ਕਰਦੀਆਂ ਹਨ ਕਿਉਂਕਿ ਇਨ੍ਹਾਂ ਵਿਚ ਉਹ ਇਕਹਿਰੀਆਂ ਪਰਤਾਂ ਦਿਖਾਉਣ ਦੀ ਥਾਂ ਪਰਤਾਂ ਫਰੋਲਦਾ ਚਲਿਆ ਜਾਂਦਾ ਹੈ। ਕਹਾਣੀ ਵਿਚੋਂ ਕਹਾਣੀ ਨਿਕਲਦੀ ਚਲੀ ਜਾਂਦੀ ਹੈ ਅਤੇ ਜ਼ਿੰਦਗੀ ਵਾਂਗ ਕਹਾਣੀ ਕਦੀ ਨਾ ਮੁੱਕਣ ਵਾਲੀ ਕਥਾ ਬਣ ਜਾਂਦੀ ਹੈ। ਹਰ ਕਹਾਣੀ ਵਿਚ ਉਹ ਇਸੇ ਜ਼ਿੰਦਗੀ ਦੇ ਫਿਕਰ ਆਪਣੇ ਪਾਠਕਾਂ ਨਾਲ ਸਾਂਝੇ ਕਰਦਾ ਹੈ।

ਗਦਰੀਆਂ ਵਾਲੇ ਲੇਖ ਵਿਚ ਵੀ ਇਹੀ ਫਿਕਰ ਝਾਤੀਆਂ ਮਾਰਦਾ ਹੈ। ਗਦਰੀਆਂ ਦੇ ਧਰਮ ਬਾਰੇ ਜਾਂ ਇਨ੍ਹਾਂ ਨੂੰ ਨਿਰੋਲ ਧਰਮ ਨਾਲ ਜੋੜਨ ਦੇ ਮਾਮਲੇ ਮੈਂ ਆਪ ਬਹੁਤ ਖੌਝਲ ਰਿਹਾ ਹਾਂ। ਕਈ ਵਾਰ ਮੈਂ ਸੋਚਦਾ ਹਾਂ ਕਿ ਇਹ ਚਰਚਾ ਕਰਨ ਵਾਲਾ ਵਿਸ਼ਾ ਵੀ ਹੈ ਜਾਂ ਅਸੀਂ ਐਵੇਂ ਹੀ ਆਪਣਾ ਵਕਤ ਜਾਇਆ ਕਰ ਰਹੇ ਹਾਂ। ਪੈਸਿਫਿਕ ਕੋਸਟ ਹਿੰਦੁਸਤਾਨ ਐਸੋਸੀਏਸ਼ਨ ਬਣਾਉਣ ਵੇਲੇ ਗਦਰੀਆਂ ਨੇ ਜਿਹੜੇ ਮੁਢਲੇ ਮਤੇ ਪਾਸ ਕੀਤੇ ਸਨ, ਉਨ੍ਹਾਂ ਵਿਚੋਂ ਇਕ ਇਹੀ ਸੀ ਕਿ ਧਰਮ ਸਭ ਦਾ ਨਿੱਜੀ ਮਾਮਲਾ ਹੋਵੇਗਾ। ਜ਼ਰਾ ਸੋਚੋ, ਇਹ ਇਕ ਸਦੀ ਪਹਿਲਾਂ ਦੀਆਂ ਗੱਲਾਂ ਹਨ; ਉਨ੍ਹਾਂ ਵਕਤਾਂ ਦੀਆਂ ਜਦੋਂ ਧਰਮ ਅਤੇ ਜਾਤ ਦੇ ਆਧਾਰ 'ਤੇ ਕੁਝ ਜਿਊੜਿਆਂ ਨੂੰ ਬਰਾਬਰ ਵੀ ਨਹੀਂ ਸੀ ਬੈਠਣ ਦਿੱਤਾ ਜਾਂਦਾ। ਜੇ ਗਦਰੀਆਂ ਨੇ ਧਰਮ ਵਾਲਾ ਮਤਾ ਰੱਖਿਆ ਤਾਂ ਕੋਈ ਗੱਲ ਤਾਂ ਜ਼ਰੂਰ ਹੋਵੇਗੀ। ਸ਼ਾਇਦ ਕਿਤੇ ਕੋਈ ਅਜਿਹਾ ਦਸਤਾਵੇਜ਼ ਲੱਭ ਜਾਵੇ ਜਿਸ ਤੋਂ ਉਸ ਸਾਰੇ ਹਾਲਾਤ ਬਾਰੇ ਕੁਝ ਸੂਹ ਮਿਲ ਸਕੇ। ਹੁਣ ਤੱਕ ਇਸ ਮਤੇ ਦੀ ਇਹੀ ਵਿਆਖਿਆ ਹੋਈ ਹੈ ਕਿ ਗਦਰੀਆਂ ਅਤੇ ਗਦਰ ਦਾ ਮੁੱਖ ਮਕਸਦ ਦੇਸ਼ ਦੀ ਆਜ਼ਾਦੀ ਸੀ। ਧਰਮ, ਜਾਤ-ਪਾਤ ਅਤੇ ਹੋਰ ਅਜਿਹੇ ਫਰਕਾਂ ਨੂੰ ਉਨ੍ਹਾਂ ਨੇੜੇ ਨਹੀਂ ਢੁਕਣ ਦਿੱਤਾ। ਸ਼ਾਇਦ ਇਸੇ ਕਰ ਕੇ ਅੱਜ ਕੁੱਲ ਦੁਨੀਆਂ ਵਿਚ ਰਹਿੰਦੇ ਪੰਜਾਬੀ ਉਨ੍ਹਾਂ ਗਦਰ ਮਚਾਉਣ ਦੀ ਸ਼ਤਾਬਦੀ ਮਨਾ ਰਹੇ ਹਨ। ਇਹ ਬਹੁਤ ਅਜੀਬ ਜਿਹੀ ਪਹੁੰਚ ਲੱਗੀ ਕਿ ਸਾਰੇ ਉਨ੍ਹਾਂ ਦੇ ਗਦਰ ਦੀ ਵਿਆਖਿਆ ਆਪੋ-ਆਪਣੇ ਢੰਗ ਨਾਲ ਕਰ ਰਹੇ ਹਨ। ਜੇ ਸੰਕੀਰਨ ਸੋਚ ਵਾਲੇ ਕੁਝ ਸਿੱਖ ਉਨ੍ਹਾਂ ਨੂੰ ਸਿਰਫ ਸਿੱਖ ਸਾਬਤ ਕਰਨ ਲਈ ਹੱਥ-ਪੈਰ ਮਾਰ ਰਹੇ ਹਨ, ਤਾਂ ਕਮਿਊਨਿਸਟਾਂ ਨੇ ਵੀ ਕੋਈ ਘੱਟ ਨਹੀਂ ਗੁਜ਼ਾਰੀ।

ਇਹ ਠੀਕ ਹੈ ਕਿ ਗਦਰੀਆਂ ਦਾ ਵੱਡਾ ਹਿੱਸਾ ਬਾਅਦ ਵਿਚ ਕਮਿਊਨਿਸਟ ਲਹਿਰ ਦਾ ਹਿੱਸਾ ਬਣਿਆ ਅਤੇ ਵੱਖ-ਵੱਖ ਖੇਤਰਾਂ ਵਿਚ ਵੱਡਾ ਯੋਗਦਾਨ ਪਾਇਆ ਪਰ ਗਦਰੀਆਂ ਨੂੰ ਸਿਰਫ ਸਿੱਖਾਂ ਜਾਂ ਕਮਿਊਨਿਸਟਾਂ ਤੱਕ ਘਟਾਉਣਾ ਉਨ੍ਹਾਂ ਨਾਲ ਜ਼ਿਆਦਤੀ ਹੈ। ਪਹਿਲਾਂ ਇਹੀ ਭਾਣਾ ਭਗਤ ਸਿੰਘ ਨਾਲ ਵਰਤ ਚੁੱਕਾ ਹੈ। ਪਹਿਲਾਂ ਸਿੱਖ ਉਸ ਨੂੰ ਸਿੱਖ ਸਾਬਤ ਕਰਨ 'ਤੇ ਲੱਗੇ ਰਹੇ ਪਰ ਜਦੋਂ 1982 ਵਿਚ ਉਸ ਦਾ ਲਿਖਿਆ ਲੇਖ 'ਮੈਂ ਨਾਸਤਕ ਕਿਉਂ ਹਾਂ?' ਸਾਹਮਣੇ ਆਇਆ, ਤਾਂ ਉਸ ਤੋਂ ਪਾਸਾ ਵੱਟਣ ਲੱਗ ਪਏ। ਅੱਜਕੱਲ੍ਹ ਤਾਂ ਉਸ ਨੂੰ ਸਿੱਖ ਵਿਰੋਧੀ ਕਹਿਣ ਵਾਲੇ ਵੀ ਜੰਮ ਪਏ ਹਨ। ਕੋਈ ਇਹ ਨਹੀਂ ਸੋਚਦਾ ਕਿ ਗਦਰੀਆਂ ਅਤੇ ਭਗਤ ਸਿੰਘ ਨੇ ਕਿਹੜੇ ਹਾਲਾਤ ਅਤੇ ਕਿਨ੍ਹਾਂ ਵਕਤਾਂ ਵਿਚ ਕੰਮ ਕੀਤਾ। ਇਨ੍ਹਾਂ ਦਾ ਮੁੱਖ ਏਜੰਡਾ ਦੇਸ਼ ਦੀ ਆਜ਼ਾਦੀ ਸੀ ਅਤੇ ਇਹ ਇਸ ਕਾਰਜ ਦੀ ਪੂਰਤੀ ਲਈ ਭਾਰਤ ਦੇ ਹਰ ਸ਼ਖਸ ਨੂੰ ਧਿਰ ਮੰਨ ਕੇ ਚੱਲ ਰਹੇ ਸਨ। ਵਰਿਆਮ ਸੰਧੂ ਦੇ ਲੇਖ ਵਿਚ ਅਜਮੇਰ ਸਿੰਘ ਦਾ ਜ਼ਿਕਰ ਆਇਆ ਹੈ ਅਤੇ ਮੈਂ ਉਸ ਦੀ ਗਦਰੀਆਂ ਬਾਰੇ ਕਿਤਾਬ ਵੀ ਪੜ੍ਹੀ ਹੈ। ਇਹ ਕਿਤਾਬ ਹੀ ਨਹੀਂ, ਉਸ ਦੀਆਂ ਪਹਿਲੀਆਂ ਕਿਤਾਬਾਂ ਵੀ ਪੜ੍ਹੀਆਂ ਹਨ। ਪੰਜਾਬ ਵਿਚ ਇਕ ਨਿੱਕੇ ਜਿਹੇ ਸਮਾਗਮ ਵਿਚ ਉਹਦੇ ਨਾਲ ਨਿੱਕੀ ਜਿਹੀ ਮੁਲਾਕਾਤ ਵੀ ਹੋਈ ਸੀ। ਉਦੋਂ ਮੈਂ ਉਨ੍ਹਾਂ ਨੂੰ ਸਿਰਫ ਇਕ ਸਵਾਲ ਕੀਤਾ ਸੀ। 1984 ਦੇ ਕਤਲੇਆਮ ਬਾਰੇ ਉਹਦੀ ਕਿਤਾਬ ਵਿਚ ਇੰਦਰਾ ਗਾਂਧੀ ਦੀ ਮੌਤ ਦੇ ਸੰਦਰਭ ਵਿਚ ਬਾਜ ਦੇ ਵਾਰ-ਵਾਰ ਜ਼ਿਕਰ ਆਇਆ ਹੈ। ਮੇਰਾ ਸਵਾਲ ਸੀ ਕਿ ਸਾਡੇ ਗੁਰੂ ਸਾਹਿਬਾਨ ਤਾਂ ਅਜਿਹੇ ਚਮਤਕਾਰਾਂ ਤੋਂ ਸਾਡਾ ਖਹਿੜਾ ਛੁਡਾ ਗਏ ਹਨ, ਇਹ ਤੁਸੀਂ ਕਿਹੜੀ ਸਿੱਖੀ ਦਾ ਪ੍ਰਚਾਰ ਕਰ ਰਹੇ ਹੋ? ਇਸ ਸਵਾਲ ਦਾ ਜਵਾਬ ਮੈਨੂੰ ਅੱਜ ਤੱਕ ਨਹੀਂ ਮਿਲਿਆ। ਕਮਿਊਨਿਸਟਾਂ ਦੀਆਂ ਕਮਜ਼ੋਰੀਆਂ ਨੂੰ ਆਧਾਰ ਬਣਾ ਕੇ ਗਦਰੀਆਂ ਨੂੰ ਜੇ ਸਿੱਖ ਸਾਬਤ ਵੀ ਕਰ ਦਿੱਤਾ ਗਿਆ ਤਾਂ ਵੀ ਕੀ ਫਰਕ ਪੈ ਜਾਵੇਗਾ? ਵਰਿਆਮ ਸੰਧੂ ਨੇ ਇਸ ਬਾਰੇ ਜਿਸ ਢੰਗ ਨਾਲ ਬੜੇ ਸਬਰ ਨਾਲ ਗੱਲ ਕੀਤੀ ਹੈ, ਮੈਨੂੰ ਬੜੀ ਚੰਗੀ ਲੱਗੀ ਹੈ। ਸਭ ਤੋਂ ਵੱਡੀ ਗੱਲ ਇਸ ਵਿਚ ਉਸ ਦਾ ਕਿਸੇ ਕਿਸਮ ਦਾ ਕੋਈ ਲਾਹਾ ਲੈਣ ਦਾ ਯਤਨ ਨਹੀਂ ਭਾਸਦਾ।

*-ਗੁਰਬਖਸ਼ ਸਿੰਘ ਸੋਢੀ*
*ਇੰਡੀਅਨਐਪੋਲਿਸ, ਇੰਡੀਅਨਾ*



# ਸਰਾਭੇ ਦਾ ਸ਼ਹੀਦੀ ਸਮਾਗਮ ਫਰਿਜ਼ਨੋ 'ਚ 10 ਨਵੰਬਰ ਨੂੰ

**ਫਰਿਜ਼ਨੋ (ਬਿਊਰੋ):** ਸ਼ਹੀਦ ਸ. ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਸਮਾਗਮ 10 ਨਵੰਬਰ ਐਤਵਾਰ ਨੂੰ ਫਰਿਜ਼ਨੋ ਵਿਚ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਅਤੇ 16 ਨਵੰਬਰ ਸਨਿਚਰਵਾਰ ਨੂੰ ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਯੂ ਐਸ ਏ, ਇੰਡੋ ਅਮੈਰਿਕਨ ਕਲਚਰਲ ਆਰਗੇਨਾਈਜ਼ੇਸ਼ਨ ਆਫ ਬੇ ਏਰੀਆ, ਇੰਡੀਆ ਕਲਚਰਲ ਸ਼ੋਸ਼ਲ ਫੋਰਮ ਯੂਬਾ ਸਿਟੀ, ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਅਤੇ ਹੋਰ ਸੰਸਥਾਵਾਂ ਵਲੋਂ ਸਾਂਝੇ ਤੌਰ 'ਤੇ ਗਦਰ ਲਹਿਰ ਦੇ ਪਹਿਲੇ ਦਫਤਰ ਯੁਗਾਂਤਰ ਆਸ਼ਰਮ 5 ਵੁੱਡ ਸਟਰੀਟ ਸੈਨ ਫਰਾਂਸਿਸਕੋ ਵਿਚ ਕਰਵਾਇਆ ਜਾ ਰਿਹਾ ਹੈ।

ਇਸ ਸਬੰਧੀ ਫੈਸਲਾ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੀ ਇਥੇ ਹੋਈ ਇਕ ਮੀਟਿੰਗ ਵਿਚ ਲਿਆ ਗਿਆ। ਸੰਸਥਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਨ੍ਹਾਂ ਸਮਾਗਮਾਂ ਵਿਚ ਨਾਮੀ ਬੁਲਾਰੇ ਸ਼ਿਕਰਤ ਕਰਨਗੇ ਅਤੇ ਗੀਤ ਸੰਗੀਤ ਵੀ ਹੋਵੇਗਾ। ਇਸ ਤੋਂ ਇਲਾਵਾ ਇਨ੍ਹਾਂ ਦੋਵਾਂ ਸਮਾਗਮਾਂ ਵਿਚ ਸਕੂਲਾਂ ਦੇ ਬੱਚਿਆਂ ਨੂੰ ਵੱਧ ਤੋਂ ਵੱਧ ਸਮਾਂ ਦਿੱਤਾ ਜਾਵੇਗਾ। ਫੋਰਮ ਅਨੁਸਾਰ ਜੇਕਰ ਨਵੀਂ ਪੀੜ੍ਹੀ ਇਹੋ ਜਿਹੇ ਸਮਾਗਮਾਂ ਨਾਲ ਜੁੜੇਗੀ ਤਾਂ ਹੀ ਉਹ 'ਸਰਫਰੋਸ਼ੀ ਕੀ ਤਮੰਮਾ ਅਬ ਹਮਾਰੇ ਦਿਲ ਮੇਂ ਹੈ, ਦੇਖਨਾ ਕਿ ਜ਼ੋਰ ਕਿਤਨਾ ਬਾਜ਼ੂ ਏ ਕਾਤਿਲ ਮੇਂ ਹੈ' ਦੇ ਅਰਥ ਸਮਝ ਸਕੇਗੀ। ਫੋਰਮ ਦੇ ਮੈਂਬਰਾਂ ਕੁਲਦੀਪ ਸਿੰਘ ਅਟਵਾਲ, ਅਵਤਾਰ ਸਿੰਘ, ਮਹਿੰਗਾ ਸਿੰਘ ਸਰਪੰਚ, ਮੱਖਣ ਸਿੰਘ ਬਾਸੀ, ਮੁਲਖ ਰਾਜ ਅਤੇ ਭੁਪਿੰਦਰ ਸਿੰਘ ਸੰਧੂ ਨੇ ਸਮੂਹ ਭਾਰਤੀਆਂ ਨੂੰ ਇਨ੍ਹਾਂ ਸਮਾਗਮਾਂ ਵਿਚ ਪਹੁੰਚਣ ਦੀ ਅਪੀਲ ਕੀਤੀ ਹੈ।

## ਪੱਤਰਕਾਰ ਹਰਮਿੰਦਰ ਸਿੰਘ ਢਿੱਲੋਂ ਦਾ ਸਨਮਾਨ

**ਸੈਕਰਾਮੈਂਟੋ (ਬਿਊਰੋ):** ਉਘੇ ਪੱਤਰਕਾਰ ਹਰਮਿੰਦਰ ਸਿੰਘ ਢਿੱਲੋਂ (ਮੌ ਸਾਹਿਬ), ਜੋ ਇਨ੍ਹੀਂ ਦਿਨੀਂ ਅਮਰੀਕਾ ਦੇ ਦੌਰੇ 'ਤੇ ਹਨ, ਦਾ ਇਥੇ ਗੁਰਦੁਆਰਾ ਗੁਰੂ ਰਵਿਦਾਸ ਟੈਂਪਲ, ਰਿਓ ਲਿੰਡਾ ਵਿਖੇ ਵਿਸ਼ੇਸ਼ ਮਾਣ-ਸਨਮਾਨ ਕੀਤਾ ਗਿਆ।

ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ. ਢਿੱਲੋਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਨਾਲ ਨਿਵਾਜਿਆ ਗਿਆ ਅਤੇ ਇਕ ਸਨਮਾਨ ਪੱਤਰ ਵੀ ਦਿੱਤਾ ਗਿਆ। ਜੱਸੀ ਬੰਗਾ, ਜਿਨ੍ਹਾਂ ਦੇ ਸੱਦੇ 'ਤੇ ਉਹ ਗੁਰੂ ਘਰ ਪਹੁੰਚੇ, ਨੇ ਆਪਣੇ ਵੱਲੋਂ ਵਿਸ਼ੇਸ਼ ਤੋਹਫਾ ਭੇਟ ਕੀਤਾ। ਇਸ ਮੌਕੇ ਬੋਲਦਿਆਂ ਸ. ਢਿੱਲੋਂ ਨੇ ਪੰਜਾਬ ਦੀ ਮੌਜੂਦਾ ਸਥਿਤੀ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਦੇ ਸਨਮਾਨ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਰੇ ਮੈਂਬਰ ਹਾਜ਼ਰ ਸਨ।



ਹਰਮਿੰਦਰ ਸਿੰਘ ਢਿੱਲੋਂ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ

## ਡਾਕਟਰਾਂ ਨਾਲੋਂ ਡਾਕਟਰਨੀਆਂ ਵੱਧ ਜ਼ਿੰਮੇਵਾਰ

**ਵਾਸ਼ਿੰਗਟਨ:** ਇਕ ਨਵੇਂ ਸਰਵੇਖਣ ਵਿਚ ਦਾਅਵਾ ਕੀਤਾ ਗਿਆ ਹੈ ਕਿ ਮਰੀਜ਼ ਦੀ ਦੇਖਭਾਲ ਦੇ ਮਾਮਲੇ ਵਿਚ ਮਹਿਲਾ ਡਾਕਟਰਾਂ, ਪੁਰਸ਼ ਡਾਕਟਰਾਂ ਨਾਲੋਂ ਕਿਤੇ ਅੱਗੇ ਹਨ ਜਦੋਂਕਿ ਵੱਧ ਮਰੀਜ਼ਾਂ ਦੀ ਜਾਂਚ ਵਿਚ ਪੁਰਸ਼ ਡਾਕਟਰਾਂ ਨੇ ਬਾਜ਼ੀ ਮਾਰ ਲਈ। ਮਾਂਟਰੀਅਲ ਯੂਨੀਵਰਸਿਟੀ ਦੇ ਖੋਜਾਰਥੀਆਂ ਦੀ ਟੀਮ ਨੇ ਇਹ ਨਤੀਜਾ ਬਜ਼ੁਰਗ ਸ਼ੱਕਰ ਰੋਗ ਦੇ ਮਰੀਜ਼ਾਂ ਦੀ ਜਾਂਚ ਕਰਨ ਵਾਲੇ 870 ਪ੍ਰੈਕਟੀਸ਼ਨਰਾਂ ਦੇ ਬਿੱਲਾਂ ਦੇ ਬਿਊਰੋ ਦੀ ਘੋਖ ਕਰਕੇ ਕੱਢਿਆ। ਇਨ੍ਹਾਂ ਵਿਚ ਅੱਧੇ ਮਹਿਲਾ ਪ੍ਰੈਕਟੀਸ਼ਨਰ ਸ਼ਾਮਲ ਹਨ।

ਇਸ ਟੀਮ ਦੇ ਮੋਹਰੀ ਵੈਲੇਰੀ ਮਾਰਟੇਲ ਨੇ ਕਿਹਾ ਕਿ ਡਾਕਟਰੀ ਦੇ ਪੇਸ਼ੇ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ ਵਿਚ ਔਰਤਾਂ ਦੀ ਸਰਦਾਰੀ ਹੈ। ਮਹਿਲਾ ਡਾਕਟਰ ਮਰੀਜ਼ ਦੇ ਇਲਾਜ ਤੇ ਉਸ ਦੇ ਟੈਸਟਾਂ ਦੀ ਘੋਖ ਵਿਚ ਵੀ ਪੁਰਸ਼ਾਂ ਨਾਲੋਂ ਅੱਗੇ ਹਨ।

# ਬਜ਼ੁਰਗ ਸਿੱਖ ਨੂੰ ਕੁੱਟਣ ਵਾਲੀ ਮੁਟਿਆਰ ਦੋਸ਼ੀ ਕਰਾਰ

**ਲੰਡਨ:** ਸਥਾਨਕ ਅਦਾਲਤ ਨੇ ਕੋਰਲ ਮਿਲਰਚਿਪ ਨਾਂ ਦੀ 19 ਸਾਲਾ ਬ੍ਰਿਟਿਸ਼ ਮੁਟਿਆਰ ਨੂੰ ਬੀਤੀ 10 ਅਗਸਤ ਨੂੰ ਕੁਵਾਂਟਰੀ ਸਿਟੀ ਸੈਂਟਰ ਦੇ ਵੈਸਟ ਮਿਡਲੈਂਡ ਇਲਾਕੇ ਵਿਚ 80 ਸਾਲਾ ਸਿੱਖ ਬਜ਼ੁਰਗ ਨਾਲ ਕੀਤੀ ਮਾਰਕੁੱਟ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਹੈ। ਇਸ ਤੋਂ ਪਹਿਲਾਂ



ਇਸ ਮੁਟਿਆਰ ਨੇ ਆਪਣਾ ਦੋਸ਼ ਕਬੂਲ ਲਿਆ ਸੀ। ਉਕਤ ਲੜਕੀ ਵੱਲੋਂ ਸਿੱਖ ਬਜ਼ੁਰਗ ਥੱਲੇ ਸੁੱਟਣ ਤੋਂ ਬਾਅਦ ਲੱਤਾਂ ਨਾਲ ਉਸ 'ਤੇ ਹਮਲਾ ਕੀਤਾ ਜਿਸ ਕਰਕੇ ਬਜ਼ੁਰਗ ਦੀ ਦਸਤਾਰ ਲਹਿ ਗਈ ਸੀ। ਇਥੇ ਹੀ ਬੱਸ ਨਹੀਂ ਉਕਤ ਲੜਕੀ ਨੇ ਸਿੱਖ ਬਜ਼ੁਰਗ 'ਤੇ ਥੁੱਕਿਆ ਵੀ ਸੀ।

ਇਸ ਸਾਰੀ ਘਟਨਾ ਦੀ ਮੋਬਾਈਲ ਫੋਨ 'ਤੇ ਵੀਡੀਓ ਬਣੀ ਸੀ ਜਿਸ ਨੂੰ ਯੂ ਟਿਊਬ 'ਤੇ ਅਪਲੋਡ ਕੀਤਾ ਗਿਆ ਸੀ। ਇਸ ਤੋਂ ਬਾਅਦ ਇਸ ਘਟਨਾ ਬਾਰੇ ਪਤਾ ਚੱਲਿਆ ਸੀ। ਇਸ ਘਟਨਾ ਤੋਂ ਬਾਅਦ ਭਾਰਤ ਵਿਚਲੇ ਸਿੱਖ ਸੰਗਠਨਾਂ ਵੱਲੋਂ ਇਸ ਮਾਮਲੇ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਦਖਲ ਦੇਣ ਦੀ ਮੰਗ ਵੀ ਕੀਤੀ ਸੀ। ਇਸ ਤੋਂ ਇਲਾਵਾ ਅਦਾਲਤ ਨੇ ਉਕਤ ਬ੍ਰਿਟਿਸ਼ ਲੜਕੀ ਨੂੰ ਬੀਤੀ ਨੌਂ ਜੁਲਾਈ ਨੂੰ ਕੁਵੈਂਟਰੀ ਦੇ ਇਕ ਇਲਾਕੇ ਵਿਚ ਹੋਈ ਚੋਰੀ ਦੀ ਵਾਰਦਾਤ ਵਿਚ ਵੀ ਦੋਸ਼ੀ ਮੰਨਿਆ ਹੈ।

ਮੁਲਜ਼ਮਾ ਦੇ ਵਕੀਲ ਡੇਵਿਡ ਮਰੇ ਨੇ ਕਿਹਾ ਕਿ ਉਸ ਦਾ ਕਬੂਲਨਾਮਾ ਇਸਤਗਾਸਾ ਧਿਰ ਦੀ ਰਜ਼ਾਮੰਦੀ ਮੁਤਾਬਕ ਪੇਸ਼ ਕੀਤਾ ਗਿਆ ਹੈ। ਇਹ ਰਿਪੋਰਟ 'ਕੋਵੈਂਟਰੀ ਅਬਜ਼ਰਵਰ' ਨਾਮੀ ਰੋਜ਼ਨਾਮਾ ਨੇ ਛਾਪੀ ਹੈ। ਸਰਕਾਰੀ ਵਕੀਲ ਅਲੈਕਸ ਵਾਰਨ ਨੇ ਕਿਹਾ ਕਿ ਮੁਲਜ਼ਮਾ ਨੂੰ ਦੋਵੇਂ ਜੁਰਮਾਂ ਵਿਚ ਕਾਨੂੰਨ ਮੁਤਾਬਕ ਸਜ਼ਾ ਮਿਲੇਗੀ। ਉਸ ਨੇ ਜ਼ਮਾਨਤ ਦੀ ਅਰਜ਼ੀ ਨਹੀਂ ਦਿੱਤੀ ਤੇ ਇਸ ਵੇਲੇ ਹਿਰਾਸਤ ਵਿਚ ਹੈ।


## ਗੁਨਤਾਸ ਸਿੰਘ ਗਿਰਨ ਨੂੰ ਜਨਮ ਦਿਨ ਮੁਬਾਰਕ



ਵਲੋਂ:
ਹਰਮੀਕ ਸਿੰਘ ਗਿਰਨ (ਪਿਤਾ)
ਗੁਰਜੀਤ ਕੌਰ ਗਿਰਨ (ਮਾਤਾ)
ਅਮਰਜੀਤ ਸਿੰਘ ਗਿਰਨ (ਦਾਦਾ)
ਬਲਵਿੰਦਰ ਕੌਰ ਗਿਰਨ (ਦਾਦੀ)
ਕੈਪਟਨ ਹਰਦਮ ਸਿੰਘ (ਨਾਨਾ)
ਨਰਿੰਦਰ ਕੌਰ (ਨਾਨੀ)
ਅੰਮ੍ਰਿਤ ਸਿੰਘ ਸੈਣੀ (ਮਾਮਾ)






## ਅਮਰੀਕਾ ਬਣਾਏਗਾ ਕਾਲੇ ਸਾਗਰ ਵਿਚ ਹਵਾਈ ਅੱਡਾ

**ਵਾਸ਼ਿੰਗਟਨ:** ਕਿਰਗਿਸਤਾਨ ਵਿਚ ਆਪਣਾ ਬੇਸ ਬੰਦ ਕਰਨ ਬਾਰੇ ਪੈਂਟਾਗਨ ਦੇ ਐਲਾਨ ਦੇ ਨਾਲ ਹੀ ਅਮਰੀਕਾ ਨੇ ਬਲੈਕ ਸੀ (ਕਾਲਾ ਸਾਗਰ) ਵਿਚ ਫੌਜੀ ਹਵਾਈ ਅੱਡਾ ਸਥਾਪਤ ਕਰਨ ਲਈ ਰੋਮਾਨੀਆ ਨਾਲ ਸਮਝੌਤਾ ਕੀਤਾ ਹੈ। ਵ੍ਹਾਈਟ ਹਾਊਸ ਦੇ ਪ੍ਰੈੱਸ ਸਕੱਤਰ ਨੌਰਨ ਲਿਟਲ ਨੇ ਦੱਸਿਆ ਕਿ ਬਲੈਕ ਸੀ ਵਿਚ ਸਥਾਪਤ ਕੀਤੇ ਜਾਣ ਵਾਲੇ ਇਸ ਹਵਾਈ ਅੱਡੇ ਰਾਹੀਂ ਅਫਗਾਨਿਸਤਾਨ ਵਿਚੋਂ ਹਟਣ ਵਾਲੇ ਅਮਰੀਕੀ ਸੈਨਿਕਾਂ ਨੂੰ ਇਸ ਰਸਤੇ ਲਿਆਂਦਾ ਜਾਵੇਗਾ। ਉਨ੍ਹਾਂ ਦੱਸਿਆ ਕਿ ਅਮਰੀਕਾ ਨੇ ਰੱਖਿਆ ਮੰਤਰੀ ਚੱਕ ਹੇਗਲ ਤੇ ਉਨ੍ਹਾਂ ਦੇ ਰੋਮਾਨੀਆ ਦੇ ਹਮਰੁਤਬਾ ਸਿਰਸਿਆ ਡੂਸਾ ਦੀ ਪੈਂਟਾਗਟ ਵਿਚ ਮੁਲਾਕਾਤ ਬਾਅਦ ਇਹ ਕਰਾਰ ਕੀਤਾ ਗਿਆ ਹੈ।

PANNU'S
Legal Services

ਵੇਵਰ 601A
ਵਾਸਤੇ ਕਾਲ ਕਰੋ

G.S. Pannu
Immigration Consultant - LDA
M.K. Pannu
Manager
ਇਮੀਗਰੇਸ਼ਨ ਸਿਟੀਜਨਸ਼ਿਪ
ਤਲਾਕ ਬੱਚਿਆਂ ਦੀ ਇਮਦਾਦ
ਇੰਡੀਅਨ ਪਾਸਪੋਰਟ
ਇੰਡੀਅਨ ਵੀਜ਼ਾ
ਓ.ਸੀ.ਆਈ. ਕਾਰਡ, ਮੁਖਤਿਆਰਨਾਮਾ ਅਤੇ ਹੋਰ ਸਬੰਧਤ ਮਾਮਲੇ
ਅਸੀਂ ਪੰਜਾਬ ਵਿਚਲੇ ਜਾਇਦਾਦ ਅਤੇ ਤਲਾਕ ਦੇ ਕੇਸ ਵੀ ਹੱਲ ਕਰਦੇ ਹਾਂ
ਹੁਣ ਤੁਹਾਡੀ ਸੇਵਾ ਲਈ ਤਿੰਨ ਸ਼ਹਿਰਾਂ ਵਿੱਚ
ਫਰੀਮੌਂਟ
4127 Bay St., Unit 7
Fremont, CA 94538
(Near Fremont Bharat Bazar)
(510) 677-5200
ਮਨਟੀਕਾ
1381 E. Yosemite Ave
Manteca, CA 95336
(Open Wed & Sat 10:00 am - 4:00 pm)
(209) 679-8025
ਸੈਨ ਫਰਾਂਸਿਸਕੋ
4444 Geary Blvd, Suite 210,
San Francisco, CA 94118
(510) 677-8440
pannugurwant@yahoo.com
Fax: (510) 279-7624
indiavisa123@gmail.com
Fax: (510) 952-4411

Are You Protected?
We are your one stop source for security cameras
Residential & Commercial
* Homes * Retail Stores * Restaurants * Hotels * Motels * Truck Stops
* Office Buildings and Much More
Surveillance Cameras
Hidden Cameras
Hi-Definition Cameras
Night Vision Cameras
Wireless Cameras
PTZ Cameras
IP Cameras
Vandalism Prevention Cameras
Cash Register Monitoring
Audio Monitoring
Remote View Your Security on Your Mobile Device
iPhone Android
POS data INTEGRATION
Satellite Plus
www.SPSecurity.org
559.226.1510
5070 N. Sixth St. Ste. 186 Fresno
(N/E Corner of Shaw /Sixth St.)
BBB ACCREDITED BUSINESS
Since 1995
Also Available:
comcast Authorized Dealer
dish NETWORK AUTHORIZED RETAILER
DIRECTV AUTHORIZED RETAILER

To Advertise with Punjab Times Call: 847-359-0746
www.punjabtimesusa.com e-mail:punjabtimes1@sbcglobal.net

COMMERCIAL GRADE
SECURITY SOLUTIONS
MORE THAN SECURITY
Vista
LICENCE PLATE READER
BILL READER
LONG RANGE
CASH REGISTER INTERFACE
HD SERIES CAMERAS
SPECIAL OFFER 4 CAMERAS WITH 4 CH DVR LED MONITOR INCLUDED $1649 $1349 +Tax
SPECIAL OFFER 8 CAMERAS INSTALLATION INCLUDED LED MONITOR INCLUDED $2949 $2349 +Tax
SPECIAL OFFER 12 CAMERAS INSTALLATION INCLUDED LED MONITOR INCLUDED $4349 $3749 +Tax
Buy Online : www.ezchase.com
Email : commvision@sbcglobal.net
Call Sukhpal
661-586-5080
Vista CCTV TECHNOLOGY

The Anu Attorney Immigration Law Firm
Law offices of Anu Peshawaria
*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC

Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law
US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist
ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ
ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ
FAMILY LAW
*Divorce *Annulment
*International Custody
INCORPORATIONS
*International Contracts, Mergers
*Attorney Supreme Court of India
*Bankruptcy Consultation & Filing
Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com
46560 Fremont Blvd., STE#205, Fremont, CA 94538
801, Pine Street, # 21 H, Seattle, Washington 98101
Offices: Seattle, WA *Fremont, CA *UK *Canada *India
Weekends & Evening Appointments Available

ੴ ਸਤਿਗੁਰ ਪ੍ਰਸਾਦਿ

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।।

ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧ ਜੱਗ ਚਾਨਣ ਹੋਆ।।

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਲੋਂ

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਚੌਥਾ

# ਮਹਾਨ ਨਗਰ ਕੀਰਤਨ




## ਨਗਰ ਕੀਰਤਨ 27 ਅਕਤੂਬਰ ਦਿਨ ਐਤਵਾਰ ਨੂੰ ਸਵੇਰੇ 11:00 ਵਜੇ ਸੁਰੂ ਹੋਵੇਗਾ



ਦਮਦਮੀ ਟਕਸਾਲ ਦੇ 16ਵੇਂ ਮੁਖੀ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਵੱਲੋਂ ਸੰਗਤਾਂ ਨੂੰ ਖਾਸ ਤੌਰ 'ਤੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ

### ਪਹੁੰਚ ਰਹੇ ਕੀਰਤਨੀ ਜੱਥੇ ਅਤੇ ਪ੍ਰਚਾਰਕ

ਇਲਾਕੇ ਭਰ ਦੇ ਸਮੂੰਹ ਗੁਰੂ ਘਰਾ ਦੇ ਕੀਰਤਨੀ ਜੱਥੇ ਹਾਜ਼ਰੀ ਭਰਨਗੇ। ਜਿੰਨਾ ਵਿੱਚ ਕਥਾ ਵਾਚਕ ਭਾਈ ਇਕਬਾਲ ਸਿੰਘ ਰਾਜਪੁਰੇ ਵਾਲੇ, ਭਾਈ ਪ੍ਰੀਤਮ ਸਿੰਘ ਮਿੱਠਾ ਟਿਵਾਣਾਂ (ਗੁ.ਪ੍ਰਮੇਸ਼ਰਦੁਆਰ ਮੰਡੇਰਾ), ਭਾਈ ਅਮਰੀਕ ਸਿੰਘ(ਰਾਗੀ ਜੱਥਾ ਗੁ. ਸਿਲਮਾ), ਭਾਈ ਹਰਪ੍ਰੀਤ ਸਿੰਘ, ਭਾਈ ਸੁਖਵਿੰਦਰ ਸਿੰਘ ਅਤੇ ਭਾਈ ਲਖਵੀਰ ਸਿੰਘ (ਗੁ. ਕਰਮਨ), ਭਾਈ ਕੇਵਲ ਸਿੰਘ ਕੋਮਲ ਦਾ ਢਾਡੀ ਜੱਥਾ ਅਤੇ ਭਾਈ ਮਨਜੀਤ ਸਿੰਘ ਪੱਤਰ ਦਾ ਕਵੀਸ਼ਰੀ ਜੱਥਾ। ਇਹਨਾਂ ਤੋਂ ਇਲਾਵਾ ਭਾਈ ਅਵਤਾਰ ਸਿੰਘ ਅਤੇ ਉਹਨਾਂ ਦੇ ਸਾਥੀ ਭਾਈ ਰਣਜੀਤ ਸਿੰਘ ਅਤੇ ਭਾਈ ਜਗਤ ਸਿੰਘ (ਹਜ਼ੂਰੀ ਰਾਗੀ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ) ਵੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

ਗੁਰੂਘਰ ਤੋਂ ਚਲਣ ਉਪਰੰਤ ਨਗਰ ਕੀਰਤਨ 'ਫਾਊਲਰ' ਸ਼ਹਿਰ ਦੀਆਂ ਵੱਖ-ਵੱਖ ਸੜਕਾ ਤੋਂ ਹੁੰਦਾ ਹੋਇਆ ਸ਼ਹਿਰ ਦੇ 'ਪਨਸ਼ੇਕ ਪਾਰਕ' ਵਿੱਚ ਪੜਾਅ ਕਰਨ ਉਪਰੰਤ ਬਾਅਦ ਵਾਪਸ ਪਰਤੇਗਾ।

### ਪ੍ਰੋਗਰਾਮ ਦਾ ਵੇਰਵਾ

**ਅੰਮ੍ਰਿਤ ਸੰਚਾਰ:**
26 ਅਕਤੂਬਰ ਦਿਨ ਸ਼ਨੀਵਾਰ ਨੂੰ ਸਵੇਰੇ ਹੋਵੇਗਾ।

**ਭੋਗ ਸ੍ਰੀ ਅਖੰਡ ਪਾਠ ਸਹਿਬ:**
27 ਅਕਤੂਬਰ ਦਿਨ ਐਤਵਾਰ ਸਵੇਰੇ 8 ਤੋਂ 10 ਵਜੇ ਤੱਕ ਪਾਏ ਜਾਣਗੇ।

**ਗੁਰੂ ਘਰ ਵਿਖੇ ਦੀਵਾਨ:**
ਸਵੇਰੇ 10 ਤੋਂ 11 ਵਜੇ ਸਜਾਏ ਜਾਣਗੇ।

**ਰਵਾਨਗੀ ਨਗਰ ਕੀਰਤਨ:**
ਠੀਕ 11 ਵਜੇ ਹੋਵੇਗੀ।

### ਗੁਰੂ ਘਰ ਦਾ ਪਤਾ

4250-E. LINCOLN AVE
FRESNO , CA. 93725.

ਨਗਰ ਕੀਰਤਨ ਦੇ ਰੂਟ ਦਾ ਨਕਸ਼ਾ।




ਲੰਗਰ ਦੀ ਸੇਵਾ ਸਬੰਧੀ ਸੰਪਰਕ ਕਰੋ: ਭਾਈ ਦਵਿੰਦਰ ਸਿੰਘ ਰਾਣਾ (559) 708-2012 ਜਾਂ ਕੇਵਲ ਸਿੰਘ ਕਰਮਨ (559) 647-9388.
ਫਲੋਟਾਂ ਦੀ ਸੇਵਾ ਲਈ ਸੰਪਰਕ ਕਰੋ: ਭਾਈ ਜਸਵਿੰਦਰ ਸਿੰਘ ਗਰਚਾ 559-761-3864 ਜਾਂ ਭਾਈ ਹਰਪ੍ਰੀਤ ਸਿੰਘ (559) 994-1417.
ਸਟਾਲ ਲਾਉਣ ਲਈ ਸੰਪਰਕ ਕਰੋ: ਭਾਈ ਪਲਵਿੰਦਰ ਸਿੰਘ 559-696-4089 ਜਾਂ ਭਾਈ ਰਣਜੀਤ ਸਿੰਘ 559-351-0505.

### ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

ਭਾਈ ਅਵਤਾਰ ਸਿੰਘ:559-261-5899 ਜਾਂ ਗੁਰਦਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ:559-834-9444.

ਨਗਰ ਕੀਰਤਨ ਦੇ ਰੂਟ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਤੁਸੀਂ ਫੋਨ ਕਰ ਸਕਦੇ
ਹਰਪ੍ਰੀਤ ਸਿੰਘ: 559-859-0471 ਜਾਂ ਰਾਜ ਬਦੇਸ਼ਾ: 559-824-5472.

Live On GLOBAL PUNJAB Channel 739

ਨਗਰ ਕੀਰਤਨ ਦਾ ਲਾਈਵ ਪ੍ਰਸਾਰਣ 'ਗਲੋਬਲ ਪੰਜਾਬ' ਟੀ ਵੀ ਚੈਨਲ 739 Dish Network 'ਤੇ ਕੀਤਾ ਜਾਵੇਗਾ।

ਸਮੂੰਹ ਪੰਜਾਬੀ ਮੀਡੀਆਂ ਦਾ ਸਹਿਯੋਗ ਦੇਣ ਲਈ ਧੰਨਵਾਦ। ਫੋਟੋ ਅਤੇ ਵੀਡੀਓ ਸੇਵਾ: ਜੀਤ ਗਿੱਲ Mogavideo.com ਅਤੇ ਸਿੰਘਾਪੁਰ ਵੀਡੀਓਜ਼ ਫਰਿਜ਼ਨੋ।

ਮੀਡੀਆਂ ਸਪਾਂਸਰ: ਨੀਟਾ ਮਾਛੀਕੇ (559) 333-5776 ਅਤੇ ਕੁਲਵੰਤ ਉੱਭੀ ਧਾਲੀਆਂ (559) 473-9264.

Degned By: Kulwant Ubhi Dhalian , Dhalian & Machhike Punjabi Media Group Fresno, California, USA and Dhalian.com

ੴ ਪ੍ਰੂਜਾ ਅਕਾਲ ਕੀ ਪਰਚਾ ਸ਼ਬਦ ਕਾ ਦੀਦਾਰ ਖਾਲਸੇ ਕਾ॥

# ਗੁਰਦੁਆਰਾ ਸਿੱਖ ਟੈਂਪਲ, ਯੂਬਾ ਸਿਟੀ

**2468 Tierra Buena Rd., Yuba City, CA 95992**

## ਜੁਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਦਿਵਸ ਨੂੰ ਸਮਰਪਿਤ

# 34ਵਾਂ ਮਹਾਨ ਨਗਰ ਕੀਰਤਨ

## 3 ਨਵੰਬਰ 2013 ਦਿਨ ਐਤਵਾਰ ਨੂੰ



**ਸਮੂਹ ਨਾਨਕ ਨਾਮ ਲੇਵਾ ਸੰਗਤਾਂ ਨੂੰ ਬੇਨਤੀ ਹੈ ਕਿ ਹਰ ਸਾਲ ਦੀ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਮਹਾਨ ਨਗਰ ਕੀਰਤਨ 3 ਨਵੰਬਰ 2013 ਨੂੰ ਸਜਾਏ ਜਾ ਰਹੇ ਹਨ। ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਜੀਵਨ ਸਫਲੇ ਕਰੋ ਜੀ।**

## ਪ੍ਰੋਗਰਾਮ ਦਾ ਵੇਰਵਾ

**ਅਖੰਡ ਪਾਠ ਸਾਹਿਬ ਦੀ ਲੜੀ:** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ 16 ਸਤੰਬਰ ਤੋਂ ਸ਼ੁਰੂ ਹੈ। ਅਖੀਰਲਾ ਸ੍ਰੀ ਅਖੰਡ ਪਾਠ ਪਹਿਲੀ ਨਵੰਬਰ ਸ਼ੁਕਰਵਾਰ ਨੂੰ ਅਰੰਭ ਹੋ ਕੇ 3 ਨਵੰਬਰ ਦਿਨ ਐਤਵਾਰ ਨੂੰ ਭੋਗ ਪੈਣਗੇ।

**ਸ਼ਹੀਦੀ ਦਿਵਸ ਭਾਈ ਬੇਅੰਤ ਸਿੰਘ:** 31ਅਕਤੂਬਰ ਦਿਨ ਵੀਰਵਾਰ ਨੂੰ ਰਾਤ 6.00 ਵਜੇ ਤੋਂ 9:30 ਵਜੇ ਤੱਕ ਸ਼ਹੀਦ ਭਾਈ ਬੇਅੰਤ ਸਿੰਘ ਦੇ ਸ਼ਹੀਦੀ ਦਿਹਾੜੇ ਉਤੇ ਵਿਸ਼ੇਸ਼ ਦੀਵਾਨ ਸਜਣਗੇ।

**ਆਤਿਸ਼ਬਾਜੀ:** ਨਗਰ ਕੀਰਤਨ ਦੀਆਂ ਖੁਸ਼ੀਆਂ ਵਿਚ ਪਹਿਲੀ ਨਵੰਬਰ ਦਿਨ ਸ਼ੁਕਰਵਾਰ ਨੂੰ ਰਾਤ 8:30 ਵਜੇ ਆਤਿਸ਼ਬਾਜੀ ਹੋਵੇਗੀ।

**ਅੰਮ੍ਰਿਤ ਸੰਚਾਰ:** 2 ਨਵੰਬਰ ਸਨਿਚਰਵਾਰ ਨੂੰ ਸਵੇਰੇ 6 ਵਜੇ ਅੰਮ੍ਰਿਤ ਸੰਚਾਰ ਹੋਵੇਗਾ। ਅੰਮ੍ਰਿਤ ਅਭਿਲਾਖੀ ਸੰਗਤਾਂ ਆਪਣੇ ਨਾਮ ਭਾਈ ਸਾਹਿਬ ਸਿੰਘ (ਫੋਨ: 530-923-8458) ਕੋਲ ਲਿਖਵਾ ਕੇ ਕੱਕਾਰ ਪ੍ਰਾਪਤ ਕਰ ਸਕਦੀਆਂ ਹਨ।

**ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ:** ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਸਮੂਹ ਸਾਧ ਸੰਗਤ ਵਲੋਂ 2 ਨਵੰਬਰ ਸਨਿਚਰਵਾਰ ਨੂੰ ਸਵੇਰੇ 9:30 ਵਜੇ ਹੋਵੇਗੀ।

**ਰੈਣ ਸਬਾਈ ਕੀਰਤਨ:** 2 ਨਵੰਬਰ ਸਨਿਚਰਵਾਰ ਨੂੰ ਰੈਣ ਸਬਾਈ ਕੀਰਤਨ ਸ਼ਾਮ 6.00 ਵਜੇ ਤੋਂ ਰਾਤ 1.00 ਵਜੇ ਤੱਕ ਹੋਵੇਗਾ ਜਿਸ ਵਿਚ ਪ੍ਰਸਿੱਧ ਰਾਗੀ ਜਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ।

### ਪਹੁੰਚ ਰਹੇ ਰਾਗੀ ਜਥੇ ਅਤੇ ਪ੍ਰਚਾਰਕ

ਭਾਈ ਦਵਿੰਦਰ ਸਿੰਘ ਸੋਢੀ (ਲੁਧਿਆਣੇ ਵਾਲੇ)
ਭਾਈ ਹਰਪ੍ਰੀਤ ਸਿੰਘ (ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ)
ਭਾਈ ਕੁਲਬੀਰ ਸਿੰਘ (ਦਮਦਮੀ ਟਕਸਾਲ)
ਭਾਈ ਤਾਰਾ ਸਿੰਘ (ਹਜੂਰੀ ਰਾਗੀ ਗੁਰਦੁਆਰਾ ਯੂਬਾ ਸਿਟੀ)
ਗਿਆਨੀ ਗੁਰਮੁੱਖ ਸਿੰਘ ਵਲਟੋਹਾ ਦਾ ਢਾਢੀ ਜੱਥਾ
ਭਾਈ ਜਗਰਾਜ ਸਿੰਘ, ਬੀਬੀ ਸੁਖਮਨੀ ਕੌਰ (ਇੰਗਲੈਂਡ)
ਭਾਈ ਸੁਖਵਿੰਦਰ ਸਿੰਘ ਰਾਜੂ (ਹਜੂਰੀ ਰਾਗੀ, ਸ੍ਰੀ ਦਰਬਾਰ ਸਾਹਿਬ)
ਭਾਈ ਹਰਪ੍ਰੀਤ ਸਿੰਘ (ਸਾਬਕਾ ਹਜੂਰੀ ਰਾਗੀ, ਸ੍ਰੀ ਦਰਬਾਰ ਸਾਹਿਬ)
ਇਸ ਤੋਂ ਇਲਾਵਾ ਸਿੱਖ ਪੰਥ ਦੇ ਉਚ ਕੋਟੀ ਦੇ ਰਾਗੀ ਜਥੇ, ਕਥਾਵਾਚਕ ਅਤੇ ਪ੍ਰਚਾਰਕ ਵੀ ਹਾਜਰੀ ਭਰਨਗੇ।

**ਭੋਗ ਅਤੇ ਕੀਰਤਨ ਸਮਾਗਮ:** 3 ਨਵੰਬਰ ਐਤਵਾਰ ਸਵੇਰੇ 8:00 ਵਜੇ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਅਤੇ ਬੰਦੀਛੋੜ ਦਿਵਸ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਦੇ ਭੋਗ ਪੈਣਗੇ ਉਪਰੰਤ ਕੀਰਤਨ ਸਮਾਗਮ ਹੋਣਗੇ।

**ਨਗਰ ਕੀਰਤਨ:** 3 ਨਵੰਬਰ ਦਿਨ ਐਤਵਾਰ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਵੇਰੇ 10:00 ਵਜੇ ਅਰੰਭ ਹੋ ਕੇ ਸ਼ਾਮ 4:00 ਵਜੇ ਗੁਰਦੁਆਰਾ ਸਾਹਿਬ ਪਹੁੰਚੇਗਾ। ਉਪਰੰਤ ਸਮਾਪਤੀ ਦੀ ਅਰਦਾਸ ਹੋਵੇਗੀ।

**ਬੇਨਤੀ:** ਸਮੁੱਚੇ ਨਗਰ ਕੀਰਤਨ ਵਿਚ ਕਿਸੇ ਵੀ ਕਿਸਮ ਦੀ ਸੇਵਾ ਕਰਕੇ ਸੰਗਤਾਂ ਇਸ ਮਹਾਨ ਕੁੰਭ ਵਿਚ ਹਿੱਸਾ ਪਾ ਸਕਦੀਆਂ ਹਨ।

**ਨੋਟ:** ਨਗਰ ਕੀਰਤਨ ਦਾ ਰੂਟ ਪਿਛਲੇ ਸਾਲ ਵਾਲਾ ਹੀ ਹੋਵੇਗਾ। ਗੱਡੀਆਂ ਦੀ ਪਾਰਕਿੰਗ ਸਿਰਫ਼ ਨਿਯਤ ਜਗ੍ਹਾਂ 'ਤੇ ਹੀ ਕੀਤੀ ਜਾਵੇ ਜੀ।
ਰਿਵਰ ਵੈਲੀ ਹਾਈ ਸਕੂਲ ਤੋਂ ਗੁਰੂ ਘਰ ਲਈ ਸਵੇਰੇ 8 ਵਜੇ ਤੋਂ ਸ਼ਾਮ 6:30 ਵਜੇ ਤੱਕ ਫਰੀ ਬੱਸਾਂ ਦਾ ਪ੍ਰਬੰਧ ਹੋਵੇਗਾ।

**ਬੇਨਤੀ ਕਰਤਾ:** ਹੈਡ ਗ੍ਰੰਥੀ: ਭਾਈ ਤਾਰਾ ਸਿੰਘ 530-673-9918, ਪ੍ਰਧਾਨ: ਸ. ਜਗਦੀਪ ਸਿੰਘ ਬਾਜਵਾ 530-682-7077, ਸਕੱਤਰ: ਸ. ਜੋਗਿੰਦਰ ਸਿੰਘ ਦੁਲਾਈ 530-300-4550, ਖ਼ਜਾਨਚੀ: ਸ.ਬਲਵਿੰਦਰ ਸਿੰਘ ਬਸਰਾ 530-682-6863, ਸੀਨੀਅਰ ਮੀਤ ਪ੍ਰਧਾਨ: ਮਾਸਟਰ ਪ੍ਰੀਤਮ ਸਿੰਘ, ਸੀਨੀਅਰ ਮੀਤ ਸਕੱਤਰ: ਸ. ਕੁਲਦੀਪ ਸਿੰਘ ਕਾਹਲੋਂ, ਸੀਨੀਅਰ ਸਹਾਇਕ ਖ਼ਜਾਨਚੀ: ਸ. ਜਗੀਰ ਸਿੰਘ, ਮੀਤ ਪ੍ਰਧਾਨ: ਸ. ਪਾਲ ਸਿੰਘ ਤੱਖਰ, ਸਹਾਇਕ ਸਕੱਤਰ: ਸ. ਜੋਗਾ ਸਿੰਘ ਥਿਆੜਾ, ਸਹਾਇਕ ਖ਼ਜਾਨਚੀ: ਸ. ਪਰਮਿੰਦਰ ਸਿੰਘ ਕੂਨਰ

## ਰਜਬ ਅਲੀ ਦੇ ਰੰਗ-12



*ਬਾਬੂ ਰਜਬ ਅਲੀ ਖਾਨ (10 ਅਗਸਤ 1894-6 ਮਈ 1979) ਦਾ ਜਨਮ ਮੀਆਂ ਧਮਾਲੀ ਖਾਨ ਅਤੇ ਜਿਉਣੀ ਦੇ ਘਰ ਪਿੰਡ ਸਾਹੋਕੇ ਜ਼ਿਲ੍ਹਾ ਫਿਰੋਜ਼ਪੁਰ ਵਿਚ ਹੋਇਆ। ਉਨ੍ਹਾਂ ਨੇ ਸਿਵਲ ਇੰਜੀਨੀਅਰਿੰਗ ਦਾ ਡਿਪਲੋਮਾ (ਓਵਰਸੀਅਰੀ) ਪਾਸ ਕੀਤਾ ਅਤੇ ਸਿੰਜਾਈ ਵਿਭਾਗ ਵਿਚ ਨੌਕਰੀ ਕਰ ਲਈ, ਪਰ ਗਾਉਣ ਦੇ ਇਸ਼ਕ ਕਰ ਕੇ 1940 ਵਿਚ ਨੌਕਰੀ ਛੱਡ ਦਿੱਤੀ। 1947 ਦੀ ਵੰਡ ਵੇਲੇ ਉਨ੍ਹਾਂ ਨੂੰ ਪਾਕਿਸਤਾਨ ਜਾਣਾ ਪਿਆ, ਪਰ ਕਵੀਸ਼ਰ ਦਾ ਦਿਲ ਮਾਲਵੇ ਦੇ ਪਿੰਡਾਂ ਵਿਚ ਹੀ ਰਿਹਾ। ਲਹਿੰਦੇ ਪੰਜਾਬ ਵਿਚ ਉਨ੍ਹਾਂ ਨੂੰ ਓਕਾੜਾ ਜ਼ਿਲ੍ਹੇ ਵਿਚ ਚੱਕ ਨੂੰਬਰ 32/2 ਵਿਖੇ ਜ਼ਮੀਨ ਅਲਾਟ ਹੋਈ। ਉਹ ਕਵੀਸ਼ਰੀ ਦੇ ਬਾਦਸ਼ਾਹ ਵਜੋਂ ਮਸ਼ਹੂਰ ਹਨ। ਉਨ੍ਹਾਂ ਦਰਜਨਾਂ ਕਿੱਸੇ ਅਤੇ ਅਨੇਕਾਂ ਕਵਿਤਾਵਾਂ ਲਿਖੀਆਂ। ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਪੰਜਾਬ, ਖਾਸ ਕਰ ਮਾਲਵੇ ਦੀ ਰੂਹ ਝਲਕਦੀ ਹੈ। ਉਨ੍ਹਾਂ ਦਾ ਚਾਚਾ ਹਾਜੀ ਰਤਨ ਵੀ ਵਧੀਆ ਕਵੀਸ਼ਰ ਸੀ। ਉਨ੍ਹਾਂ ਦੀਆਂ ਰਚਨਾਵਾਂ ਦਾ ਰੰਗ 'ਪੰਜਾਬ ਟਾਈਮਜ਼' ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਉਨ੍ਹਾਂ ਦੀ ਕਵਿਤਾ ਲੜੀਵਾਰ ਛਾਪ ਰਹੇ ਹਾਂ। -ਸੰਪਾਦਕ*

# ਸਥਾਨ ਵਿਸ਼ੇਸ਼ਤਾ ਦੇ ਕਬਿੱਤ-2

੯

ਜੀਰੇ ਦੇ ਇਲਾਕੇ ਵਿਚ
ਚੋਰੀ ਦਾ ਰਵਾਜ ਬਾਹਲਾ,
ਢੱਗੀ ਵੱਛੀ ਹੱਕ ਕੇ
ਲੁਕਣ ਵਿਚ ਝੱਲ ਦੇ।
ਅੰਮ੍ਰਿਤਸਰ ਤੇ ਲਹੌਰ ਦੇ
ਘੁਲੌਟੇ ਬਾਹਲੇ, ਘਰ ਘਰ ਪੱਟੇ ਵੇ ਨੇ
ਖਾੜੇ ਮੱਲ ਮੱਲ ਦੇ।
ਲੁਧਿਆਣੇ ਲਵੇ ਦੇ
ਲਗੋਜਿਆਂ ਦੇ ਸ਼ੌਕੀ ਬਾਹਲੇ,
ਬਾਈਏ ਦੇ ਇਲਾਕੇ
ਪਸਤੌਲ ਬਾਹਲੇ ਚੱਲਦੇ।
ਸਾਬੋ ਦੇ ਖਿਡਾਰੀ
ਝੰਡੀ ਲਿਆਉਂਦੇ ਜਾ ਕੇ ਮੇਲਿਆਂ ਤੋਂ,
ਰਜਬਲੀ ਬਾਗੜੀ
ਪਿਆਰੇ ਢੋਲ ਢੱਲ ਦੇ।





*ਲੁਧਿਆਣੇ ਲਵੇ ਦੇ ਲਗੋਜਿਆਂ ਦੇ ਸ਼ੌਕੀ ਬਾਹਲੇ...*

੧੦

ਭਾਈ ਕਿਆਂ ਦੇ ਕੇਰੇ ਵਿਚ
ਪੈਣ ਦੇ ਲਿਬਾਸ ਸੋਹਣੇ,
ਤੇ ਰਸੂਲਪੁਰ 'ਚ ਵੱਸਣ
ਲੋਕ ਭਲੇ ਜੇ।
ਮਾਨੀ ਖੇੜੇ ਠੱਗ
ਸੁਖਚੈਨ 'ਚ ਲੰਗਾੜੇ ਬਾਹਲੇ,
ਸੀਤੋ ਲੋਕ ਖੂਨੀ
ਤੇ ਮਗਜ ਪੁਰ ਚਲੇ ਜੇ।
ਛਾਪਿਆਂ ਵਾਲੀ ਵਾਲੇ
ਗੱਲ ਆਖ ਕੇ ਮੁਕਰ ਜਾਂਦੇ,
ਮਿੱਠੇ ਗਾਲੜੀ ਬੁਰਜ ਕੋਲਿਆਂ ਵਾਲੀ
ਲਮ ਗਲੇ ਜੇ।
ਕੰਗਨ ਖੇੜੇ ਕਾਮੇ
ਫੁਲੋ ਖੇੜੇ ਦੇ ਮਿਲਾਪੀ ਬਾਬੂ,
ਛਾਮ ਖੇੜੇ ਢੱਗੇ ਹੱਕ
ਲਿਉਂਦੇ ਦਿਨ ਢਲੇ ਜੇ।

੧੧

ਕੰਦੂ ਖੇੜੇ ਨਾਲ
ਬੀਕਾਨੇਰ ਦੀ ਸਰਹੱਦ ਲੱਗੇ,
ਕੋਰਾ ਰੇਤਾ ਉੱਡਦਾ
ਵਗਣ ਜਦੋਂ ਨ੍ਹੇਰੀਆਂ।
ਫੱਤੇ ਕੇਰੇ ਹਾਕੂਵਾਲ ਵਾਲੇ
ਉੱਚੀਆਂ ਜ਼ਮੀਨਾਂ ਜ਼ਿਆਦੇ,
ਪਾਣੀ ਘੱਟ ਲੱਗਦਾ
ਲਗਾਉਂਦੇ ਲੋਕ ਬੇਰੀਆਂ।
ਘੁਮਿਆਰਾਂ ਤੇ ਲੁਹਾਰਾਂ
ਪਿੰਡ ਤੀਸਰਾ ਭੁੱਲਰ ਵਾਲਾ,
ਘੋੜੀਆਂ ਦਾ ਸ਼ੋਕ
ਲੋਕ ਪਾਲਦੇ ਵਛੇਰੀਆਂ।
ਮਿਡੂ ਖੇੜੇ ਲੋਕਾਂ ਕੋਲੇ
ਖੁੱਲ੍ਹੀਆਂ ਜ਼ਮੀਨਾਂ ਬਹੁਤ,
ਮਹਿਣੇ ਭਾਗੂ ਜੁਆਨ
'ਬਾਬੂ' ਫੈਂਕਦੇ ਪਸੇਰੀਆਂ।

੧੨

ਮੋਡੀ ਤੇ ਖੁੱਬਣ ਵਿਚ
ਜੋੜਿਆਂ ਦੀ ਜ਼ਮੀਨ ਬਾਹਲੀ,
ਆਪ ਰਹਿੰਦੇ ਸ਼ਹਿਰ
ਮੁਖਤਿਆਰ ਪਿੰਡੀਂ ਛੱਡੇ ਐ।
ਖੇਮੇ ਖੇੜੇ ਹਨਗੇ
ਸ਼ਿਕਾਰੀ ਬਾਹਲੇ ਮਿਰਗਾਂ ਦੇ,
ਕੁੱਤਿਆਂ ਵਾਲੀ ਪਿੰਡ ਬਣੇ
ਧੱਕੜਾਂ ਦੇ ਅੱਡੇ ਐ।
ਤਰਮਾਲੇ ਪਿੰਡ ਵਿਚ
ਰਕਬਾ ਬਰਾਨੀ ਬਾਹਲਾ,
ਪਿੰਡ ਦੇ ਨਜ਼ਦੀਕ ਟਿੱਬੇ
ਦੀਂਹਦੇ ਵੱਡੇ ਵੱਡੇ ਐ।
ਕੱਖਾਂ ਵਾਲੀ ਲੋਕ
'ਬਾਬੂ' ਮੱਝਾਂ ਦੇ ਵਪਾਰੀ ਬਾਹਲੇ,
ਰੋੜਾਂ ਵਾਲੀ ਮਾਨਾਂ ਕੋਲੇ
ਬੜੇ ਸੋਹਣੇ ਗੱਡੇ ਐ।

੧੩

ਸਿੰਘੇ ਵਾਲੇ ਜੁਆਨ ਹੁੰਦੇ
ਭਰਤੀ ਪੁਲੀਸ ਵਿਚ,
ਨੌਕਰੀ ਕਰਨ
ਤਨਖਾਹਾਂ ਲੈਂਦੇ ਚੰਗੀਆਂ।
ਫੀਮੀ, ਭੰਗੀ, ਪੋਸਤੀ,
ਗੱਗੜ ਦੇ ਜ਼ਿਆਦਾ ਲੋਕ,
ਕਰਦੇ ਕਮਾਈ ਘੱਟ
ਘਰੇ ਰਹਿਣ ਤੰਗੀਆਂ।
ਮਿੱਠੜੀ ਦੇ ਲੋਕ ਊਂ ਤਾਂ
ਸ਼ਾਇਰੀ ਦੇ ਸ਼ੁਕੀਨ ਬਾਹਲੇ,
ਪੈਸੇ ਦੇਣ ਵੇਲੇ ਜੇਬਾਂ
ਘੁੱਟ ਲਈਆਂ ਢੰਗੀਆਂ।
ਕੋਟਲੀ ਦੇ ਲੋਕ ਜ਼ਿਆਦਾ
ਹੀਰ ਦਾ ਸੁਣਨ ਗਾਉਣ,
'ਬਾਬੂ' ਜੀ ਦਸਹਿਰੇ ਵੇਲੇ
ਗੂੰਜਣ ਸਾਰੰਗੀਆਂ।

੧੪

ਠੱਠੀ ਤਰਖਾਣ ਬਾਹਲੇ,
ਚੀਹਦੇ ਸੋਹਣੇ ਜਵਾਨ ਬਾਹਲੇ,
ਤੇ ਬੰਬੀਹੇ ਗਿਆਨ ਬਾਹਲੇ,
ਹੁੰਦੇ ਬਹਿ ਕੇ ਸੱਥਾਂ 'ਚ।
ਸੇਖਿਆਂ ਦੇ ਕਮਾਊ ਬਾਹਲੇ,
ਬੁਰਜ ਸੰਗਾਊ ਬਾਹਲੇ,
ਵਾਂਦਰ ਲੜਾਊ ਬਾਹਲੇ,
ਡਾਂਗਾਂ ਰਹਿਣ ਹੱਥਾਂ 'ਚ।
ਮੱਲਕੇ ਸ਼ੌਕੀਨ ਬਾਹਲੇ,
ਬੁਰਜ ਦਾਰੂ ਪੀਣ ਬਾਹਲੇ,
ਬਰਗਾੜੀ ਤੀਨ ਬਾਹਲੇ,
ਪੱਤੇ ਪੈਣ ਨੱਥਾਂ 'ਚ।
ਸਿਵੀਆਂ 'ਚ ਸੜੇ ਬਾਹਲੇ,
ਮਾੜੀ ਪਿੰਡ ਧੜੇ ਬਾਹਲੇ,
ਸਾਹੋ ਪਿੰਡ ਪੜ੍ਹੇ ਬਾਹਲੇ,
ਬਾਬੂ ਬਹਿੰਦੇ ਰੱਥਾਂ 'ਚ।



*ਰੋੜਾਂ ਵਾਲੀ ਮਾਨਾਂ ਕੋਲੇ ਬੜੇ ਸੋਹਣੇ ਗੱਡੇ ਐ...*

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 2 ਨਵੰਬਰ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-88



*ਬੜੀ ਮਜਦੂਰੀ ਕੀਤੀ ਜੱਗ 'ਤੇ
ਫਿਰ ਵੀ ਮਿਲੀ ਨਾ ਚੂਰੀ ਜੱਗ 'ਤੇ।
ਜੋਰ ਜਵਾਨੀ ਨਾਲ ਨਾ ਰੁਕਿਆ ਕਦੇ ਸਮੇਂ ਦਾ ਰੱਥ।
ਲਿਬੜੇ ਤੇ ਕਮਜ਼ੋਰ ਜਿਹੇ ਇਹ ਤਾਹੀਓਂ ਮੰਗਦੇ ਹੱਥ।*

## ਕੈਪਸ਼ਨ ਮੁਕਾਬਲਾ-86



ਸਾਵੇ ਬੱਗੇ ਗਾਧੀ ਜੁੜਦੇ,
ਬੂੜੀਏ ਲੱਠ ਘੁਮਾਉਂਦੇ ਸੀ।
ਟਿੰਡਾਂ ਦੀ ਇੱਕ ਮਾਲ੍ਹ ਬਣਾ ਕੇ,
ਬੈੜ ਦੇ ਉਪਰ ਘੁਮਾਉਂਦੇ ਸੀ।
ਧਰਤੀ ਪੇਟੋਂ ਢੋਅ ਕੇ ਪਾਣੀ,
ਪਾਰੀ ਵਿਚ ਪਲਟਾਉਂਦੇ ਸੀ।
ਚਾਂਦੀ ਰੰਗੀਆਂ ਧਾਰਾਂ ਡਿੱਗਣ,
ਫਸਲਾਂ ਨੂੰ ਲਹਿਰਾਉਂਦੇ ਸੀ।
ਕੁੱਤੇ ਵਾਲੀ ਟਿੱਕ ਟਿੱਕ ਵੱਜਦੀ,
ਕਲੀ ਹੀਰ ਦੀ ਲਾਉਂਦੇ ਸੀ।
ਹੁਣ ਤਾਂ ਬਚੀਆਂ ਧੁੰਦਲੀਆਂ ਯਾਦਾਂ,
ਬੜੀ ਹੀ ਮੌਜ ਮਨਾਉਂਦੇ ਸੀ।

*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਅੰਬਾਂ ਵਾਲੇ ਖੂਹ ਦੀ ਗਾਥਾ
ਮੈਂ ਸਭ ਨੂੰ ਹਾਂ ਦੱਸਦਾ।
ਗਾਧੀ, ਚਕਲਾ, ਚਕਲੀ, ਕੁੱਤਾ
ਵਿਚ ਵੈੜ ਟਿੰਡਾਂ ਨੂੰ ਧੱਕਦਾ।
ਟਿੰਡਾਂ ਖਿੱਚਣ ਖੂਹ 'ਚੋਂ ਪਾਣੀ
ਲੈ ਕੇ ਚੱਠਾ ਚਲ੍ਹੇ ਵੱਲ ਵਗਦਾ।
ਜਦੋਂ ਬਲਦ ਖਿੱਚਣ ਗਾਧੀ ਨੂੰ
ਕੁੱਤਾ ਟੱਕ ਟੱਕ ਕਰਦਾ।
ਤਾਹੀਓਂ ਤਾਂ 'ਮੋਹਣ ਸਿੰਘ' ਕਹਿੰਦਾ
ਸਾਡੇ ਖੂਹ 'ਤੇ ਰੱਬ ਵਸਦਾ।
ਪਰ ਹੁਣ ਸਭ ਗਾਇਬ ਹੋ ਗਿਆ
ਧਰਤੀ ਵਿਚ ਪਾਣੀ ਨਾ ਲੱਭਦਾ।

*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*

---

ਕਿਥੇ ਗਏ ਉਹ ਸਮੇਂ ਪੁਰਾਣੇ
ਕੀ ਜਾਨਣ ਅੱਜ ਕੱਲ੍ਹ ਦੇ ਨਿਆਣੇ।
ਸਮੇਂ ਦਾ ਗੇੜ ਗਿਆ ਹੂੰਝਾ ਫੇਰ
ਹੁਣ ਨਹੀਂ ਲੱਭਣੇ ਉਹ ਖੂਹ ਪੁਰਾਣੇ।
'ਤੂਤਾਂ ਵਾਲਾ ਖੂਹ' ਕਿਤਾਬਾਂ 'ਚੋਂ ਲੱਭਣਾ
ਲਿਖ ਗਏ ਜੋ 'ਸੀਤਲ' ਸੁਘੜ ਸਿਆਣੇ।

*-ਗੁਰਦੇਵ ਸਿੰਘ ਵਿਰਦੀ*
*ਓਂਟਾਰੀਓ, ਕੈਨੇਡਾ*
*ਫੋਨ: 226-345-7126*

---

ਸਮਾਂ ਬਦਲ ਗਿਆ
ਹਰ ਰੋਜ਼ ਨਵੀਂ ਕਹਾਣੀ
ਕਦੇ ਹੁੰਦਾ ਸੀ ਇਨ੍ਹਾਂ ਖੂਹਾਂ ਦਾ
ਅੰਮ੍ਰਿਤ ਵਰਗਾ ਪਾਣੀ।
ਹਰ ਰੋਜ਼ ਵੱਡੇ ਤੜਕੇ ਜੱਟ
ਆਪਣੇ ਖੂਹ 'ਤੇ ਬਲਦ ਜੋੜ ਕੇ
ਲਾਉਂਦੇ ਸੀ ਫਸਲਾਂ ਨੂੰ ਪਾਣੀ।
ਕੁੱਤੇ ਦੀ ਟਿਕ ਟਿਕ ਨਾਲ
ਉਠ ਪੈਂਦੀ ਸੀ ਘਰ ਦੀ ਸੁਆਣੀ।
ਨਵੇਂ ਯੁਗ ਦੀਆਂ ਨਵੀਆਂ ਕਾਢਾਂ,
ਮੁੱਕ ਗਏ ਖੂਹ ਤੇ ਸੁੱਕ ਗਿਆ ਪਾਣੀ।
ਹੁਣ ਤੇ ਹਰ ਪਿੰਡ ਤੇ ਸ਼ਹਿਰ ਵਿਚ
ਮੱਛੀ ਮੋਟਰ ਬਣ ਗਈ ਰਾਣੀ।

*-ਗੋਰਾ ਪ੍ਰਜਾਪਤ ਨਿਊ ਯਾਰਕ*
*ਫੋਨ: 718-690-8403*

## ਚੀਨ ਨਾਲ ਸੀਮਾ ਸਮਝੌਤੇ ਨੂੰ ਭਾਰਤ ਵੱਲੋਂ ਮਨਜ਼ੂਰੀ

**ਨਵੀਂ ਦਿੱਲੀ:** ਭਾਰਤੀ ਮੰਤਰੀ ਮੰਡਲ ਦੀ ਸੁਰੱਖਿਆ ਕਮੇਟੀ ਨੇ ਚੀਨ ਨਾਲ ਸੀਮਾ ਰੱਖਿਆ ਸਹਿਯੋਗ ਸਮਝੌਤੇ ਦੇ ਮਸੌਦੇ ਨੂੰ ਮਨਜ਼ੂਰੀ ਦੇ ਦਿੱਤੀ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਅਗਲੇ ਹਫ਼ਤੇ ਬੀਜਿੰਗ ਯਾਤਰਾ ਦੌਰਾਨ ਦੋਵਾਂ ਦੇਸ਼ਾਂ ਦਰਮਿਆਨ ਇਸ ਰੱਖਿਆ ਸਹਿਯੋਗ ਸਮਝੌਤੇ 'ਤੇ ਹਸਤਾਖਰ ਹੋਣਗੇ। ਇਸ ਸਮਝੌਤੇ ਦਾ ਉਦੇਸ਼ ਭਾਰਤ ਤੇ ਚੀਨ ਵਿਚਾਲੇ 4000 ਕਿਲੋਮੀਟਰ ਲੰਬੀ ਅਸਲ ਕੰਟਰੋਲ ਰੇਖਾ 'ਤੇ ਦੋਵਾਂ ਦੇਸ਼ਾਂ ਦੇ ਸੈਨਿਕਾਂ ਵਿਚਾਲੇ ਆਹਮੋ-ਸਾਹਮਣੇ ਦੀ ਸਥਿਤੀ ਨੂੰ ਰੋਕਣਾ ਹੈ।

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

COVERED CALIFORNIA

- GUARANTEED COVERAGE
- NO ANNUAL LIMITS, NO DENIAL FOR PRE-EXISTING CONDITIONS
- RATES NOT BASED ON HEALTH STATUS
- AFFORDABLE COVERAGE – PUBLIC OR PRIVATE
- REQUIRED FOR INDIVIDUALS

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
Your destination for affordable health care

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਚੰਡੀਗੜ੍ਹ ਵਿਚ ਨਹੀਂ ਰੁਕਿਆ ਮਾਂ ਬੋਲੀ ਨਾਲ ਵਿਤਕਰਾ

## ਪੰਜਾਬੀ ਭਾਸ਼ਾ ਲਈ ਬਣਿਆ ਭਵਨ ਹੋਰ ਵਿਭਾਗਾਂ ਨੂੰ ਸੌਂਪਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਤੇ ਸਿੱਖ ਸਾਹਿਤ ਦੇ ਉਚ ਪੱਧਰੀ ਅਧਿਐਨ ਤੇ ਖੋਜ ਕਾਰਜਾਂ ਲਈ ਬਣ ਕੇ ਤਿਆਰ ਹੋਏ ਸ੍ਰੀ ਗੁਰੂ ਤੇਗ ਬਹਾਦਰ ਭਵਨ ਨੂੰ ਹੁਣ ਹੋਰ ਵਿਭਾਗਾਂ ਨੂੰ ਸੌਂਪਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਹ ਭਵਨ ਵਿਦੇਸ਼ਾਂ ਵਿਚ ਵੱਸਦੇ ਪੰਜਾਬੀ ਦਰਦੀਆਂ ਵੱਲੋਂ ਭੇਜੀ ਗਈ ਕਰੋੜਾਂ ਰੁਪਏ ਦੀ ਰਕਮ ਨਾਲ ਤਿਆਰ ਹੋਇਆ ਹੈ ਜਿਸ ਵਿਚ ਬਾਬਾ ਫਰੀਦ ਚੇਅਰ, ਭਗਤ ਰਵਿਦਾਸ ਚੇਅਰ, ਭਾਈ ਵੀਰ ਸਿੰਘ ਚੇਅਰ, ਸ੍ਰੀ ਗੁਰੂ ਨਾਨਕ ਦੇਵ ਚੇਅਰ, ਪੰਜਾਬੀ ਭਾਸ਼ਾ ਵਿਗਿਆਨ ਤੇ ਪੰਜਾਬੀ ਵਿਭਾਗ ਸਥਾਪਤ ਕੀਤੇ ਜਾਣੇ ਸਨ ਪਰ 15 ਕਰੋੜ ਰੁਪਏ ਤੋਂ ਵਧੇਰੇ ਰਕਮ ਨਾਲ ਇਸ ਚਾਰ ਮੰਜ਼ਲਾ ਖੂਬਸੂਰਤ ਭਵਨ ਦਾ ਨਿਰਮਾਣ ਕਾਰਜ ਪੂਰਾ ਹੋਣ ਮਗਰੋਂ ਯੂਨੀਵਰਸਿਟੀ ਨੇ ਇਹ ਭਵਨ ਹੋਰ ਵਿਭਾਗਾਂ ਨੂੰ ਸੌਂਪਣ ਲਈ ਮੀਟਿੰਗਾਂ ਸ਼ੁਰੂ ਕਰ ਦਿੱਤੀਆਂ ਹਨ।

ਅਸਲ ਵਿਚ ਪੰਜਾਬੀ ਵਿਭਾਗ ਇਸ ਭਵਨ ਵਿਚ ਤਬਦੀਲ ਹੋਣ ਤੋਂ ਇਨਕਾਰੀ ਹੈ। ਸੂਤਰਾਂ ਮੁਤਾਬਕ ਪੰਜਾਬੀ ਵਿਭਾਗ ਦੇ ਪ੍ਰੋਫੈਸਰ ਸਿਰਫ਼ ਇਸ ਕਰਕੇ ਇਸ ਭਵਨ ਵਿਚ ਨਹੀਂ ਜਾਣਾ ਚਾਹੁੰਦੇ ਕਿਉਂਕਿ ਉਨ੍ਹਾਂ ਦੀਆਂ ਯਾਦਾਂ ਉਸ ਪੁਰਾਣੀ ਇਮਾਰਤ ਨਾਲ ਜੁੜੀਆਂ ਹੋਈਆਂ ਹਨ। ਪੰਜਾਬੀ ਵਿਭਾਗ ਦੇ ਇਸ ਫੈਸਲੇ ਕਾਰਨ ਹੁਣ ਤੱਕ ਉਪਰੋਕਤ ਅਹਿਮ ਚੇਅਰਾਂ ਵੀ ਭਵਨ ਵਿਚ ਸਥਾਪਤ ਨਹੀਂ ਹੋ ਸਕੀਆਂ। ਇਸੇ ਕਾਰਨ



ਯੂਨੀਵਰਸਿਟੀ ਦੀ 'ਸਪੇਸ ਕਮੇਟੀ' ਦੀ ਮੀਟਿੰਗ ਵਿਚ ਉਪਰੋਕਤ ਭਵਨ ਹੋਰ ਵਿਭਾਗਾਂ ਨੂੰ ਸੌਂਪ ਦਿੱਤੇ ਜਾਣ ਬਾਰੇ ਗੰਭੀਰ ਚਰਚਾ ਹੋਈ। ਬੈਠਕ ਵਿਚ ਕਮੇਟੀ ਮੈਂਬਰਾਂ ਨੇ ਆਖਰੀ ਵਾਰ ਪੰਜਾਬੀ ਵਿਭਾਗ ਨੂੰ ਇਸ ਭਵਨ ਵਿਚ ਸ਼ਿਫਟ ਹੋਣ ਬਾਰੇ ਪੱਤਰ ਲਿਖਣ ਦਾ ਫੈਸਲਾ ਕੀਤਾ।

ਹਾਸਲ ਜਾਣਕਾਰੀ ਮੁਤਾਬਕ ਸਾਲ 2008 ਵਿਚ ਪੰਜਾਬ ਯੂਨੀਵਰਸਿਟੀ ਵਿਖੇ ਹੋਈ ਵਿਸ਼ਵ ਪੰਜਾਬੀ ਕਾਨਫਰੰਸ ਦੌਰਾਨ ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਨੇ ਯੂਨੀਵਰਸਿਟੀ ਨੂੰ ਇਕ ਅਜਿਹਾ ਵਿਸ਼ਾਲ ਕੇਂਦਰ ਸਥਾਪਤ ਕਰਨ ਲਈ ਕਿਹਾ ਸੀ ਜਿਸ ਵਿਚ ਪੰਜਾਬੀ ਭਾਸ਼ਾ ਤੇ ਮੱਧਕਾਲੀ ਪੰਜਾਬੀ ਕਾਵਿ ਖੇਤਰ ਨਾਲ ਸਬੰਧਤ ਉਚ ਪੱਧਰੀ ਖੋਜਾਂ ਕੀਤੀਆਂ ਜਾ ਸਕਣ। ਸ. ਬਾਦਲ ਦੀ ਗੱਲ ਪ੍ਰਵਾਨ ਕਰਦਿਆਂ ਯੂਨੀਵਰਸਿਟੀ ਦੇ ਤਤਕਾਲੀਨ ਉਪ-ਕੁਲਪਤੀ ਪ੍ਰੋ. ਆਰ. ਸੀ ਸੋਬਤੀ ਨੇ ਇਸ ਚਾਰ ਮੰਜ਼ਿਲਾ ਭਵਨ ਦੀ ਉਸਾਰੀ ਆਪਣੀ ਜ਼ਿੰਦਗੀ ਦੇ 'ਡ੍ਰੀਮ ਪ੍ਰਾਜੈਕਟ' ਵਜੋਂ ਸਾਲ 2010 ਵਿਚ ਆਰੰਭ ਕਰਵਾਈ ਸੀ।

ਸੂਤਰਾਂ ਦੀ ਮੰਨੀਏ ਤਾਂ ਇਸ ਭਵਨ ਦੀ ਉਸਾਰੀ ਨੂੰ ਲੈ ਕੇ ਯੂਨੀਵਰਸਿਟੀ ਨਾਲ ਸਬੰਧਤ ਕੁਝ ਇਕ ਵਿਅਕਤੀਆਂ ਨੇ ਅੰਦਰਖਾਤੇ ਉਪ ਕੁਲਪਤੀ ਦੀ ਤਿੱਖੀ ਨੁਕਤਾਚੀਨੀ ਵੀ ਕੀਤੀ ਸੀ। ਸ਼ਾਇਦ ਇਹੀ ਕਾਰਨ ਸੀ ਕਿ ਯੂਨੀਵਰਸਿਟੀ ਦੇ ਬਜਟ ਵਿਚ ਇਸ ਭਵਨ ਦੀ ਉਸਾਰੀ ਲਈ ਰਾਸ਼ੀ ਨਹੀਂ ਸੀ ਰੱਖੀ ਗਈ ਜਿਸਦੇ ਚੱਲਦਿਆਂ ਉਪ ਕੁਲਪਤੀ ਨੇ ਯੂਨੀਵਰਸਿਟੀ ਦੇ ਅਧਿਆਪਕਾਂ ਨੂੰ ਆਪਣੀ ਇਕ ਦਿਨ ਦੀ ਤਨਖਾਹ ਇਸ ਭਵਨ ਦੀ ਉਸਾਰੀ ਲਈ ਦੇਣ ਵਾਸਤੇ ਕਿਹਾ ਸੀ।

ਇਸ ਤੋਂ ਬਾਅਦ ਐਨ.ਆਰ.ਆਈ ਪੰਜਾਬੀਆਂ ਤੋਂ ਇਸ ਭਵਨ ਦੀ ਉਸਾਰੀ ਲਈ ਕਰੋੜਾਂ ਰੁਪਏ ਰਾਸ਼ੀ ਜੁਟਾਈ ਗਈ ਸੀ। ਹਾਸਲ ਜਾਣਕਾਰੀ ਮੁਤਾਬਕ ਭਵਨ ਦੇ ਨਿਰਮਾਣ ਕਾਰਜ 'ਤੇ 15 ਕਰੋੜ ਰੁਪਏ ਤੋਂ ਜ਼ਿਆਦਾ ਰਾਸ਼ੀ ਖਰਚ ਹੋ ਚੁੱਕੀ ਹੈ।

# ਹੁਸ਼ਿਆਰਪੁਰ ਬਣਿਆ ਸੂਬੇ ਦਾ ਦਸਵਾਂ ਨਗਰ ਨਿਗਮ

**ਹੁਸ਼ਿਆਰਪੁਰ:** ਪੰਜਾਬ ਸਰਕਾਰ ਨੇ ਹੁਸ਼ਿਆਰਪੁਰ ਨਗਰ ਕੌਂਸਲ ਨੂੰ ਨਗਰ ਨਿਗਮ ਬਣਾਉਣ ਦਾ ਐਲਾਨ ਕਰ ਦਿੱਤਾ ਹੈ। ਸਰਕਾਰ ਦੇ ਇਸ ਫੈਸਲੇ ਨੂੰ ਅਕਾਲੀ ਆਗੂ ਜਿਥੇ ਇਤਿਹਾਸਕ ਫੈਸਲਾ ਦੱਸ ਰਹੇ ਹਨ, ਉਥੇ ਕਾਂਗਰਸੀ ਇਸ ਨੂੰ ਸ਼ਹਿਰ ਵਾਸੀਆਂ 'ਤੇ ਫਾਲਤੂ ਦਾ ਬੋਝ ਕਹੇ ਰਹੇ ਹਨ। ਹੁਸ਼ਿਆਰਪੁਰ ਤੋਂ ਕਾਂਗਰਸੀ ਵਿਧਾਇਕ ਤੇ ਜ਼ਿਲ੍ਹਾ ਪ੍ਰਧਾਨ ਕਾਂਗਰਸ ਕਮੇਟੀ ਨੇ ਕਿਹਾ ਕਿ ਸਰਕਾਰ ਨੇ ਲੋਕਾਂ 'ਤੇ ਵਾਧੂ ਟੈਕਸਾਂ ਦਾ ਬੋਝ ਪਾਉਣ ਦੀ ਨੀਅਤ ਨਾਲ ਇਹ ਫੈਸਲਾ ਕੀਤਾ ਹੈ।

ਜ਼ਿਕਰਯੋਗ ਹੈ ਕਿ ਹੁਸ਼ਿਆਰਪੁਰ ਨਗਰ ਕੌਂਸਲ ਨੂੰ ਨਗਰ ਨਿਗਮ ਬਣਾਉਣ ਦਾ ਐਲਾਨ ਫਰਵਰੀ 2013 ਵਿਚ ਸਥਾਨਕ ਸਰਕਾਰਾਂ ਮੰਤਰੀ ਭਗਤ ਚੂਨੀ ਲਾਲ ਨੇ ਨਗਰ ਕੌਂਸਲ ਦੇ ਨਵੇਂ ਬਣੇ ਭਵਨ ਦੇ ਉਦਘਾਟਨ ਮੌਕੇ ਕੀਤਾ ਸੀ। ਇਸ ਤੋਂ ਬਾਅਦ ਤੀਕਸ਼ਣ ਸੂਦ ਰਾਜਸੀ ਸਕੱਤਰ ਮੁੱਖ ਮੰਤਰੀ ਪੰਜਾਬ ਦੇ ਲਗਾਤਾਰ ਯਤਨਾਂ ਨਾਲ ਹੁਸ਼ਿਆਰਪੁਰ ਨਗਰ ਨਿਗਮ ਬਣਨ ਦਾ ਬਕਾਇਦਾ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ। ਮੁੱਖ ਮੰਤਰੀ ਦੇ ਰਾਜਸੀ ਸਲਾਹਕਾਰ ਤੀਕਸ਼ਣ ਸੂਦ ਨੇ ਹੁਸ਼ਿਆਰਪੁਰ ਨਗਰ ਕੌਂਸਲ ਨੂੰ ਨਗਰ ਨਿਗਮ ਦਾ ਦਰਜਾ ਮਿਲਣ 'ਤੇ ਕਿਹਾ ਕਿ ਇਹ ਉਨ੍ਹਾਂ ਦਾ ਸੁਪਨਾ ਸੀ ਜੋ ਸਾਕਾਰ ਹੋਇਆ ਹੈ।

# ਸਰਕਾਰੀ ਗੱਡੀਆਂ ਨੂੰ ਉਧਾਰ ਤੇਲ ਦੇਣ ਤੋਂ ਇਨਕਾਰ


**ਜਲੰਧਰ:** ਪੰਜਾਬ ਦੇ ਪੰਪ ਮਾਲਕਾਂ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੀ ਸਾਲਾਂ ਤੋਂ ਕਰੋੜਾਂ ਰੁਪਏ ਬਕਾਇਆ ਰਕਮ ਨਾ ਦੇਣ ਦੇ ਰੋਸ ਵਜੋਂ ਉਹ ਪਹਿਲੀ ਨਵੰਬਰ ਤੋਂ ਸਰਕਾਰੀ ਗੱਡੀਆਂ ਨੂੰ ਉਧਾਰ ਤੇਲ ਪਾਉਣ ਦਾ ਕੰਮ ਬੰਦ ਕਰ ਦੇਣਗੇ। ਪੰਜਾਬ ਪੰਪ ਮਾਲਕ ਐਸੋਸੀਏਸ਼ਨ ਦੇ ਪ੍ਰਧਾਨ ਜੇ.ਪੀ ਖੰਨਾ ਨੇ ਦੱਸਿਆ ਕਿ ਕਈ ਸਾਲਾਂ ਤੋਂ ਸੂਬੇ ਭਰ ਦੇ ਪੰਪ ਮਾਲਕਾਂ ਨੇ ਸਰਕਾਰੀ ਗੱਡੀਆਂ ਨੂੰ ਉਧਾਰ ਤੇਲ ਪਾਉਣ ਦਾ ਚਾਰ ਕਰੋੜ ਰੁਪਏ ਤੋਂ ਜ਼ਿਆਦਾ ਦਾ ਬਕਾਇਆ ਲੈਣਾ ਹੈ। ਇਸ ਬਾਰੇ ਅਧਿਕਾਰੀਆਂ ਨੂੰ 30 ਦਿਨ ਦਾ ਨੋਟਿਸ ਦਿੱਤਾ ਗਿਆ ਸੀ।

ਪਹਿਲਾਂ ਸਿਟਕੋ ਨੇ ਵੀ ਸਰਕਾਰੀ ਗੱਡੀਆਂ ਵਿਚ ਤੇਲ ਪਾਉਣਾ ਬੰਦ ਕਰ ਦਿੱਤਾ ਸੀ ਪਰ ਕੁਝ ਲੱਖਾਂ ਰੁਪਏ ਦੀ ਅਦਾਇਗੀ ਹੋ ਜਾਣ 'ਤੇ ਮੁੜ ਤੇਲ ਪਾਉਣਾ ਸ਼ੁਰੂ ਕਰ ਦਿੱਤਾ ਸੀ ਪਰ ਉਨ੍ਹਾਂ ਦੀ ਉਧਾਰ ਦੀ ਰਕਮ ਨਹੀਂ ਦਿੱਤੀ ਜਾ ਰਹੀ। ਹੁਣ ਪੈਟਰੋਲ ਲਗਾਤਾਰ ਮਹਿੰਗਾ ਹੋਣ ਕਾਰਨ ਇਕ ਟੈਂਕਰ ਦਾ ਮੁੱਲ 10.85 ਲੱਖ ਰੁਪਏ 'ਤੇ ਪੁੱਜ ਗਿਆ ਹੈ ਜਿਸ ਕਰਕੇ ਨਿਵੇਸ਼ ਜ਼ਿਆਦਾ ਹੋਣ ਕਾਰਨ ਪੰਪ ਮਾਲਕ ਵਿੱਤੀ ਹਾਲਤ ਠੀਕ ਨਾ ਹੋਣ ਕਾਰਨ ਅੱਧਾ ਡੀਜ਼ਲ ਤੇ ਅੱਧੇ ਪੈਟਰੋਲ ਦੀ ਗੱਡੀ ਮੰਗਵਾ ਕੇ ਆਪਣਾ ਗੁਜ਼ਾਰਾ ਚਲਾ ਰਹੇ ਹਨ। ਉਧਾਰ ਨਾ ਦੇ ਸਕਣ ਕਰਕੇ ਕਈ ਪੰਪਾਂ ਨੂੰ ਤਾਂ ਹੁਣ ਤੇਲ ਕੰਪਨੀਆਂ ਵੀ ਤੇਲ ਦੀ ਸਪਲਾਈ ਘਟਾ ਰਹੀਆਂ ਹਨ, ਕਿਉਂਕਿ ਉਨ੍ਹਾਂ ਦੀ ਰਕਮ ਜਮ੍ਹਾਂ ਨਹੀਂ ਹੋ ਰਹੀ ਹੈ।

# ਮੈਰਿਜ ਪੈਲੇਸਾਂ 'ਚ ਪਹਿਲੀ ਨਵੰਬਰ ਤੋਂ ਸ਼ਰਾਬ ਬੰਦ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਪਰਮਿਟ ਫ਼ੀਸ/ਵੈਟ ਦੀ ਰਕਮ ਕੁਝ ਮਹੀਨੇ ਬਾਅਦ ਹੀ ਦੁੱਗਣੀ ਕਰਨ ਤੋਂ ਦੁਖੀ ਮੈਰਿਜ ਪੈਲੇਸ ਮਾਲਕਾਂ ਨੇ ਹੁਣ ਪਹਿਲੀ ਨਵੰਬਰ ਤੋਂ ਪੈਲੇਸਾਂ ਵਿਚ ਸ਼ਰਾਬ ਵਰਤਾਉਣ ਦਾ ਕੰਮ ਬੰਦ ਕਰਨ ਦਾ ਫੈਸਲਾ ਲਿਆ ਹੈ। ਮੈਰਿਜ ਪੈਲੇਸ ਮਾਲਕਾਂ ਨੇ ਇਕ ਵਾਰ ਫਿਰ ਆਬਕਾਰੀ ਤੇ ਕਰ ਵਿਭਾਗ ਦੀ ਖਿਚਾਈ ਕਰਦਿਆਂ ਕਿਹਾ ਕਿ ਵਿਭਾਗ ਦਾ ਇਕ ਸੂਤਰੀ ਫ਼ਾਰਮੂਲਾ ਹੈ ਕਿ ਕਿਸੇ ਵੀ ਤਰ੍ਹਾਂ ਮੈਰਿਜ ਪੈਲੇਸਾਂ ਨੂੰ ਕੰਮ ਨਹੀਂ ਕਰਨ ਦੇਣਾ ਤੇ ਉਸੇ ਪੈਟਰਨ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।

ਮੈਰਿਜ ਪੈਲੇਸ ਮਾਲਕਾਂ ਦਾ ਕਹਿਣਾ ਹੈ ਕਿ ਕੁਝ ਸਮਾਂ ਪਹਿਲਾਂ ਤਾਂ 3000 ਰੁਪਏ ਪਰਮਿਟ ਫ਼ੀਸ ਤੋਂ ਸ਼ਰਾਬ ਦੀ ਫ਼ੀਸ 20000 ਰੁਪਏ ਕਰ ਦਿੱਤੀ ਗਈ ਪਰ ਬਾਅਦ ਵਿਚ 30000 ਰੁਪਏ ਪਰਮਿਟ ਫ਼ੀਸ/ਵੈਟ ਕਰ ਦਿੱਤਾ ਗਿਆ ਸੀ। ਪਰਮਿਟ ਫ਼ੀਸ ਵੈਟ ਬਾਰੇ ਤਾਂ ਸਰਕਾਰ ਨਾਲ



ਮੈਰਿਜ ਪੈਲੇਸਾਂ ਮਾਲਕਾਂ ਦੀ ਜਥੇਬੰਦੀ ਕਾਫ਼ੀ ਸਮੇਂ ਤੋਂ ਗੱਲਬਾਤ ਚਲ ਰਹੀ ਸੀ ਪਰ ਇਹ ਗੱਲ ਸਿਰੇ ਨਹੀਂ ਚੜ੍ਹ ਸਕੀ ਕਿਉਂਕਿ ਸਰਕਾਰ ਵੱਲੋਂ ਪਰਮਿਟ ਫ਼ੀਸ/ਵੈਟ ਪੇਸ਼ਗੀ ਤੇ ਦੁੱਗਣਾ ਮੰਗਿਆ ਜਾ ਰਿਹਾ ਸੀ।

ਜਥੇਬੰਦੀ ਦੇ ਚੇਅਰਮੈਨ ਸੁਖਦੇਵ ਸਿੰਘ ਸਿੱਧੂ ਮੁਤਾਬਕ ਵਿਭਾਗ ਕੈਟਰਿੰਗ ਦਾ ਕੰਮ ਕਰਨ ਵਾਲਿਆਂ ਤੋਂ ਵੈਟ ਲੈ ਸਕਦਾ ਹੈ ਪਰ ਹਲਵਾਈ ਦਾ ਕੰਮ ਕਰਨ ਵਾਲਿਆਂ ਤੋਂ ਕਿਸੇ ਤਰ੍ਹਾਂ ਨਾਲ ਵੈਟ ਵਸੂਲ ਕਰ ਸਕਦਾ ਹੈ ਜਦਕਿ ਪਹਿਲਾਂ ਹੀ 30000 ਰੁਪਏ ਫ਼ੀਸ ਤੇ ਵੈਟ ਕਰ ਦਿੱਤਾ ਗਿਆ ਸੀ। ਇਸ ਫ਼ੈਸਲੇ ਨੂੰ ਲਾਗੂ ਕਰਨ ਦੇ ਰੋਸ ਵਜੋਂ ਹੁਣ ਸਾਰੇ ਮੈਰਿਜ ਪੈਲੇਸ ਮਾਲਕਾਂ ਨੇ ਫ਼ੈਸਲਾ ਕੀਤਾ ਹੈ ਕਿ ਇਕ ਨਵੰਬਰ ਤੋਂ ਉਹ ਪੈਲੇਸਾਂ ਵਿਚ ਸ਼ਰਾਬ ਵਰਤਾਉਣ ਦਾ ਕੰਮ ਬੰਦ ਕਰ ਦੇਣਗੇ। ਪੈਲੇਸ ਮਾਲਕਾਂ ਨੇ ਇਸ ਮੀਟਿੰਗ ਵਿਚ ਵਿਆਹ ਸਮਾਗਮਾਂ ਵਿਚ ਵੀਡੀਓਗ੍ਰਾਫੀ ਕਰਵਾਉਣ ਦੇ ਫੈਸਲੇ ਨੂੰ ਗ਼ਲਤ ਦੱਸਦਿਆਂ ਕਿਹਾ ਕਿ ਉਹ ਕਿਸੇ ਦੇ ਨਿੱਜੀ ਸਮਾਗਮ ਦੀ ਵੀਡੀਓਗ੍ਰਾਫੀ ਨਹੀਂ ਕਰ ਸਕਦੇ ਹਨ।

# ਵਿਸ਼ਵ ਕਬੱਡੀ ਕੱਪ 'ਚ ਪ੍ਰਾਈਵੇਟ ਬੱਸ ਮਾਲਕਾਂ ਨੇ ਲੁੱਟਿਆ ਖਜ਼ਾਨਾ

## ਬੱਸਾਂ ਦੀ ਥਾਂ ਸਕੂਟਰਾਂ ਦੇ ਨੰਬਰ ਪੁਆ ਕੇ ਬਟੋਰਿਆ ਪੈਸਾ

**ਚੰਡੀਗੜ੍ਹ:** ਦੂਜੇ ਵਿਸ਼ਵ ਕਬੱਡੀ ਕੱਪ ਦੇ ਉਦਘਾਟਨੀ ਤੇ ਸਮਾਪਤੀ ਸਮਾਗਮਾਂ ਵਿਚ ਅਫ਼ਸਰਸ਼ਾਹੀ ਦੀ ਮਿਲੀਭੁਗਤ ਨਾਲ ਸਰਕਾਰੀ ਖ਼ਜ਼ਾਨੇ ਦੀ ਕੀਤੀ ਗਈ ਲੁੱਟ ਦੀਆਂ ਪਰਤਾਂ ਖੁੱਲ੍ਹਣੀਆਂ ਸ਼ੁਰੂ ਹੋ ਗਈਆਂ ਹਨ। ਇਨ੍ਹਾਂ ਸਮਾਗਮਾਂ ਦੌਰਾਨ ਸਰਕਾਰ ਦੇ 'ਲਾਡਲਿਆਂ' ਨੇ ਕੁਝ ਅਜਿਹਾ ਕਰ ਵਿਖਾਇਆ ਜੋ ਇਨਸਾਨ ਦੇ ਵੱਸ ਤੋਂ ਪਰੇ ਦੀ ਗੱਲ ਹੈ।

ਅਸਲ ਵਿਚ ਕਬੱਡੀ ਕੱਪ ਦੇ ਇਕ ਨਵੰਬਰ 2011 ਨੂੰ ਬਠਿੰਡਾ ਵਿਚ ਹੋਏ ਉਦਘਾਟਨੀ ਸਮਾਗਮ ਤੇ 18 ਨਵੰਬਰ ਨੂੰ ਹੋਏ ਸੈਮੀਫਾਈਨਲ ਮੈਚਾਂ ਵਿਚ ਲੋਕਾਂ ਦਾ ਇਕੱਠ ਕਰਨ ਲਈ ਖੇਡ ਵਿਭਾਗ ਵੱਲੋਂ ਬਠਿੰਡਾ ਪੱਟੀ ਦੇ ਬੱਸ ਮਾਲਕਾਂ ਨੂੰ ਜਿਨ੍ਹਾਂ ਬੱਸਾਂ ਦੀ ਅਦਾਇਗੀ ਕੀਤੀ ਗਈ ਹੈ, ਉਹ ਬੱਸਾਂ ਨਹੀਂ, ਬਲਕਿ ਸਕੂਟਰ ਤੇ ਮੋਟਰਸਾਈਕਲ ਸਨ। ਪ੍ਰਾਈਵੇਟ ਬੱਸ ਮਾਲਕਾਂ ਨੇ ਟਰਾਂਸਪੋਰਟ ਅਫਸਰਾਂ ਨਾਲ ਮਿਲ ਕੇ ਲੱਖਾਂ ਰੁਪਏ ਰੁਪਏ ਦਾ ਘਪਲਾ ਕਰ ਦਿੱਤਾ ਹੈ ਜਿਸ ਵਿਚ ਬੱਸਾਂ ਦੇ ਫਰਜ਼ੀ ਨੰਬਰ (ਰਜਿਸਟ੍ਰੇਸ਼ਨ) ਪਾ ਦਿੱਤੇ ਗਏ ਹਨ।

ਆਰ.ਟੀ.ਆਈ ਤਹਿਤ ਮਿਲੀ ਸੂਚਨਾ ਮੁਤਾਬਕ ਬੱਸਾਂ ਦੇ ਇਕੱਲੇ ਫਰਜ਼ੀ ਨੰਬਰ ਹੀ ਨਹੀਂ ਪਾਏ ਗਏ ਬਲਕਿ ਇਕ-ਇਕ ਬੱਸ ਦਾ ਇਕੋ ਦਿਨ ਵਿਚ ਦੋ-ਦੋ ਵਾਰੀ ਕਿਰਾਇਆ ਵੀ ਵਸੂਲਿਆ ਗਿਆ ਹੈ। ਜ਼ਿਲ੍ਹਾ ਖੇਡ ਅਫਸਰ ਬਠਿੰਡਾ ਮੁਤਾਬਕ ਵਿਸ਼ਵ ਕੱਪ ਦੇ ਉਦਘਾਟਨੀ



ਸਮਾਗਮਾਂ ਵਿਚ ਇਕੱਠ ਕਰਨ ਵਾਸਤੇ 227 ਬੱਸਾਂ ਵਰਤੀਆਂ ਗਈਆਂ ਜਿਨ੍ਹਾਂ ਦੀ ਛੇ ਬੱਸ ਮਾਲਕਾਂ ਨੂੰ 7,94,500 ਰੁਪਏ ਦੀ ਅਦਾਇਗੀ ਕੀਤੀ ਗਈ। ਖੇਡ ਵਿਭਾਗ ਵੱਲੋਂ ਪ੍ਰਤੀ ਬੱਸ (52 ਸੀਟਾਂ ਵਾਲੀ) 2500 ਰੁਪਏ ਪ੍ਰਤੀ ਦਿਹਾੜੀ ਤੇ ਇਕ ਹਜ਼ਾਰ ਰੁਪਏ ਦੇ ਸਮੇਤ ਪ੍ਰਤੀ ਬੱਸ ਨੂੰ ਪ੍ਰਤੀ ਦਿਨ ਦੀ ਕੁੱਲ 3500 ਰੁਪਏ ਦੀ ਅਦਾਇਗੀ ਕੀਤੀ ਗਈ।

ਖੇਡ ਵਿਭਾਗ ਤੋਂ ਜੋ ਬੱਸਾਂ ਦੀ ਸਮੇਤ ਰਜਿਸਟ੍ਰੇਸ਼ਨ ਨੰਬਰ ਸੂਚੀ ਪ੍ਰਾਪਤ ਹੋਈ, ਉਨ੍ਹਾਂ ਨੰਬਰਾਂ ਦੀ ਹੀ ਜਦੋਂ ਡੀ.ਟੀ.ਓ ਬਠਿੰਡਾ, ਬਰਨਾਲਾ ਤੇ ਸੰਗਰੂਰ ਤੋਂ ਸੂਚਨਾ ਪ੍ਰਾਪਤ ਕੀਤੀ ਤਾਂ ਮਾਮਲਾ ਬੇਪਰਦ ਹੋਇਆ ਕਿ ਜਿਨ੍ਹਾਂ ਨੂੰ ਬੱਸਾਂ ਦਿਖਾਇਆ ਗਿਆ ਹੈ, ਉਹ ਅਸਲ ਵਿਚ ਸਕੂਟਰ, ਮੋਟਰਸਾਈਕਲ ਤੇ ਕਾਰਾਂ ਦੇ ਨੰਬਰ ਹਨ। ਸਰਕਾਰੀ ਸੂਚਨਾ ਮੁਤਾਬਕ ਟਰਾਂਸਪੋਰਟਰ ਹਰਮੀਕ ਸਿੰਘ ਵਾਸੀ ਨਥਾਣਾ ਨੂੰ ਉਦਘਾਟਨੀ ਸਮਾਗਮਾਂ ਵਾਸਤੇ ਭੇਜੀਆਂ 52 ਬੱਸਾਂ ਲਈ 1.82 ਲੱਖ ਰੁਪਏ ਦੀ ਅਦਾਇਗੀ ਕੀਤੀ ਗਈ ਹੈ।

ਇਸ ਬੱਸ ਮਾਲਕ ਵੱਲੋਂ ਰਜਿਸਟ੍ਰੇਸ਼ਨ ਨੰਬਰ ਪੀ.ਬੀ.19 ਸੀ 9557 ਨੂੰ ਬੱਸ ਦਿਖਾਇਆ ਗਿਆ ਹੈ ਜਦੋਂ ਕਿ ਇਹ ਬਰਨਾਲਾ ਦੇ ਗੁਰਪ੍ਰੀਤ ਸਿੰਘ ਦੇ ਮੋਟਰਸਾਈਕਲ ਦਾ ਨੰਬਰ ਹੈ। ਖੇਡ ਵਿਭਾਗ ਦੀ ਸੂਚੀ ਵਿਚ ਪੀ.ਬੀ.13 ਜੀ 841 ਵੱਡੀ ਬੱਸ ਹੈ, ਜਦੋਂਕਿ ਇਹ ਧੂਰੀ ਦੇ ਪਿੰਡ ਕੇਹਰੂ ਦੇ ਬਰਿੰਦਰ ਸਿੰਘ ਦੇ ਬਜਾਜ ਸਕੂਟਰ ਦਾ ਨੰਬਰ ਹੈ। ਪੀ.ਬੀ.13 ਸੀ 3187 ਤੇ ਪੀ.ਬੀ. 19 ਸੀ 9245 ਬਰਨਾਲਾ ਦੇ ਪਿੰਡ ਮੱਲੀਆ ਵਾਲਾ ਦੇ ਜਗਦੀਪ ਸਿੰਘ ਤੇ ਚਰਨ ਸਿੰਘ ਦੇ ਕ੍ਰਮਵਾਰ ਇਹ ਸਕੂਟਰ (1994 ਮਾਡਲ) ਤੇ ਮੋਟਰਸਾਈਕਲ ਹਨ।

ਇਸੇ ਤਰ੍ਹਾਂ ਮਾਲੇਰਕੋਟਲਾ ਦੇ ਪਿੰਡ ਅਖਤਿਆਰਪੁਰਾ ਦੇ ਭਰੂਪਰ ਸਿੰਘ ਦੇ ਟਰਾਲੇ (ਪੀ.ਬੀ. 13 ਐਲ 9387) ਨੂੰ ਬੱਸ ਦਿਖਾਇਆ ਗਿਆ ਤੇ ਬਰਨਾਲਾ ਦੀ ਸਵਰਨਜੀਤ ਕੌਰ ਦੇ ਸਕੂਟਰ (ਪੀ.ਬੀ. 19 ਈ 2665) ਨੂੰ ਵੀ ਬੱਸ ਦਿਖਾ ਕੇ ਅਦਾਇਗੀ ਲਈ ਗਈ ਹੈ। ਬਰਨਾਲਾ ਦੇ ਅਮਰਜੀਤ ਸਿੰਘ ਦੀ ਇੰਡੋਗੋ ਕਾਰ (ਪੀ.ਬੀ. 19 ਐਫ 7107), ਗੁਲਸ਼ਨ ਕੁਮਾਰ ਦੀ ਸਵਿਫਟ ਕਾਰ (ਪੀ.ਬੀ. 19 ਐਫ 4007) ਤੇ ਪਿੰਡ ਬੋੜ ਕਲਾਂ ਦੇ ਮਨਜੀਤ ਸਿੰਘ ਦੇ ਮੋਟਰਸਾਇਕਲ (ਪੀ.ਬੀ. 13 ਐਨ 7611) ਨੂੰ ਵੀ ਕਾਗ਼ਜ਼ਾਂ ਵਿਚ ਬੱਸ ਦਿਖਾ ਕੇ ਕਬੱਡੀ ਮੇਲਾ ਲੁੱਟਿਆ ਗਿਆ ਹੈ।

ਬੱਸ ਮਾਲਕ ਹਰਮੀਕ ਸਿੰਘ ਨੇ ਬੱਸ ਪੀ.ਬੀ. 19 ਸੀ 4507 ਦੀ ਇਕੋ ਦਿਨ ਦੋ ਜਗ੍ਹਾ ਐਂਟਰੀ ਵਿਖਾ ਕੇ ਦੋਹਰੀ ਅਦਾਇਗੀ ਲੈ ਲਈ। ਉਸ ਨੇ ਤਾਂ ਪੀ.ਬੀ. 19 ਕਿਊ 7907 ਬੱਸ ਨੰਬਰ ਦੀ ਵੀ ਅਦਾਇਗੀ ਲੈ ਲਈ ਜਦੋਂ ਕਿ ਡੀ.ਟੀ.ਓ. ਦਫ਼ਤਰ ਬਰਨਾਲਾ ਵਿਚ ਇਸ ਨੰਬਰ ਦੀ ਸੀਰੀਜ਼ ਚਾਲੂ ਹੀ ਨਹੀਂ ਹੋਈ ਹੈ। ਦੂਸਰੇ ਬੱਸ ਮਾਲਕ ਲਖਵੀਰ ਸਿੰਘ ਵਾਸੀ ਹਰਰਾਏਪੁਰ ਨੂੰ ਖੇਡ ਵਿਭਾਗ ਨੇ 20 ਬੱਸਾਂ ਲਈ 70 ਹਜ਼ਾਰ ਰੁਪਏ ਦੀ ਅਦਾਇਗੀ ਕੀਤੀ ਹੈ। ਤੀਜੇ ਬੱਸ ਮਾਲਕ ਸੁਖਮੰਦਰ ਸਿੰਘ ਵਾਸੀ ਜੱਸੀ ਪੌਂ ਵਾਲੀ ਨੂੰ ਖੇਡ ਵਿਭਾਗ ਨੇ 33 ਬੱਸਾਂ ਲਈ 1,15,500 ਰੁਪਏ ਅਦਾਇਗੀ ਕੀਤੀ ਹੈ। ਇਸ ਮਾਲਕ ਨੂੰ ਬੱਸ ਪੀ.ਬੀ. 03 6166 ਦੀ ਅਦਾਇਗੀ ਕੀਤੀ ਹੈ ਜਦੋਂਕਿ ਇਹ ਜਸਵਿੰਦਰ ਕੌਰ ਭਾਟੀਆ ਵਾਸੀ ਬਠਿੰਡਾ ਦਾ ਬਿਨਾਂ ਗੇਅਰ ਵਾਲੇ ਸਕੂਟਰ ਦਾ ਨੰਬਰ ਹੈ। ਚੌਥੇ ਬੱਸ ਮਾਲਕ ਗੁਰਚਰਨ ਸਿੰਘ ਵਾਸੀ ਬਠਿੰਡਾ ਨੂੰ 15 ਬੱਸਾਂ ਲਈ 52,500 ਰੁਪਏ ਦੀ ਅਦਾਇਗੀ ਕੀਤੀ ਗਈ, ਜਿਸ ਨੇ ਪੀ.ਬੀ. 13 ਐਚ 9755 ਬੱਸ ਦੀ ਅਦਾਇਗੀ ਵੀ ਲਈ ਹੈ, ਜੋ ਅਸਲ ਵਿਚ ਪਿੰਡ ਖਨਾਲ ਕਲਾਂ ਦੇ ਜਗਸੀਰ ਸਿੰਘ ਦੇ ਸਕੂਟਰ (ਮਾਡਲ 2000) ਦਾ ਨੰਬਰ ਹੈ।

# ਸ਼ਰਾਬ ਮਿੱਲ ਨੇ ਪਾਣੀ ਵਿਚ ਜ਼ਹਿਰ ਘੋਲਿਆ

**ਹੁਸ਼ਿਆਰਪੁਰ (ਬਿਊਰੋ):** ਗੜ੍ਹਦੀਵਾਲਾ ਨੇੜੇ ਰੰਧਾਵਾ ਵਿਚ ਲਾਈ ਸ਼ਰਾਬ ਮਿੱਲ ਲੋਕਾਂ ਦੀ ਜਾਨ ਦਾ ਖੌਅ ਬਣਦੀ ਜਾ ਰਹੀ ਹੈ ਤੇ ਨੇੜਲੇ ਪਿੰਡਾਂ ਅੰਦਰ ਕੈਂਸਰ ਨਾਲ ਸੱਤ ਦੇ ਕਰੀਬ ਮੌਤਾਂ ਹੋ ਚੁੱਕੀਆਂ ਹਨ। ਇਥੇ ਲੱਗੇ ਮੈਡੀਕਲ ਕੈਂਪਾਂ ਦੌਰਾਨ ਵੱਡੀ ਗਿਣਤੀ ਵਿਚ ਅੰਤੜੀ ਤੇ ਪੇਟ ਰੋਗਾਂ ਦੇ ਮਰੀਜ਼ ਸਾਹਮਣੇ ਆਏ ਹਨ। ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਤੈਅ ਨਿਯਮਾਂ ਦੀ ਪਾਲਣਾ ਤੱਕ ਮਿੱਲ ਨੂੰ ਪਹਿਲਾਂ ਬੰਦ ਕਰਨ ਲਈ ਕਿਹਾ ਗਿਆ ਸੀ ਪਰ ਹਫ਼ਤਾ ਕੁ ਪਹਿਲਾਂ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਮਿੱਲ ਨੂੰ ਚਲਾਉਣ ਲਈ ਦਿੱਤੀ ਇਜਾਜ਼ਤ ਖਿਲਾਫ਼ ਲੋਕਾਂ ਵਿਚ ਰੋਸ ਹੈ।

ਸੰਘਰਸ਼ ਕਮੇਟੀ ਦੇ ਆਗੂਆਂ ਅਨੁਸਾਰ ਰੰਧਾਵਾ ਸ਼ਰਾਬ ਮਿੱਲ ਸ਼ੁਰੂ ਤੋਂ ਹੀ ਨਿਯਮਾਂ ਦੀ ਉਲੰਘਣਾ ਕਰਕੇ ਚਲਾਈ ਜਾ ਰਹੀ ਹੈ। ਸ਼ਰਾਬ ਮਿੱਲ ਸ਼ੁਰੂ ਕਰਨ ਮੌਕੇ ਪਾਣੀ ਦੀ ਸ਼ੁਧਤਾ ਲਈ ਪੂਰੀ ਸਮਰੱਥਾ ਦਾ ਪਲਾਂਟ ਲਾਉਣ, ਮਿੱਲ ਸਾਲ ਅੰਦਰ ਕੇਵਲ 270 ਦਿਨ ਚਲਾਉਣ, ਗੰਦਾ ਪਾਣੀ ਬਾਹਰ ਨਾ ਸੁੱਟਣ ਤੇ ਇਲਾਕੇ ਅੰਦਰ ਪੌਦੇ ਲਾਉਣਾ ਸਮੇਤ ਕੁਝ ਹੋਰ ਨਿਯਮ ਤੈਅ ਕੀਤੇ ਗਏ ਸਨ ਪਰ ਮਿੱਲ ਪ੍ਰਬੰਧਕਾਂ ਨੇ ਨਿਯਮਾਂ ਨੂੰ ਛਿੱਕੇ ਟੰਗ ਕੇ ਇਹ ਸ਼ਰਾਬ ਮਿੱਲ 2004 ਤੋਂ 2012 ਤੱਕ ਇਕ ਦਿਨ ਵੀ ਬੰਦ ਨਹੀਂ ਕੀਤੀ।

ਇਸੇ ਕਾਰਨ ਇਲਾਕੇ ਦੇ ਬੋਦਲਾਂ, ਬੇਰਛਾ, ਬੋਦਲ ਛਾਉਣੀ, ਰੰਧਾਵਾ, ਦੁੱਗਲ ਦੁਆਖਰੀ, ਕੋਟਲੀ, ਭਾਨਾ, ਕੁਲਾਰਾਂ, ਬਾਜਵਾ, ਸ਼ਾਹਪੁਰ, ਝਿੰਗੜ ਖੁਰਦ, ਖੁਣਖੁਣਾ ਤੇ ਪਵਾਂ ਸਮੇਤ ਮਿੱਲ ਦੇ 10 ਕਿਲੋਮੀਟਰ ਦੇ ਘੇਰੇ ਅੰਦਰਲੇ ਪਿੰਡਾਂ ਦਾ ਪਾਣੀ ਪਲੀਤ ਹੋ ਚੁੱਕਾ ਹੈ ਤੇ ਲੋਕ ਪ੍ਰਦੂਸ਼ਣ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਲੋਕਾਂ ਵੱਲੋਂ ਸ਼ੁਰੂ ਕੀਤੇ ਸੰਘਰਸ਼ ਕਾਰਨ ਮਿੱਲ ਪ੍ਰਬੰਧਕਾਂ ਨੇ ਪ੍ਰਦੂਸ਼ਤ ਪਾਣੀ ਬਾਹਰ ਸੁੱਟਣਾ ਤਾਂ ਬੰਦ ਕਰ ਦਿੱਤਾ ਪਰ ਇਸ ਨੂੰ ਜ਼ਮੀਨ ਵਿਚ ਖਪਾਉਣਾ ਚਾਲੂ ਕਰ ਦਿੱਤਾ। ਦੁਖੀ ਹੋ ਕੇ ਪਿੰਡਾਂ ਦੀਆਂ ਕੁਝ ਔਰਤਾਂ ਨੇ 2012 ਦੀ ਜ਼ਿਮਨੀ ਚੋਣ ਦੌਰਾਨ 5 ਜੂਨ, 2012 ਦੀ ਪਿੰਡ ਬੋਦਲ ਵਿਖੇ ਚੋਣ ਰੈਲੀ ਵਿਚ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੂੰ ਗੰਦੇ ਪਾਣੀ ਦੀ ਬੋਤਲ ਭੇਟ ਕੀਤੀ।

ਇਸ ਉਪਰੰਤ ਅਗਲੇ ਦਿਨ ਹੀ ਪ੍ਰਦੂਸ਼ਣ ਬੋਰਡ ਦੀ ਟੀਮ ਨੇ 12 ਪਿੰਡਾਂ ਵਿਚੋਂ ਪਾਣੀ ਦੇ 19 ਸੈਂਪਲ ਲਏ ਜਿਹੜੇ ਕਿ ਫੇਲ੍ਹ ਪਾਏ ਗਏ। ਸੰਘਰਸ਼ ਕਮੇਟੀ ਤੇ ਮਿੱਲ ਪ੍ਰਬੰਧਕਾਂ ਦੇ ਚੇਅਰਮੈਨ ਪ੍ਰਦੂਸ਼ਣ ਕੰਟਰੋਲ ਬੋਰਡ ਨਾਲ 17 ਜੂਨ 2012 ਨੂੰ ਹੋਈ ਮੀਟਿੰਗ ਵਿਚ ਮਿੱਲ ਬੰਦ ਕਰਨ ਦੇ ਦਿੱਤੇ ਹੁਕਮਾਂ 'ਤੇ ਇਹ ਮਿੱਲ 25 ਜੂਨ ਨੂੰ ਇਹ ਬਰਸਾਤੀ ਸੀਜ਼ਨ ਦੌਰਾਨ ਬੰਦ ਕਰ ਦਿੱਤੀ ਗਈ। ਇਸੇ ਦੌਰਾਨ ਡੀ.ਸੀ. ਨੇ ਤੈਅ ਨਿਯਮਾਂ ਦੀ ਪਾਲਣਾ ਤੱਕ ਇਸ ਨੂੰ ਚਾਲੂ ਨਾ ਕਰਨ ਦੇ ਹੁਕਮ ਦਿੱਤੇ। ਹੈਰਾਨੀ ਦੀ ਗੱਲ ਹੈ ਕਿ ਬੀਤੇ ਹਫ਼ਤੇ ਪ੍ਰਦੂਸ਼ਣ ਬੋਰਡ ਦੇ ਅਧਿਕਾਰੀਆਂ ਵੱਲੋਂ ਮਿੱਲ ਨੂੰ ਆਰਜ਼ੀ ਤੌਰ 'ਤੇ ਚਲਾਉਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ।

## *ਸਭ ਤੋਂ ਮਹਿੰਗੀ 'ਲਾਲ ਪਰੀ' ਵਿਕਰੀ ਲਈ ਤਿਆਰ*

**ਦੁਬਈ:** ਵਿਸ਼ਵ ਦੀ ਸਭ ਤੋਂ ਮਹਿੰਗੀ ਰੈਡ ਵਾਈਨ ਨੂੰ ਇਥੇ ਵਿਕਰੀ ਲਈ ਰੱਖਿਆ ਗਿਆ ਹੈ। 1.95 ਲੱਖ ਅਮਰੀਕੀ ਡਾਲਰ ਕੀਮਤ ਵਾਲੀ ਚੇਤਾਓ ਮੈਰਗਾਕਸ 2009 ਬਲਟਜ਼ਰਜ ਦੀਆਂ ਤਿੰਨ ਬੋਤਲਾਂ ਨੂੰ ਨਿਲਾਮੀ ਲਈ ਰੱਖਿਆ ਗਿਆ ਹੈ ਤੇ ਖਰੀਦਦਾਰਾਂ ਨੂੰ ਫਰਾਂਸ ਵਿਚ ਚੇਤਾਓ ਮੈਰਗਾਕਸ ਅਸਟੇਟ ਵਿਚ ਵੀ ਜਾਣ ਦਾ ਮੌਕਾ ਮਿਲੇਗਾ।

ਬਾਰ੍ਹਾਂ ਲਿਟਰ ਦੀ ਬੋਤਲ ਵਾਲੀ ਇਸ ਸ਼ਰਾਬ ਦੀਆਂ ਸਿਰਫ਼ ਛੇ ਬੋਤਲਾਂ ਹੀ ਬਣਾਈਆਂ ਗਈਆਂ ਸਨ। ਅਰਬੀਆ ਬਿਜ਼ਨਸ ਦੀ ਰਿਪੋਰਟ ਮੁਤਾਬਕ ਇਸ ਦੀਆਂ ਤਿੰਨ ਬੋਤਲਾਂ ਲਈ ਖਰੀਦਦਾਰਾਂ ਨੂੰ ਦੁਬਈ ਦੀ ਇਕ ਦੁਕਾਨ 'ਚ ਆਉਣਾ ਪਵੇਗਾ। 400 ਸਾਲ ਪੁਰਾਣੀ ਬਲਟਰਜ਼ ਦਾ ਉਤਪਾਦਨ ਚੇਤਾਓ ਮੈਰਗਾਕਸ ਵਾਈਨਯਾਰਡ, ਫਰਾਂਸ 'ਚ ਹੋਇਆ ਸੀ ਤੇ ਹੁਣ ਇਸ ਨੂੰ ਦੁਬਈ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਲੇ ਕਲਾਸ ਵਾਈਨ ਸਟੋਰ 'ਤੇ ਰੱਖਿਆ ਗਿਆ ਹੈ।




10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

*24/7 Customer Service Available*

*Same rate for lanline and mobile.*

ਟੌਲ ਫਰੀ ਨੰਬਰ 1-888-652-6268
732-983-4332/4333



# 2 Gas Stations For Sale

**One in Michigan (Absent Owner)**
**Excellent Hwy Location**
**Very Good Rent $4625 per month from Burger King**
**In side sale $40,000 Gas $50,000**
**Price: $880,000**
**2nd in Texas Near Dallas**
**Hwy Location**
**Very good in side and out side sale**
**Call: 414-788-8005**

# ਦੋ ਗੈਸ ਸਟੇਸ਼ਨ ਵਿਕਾਊ ਹਨ

ਇਕ ਮਿਸ਼ੀਗਨ ਵਿਚ
ਬਹੁਤ ਵਧੀਆ ਹਾਈਵੇ ਲੋਕੇਸ਼ਨ
ਵਧੀਆ ਰੈਂਟ $4625 ਮਾਸਿਕ ਬਰਗਰ ਕਿੰਗ ਤੋਂ
ਇਨਸਾਈਡ ਸੇਲ: $40,000, ਗੈਸ: $50,000
ਕੀਮਤ: $880,000
ਦੂਜਾ ਗੈਸ ਸਟੇਸ਼ਨ ਟੈਕਸਸ ਵਿਚ ਡੈਲਸ ਨੇੜੇ
ਹਾਈਵੇ ਲੋਕੇਸ਼ਨ
ਵਧੀਆ ਇਨ ਸਾਈਡ ਅਤੇ ਆਊਟ ਸਾਈਡ ਸੇਲ
ਸੰਪਰਕ ਕਰੋ: 414-788-8005



**Pinnacle Carriers Inc., San Jose, CA**

# Now Hiring Company Drivers

**(With Two Yr Experience )**

# Owner Operators

**Specialized in Reefer & Dry Loads.**
**Run All 48 States**



***Trailer rentals**
***Fuel advance**
***Also provide fuel cards**

# ਕੰਪਨੀ ਡਰਾਈਵਰਾਂ

*(ਘੱਟੋ ਘੱਟ ਦੋ ਸਾਲ ਦਾ ਤਜ਼ਰਬਾ)*

# ਓਨਰ ਅਪਰੇਟਰਾਂ ਦੀ ਲੋੜ ਹੈ

*ਰੀਫਰ ਅਤੇ ਡਰਾਈ ਲੋਡ *ਸਾਰੀਆਂ 48 ਸਟੇਟਾਂ ਦੇ ਗੇੜੇ
*ਕਿਰਾਏ ਦੇ ਟਰੇਲਰ ਉਪਲਬਧ *ਫਿਊਲ ਐਡਵਾਂਸ ਅਤੇ ਫਿਊਲ ਕਾਰਡ

**Sharanbeer Atwal**
**Call: 408-373-4168**
www.pinnaclecarriers.com

# ਬਰੀ ਹੋਏ ਅਤਿਵਾਦੀਆਂ ਨੇ ਮੁੜ ਚੁੱਕੇ ਹਥਿਆਰ

**ਇਸਲਾਮਾਬਾਦ:** ਇਕ ਮੀਡੀਆ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਪਾਕਿਸਤਾਨੀ ਅਦਾਲਤਾਂ ਵੱਲੋਂ 2007 ਤੋਂ ਬਾਅਦ ਛੱਡੇ ਗਏ ਤਕਰੀਬਨ 2000 ਮਸ਼ਕੂਕ ਦਹਿਸ਼ਤਗਰਦਾਂ ਵਿਚੋਂ ਵੱਡੀ ਗਿਣਤੀ ਜਾਂ ਤਾਂ ਮੁੜ ਅਤਿਵਾਦੀ ਸਫ਼ਾਂ ਵਿਚ ਸ਼ਾਮਲ ਹੋ ਗਏ ਹਨ ਜਾਂ ਉਹ ਹੋਰ ਸਰਕਾਰ ਵਿਰੋਧੀ ਸਰਗਰਮੀਆਂ ਵਿਚ ਲੱਗੇ ਹੋਏ ਹਨ। ਅਦਾਲਤਾਂ ਵੱਲੋਂ ਰਿਹਾਅ ਕੀਤੇ ਗਏ 1964 ਦਹਿਸ਼ਤਗਰਦਾਂ ਵਿਚੋਂ 722 ਮੁੜ ਅਤਿਵਾਦੀ ਗਰੁੱਪਾਂ ਵਿਚ ਸ਼ਾਮਲ ਹੋ ਗਏ ਹਨ ਤੇ ਉਹ ਪੂਰੀ ਸਰਗਰਮੀ ਨਾਲ ਮਾਰਧਾੜ ਦੇ ਕੰਮਾਂ ਜੁਟੇ ਹੋਏ ਹਨ।

ਰੋਜ਼ਾਨਾ 'ਡਾਅਨ' ਦੀ ਰਿਪੋਰਟ ਮੁਤਾਬਕ ਅਦਾਲਤਾਂ ਵੱਲੋਂ ਬਰੀ ਕੀਤੇ ਗਏ ਅਜਿਹੇ ਦਹਿਸ਼ਤਗਰਦਾਂ ਵਿਚੋਂ 12 ਮਾਰੇ ਜਾ ਚੁੱਕੇ ਹਨ। ਇਨ੍ਹਾਂ ਵਿਚੋਂ ਚਾਰ ਅਮਰੀਕੀ ਹਮਲਿਆਂ ਤੇ ਬਾਕੀ ਅੱਠ ਪਾਕਿਸਤਾਨੀ ਸੁਰੱਖਿਆ ਦਸਤਿਆਂ ਦਾ ਸ਼ਿਕਾਰ ਹੋਏ। ਅਖ਼ਬਾਰ ਨੇ ਇਹ ਰਿਪੋਰਟ ਸਰਕਾਰੀ ਦਸਤਾਵੇਜ਼ਾਂ ਦੇ ਹਵਾਲੇ ਨਾਲ ਛਾਪੀ ਹੈ। ਅਖ਼ਬਾਰ ਮੁਤਾਬਕ ਦਸਤਾਵੇਜ਼ਾਂ ਦੀ ਸ਼ਬਦਾਵਲੀ ਭਾਵੇਂ ਗੋਲਮੋਲ ਜਿਹੀ ਹੈ ਪਰ ਇਸ ਤੋਂ ਇਹ ਖੁਲਾਸਾ ਹੁੰਦਾ ਹੈ ਕਿ ਜਿਨ੍ਹਾਂ ਦਹਿਸ਼ਤਗਰਦਾਂ ਦੀ ਗੱਲ ਕੀਤੀ ਜਾ ਰਹੀ ਹੈ, ਉਹ ਹਾਲੇ ਵੀ ਅਤਿਵਾਦੀ ਸਰਗਰਮੀਆਂ ਵਿਚ ਲੱਗੇ ਹੋਏ ਹਨ।

ਇਸ ਮੁਤਾਬਕ ਬਰੀ ਹੋਏ ਅਜਿਹੇ ਦਹਿਸ਼ਤਗਰਦਾਂ ਵਿਚ 33 ਨੂੰ ਮੁੜ ਤੋਂ ਫੜ ਲਿਆ ਗਿਆ ਤੇ ਇਹ ਜੇਲ੍ਹਾਂ ਵਿਚ ਬੰਦ ਹਨ। ਰੱਖਿਆ ਮਾਹਰ ਏਅਰ-ਵਾਈਸ ਮਾਰਸ਼ਲ (ਰਿਟਾਇਰਡ) ਸ਼ਾਹਜ਼ਾਦ ਚੌਧਰੀ ਮੁਤਾਬਕ ਕੁਝ ਵੱਡੇ ਮਾਮਲਿਆਂ ਵਿਚ ਰਿਹਾਅ ਹੋਣ ਵਾਲੇ ਮਸਕੂਕਾਂ ਉਤੇ ਖੁਫ਼ੀਆ ਏਜੰਸੀਆਂ ਵੱਲੋਂ ਨਜ਼ਰ ਰੱਖੀ ਜਾਂਦੀ ਹੈ। ਉਨ੍ਹਾਂ ਉਤੇ ਇਹ ਯਕੀਨੀ ਬਣਾਉਣ ਲਈ ਧਿਆਨ ਰੱਖਿਆ ਜਾਂਦਾ ਹੈ ਕਿ ਕਿਤੇ ਇਹ ਲੋਕ ਮੁੜ ਤੋਂ ਦਹਿਸ਼ਤਗਰਦੀ ਵਿਚ ਨਾ ਪੈ ਜਾਣ। ਉਨ੍ਹਾਂ ਕਿਹਾ ਕਿ ਜਦੋਂ ਇਹ ਲੋਕ ਮੁੜ ਤੋਂ ਦਹਿਸ਼ਤਗਰਦੀ ਵੱਲ ਜਾਂਦੇ ਹਨ ਤਾਂ ਖੁਫ਼ੀਆ ਤੇ ਸੁਰੱਖਿਆ ਏਜੰਸੀਆਂ ਵੱਲੋਂ ਇਨ੍ਹਾਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤੇ ਇਨ੍ਹਾਂ ਨੂੰ ਨਜ਼ਰਬੰਦੀ ਕੇਂਦਰਾਂ ਵਿਚ ਸੁੱਟ ਦਿੰਦੀਆਂ ਹਨ।

ਇਹ ਅਜਿਹਾ ਪਹਿਲਾ ਸਰਕਾਰੀ ਦਸਤਾਵੇਜ਼ ਨਹੀਂ ਹੈ ਜਿਸ ਤੋਂ ਇਹ ਜ਼ਾਹਰ ਹੁੰਦਾ ਹੋਵੇ ਕਿ ਦਹਿਸ਼ਤਗਰਦੀ ਬਾਰੇ ਫੜੇ ਗਏ ਲੋਕ ਬਰੀ ਹੋਣ ਤੋਂ ਬਾਅਦ ਮੁੜ ਤੋਂ ਦਹਿਸ਼ਤਗਰਦੀ ਸਫ਼ਾਂ ਵਿਚ ਸ਼ਾਮਲ ਹੋ ਗਏ। ਮਸ਼ਕੂਕਾਂ ਨੂੰ ਬੰਦ ਰੱਖਣ ਬਾਰੇ ਕੇਸਾਂ ਦੀ ਘੋਖ ਕਰਨ ਲਈ ਸੁਪਰੀਮ ਕੋਰਟ ਵੱਲੋਂ ਕਾਇਮ ਇਕ ਬਾਡੀ 'ਫੈਡਰਲ ਰੀਵੀਊ ਬੋਰਡ' ਕੋਲ ਇਕ ਸੁਰੱਖਿਆ ਏਜੰਸੀ ਵੱਲੋਂ ਪੇਸ਼ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ, ਡੈਨਿਸ਼ ਸਫ਼ਾਰਤਖ਼ਾਨੇ ਤੇ ਰਾਵਲਪਿੰਡੀ ਵਿਚ ਫੌਜੀ ਬੱਸ ਉਤੇ ਹਮਲਾ ਕਰਨ ਵਾਲੇ ਦਹਿਸ਼ਤਗਰਦ ਰਿਹਾਈ ਤੋਂ ਬਾਅਦ ਹੀ ਮੁੜ ਅਤਿਵਾਦ ਵਿਚ ਸ਼ਾਮਲ ਹੋਏ ਹਨ।



## ਡਰੋਨ ਹਮਲਿਆਂ ਵਿਚ 2200 ਪਾਕਿਸਤਾਨੀ ਮਰੇ

ਸੰਯੁਕਤ ਰਾਸ਼ਟਰ: ਪਾਕਿਸਤਾਨ ਨੇ ਦਾਅਵਾ ਕੀਤਾ ਹੈ ਕਿ ਪਿਛਲੇ ਇਕ ਦਹਾਕੇ ਵਿਚ ਡਰੋਨ ਹਮਲਿਆਂ ਦੌਰਾਨ ਤਕਰੀਬਨ 2200 ਲੋਕ ਮਾਰੇ ਗਏ ਜਿਨ੍ਹਾਂ ਵਿਚੋਂ 400 ਆਮ ਨਾਗਰਿਕ ਸਨ ਤੇ 200 ਉਹ ਪੀੜਤ ਵਿਅਕਤੀ ਸਨ ਜਿਨ੍ਹਾਂ ਦਾ ਜੰਗ ਨਾਲ ਕੋਈ ਵਾਸਤਾ ਨਹੀਂ ਸੀ। ਅਮਰੀਕੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਵਿਸ਼ੇਸ਼ ਅਧਿਕਾਰੀ ਬੇਨ ਐਮਰਸਨ ਨੇ ਕਿਹਾ ਕਿ ਪਾਕਿਸਤਾਨੀ ਵਿਦੇਸ਼ ਮੰਤਰੀ ਅਨੁਸਾਰ 2004 ਤੋਂ ਲੈ ਕੇ ਅਮਰੀਕਾ ਨੇ 330 ਡਰੋਨ ਹਮਲੇ ਕੀਤੇ ਹਨ ਜੋ ਪਾਕਿਸਤਾਨ ਵਿਚ ਗ਼ੈਰਕਨੂੰਨੀ ਤੌਰ 'ਤੇ ਅਤਿਵਾਦ ਨੂੰ ਫੈਲਾਉਣ ਵਾਲੇ ਤੇ ਅਫ਼ਗਾਨ ਸੀਮਾ ਨਾਲ ਲੱਗਦੇ ਇਲਾਕਿਆਂ ਨੂੰ ਮੁੱਖ ਰੱਖ ਕੇ ਕੀਤੇ ਗਏ।

ਅਮਰੀਕਾ ਵੱਲੋਂ ਇਹ ਸਪਸ਼ਟ ਕਰ ਦਿੱਤਾ ਗਿਆ ਹੈ ਕਿ ਸੀਮਾ ਨਾਲ ਲੱਗਦੇ ਅਤਿਵਾਦੀਆਂ ਨੂੰ ਪਨਾਹ ਦੇਣ ਵਾਲੇ ਕੈਂਪ ਤੇ ਹੋਰ ਅਜਿਹੇ ਸ਼ੱਕੀ ਇਲਾਕਿਆਂ 'ਤੇ ਅਮਰੀਕਾ ਹੁਣ ਦੋ ਟੁੱਕ ਕਾਰਵਾਈ ਕਰੇਗਾ ਕਿਉਂਕਿ ਉਹ ਆਪਣਾ ਮਿਸ਼ਨ 2014 ਤੱਕ ਖਤਮ ਕਰਨਾ ਚਾਹੁੰਦਾ ਹੈ ਤਾਂ ਜੋ ਅਫ਼ਗਾਨਿਸਤਾਨ ਵਿਚ ਸਥਿਰਤਾ ਲਿਆਂਦੀ ਜਾ ਸਕੇ।

## ਮਾਲਦੀਵ ਵਿਚ ਰਾਸ਼ਟਰਪਤੀ ਦੀ ਚੋਣ ਮੁੜ ਰੱਦ

**ਮਾਲੇ:** ਪੁਲਿਸ ਵੱਲੋਂ ਮਾਲਦੀਵ ਚੋਣ ਕਮਿਸ਼ਨ ਨੂੰ ਰਾਸ਼ਟਰਪਤੀ ਦੇ ਅਹੁਦੇ ਲਈ ਦੁਬਾਰਾ ਮਤਦਾਨ ਕਰਵਾਉਣ ਤੋਂ ਰੋਕਣ ਪਿੱਛੋਂ ਕਮਿਸ਼ਨ ਨੇ ਮਤਦਾਨ ਰੱਦ ਕਰ ਦਿੱਤਾ। ਕਮਿਸ਼ਨ ਨੇ ਮਤਦਾਨ ਦਾ ਅਮਲ ਸ਼ੁਰੂ ਹੋਣ ਤੋਂ ਕੁਝ ਹੀ ਮਿੰਟ ਪਹਿਲਾਂ ਇਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੁਲਿਸ ਨੇ ਅਧਿਕਾਰੀਆਂ ਨੂੰ ਰਾਸ਼ਟਰਪਤੀ ਦੇ ਅਹੁਦੇ ਲਈ ਦੁਬਾਰਾ ਮਤਦਾਨ ਕਰਵਾਉਣ ਤੋਂ ਰੋਕ ਦਿੱਤਾ। ਪੁਲਿਸ ਨੇ ਕਿਹਾ ਕਿ ਉਹ ਸੁਪਰੀਮ ਕੋਰਟ ਦੇ ਫ਼ੈਸਲੇ ਤੇ ਦਿਸ਼ਾ-ਨਿਰਦੇਸ਼ਾਂ ਦਾ ਉਲੰਘਣ ਕਰਕੇ ਕਰਵਾਈ ਗਈ ਕਿਸੇ ਵੀ ਚੋਣ ਨੂੰ ਸਮਰਥਨ ਨਹੀਂ ਦੇਵੇਗੀ। ਅਜਿਹਾ ਹੋਣ ਨਾਲ ਭਾਰਤ ਨੇ ਫਿਕਰ ਜ਼ਾਹਿਰ ਕੀਤਾ ਹੈ।

ਜ਼ਿਕਰਯੋਗ ਹੈ ਕਿ ਵਿਦੇਸ਼ ਸਕੱਤਰ ਸੁਜਾਤਾ ਸਿੰਘ ਨੇ ਦੋ ਦਿਨ ਪਹਿਲਾਂ ਮਾਲੇ ਦਾ ਦੌਰਾ ਕੀਤਾ ਸੀ ਤੇ ਪਾਰਟੀਆਂ 'ਤੇ ਪਾਰਦਰਸ਼ੀ ਢੰਗ ਨਾਲ ਚੋਣ ਕਰਵਾਏ ਜਾਣ ਲਈ ਜ਼ੋਰ ਦਿੱਤਾ ਸੀ। ਉਨ੍ਹਾਂ ਨੇ ਰਾਸ਼ਟਰਪਤੀ ਮੁਹੰਮਦ ਵਹੀਦ, ਰੱਖਿਆ ਮੰਤਰੀ ਮੁਹੰਮਦ ਨਜ਼ੀਮ, ਸਾਬਕਾ ਰਾਸ਼ਟਰਪਤੀ ਮੁਹੰਮਦ ਨਸ਼ੀਦ ਤੇ ਕਾਸਿਮ ਇਬਰਾਹੀਮ ਨਾਲ ਮੁਲਾਕਾਤਾਂ ਕੀਤੀਆਂ ਸਨ। ਮਾਲਦੀਵ ਵਿਚ ਬੀਤੇ ਸਾਲ ਫਰਵਰੀ ਮਹੀਨੇ ਲੋਕਤਾਂਤਰਕ ਢੰਗ ਨਾਲ ਚੁਣੇ ਗਏ ਪਹਿਲੇ ਰਾਸ਼ਟਰਪਤੀ ਮੁਹੰਮਦ ਨਸ਼ੀਦ ਦੇ ਅਹੁਦੇ ਤੋਂ ਲਹਿਣ ਨਾਲ ਰਾਜਨੀਤਕ ਸੰਕਟ ਪੈਦਾ ਹੋ ਗਿਆ ਸੀ।

# ਅਮਰੀਕੀ ਅਰਥਚਾਰੇ ਨੂੰ 24 ਅਰਬ ਦਾ ਰਗੜਾ

**ਵਾਸ਼ਿੰਗਟਨ:** ਅਮਰੀਕੀ ਅਰਥਚਾਰੇ ਨੂੰ ਸਰਕਾਰੀ ਕੰਮ ਕਾਜ ਦੋ ਹਫਤੇ ਤੋਂ ਵੱਧ ਠੱਪ ਰਹਿਣ (ਸ਼ਟਡਾਊਨ) ਕਾਰਨ 24 ਅਰਬ ਡਾਲਰ ਦਾ ਨੁਕਸਾਨ ਪੁੱਜਿਆ ਹੈ। ਇਹ ਖੁਲਾਸਾ ਕਰਜ਼ ਸਾਖ਼ ਦਰਜਾਬੰਦੀ ਏਜੰਸੀ ਸਟੈਂਡਰਡ ਐਂਡ ਪੂਅਰਜ਼ (ਐਸ.ਐਂਡ.ਪੀ) ਨੇ ਕੀਤਾ ਹੈ। ਅਮਰੀਕਾ ਵਿਚ ਬੀਤੇ 16 ਦਿਨਾਂ ਤੋਂ ਜਾਰੀ ਸਿਆਸੀ ਸੰਕਟ ਉਦੋਂ ਖ਼ਤਮ ਹੋ ਗਿਆ ਜਦੋਂ ਮੁਲਕ ਦੀ ਸੰਸਦ (ਕਾਂਗਰਸ) ਨੇ ਦੋਵੇਂ ਪਾਰਟੀਆਂ ਵੱਲੋਂ ਸਮਰਥਤ ਕਰਜ਼ ਸਮਝੌਤਾ ਬਿਲ ਨੂੰ ਮਨਜ਼ੂਰੀ ਦੇ ਦਿੱਤੀ। ਇਸ ਨੂੰ ਰਾਸ਼ਟਰਪਤੀ ਬਰਾਕ ਓਬਾਮਾ ਨੇ ਫੌਰੀ ਦਸਤਖ਼ਤ ਕਰ ਕੇ ਕਾਨੂੰਨ ਦਾ ਰੂਪ ਦੇ ਦਿੱਤਾ ਜਿਸ ਨਾਲ ਸਰਕਾਰੀ ਸ਼ਟਡਾਊਨ ਖ਼ਤਮ ਹੋ ਗਿਆ ਤੇ ਅਮਰੀਕੀ ਸਰਕਾਰ ਇਤਿਹਾਸਕ ਕਰਜ਼ ਡੀਫਾਲਟ ਤੋਂ ਬਚ ਗਈ।

ਓਬਾਮਾ ਵੱਲੋਂ ਇਸ ਨੂੰ ਸਹੀ ਪਾ ਕੇ ਕਾਨੂੰਨ ਬਣਾ ਦਿੱਤੇ ਜਾਣ ਤੋਂ ਬਾਅਦ ਐਸ.ਐਂਡ.ਪੀ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਹਕੀਕਤ ਇਹ ਹੈ ਕਿ ਸਰਕਾਰੀ ਸ਼ਟਡਾਊਨ ਦਾ ਅਮਰੀਕੀ ਅਰਥਚਾਰੇ ਨੂੰ ਭਾਰੀ ਨੁਕਸਾਨ ਪੁੱਜਾ ਹੈ। ਅਦਾਰੇ ਨੇ ਕਿਹਾ ਹੈ ਕਿ ਸ਼ਟਡਾਊਨ ਦੇ ਅਸਰ ਕਾਰਨ ਅਮਰੀਕੀ ਅਰਥਚਾਰੇ ਦੀ ਤੀਜੀ ਤਿਮਾਹੀ ਦੀ ਵਿਕਾਸ ਦਰ 0.6 ਫੀਸਦੀ ਅੰਕਾਂ ਤੱਕ ਘਟ ਜਾਵੇਗੀ ਤੇ ਇਸ ਤਰ੍ਹਾਂ ਅਕਤੂਬਰ ਤੋਂ ਦਸੰਬਰ ਤੱਕ ਦੀ ਤਿਮਾਹੀ ਦੀ ਸਾਲਾਨਾਕ੍ਰਿਤ ਵਿਕਾਸ ਦਰ ਵੀ ਬੜੀ ਘੱਟ ਮਹਿਜ਼ ਦੋ ਫੀਸਦੀ ਰਹਿ ਜਾਵੇਗੀ। ਐਸ.ਐਂਡ.ਪੀ. ਨੇ ਕਿਹਾ ਹੈ ਕਿ ਇਹ ਗੱਲ ਵੀ ਗੌਰ ਕਰਨ ਵਾਲੀ ਹੈ ਕਿ ਸੰਸਦ ਤੇ ਰਾਸ਼ਟਰਪਤੀ ਦਰਮਿਆਨ ਹੋਏ ਸਮਝੌਤੇ ਤਹਿਤ ਸਰਕਾਰ ਨੂੰ ਮਹਿਜ਼ 15 ਜਨਵਰੀ ਤੱਕ ਦੇ ਹੀ ਫੰਡ ਮਿਲੇ ਹਨ ਅਤੇ ਇਸ ਤਹਿਤ ਸਰਕਾਰ ਸੱਤ ਫਰਵਰੀ, 2014 ਤਕ ਕਰਜ਼ੇ ਲੈ ਸਕੇਗੀ। ਇਸ ਦਾ ਮਤਲਬ ਹੈ ਕਿ ਹਾਲ ਹੀ ਵਿਚ ਖ਼ਤਮ ਹੋਏ ਆਰਥਿਕ ਖ਼ਤਰੇ ਛੇਤੀ ਹੀ ਦੁਬਾਰਾ ਸਿਰ ਚੁੱਕ ਸਕਦੇ ਹਨ। ਐਸ.ਐਂਡ ਪੀ ਨੇ ਖ਼ਪਤਕਾਰਾਂ ਨੂੰ ਖ਼ਬਰਦਾਰ ਕੀਤਾ ਹੈ ਕਿ ਇਸ ਸੂਰਤ ਵਿਚ ਉਨ੍ਹਾਂ ਨੂੰ ਮੁੜ ਤੋਂ ਔਖਾ ਸਮਾਂ ਦੇਖਣਾ ਪੈ ਸਕਦਾ ਹੈ। ਅਦਾਰੇ ਨੇ ਕਿਹਾ ਹੈ ਕਿ ਛੇਤੀ ਹੀ ਸਿਆਸਤਦਾਨਾਂ ਨੂੰ ਮੁੜ ਤੋਂ ਕੁਝ ਸਮਾਂ ਚੱਲਣ ਵਾਲਾ ਸਮਝੌਤਾ ਕਰਨ ਲਈ ਗੱਲਬਾਤ ਕਰਨੀ ਪਵੇਗੀ ਤੇ ਇਸ ਸੂਰਤ ਵਿਚ ਖ਼ਪਤਕਾਰਾਂ ਤੇ ਸਰਕਾਰੀ ਮੁਲਾਜ਼ਮਾਂ ਨੂੰ ਔਖ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਤੋਂ ਪਹਿਲਾਂ ਐਸ.ਐਂਡ ਪੀ ਦੇ ਵਿਸ਼ਲੇਸ਼ਕ ਜੌਹਨ ਚੈਂਬਰਜ਼ ਨੇ ਵੀ ਕਿਹਾ ਕਿ ਇਸ ਸਰਕਾਰੀ ਸ਼ਟਡਾਊਨ ਦਾ ਅਰਥਚਾਰੇ ਉੱਤੇ ਅਸਰ 2008 ਵਿਚ ਅਰਥਚਾਰੇ ਦੇ ਢਹਿ-ਢੇਰੀ ਹੋ ਜਾਣ ਤੋਂ ਵੱਧ ਮਾਰੂ ਸਾਬਤ ਹੋਵੇਗਾ।




# ਤਿਬਤੋ-ਬਰਮੀ ਲੋਕਾਂ ਵਿਚ ਮੱਧ ਭਾਰਤੀ ਪੂਰਵਜਾਂ ਦੇ ਜੀਨ

**ਹੈਦਰਾਬਾਦ:** ਬੰਗਲਾਦੇਸ਼ ਦੀ ਤਿੱਬਤੋ-ਬਰਮੀ ਆਬਾਦੀ ਵਿਚ ਉੱਤਰ-ਪੂਰਬੀ ਭਾਰਤੀ ਜਾਂ ਦੱਖਣ-ਪੂਰਬੀ ਏਸ਼ਿਆਈ ਤਿੱਬਤੋ-ਬਰਮੀ ਭਾਸ਼ਾਈ ਲੋਕਾਂ ਦੇ ਮੁਕਾਬਲੇ ਆਪਣੇ ਮੱਧ ਭਾਰਤੀ ਪੂਰਵਜਾਂ ਦੇ ਅੰਸ਼ ਕਿਤੇ ਜ਼ਿਆਦਾ ਹਨ। ਇਹ ਖੁਲਾਸਾ ਨਵੇਂ ਅਧਿਐਨ ਵਿਚ ਕੀਤਾ ਗਿਆ ਹੈ।

ਸੀ.ਐਸ.ਆਈ.ਆਰ ਸੈਂਟਰ ਫਾਰ ਸੈਲਿਊਲਰ ਐਂਡ ਮੌਲੀਕਿਊਲਰ ਬਾਇਓਲੋਜੀ ਸੀ.ਸੀ (ਸੀ.ਸੀ.ਐਮ.ਬੀ) ਦੇ ਕੁਮਾਰ ਸਾਮੀ ਥੰਗਾਰਾਜ ਮੁਤਾਬਕ ਇਸ ਬਾਰੇ ਬੰਗਲਾਦੇਸ਼ ਦੇ ਤਿੰਨ ਮੁੱਖ ਕਬਾਇਲੀ ਫਿਰਕਿਆਂ (ਚਕਰਮ, ਮਰਮਾ ਤੇ ਤ੍ਰਿਪੁਰਾ) ਦਾ ਤਫਸੀਲ ਵਿਚ ਜੀਨ ਅਧਿਐਨ ਕੀਤਾ ਹੈ। ਇਹ ਲੋਕ ਤਿੱਬਤੋ-ਬਰਮੀ ਭਾਸ਼ਾ ਦੀ ਇਕ ਵੰਨਗੀ ਬੋਲਦੇ ਹਨ। ਇਸ ਪਾਇਆ ਹੈ ਕਿ ਬੰਗਲਾਦੇਸ਼ ਤਿੱਬਤੋ-ਬਰਮੀ ਆਬਾਦੀ ਵਿਚ ਮੱਧ ਭਾਰਤੀ ਪੂਰਵਜਾਂ ਦਾ ਅੰਸ਼ ਉੱਤਰ-ਪੂਰਬੀ ਭਾਰਤੀ ਅਤੇ ਦੱਖਣ-ਪੂਰਬੀ ਏਸ਼ਿਆਈ ਤਿੱਬਤੋ ਲੋਕਾਂ ਦੇ ਮੁਕਾਬਲੇ ਜ਼ਿਆਦਾ ਹੈ। ਥੰਗਾਰਾਜ ਦੀ ਅਗਵਾਈ ਹੇਠ ਸਾਇੰਸਦਾਨਾਂ ਦੀ ਇਕ ਟੀਮ ਨੇ ਨੂਰੁਨ ਨਾਹਰ ਗਾਜ਼ੀ ਸੁਲਤਾਨਾ ਤੇ ਢਾਕਾ ਯੂਨੀਵਰਸਿਟੀ ਦੀ ਉਸ ਦੀ ਟੀਮ ਨਾਲ ਮਿਲ ਕੇ ਬੰਗਲਾਦੇਸ਼ੀ ਕਬਾਇਲੀ ਵਸੋਂ ਦੇ ਉਥਾਨ ਤੇ ਲਗਾਓ ਬਾਰੇ ਜੀਨ ਪ੍ਰਣਾਲੀਆਂ ਦੀ ਵਰਤੋਂ ਕਰਕੇ ਪਹਿਲੀ ਵਾਰ ਅਧਿਐਨ ਕੀਤਾ ਹੈ। ਬੰਗਲਾਦੇਸ਼ ਭਾਰਤ ਦੇ ਪੂਰਬੀ ਤੇ ਉਤਰ-ਪੂਰਬੀ ਖਿੱਤਿਆਂ ਨਾਲ ਲਗਦਾ ਹੈ ਤੇ ਬੰਗਲਾਦੇਸ਼ ਦੀ ਦੱਖਣ-ਪੂਰਬੀ ਸਰਹੱਦ ਮਿਆਂਮਾਰ ਨਾਲ ਮੇਲ ਖਾਂਦੀ ਹੈ।

## ਲੰਡਨ 'ਚ ਪੰਜਾਬੀ ਨੂੰ ਟਰੱਕ ਥੱਲੇ ਦੇ ਕੇ ਮਾਰਿਆ

**ਲੰਡਨ:** ਲੁਟੇਰਿਆਂ ਦੇ ਇਕ ਗਰੋਹ ਨੇ ਭਾਰਤੀ ਮੂਲ ਦੇ ਇਕ ਕਾਰੋਬਾਰੀ ਨੂੰ ਲੰਡਨ ਦੀਆਂ ਸੜਕਾਂ 'ਤੇ ਟਰੱਕ ਹੇਠ ਕੁਚਲ ਕੇ ਮਾਰ ਦਿੱਤਾ ਗਿਆ। ਪੂਰਬੀ ਲੰਡਨ ਵਿਚ ਡਰਿੰਕਸ ਦੀ ਗਲੈਨ ਐਂਡ ਕੰਪਨੀ ਦੀ ਮਾਲਕੀ ਵਾਲੇ ਸ਼ੱਮੀ ਅਟਵਾਲ ਦੇ ਵੇਅਰਹਾਊਸ 'ਤੇ 10 ਲੁਟੇਰਿਆਂ ਨੇ ਵਦਾਣਾਂ ਤੇ ਲੋਹੇ ਦੀਆਂ ਰਾਡਾਂ ਨਾਲ ਹਮਲਾ ਕਰ ਦਿੱਤਾ ਸੀ। ਸ਼ੱਮੀ ਨੇ ਇਨ੍ਹਾਂ ਸਾਰਿਆਂ ਦਾ ਕਾਫੀ ਦਲੇਰੀ ਨਾਲ ਟਾਕਰਾ ਕੀਤਾ।

ਇਸ ਝੜਪ ਦੌਰਾਨ ਲੁਟੇਰਿਆਂ ਨੇ ਉਸ ਨੂੰ ਸੜਕ ਤੱਕ ਧੱਕ ਦਿੱਤਾ ਤੇ ਮਗਰੋਂ ਉਸ 'ਤੇ ਟਰੱਕ ਚਾੜ੍ਹ ਦਿੱਤਾ। 44 ਸਾਲਾ ਸ਼ੱਮੀ ਦੇ ਕਤਲ ਦੇ ਮਾਮਲੇ ਵਿਚ ਸਕਾਟਲੈਂਡ ਯਾਰਡ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

# ਨਿਕਸਨ ਨੇ ਵੱਟੀ ਸੀ ਹਿੰਦੂਆਂ ਦੇ ਨਸਲਘਾਤ ਬਾਰੇ ਚੁੱਪ

**ਵਾਸ਼ਿੰਗਟਨ:** ਇਕ ਨਵੀਂ ਛਪੀ ਕਿਤਾਬ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਬੰਗਲਾਦੇਸ਼ ਦੀ ਆਜ਼ਾਦੀ ਤੋਂ ਪਹਿਲਾਂ 1971 ਵਿਚ ਪਾਕਿਸਤਾਨੀ ਫੌਜ ਨੇ ਉਸ ਵੇਲੇ ਦੇ ਪੂਰਬੀ ਪਾਕਿਸਤਾਨ ਵਿਚ ਯੋਜਨਾਬੱਧ ਢੰਗ ਨਾਲ ਹਿੰਦੂਆਂ ਦਾ ਨਸਲਘਾਤ ਕੀਤਾ ਸੀ ਤੇ ਨਿਕਸਨ ਪ੍ਰਸ਼ਾਸਨ ਨੇ ਇਸ ਪਾਸੇ ਅੱਖਾਂ ਮੀਚੀ ਰੱਖੀਆਂ ਸਨ। ਇਹ ਪੁਸਤਕ 'ਦਿ ਬਲੱਡ ਟੈਲੀਗ੍ਰਾਮ: ਨਿਕਸਨ ਕਿਸਿੰਗਰ ਐਂਡ ਏ ਫਾਰਗੌਟਨ ਜੀਨੋਸਾਈਡ' ਪ੍ਰਿੰਸਟਨ ਯੂਨੀਵਰਸਿਟੀ ਵਿਚ ਸਿਆਸਤ ਤੇ ਕੌਮਾਂਤਰੀ ਮਾਮਲਿਆਂ ਦੇ ਪ੍ਰੋਫੈਸਰ ਤੇ ਲੇਖਕ ਗੈਰ ਜੇ. ਬਾਸ ਨੇ ਲਿਖੀ ਹੈ।

ਪ੍ਰੋ. ਬਾਸ ਦਾ ਕਹਿਣਾ ਹੈ ਕਿ ਭਾਰਤ ਸਰਕਾਰ ਹਿੰਦੂਆਂ ਦੇ ਘਾਣ ਤੋਂ ਜਾਣੂ ਤਾਂ ਸੀ ਪਰ ਇਸ ਨੇ ਇਸ ਤੱਥ ਨੂੰ ਮੱਠਾ ਪਾਉਣ ਦੇ ਲਗਾਤਾਰ ਯਤਨ ਕੀਤੇ ਬਲਕਿ ਇਹ ਇਸ ਨੂੰ ਜਾਣਬੁੱਝ ਕੇ ਬੰਗਲਾਦੇਸ਼ ਵਿਚ ਬੰਗਾਲੀ ਭਾਈਚਾਰੇ ਦੇ ਨਸਲਘਾਤ ਵਜੋਂ ਪੇਸ਼ ਕਰਦੀ ਰਹੀ ਤਾਂ ਕਿ ਉਸ ਵੇਲੇ ਦੇ ਜਨਸੰਘ ਆਗੂਆਂ ਦੇ ਵਿਰੋਧ ਤੇ ਦੁਹਾਈ ਤੋਂ ਬਚਿਆ ਜਾ ਸਕੇ। ਬਾਸ ਮੁਤਾਬਕ ਭਾਰਤੀ ਵਿਦੇਸ਼ ਮੰਤਰਾਲੇ ਦੀ ਦਲੀਲ ਸੀ ਕਿ ਦੇਸ਼ ਵਿਚ ਬੰਗਾਲੀਆਂ ਦੀ ਵੱਧ ਗਿਣਤੀ ਹੋਣ ਕਾਰਨ ਜਦੋਂ ਪਾਕਿਸਤਾਨ ਦੇ ਜਰਨੈਲ ਚੋਣਾਂ ਹਾਰ ਗਏ ਤਾਂ ਉਹ ਉਨ੍ਹਾਂ ਦੀ ਗਿਣਤੀ ਘੱਟ ਕਰਨ ਲਈ ਨਸਲਘਾਤ ਦੇ ਰਾਹ ਤੁਰ ਪਏ ਤਾਂ ਕਿ ਪਾਕਿਸਤਾਨ ਵਿਚ ਬੰਗਾਲੀਆਂ ਦੀ ਗਿਣਤੀ ਚੋਣਾਂ ਵਿਚ ਫੈਸਲਾਕੁਨ ਹੋਣ ਜੋਗੀ ਨਾ ਰਹੇ। ਕਿਤਾਬ ਵਿਚ ਕਿਹਾ ਗਿਆ ਹੈ ਕਿ ਉਧਰ ਪਾਕਿ ਫੌਜ ਹਿੰਦੂ ਲੋਕਾਂ ਦਾ ਮਿੱਥ ਕੇ ਘਾਣ ਕਰਦੀ ਰਹੀ ਤੇ ਭਾਰਤੀ ਅਧਿਕਾਰੀ ਇਹ ਗੱਲ ਇਸ ਕਰਕੇ ਦਬਾਉਂਦੇ ਰਹੇ ਤਾਂ ਕਿ ਹਿੰਦੂ ਰਾਸ਼ਟਰਵਾਦੀ ਧਿਰ ਜਨਸੰਘ ਪਾਰਟੀ ਦਾ ਗੁੱਸਾ ਨਾ ਫੁੱਟ ਪਵੇ।

ਭਾਰਤ ਦੇ ਮਾਸਕੋ ਵਿਚ ਸਫੀਰ ਡੀ.ਪੀ. ਧਰ ਨੇ ਪਾਕਿਸਤਾਨ ਫੌਜ ਦੀ ਹਿੰਦੂਆਂ ਨੂੰ ਚੁਣ-ਚੁਣ ਕੇ ਮਾਰਨ ਦੀ ਨੀਤੀ ਦੀ ਕਰੜੀ ਨਿੰਦਾ ਕੀਤੀ ਪਰ ਉਹ ਵੀ ਜਨਸੰਘ ਵਰਗੀਆਂ ਸੱਜਾਖੜੀ ਹਿੰਦੂ ਰਾਸ਼ਟਰਵਾਦੀ ਪਾਰਟੀਆਂ ਦੇ ਭੜਕ ਪੈਣ ਦੇ ਡਰੋਂ ਬਹੁਤਾ ਨਹੀਂ ਬੋਲੇ ਤੇ ਉਨ੍ਹਾਂ ਕਿਹਾ ਇਸੇ ਕਰਕੇ ਸਭ ਤੋਂ ਵੱਧ ਜ਼ੋਰ ਇਸ ਗੱਲ 'ਤੇ ਲੱਗਿਆ ਰਿਹਾ ਕਿ ਪੂਰਬੀ ਪਾਕਿਸਤਾਨ ਵਿਚ ਹੋਏ ਹਿੰਦੂਆਂ ਦੇ ਘਾਣ ਦੇ ਤੱਥ ਭਾਰਤ ਵਿਚ ਪ੍ਰਕਾਸ਼ਤ ਨਾ ਹੋਣ।



ਉਸ ਵੇਲੇ ਢਾਕਾ ਵਿਚ ਅਮਰੀਕੀ ਕੌਂਸਲ ਜਨਰਲ ਆਰਚਰ ਬਲੱਡ ਸਨ। ਕਿਤਾਬ ਮੁਤਾਬਕ ਬਲੱਡ ਨੂੰ ਵੀ ਇਸ ਕਤਲੇਆਮ ਪਿੱਛੇ ਕੋਈ ਤਰਕ ਨਜ਼ਰ ਨਹੀਂ ਆ ਰਿਹਾ ਸੀ। ਉਨ੍ਹਾਂ ਕਿਹਾ ਕਿ ਹਿੰਦੂਆਂ ਦੀ ਭਾਰਤ ਨਾਲ ਸਾਂਝ ਕਲੰਕ ਵਜੋਂ ਦੇਖੀ ਜਾ ਰਹੀ ਸੀ ਤੇ ਮੁਸਲਿਮ ਮੁਲਕ ਪੱਖੋਂ ਇਹ ਪਾਕਿਸਤਾਨ ਵਿਚ ਓਪਰੇ ਮੰਨੇ ਜਾ ਰਹੇ ਸਨ। ਇਸ ਦਮਨਕਾਰੀ ਕਾਰਵਾਈ ਦੀ ਅਗਵਾਈ ਕਰ ਰਹੇ ਲੈਫਟੀਨੈਂਟ ਜਨਰਲ ਟਿੱਕਾ ਖਾਨ ਦਾ ਮੰਨਣਾ ਸੀ ਕਿ ਪੂਰਬੀ ਪਾਕਿਸਤਾਨ ਭਾਰਤ ਦਾ ਗੁਲਾਮ ਹੋ ਸਕਦਾ ਹੈ। ਉਸ ਦਾ ਕਹਿਣਾ ਹੈ ਕਿ ਬੇਮੁਹਾਰੀ ਤੇ ਗੈਰ ਕਾਨੂੰਨੀ ਅਵਾਮੀ ਲੀਗ ਤਾਂ ਮਸਾਂ ਕੁਰਬਾਨੀਆਂ ਕਰਕੇ ਲਏ ਵੱਖਰੇ ਮੁਲਕ ਦੀ ਭਾਰੀ ਤਬਾਹੀ ਕਰ ਚੁੱਕੀ ਹੁੰਦੀ। ਸੀਨੀਅਰ ਫੌਜੀ ਅਧਿਕਾਰੀ ਸੀ.ਓਏ.ਐਸ (ਚੀਫ ਆਫ਼ ਆਰਮੀ ਸਟਾਫ) ਤੇ ਸੀ.ਜੀ.ਐਸ (ਚੀਫ ਆਫ਼ ਜਨਰਲ ਸਟਾਫ) ਤੋਂ ਮਸ਼ਕਰੀ ਨਾਲ ਪੁੱਛਿਆ ਜਾਂਦਾ ਸੀ ਕਿ ਉਨ੍ਹਾਂ ਨੇ ਕਿੰਨੇ ਹਿੰਦੂ ਮਾਰੇ। ਲੈਫਟੀਨੈਂਟ ਜਨਰਲ ਏ.ਏ.ਕੇ. ਨਿਆਜ਼ੀ ਅਕਸਰ ਇਹ ਸੁਆਲ ਅਫਸਰਾਂ ਨੂੰ ਪੁੱਛਿਆ ਕਰਦਾ ਸੀ। ਮਈ ਵਿਚ ਇਕ ਬ੍ਰਿਗੇਡੀਅਰ ਨੇ ਹਿੰਦੂਆਂ ਨੂੰ ਮਾਰਨ ਦੇ ਲਿਖਤੀ ਹੁਕਮ ਕੱਢ ਦਿੱਤੇ ਸਨ। ਉਸ ਵੇਲੇ ਢਾਕਾ ਵਿਚ ਤਾਇਨਾਤ ਅਮਰੀਕੀ ਸਫੀਰਾਂ ਨੇ ਆਪਣੇ ਵਿਦੇਸ਼ ਵਿਭਾਗ ਤੇ ਵਾਈਟ ਹਾਊਸ ਨੂੰ ਹਿੰਦੂਆਂ ਦੇ ਨਸਲੀਅਤ ਬਾਰੇ ਲਿਖਿਆ ਸੀ। ਕਿਤਾਬ ਮੁਤਾਬਕ ਗੁਪਤ ਤੌਰ 'ਤੇ ਭਾਰਤ ਸਰਕਾਰ ਹਿੰਦੂਆਂ ਦੇ ਨਸਲਘਾਤ ਤੇ ਖਦੇੜੇ ਜਾਣ ਨੂੰ ਮੰਨਦੀ ਸੀ। ਭਾਰਤ ਦੇ ਉਸ ਵੇਲੇ ਦੇ ਵਿਦੇਸ਼ ਮੰਤਰੀ ਸਵਰਨ ਸਿੰਘ ਨੇ ਲੰਡਨ ਵਿਚ ਭਾਰਤੀ ਸਫੀਰਾਂ ਦੀ ਮੀਟਿੰਗ ਵਿਚ ਇਹ ਤੱਥ ਮੰਨਿਆ ਸੀ ਤੇ ਕਿਹਾ ਸੀ ਕਿ ਇਹ ਵੇਰਵੇ ਵਿਦੇਸ਼ੀਆਂ ਨੂੰ ਦੇਣ ਵਿਚ ਉਨ੍ਹਾਂ ਨੂੰ ਕੋਈ ਝਿਜਕ ਨਹੀਂ ਹੈ।

## ਪੰਜਾਬੀ ਗਾਇਕੀ ਦੇ ਅੰਦਰ-ਬਾਹਰ



ਐਸ. ਅਸ਼ੋਕ ਭੌਰਾ

# ਧਨੀ ਰਾਮ ਤੋਂ ਅਮਰ ਚਮਕੀਲੇ ਵੱਲ ਮੁੜਦਾ ਰਾਹ

ਇਹ ਗੱਲ ਕਹਿਣ ਵਿਚ ਮੈਨੂੰ ਕੋਈ ਉਜ਼ਰ ਨਹੀਂ ਕਿ ਅਮਰ ਸਿੰਘ ਚਮਕੀਲੇ ਤੇ ਅਮਰਜੋਤ ਵਿਰੁਧ ਅਤੇ ਉਨ੍ਹਾਂ ਦੇ ਗੀਤਾਂ ਤੇ ਗਾਇਕੀ ਖਿਲਾਫ਼ ਲੋਕ ਬਿਨਾਂ ਚੋਣ ਕਮਿਸ਼ਨ ਦੇ ਹਾਲੇ ਤੀਕਰ ਵੀ ਲਗਾਤਾਰ ਵੋਟਾਂ ਪਾਈ ਜਾ ਰਹੇ ਹਨ ਜਦੋਂਕਿ ਇਹ ਹਵਾਲਾ ਦੇਣ ਵਿਚ ਕੋਈ ਅਤਿਕਥਨੀ ਨਹੀਂ ਕਿ ਐਚ.ਐਮ.ਵੀ. ਕੰਪਨੀ ਨੂੰ ਉਹਦੇ ਗੀਤਾਂ ਦੀਆਂ ਸੀ ਡੀਆਂ ਵਿਕਣ ਦੇ ਇਵਜਾਨੇ ਵਿਚ ਕਈ ਵਾਰ ਲਤਾ ਦੇ ਗੀਤਾਂ ਨਾਲੋਂ ਵੀ ਵੱਧ ਰੈਵੀਨਿਊ ਆ ਰਿਹਾ ਹੈ। ਫਿਰ ਇਹ ਤਾਂ ਕਿਹਾ ਹੀ ਜਾ ਸਕਦਾ ਹੈ ਕਿ ਇਹ ਜੋੜੀ ਹਾਲੇ ਵੀ ਵਿਕ ਰਹੀ ਹੈ ਤੇ ਉਹਨੂੰ ਸੁਣਨ ਵਾਲੇ ਸਰੋਤਿਆਂ ਦੀ ਗਿਣਤੀ ਯੁੱਗ ਬੀਤਣ ਦੇ ਬਾਵਜੂਦ ਸਭ ਤੋਂ ਵੱਧ ਹੈ।

ਛੱਬੀਵਾਂ ਵਰ੍ਹਾ ਇਨ੍ਹਾਂ ਦੇ ਕਤਲ ਨੂੰ ਲੱਗ ਗਿਆ ਹੈ, ਇਸ ਵਕਫ਼ੇ ਦੌਰਾਨ ਬੜੀਆਂ ਹਨ੍ਹੇਰੀਆਂ ਚੜ੍ਹੀਆਂ। ਪੰਜਾਬੀ ਗਾਇਕੀ ਪੂਰੀ ਦੀ ਪੂਰੀ ਇੰਟਰਨੈਟ ਦੀ ਕੁੱਛੜ ਚੜ੍ਹ ਗਈ। ਨਵੇਂ ਦੌਰ ਆਏ। ਸੰਗੀਤ ਦੀਆਂ ਕਈਆਂ ਪਰਤਾਂ ਖੁੱਲ੍ਹੀਆਂ ਪਰ ਜੇ ਹਰ ਪੰਜਾਬੀ ਹਾਲੇ ਤੀਕਰ ਚਮਕੀਲੇ ਨੂੰ ਜਾਣਦਾ ਹੈ, ਉਹਦੇ ਤੁਰ ਜਾਣ ਤੋਂ ਬਾਅਦ ਜੰਮੇ ਵੀ ਉਹਦੇ ਗੀਤ ਸੁਣ ਰਹੇ ਹਨ, ਤਾਂ ਕਿਵੇਂ ਕਹਿ ਸਕਦੇ ਹਾਂ ਕਿ ਇਹ ਜੋੜੀ ਪੰਜਾਬੀ ਗਾਇਕੀ ਦੇ ਨਕਸ਼ੇ ਤੋਂ ਮਨਫ਼ੀ ਹੋ ਗਈ ਹੈ? ਜੇ ਉਹਦੇ ਵਿਰੋਧ ਦੀਆਂ ਕਹਾਣੀਆਂ ਨੂੰ ਜ਼ਰਾ ਕੁ ਲਾਂਭੇ ਲਾ ਲਈਏ ਤਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਜੋ ਕੁਝ ਉਨ੍ਹਾਂ ਨੇ ਗਾਇਆ ਹੈ, ਉਹਨੂੰ ਹੱਥੋ-ਹੱਥੀ ਅਗਲੀਆਂ ਪੀੜ੍ਹੀਆਂ ਲਈ ਤੋਰਿਆ ਜਾ ਰਿਹਾ ਹੈ। ਜੇ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਦੀਆਂ ਨਵੀਆਂ ਨਸਲਾਂ ਮਹਿੰਗੀਆਂ ਕਾਰਾਂ ਵਿਚ ਚਮਕੀਲਾ

> ***ਚਮਕੀਲਾ ਮੇਰੇ ਯੁੱਗ ਦਾ ਗਵੱਈਆ ਹੀ ਨਹੀਂ ਸੀ, ਮੈਂ ਉਹਦੇ ਨਾਲ ਰੱਜ ਕੇ ਵਿਚਰਿਆ ਵੀ ਹਾਂ। ਉਹ ਮੇਰੇ ਨਾਲ ਰੁੱਸ-ਰੁੱਸ ਕੇ ਵੀ ਬਹਿੰਦਾ ਰਿਹਾ, ਨਾਲ ਬਾਹਾਂ ਵੀ ਪਾਉਂਦਾ ਰਿਹਾ ਤੇ ਇਹ ਵੀ ਕਹਾਂਗਾ ਕਿ ਕੰਨਾ ਦਾ ਕੱਚਾ ਤੇ ਘੱਟ ਪੜ੍ਹਿਆ-ਲਿਖਿਆ ਹੋਣ ਕਾਰਨ ਬਹੁਤੀ ਵਾਰ ਬਿਨਾਂ ਵਜ੍ਹਾ ਆਫ਼ਰਿਆ ਵੀ ਰਿਹਾ। ਅਸੀ 'ਕੱਠੇ ਖਾਂਦੇ ਵੀ ਰਹੇ, ਪੀਂਦੇ ਵੀ ਰਹੇ; ਵੱਟੇ ਵੀ ਰਹੇ, ਹੱਸਦੇ ਵੀ ਰਹੇ; ਅੱਲਗ-ਅੱਲਗ ਰਾਹ 'ਤੇ ਤੁਰਦੇ ਵੀ ਰਹੇ ਤੇ ਜਾਣ ਤੋਂ ਕੁੱਝ ਘੰਟੇ ਪਹਿਲਾਂ ਦੋਵੇ ਜਣੇ ਗਲੇ ਵੀ ਲੱਗੇ।***

ਤੇ ਅਮਰਜੋਤ ਵਜਾ ਰਹੇ ਹਨ, ਜੇ ਹਲ ਵਾਹੁੰਦੇ ਗੱਭਰੂ ਟਰੈਕਟਰਾਂ 'ਤੇ ਉਨ੍ਹਾਂ ਦੇ ਗੀਤ ਸੁਣ ਰਹੇ ਹਨ, ਤਾਂ ਗੱਲ ਆਮ ਕਿਵੇਂ ਰਹਿ ਸਕਦੀ ਹੈ? ਇਹ ਤਾਂ ਮੈਨੂੰ ਪਤਾ ਨਹੀਂ ਕਿ ਉਨ੍ਹਾਂ ਨੂੰ ਗੋਲੀਆਂ ਨਾਲ ਛਲਣੀ ਕਰਨ ਵਾਲੇ ਕੀ ਖੱਟਣ ਦਾ ਦਾਅਵਾ ਕਰਦੇ ਹਨ ਪਰ ਇਹ ਜ਼ਰੂਰ ਸੋਚਦੇ ਹੋਣਗੇ ਕਿ ਬੰਦੂਕਾਂ ਤੇ ਅਸਾਲਟਾਂ ਦੇ ਨਸ਼ੇ ਵਿਚ ਗ਼ਰੀਬ-ਮਾਰ ਨਹੀਂ ਕਰਨੀ ਚਾਹੀਦੀ ਸੀ। ਨਿਹੱਥੇ ਲੋਕਾਂ ਉਤੇ ਸੂਰਮਿਆਂ ਦੇ ਵਾਰ ਕਤਈ ਸਲਾਹੇ ਨਹੀਂ ਜਾ ਸਕਦੇ।

ਇਸ ਜੋੜੀ ਦੀ ਲੰਬੀ ਪਾਰੀ ਦੀ ਵਿਥਿਆ ਮੈਂ ਇਸ ਕਰ ਕੇ ਸੁਣਵਾਂਗਾ ਕਿ ਚਮਕੀਲਾ ਮੇਰੇ ਯੁੱਗ ਦਾ ਗਵੱਈਆ ਹੀ ਨਹੀਂ ਸੀ, ਮੈਂ ਉਹਦੇ ਨਾਲ ਰੱਜ ਕੇ ਵਿਚਰਿਆ ਵੀ ਹਾਂ। ਉਹ ਮੇਰੇ ਨਾਲ ਰੁੱਸ-ਰੁੱਸ ਕੇ ਵੀ ਬਹਿੰਦਾ ਰਿਹਾ, ਨਾਲ ਬਾਹਾਂ ਵੀ ਪਾਉਂਦਾ ਰਿਹਾ ਤੇ ਇਹ ਵੀ ਕਹਾਂਗਾ ਕਿ ਕੰਨਾ ਦਾ ਕੱਚਾ ਤੇ ਘੱਟ ਪੜ੍ਹਿਆ-ਲਿਖਿਆ ਹੋਣ ਕਾਰਨ ਬਹੁਤੀ ਵਾਰ ਬਿਨਾਂ ਵਜ੍ਹਾ ਆਫ਼ਰਿਆ ਵੀ ਰਿਹਾ। ਅਸੀ 'ਕੱਠੇ ਖਾਂਦੇ ਵੀ ਰਹੇ, ਪੀਂਦੇ ਵੀ ਰਹੇ; ਵੱਟੇ ਵੀ ਰਹੇ, ਹੱਸਦੇ ਵੀ ਰਹੇ; ਅੱਲਗ-ਅੱਲਗ ਰਾਹ 'ਤੇ ਤੁਰਦੇ ਵੀ ਰਹੇ ਤੇ ਜਾਣ ਤੋਂ ਕੁੱਝ ਘੰਟੇ ਪਹਿਲਾਂ ਦੋਵੇ ਜਣੇ ਗਲੇ ਵੀ ਲੱਗੇ। ਧਾਹੀਂ ਵੀ ਰੋਏ। ਜਿਸ ਭਾਣੇ ਤੋਂ ਡਰ ਕੇ ਖ਼ਰਬੂਜੇ ਤੋਂ ਕਰੇਲਾ ਬਣੇ, ਉਹੀ ਭਾਣਾ ਆਖਿਰ ਵਰਤ ਹੀ ਗਿਆ।


ਚਮਕੀਲੇ ਦੀ ਗੱਲ ਅੱਗੇ ਤੋਰਨ ਤੋਂ ਪਹਿਲਾਂ ਮੈਂ ਤਿੰਨ ਗੱਲਾਂ ਸਪਸ਼ਟ ਕਰ ਦੇਣੀਆਂ ਚਾਹੁੰਦਾ ਹਾਂ। ਪਹਿਲੀ ਇਹ ਕਿ ਇਸ ਜੋੜੀ ਦੀਆਂ ਬਾਤਾਂ ਪਾ ਕੇ ਦੋ-ਅਰਥੀ ਗੀਤਾਂ ਨੂੰ ਉਤਸ਼ਾਹਿਤ ਕਰਨਾ ਮੇਰਾ ਹਰਗਿਜ਼ ਮਕਸਦ ਨਹੀਂ। ਮੈਂ ਹਮੇਸ਼ਾ ਇਖਲਾਕ ਭਰਪੂਰ ਸਾਹਿਤ ਸਿਰਜਣਾ ਦਾ ਹਾਮੀ ਰਿਹਾ ਹਾਂ। ਦੂਜੀ ਗੱਲ ਕਿ ਜਿਵੇਂ ਸਮੁੰਦਰ ਦੇ ਕਿਨਾਰੇ 'ਤੇ ਰੋਜ਼ਾਨਾ ਸੈਰ ਕਰਨ ਵਾਲੇ ਕਿਆਫ਼ੇ ਲਗਾਉਂਦੇ ਰਹਿੰਦੇ ਨੇ; ਇਕ ਕਹੇਗਾ ਕਿ ਵੀਹ-ਪੱਚੀ ਫੁੱਟ ਡੂੰਘਾਂ ਹੋਊ। ਦੂਜਾ ਆਖੇਗਾ ਕਿ ਨਹੀਂ ਯਾਰ, ਸੌ ਤੋਂ ਉਪਰ ਹੀ ਹੋਊ। ਤੇ ਕਿਆਫ਼ੇ ਦਾ ਅੰਦਾਜ਼ਾ ਲਾਉਣ ਵਾਲੇ ਆਖ਼ਦੇ ਨੇ ਕਿ ਇਸ ਜੋੜੀ ਨੂੰ ਗਾਇਕਾਂ ਨੇ ਮਰਵਾਇਆ। ਜਿਹੜੇ ਗਾਇਕ ਉਹਨੇ ਇਕ ਤਰ੍ਹਾਂ ਨਾਲ ਵਿਹਲੇ ਕਰ ਦਿਤੇ ਸਨ, ਉਹ ਚੈਨ ਕਿੱਥੇ ਲੈਂਦੇ ਸਨ ਪਰ ਸੱਚ ਇਹ ਹੈ ਕਿ ਚਮਕੀਲਾ ਕਿਸੇ ਗਾਇਕ ਨੇ ਨਹੀਂ ਸਗੋਂ ਹਾਲਾਤ ਨੇ ਅਤੇ ਪੰਜਾਬ 'ਚ ਚੜ੍ਹੇ ਬੇਕਸੂਰ ਕਤਲਾਂ ਦੇ ਤੂਫ਼ਾਨ ਨੇ ਆਪਣੀ ਲਪੇਟ ਵਿਚ ਲਿਆ। ਤੀਜੀ ਤੇ ਆਖ਼ਰੀ ਗੱਲ ਇਹ ਹੈ ਕਿ ਮੇਰੇ ਵਾਂਗ ਜਿਨ੍ਹਾਂ ਨੇ ਚਮਕੀਲਾ, ਅਮਰਜੋਤ, ਗੁਰਦੇਵ ਦੇਬੂ ਤੇ ਹਰਜੀਤ ਗਿੱਲ ਦੀਆਂ ਲਾਸ਼ਾਂ ਗੋਲੀਆਂ ਨਾਲ ਇੰਨੀ ਬੁਰੀ ਤਰ੍ਹਾਂ ਵਿੰਨ੍ਹੀਆਂ ਹੋਈਆਂ ਸਨ ਕਿ ਇੰਨੇ ਸੁਰਾਖ ਸ਼ਾਇਦ ਛਾਣਨੀ ਵਿਚ ਵੀ ਨਾ ਹੋਣ! ਪਤਾ ਨਹੀਂ 'ਜੀ ਜੀ, ਬਾਈ ਜੀ ਬਾਈ ਜੀ!' ਕਰਨ ਵਾਲੇ ਇਸ ਗਾਇਕ ਨੂੰ ਇੰਨੀ ਬੁਰੀ ਤਰ੍ਹਾਂ ਸਜ਼ਾ ਕਿਉਂ ਦਿਤੀ ਗਈ? ਹਾਲਾਕਿ 'ਝੰਡਾ ਜੱਟ ਨੇ ਗਿਆਰਾਂ ਵਜੇ ਗੱਡ'ਤਾ ਆਪਣੀ ਕਬੀਦਾਰੀ ਦਾ' ਵਰਗੇ ਗੀਤ ਉਸ ਤੋਂ ਪਹਿਲਾਂ ਆ ਚੁੱਕੇ ਸਨ ਤੇ ਹੁਣ ਵੀ ਕਈ ਤੂਫ਼ਾਨਾਂ ਨੇ ਜਿਹੜਾ ਤੂਫ਼ਾਨ ਲਿਆਂਦਾ ਪਿਆ ਹੈ, ਉਹ ਕਿਸੇ ਤੋਂ ਗੁੱਝਾ ਨਹੀਂ।

ਲੁਧਿਆਣੇ ਜ਼ਿਲ੍ਹੇ ਦੀ ਸੱਜੀ ਵੱਖੀ ਵਿਚ ਪੈਂਦੇ ਪਿੰਡ ਦੁੱਗਰੀ ਵਿਚ ਪਿਤਾ ਹਰੀ ਸਿੰਘ ਦੇ ਘਰ ਜਨਮੇ ਚਮਕੀਲੇ ਨੇ ਅਤਿ ਦੀ ਗ਼ਰੀਬੀ ਵਾਲੇ ਮਾਹੌਲ ਵਿਚ ਜਨਮ ਲਿਆ। ਘਰਦਿਆਂ ਨੇ ਨਾਂ ਤਾਂ ਉਹਦਾ ਧਨੀ ਰਾਮ ਸ਼ਾਇਦ ਇਸੇ ਕਰ ਕੇ ਰੱਖਿਆ ਹੋਵੇਗਾ ਕਿ ਚੁਫ਼ੇਰਿਉਂ ਖੁੱਲ੍ਹੇ ਘਰ ਦੇ ਆਂਗਣ ਵਿਚ ਧਨ ਆ ਹੀ ਜਾਵੇ ਪਰ ਉਹ ਇਸ ਨਾਂ ਨਾਲ ਘਰ ਨੂੰ ਗ਼ਰੀਬੀ ਹੀ ਢੋਂਦਾ ਰਿਹਾ। ਕੰਮ ਚਾਹੇ ਉਹਨੇ ਭਰਤ ਨਗਰ ਵਿਚ ਪੱਗਾਂ ਦੀ ਰੰਗਾਈ ਦਾ ਕੀਤਾ ਹੋਵੇ, ਤੇ ਜਾਂ ਫਿਰ ਲੁਧਿਆਣੇ ਜ਼ਿਲ੍ਹੇ ਦੇ ਪੇਂਡੂ ਖੇਤਰਾਂ ਦੇ ਅਨਪੜ੍ਹ ਮੁੰਡਿਆਂ ਵਾਲਾ ਫ਼ਲੈਟ ਦਾ; ਜਾਣੀ ਉਨ ਮਿਲਾਂ ਵਿਚ ਸਵੈਟਰ ਬੁਣਨ ਦਾ। ਬਿਨਾਂ ਚੇਨ-ਕਵਰ ਵਾਲੇ ਸਾਈਕਲ ਉਤੇ ਚੜ੍ਹੇ ਸੱਤ ਪੜ੍ਹੇ ਧਨੀ ਰਾਮ ਨੂੰ ਦੇਖ ਕੇ ਉਦੋਂ ਕਿਸੇ ਨੂੰ ਸੁਪਨਾ ਵੀ ਨਹੀਂ ਆਉਂਦਾ ਹੋਣਾ ਕਿ ਕਿਸੇ ਵੇਲੇ ਇਹ ਅਮਰ ਸਿੰਘ ਚਮਕੀਲਾ ਬਣੇਗਾ ਅਤੇ ਦਿਹਾੜੀ ਵਿਚ ਤਿੰਨ-ਤਿੰਨ ਅਖਾੜੇ ਲਾਵੇਗਾ; ਕਿ ਲੋਕ ਉਹਨੂੰ ਵਿਹਲੀਆਂ ਤਰੀਕਾਂ ਪੁੱਛ ਕੇ ਵਿਆਹ ਰੱਖਣਗੇ ਤੇ ਆਖ਼ਰ ਉਹ ਗੋਲੀਆਂ ਦੀ ਵਾਛੜ ਦਾ ਸ਼ਿਕਾਰ ਹੋ ਜਾਵੇਗਾ।

ਦਿਨ ਫਿਰਦਿਆਂ ਨੂੰ ਵਕਤ ਨਾ ਲੱਗਾ ਤੇ ਉਹਦਾ ਪਿਉ ਜਿਹੜਾ ਸੱਜੇ ਹੱਥ ਦੀ ਚੀਚੀ ਵਾਲੇ ਵੇਲ੍ਹ ਵਿਚ ਬੀੜੀ ਫਸਾ ਕੇ ਪੀਂਦਾ ਸੀ, ਉਹਨੇ ਜ਼ਿੰਦਗੀ ਦਾ ਇਕ ਦਹਾਕਾ ਠਾਠ ਨਾਲ ਗੁਜ਼ਾਰਿਆ। ਇਕ ਵਕਤ ਪੰਜਾਬੀ ਗਾਇਕੀ ਵਿਚ ਅਜਿਹਾ ਆਇਆ ਸੀ, ਜਦੋਂ ਗਾਉਣ ਵਾਲਿਆਂ ਦਾ ਅਰਥ ਹੀ ਚਮਕੀਲਾ ਬਣ ਗਿਆ ਸੀ।

ਪੰਜਾਬੀ ਗਾਇਕੀ ਵਿਚ ਪ੍ਰਵੇਸ਼ ਦੌਰਾਨ ਮੇਰੇ ਕੋਲ ਉਹਦਾ ਪਹਿਲਾ ਜ਼ਿਕਰ ਉਦੋਂ ਆਇਆ ਜਦੋਂ ਸੁਰਿੰਦਰ ਸ਼ਿੰਦਾ ਤੇ ਸੋਨੀਆ ਦੇ ਦੋ-ਗਾਣਿਆਂ ਵਿਚ ਚਮਕੀਲੇ ਦਾ ਜ਼ਿਕਰ ਆਇਆ। 'ਮੈਂ ਡਿਗੀ ਤਿਲਕ ਕੇ ਛੜੇ ਜੇਠ ਨੇ ਚੱਕੀ', 'ਰਾਹ ਵਿਚ ਠੇਕਾ ਦੇਖ ਕੇ ਬਾਹਰੋਂ ਲੰਘ ਨਾ ਹੋਵੇ' ਆਦਿ ਗੀਤਾਂ ਦੀ ਚਰਚਾ ਨਾਲ ਸ਼ਿੰਦਾ ਚਰਚਿਤ ਹੋ ਗਿਆ। ਉਨ੍ਹਾਂ ਦਿਨਾਂ ਵਿਚ ਇਹ ਨਹੀਂ ਲਗਦਾ ਸੀ ਕਿ ਬਾਅਦ ਵਿਚ ਸ਼ਿੰਦੇ ਦੀ ਪਛਾਣ ਲੋਕ ਗਾਥਾਵਾਂ ਜਾਂ ਕਲੀਆਂ ਗਾਉਣ ਕਰ ਕੇ ਵੱਧ ਬਣੇਗੀ। ਦੀਦਾਰ ਸੰਧੂ ਤੇ ਕਰਨੈਲ ਸਿੰਘ ਗਿੱਲ ਮੇਰੇ ਨਾਲ ਸਨ। ਹੁਣ ਦੋਵੇਂ ਇਸ ਜੱਗ ਵਿਚ ਨਹੀਂ। ਕਿਸੇ ਵੇਲੇ ਦੋਹਾਂ ਦੀ ਦੋਸਤੀ ਜੱਗ-ਜ਼ਾਹਿਰ ਸੀ। ਅਸੀਂ ਦੀਦਾਰ ਦੇ ਵੈਦ ਕਰਤਾਰ ਸਿੰਘ ਵਾਲੀ ਬਿਲਡਿੰਗ ਵਾਲੇ ਦਫ਼ਤਰ ਵਿਚੋਂ ਨਿਕਲੇ ਤਾਂ ਕਰਨੈਲ ਨੇ ਹੇਠੋਂ ਬੈਗਪਾਈਪਰ ਦੀ ਬੋਤਲ ਲੈ ਲਈ। ਉਦੋਂ ਇਹ ਦਾਰੂ ਨਵੀਂ-ਨਵੀਂ ਆਈ ਸੀ। ਨਿਆਣਾ ਜਿਹਾ ਹੋਣ ਕਰ ਕੇ ਮੈਂ ਪੀਂਦਾ ਵੀ ਨਹੀਂ ਸੀ ਤੇ ਮੇਰੇ ਨਾਲ ਸੁਲ੍ਹਾ ਵੀ ਕੋਈ ਨਹੀਂ ਮਾਰਦਾ ਸੀ। ਉਹਦੇ ਨਾਲ ਢਾਬੇ 'ਤੇ ਪੀਣ ਬੈਠ ਗਏ।

ਲੋਕ ਸੁਰਾਂ ਵਿਚ ਸ਼ਮਸ਼ੇਰ ਸੰਧੂ ਵਲੋਂ ਕਰਨੈਲ ਗਿੱਲ ਬਾਰੇ ਇਹ ਸਤਰਾਂ ਲਿਖੀਆਂ ਗਈਆਂ ਸਨ ਕਿ ਕਰਨੈਲ ਦੇ ਗੀਤ ਤਾਂ ਬਹੁਤ ਚੱਲੇ ਪਰ ਆਪ ਨਹੀਂ ਚਲ ਸਕਿਆ, ਇਸੇ ਲਈ ਜੋਤਸ਼ੀਆਂ ਅੱਗੇ ਹੱਥ ਕੱਢ ਕੇ ਬੈਠਾ ਰਹਿੰਦੈ। ਗਿੱਲ ਇਸ ਵਿਚਾਰ ਤੋਂ ਸ਼ਮਸ਼ੇਰ ਨਾਲ ਵਾਹਵਾ ਔਖਾ ਸੀ ਤੇ ਉਹ ਤੇ ਦੀਦਾਰ ਮੈਨੂੰ ਸਿਆਣਾ ਚਿੰਤਕ ਜਿਹਾ ਸਮਝਦੇ ਸਨ। ਕਰਨੈਲ ਦੀਦਾਰ ਨੂੰ ਕਹਿਣ ਲੱਗਾ, 'ਬਾਈ, ਤੇਰੇ ਗੀਤਾਂ ਵਰਗੇ ਦੋ ਗੀਤ ਸ਼ਿੰਦੇ ਨੇ ਗਾਏ ਨੇ। ਅਮਰ ਸਿੰਘ ਚਮਕੀਲੇ ਨੇ ਲਿਖੇ ਨੇ।' ਦੀਦਾਰ ਅੱਗਿਉਂ ਬੋਲਿਆ, 'ਗੀਤਾਂ ਨੂੰ ਤਾਂ ਛੱਡ, ਪਤੰਦਰ ਗਾਉਂਦਾ ਵੀ ਬਹੁਤ ਵਧੀਆ ਐ। ਦੋ ਕੁ ਵਾਰ ਮੈਂ ਸ਼ਿੰਦੇ ਦੀਆਂ ਸਟੇਜਾਂ 'ਤੇ ਸੁਣਿਐ। ਪੇਟੀ (ਹਾਰਮੋਨੀਅਮ) ਵਜਾਉਣ ਜਾਂਦੈ। ਸ਼ੁਰੂਆਤ ਵਿਚ ਦੋ ਕੁ ਗੀਤ ਪੇਸ਼ ਕਰ ਕੇ ਲੋਕ ਆਪਣੇ ਵੱਲ ਖਿੱਚ ਲੈਂਦੈ।' ਇਨ੍ਹਾਂ ਗੱਲਾਂ ਵਿਚ ਦੋਹਾਂ ਨੇ ਨਾਲ ਦੇ ਢਾਬੇ



*ਇਨ੍ਹਾਂ ਤਿੰਨਾਂ ਨਾਲ ਹੁਣ ਮਰਹੂਮ ਸ਼ਬਦ ਹੀ ਵਰਤਿਆ ਜਾ ਸਕਦਾ ਹੈ। ਮੇਰੇ ਘਰ ਅਮਰ ਸਿੰਘ ਚਮਕੀਲਾ, ਮੇਰੀ ਮਾਤਾ ਪ੍ਰਕਾਸ਼ ਕੌਰ ਤੇ ਅਮਰਜੋਤ।*

'ਤੇ ਬੋਤਲ ਥੱਲੇ ਲਾ ਦਿੱਤੀ।

ਮੇਰੀਆਂ ਨਜ਼ਰਾਂ ਵਿਚ ਚਮਕੀਲਾ ਉਦਣ ਪਹਿਲੀ ਵਾਰ ਸੂਰਮਾ ਬਣਿਆ ਸੀ। ਰਾਤ ਮੈਂ ਉਸ ਦਿਨ ਗਿੱਲ ਨਾਲ ਜਮਾਲਪੁਰ ਹੀ ਚਲੇ ਗਿਆ ਪਰ ਚਮਕੀਲੇ ਬਾਰੇ ਫਿਰ ਕੋਈ ਗੱਲ ਸਾਰੀ ਰਾਤ ਇਸ ਕਰ ਕੇ ਨਾ ਹੋਈ ਕਿ ਅੱਧੀ ਰਾਤ ਤਕ ਦੋਵੇਂ ਮੀਆਂ-ਬੀਵੀ ਝਗੜਦੇ ਰਹੇ। ਹਰਚਰਨ ਪੁਰੇਵਾਲ ਦਾ ਪਿੰਡ ਵੀ ਜਮਾਲਪੁਰ ਹੀ ਸੀ ਤੇ ਮਰਨ ਵਾਲੇ ਦਿਨਾਂ 'ਚ ਚਮਕੀਲਾ ਤੇ ਅਮਰਜੋਤ ਵੀ ਜਮਾਲਪੁਰ ਕਾਲੋਨੀ ਵਿਚ ਰਹਿਣ ਲੱਗ ਪਏ ਸਨ।

ਉਸ ਤੋਂ ਬਾਅਦ ਗੱਲ ਆਈ-ਗਈ ਹੋ ਗਈ। ਇਹ ਤਾਂ ਚਿਤ-ਚੇਤਾ ਵੀ ਨਹੀਂ ਸੀ ਕਿ ਚਮਕੀਲੇ ਦੀ ਇੰਨੀ ਚੜ੍ਹਾਈ ਹੋ ਜਾਵੇਗੀ। 1981-82 ਵਿਚ ਜਦੋਂ ਉਹਦਾ ਈ.ਪੀ. ਰਿਕਾਰਡ 'ਟਕੂਏ ਤੇ ਟਕੂਆ' ਸੁਰਿੰਦਰ ਸੋਨੀਆ ਨਾਲ ਐਚ.ਐਮ.ਵੀ. ਨੇ ਰਿਲੀਜ਼ ਕੀਤਾ ਤਾਂ ਹਾਲਾਤ ਇਹ ਬਣੇ ਜਿਵੇਂ ਕੋਈ ਦੇਖਦਿਆਂ-ਦੇਖਦਿਆਂ ਐਵਰੈਸਟ 'ਤੇ ਚੜ੍ਹ ਕੇ ਜੈਕਾਰੇ ਬੁਲਾਉਣ ਲੱਗ ਪਵੇ। 'ਬਾਪੂ ਸਾਡਾ ਗੁੰਮ ਹੋ ਗਿਆ', 'ਠੇਕੇ ਤੇ ਬੈਠਾ ਰਹਿੰਦਾ ਖੋਲ੍ਹ ਕੇ ਬੋਤਲ ਮੂਹਰੇ' ਦੋ-ਗਾਣਿਆਂ ਨੇ ਪੰਜਾਬੀ ਗਾਇਕੀ ਵਿਚ ਇੰਨੀ ਹਲਚਲ ਮਚਾ ਦਿਤੀ ਜਿਵੇਂ ਬੱਦਲ ਗਰਜਣ ਤੋਂ ਬਿਨਾਂ ਹੀ ਜਲ-ਥਲ ਹੋ ਗਿਆ ਹੋਵੇ।

ਦੂਜੇ ਪਾਸੇ ਅਮਰਜੋਤ, ਕੁਲਦੀਪ ਮਾਣਕ ਨਾਲ ਅਖਾੜਿਆਂ 'ਤੇ ਜਾਂਦੀ ਸੀ ਤੇ ਦੋ-ਗਾਣੇ 'ਇਕ ਤੂੰ ਹੋਵੇਂ ਇਕ ਮੈਂ ਹੋਵਾਂ', 'ਹੋਵੇ ਪਿੰਡੋਂ ਬਾਹਰ ਚੁਬਾਰਾ' ਉਦੋਂ ਮਾਣਕ ਨਾਲ ਚਰਚਿਤ ਹੋ ਗਏ ਸਨ ਪਰ ਇਸ ਤੋਂ ਵੀ ਵੱਡੀ ਗੱਲ ਜਿਹੜੀ ਹਰ ਗਾਇਕ ਦੇ ਦਫ਼ਤਰ ਵਿਚ ਚਲਦੀ, ਉਹ ਇਹ ਸੀ ਕਿ 'ਬਾਈ ਰਣਜੀਤ ਕੌਰ ਨਾਲੋਂ ਵੀ ਕਿਤੇ ਸੁਨੱਖੀ ਐ ਅਮਰਜੋਤ।' ਉਧਰ ਕਾਰਗਿਲ ਵਾਂਗ ਅਸਲਾ ਅੰਦਰੋ-ਅੰਦਰ ਠਿਕਾਣਿਆਂ 'ਤੇ ਪਹੁੰਚਣ ਲੱਗ ਪਿਆ ਸੀ। ਅਮਰਜੋਤ ਦਾ ਚਮਕੀਲੇ ਨਾਲ ਸੈਟ ਬਣਿਆ ਤਾਂ ਮਾਣਕ ਨੇ ਪ੍ਰਤੀਕਰਮ ਸੁਭਾਅ ਮੁਜਬ ਅਗਨ-ਬਾਣ ਵਾਂਗ ਛੱਡਿਆ, 'ਭੁੱਖੀ ਮਰੂ...ਆ ਜੂ ਫੇਰ ਸਾਡੇ ਨਾਲ।' ਹੋਇਆ ਇਹ ਕਿ ਸੇਤੀ ਸਰੋਂ ਛੇਤੀ ਜੰਮ ਪਈ। ਦੋਹਾਂ ਨੇ 'ਕਸਮਾਂ-ਵਾਅਦੇ' ਪੂਰੇ ਕਰ ਲਏ। ਫਗਵਾੜੇ ਚਮਕੀਲੇ ਨਾਲ ਢੋਲਕੀ ਵਜਾਉਣ ਵਾਲੇ ਵਿੱਕੀ ਦੇ ਘਰ ਚਮਕੀਲੇ ਨੇ ਅਮਰਜੋਤ ਦੀ ਮਾਂਗ ਵਿਚ ਸੰਧੂਰ ਭਰ ਦਿੱਤਾ; ਹਾਲਾਂਕਿ ਉਹ ਪਹਿਲਾਂ ਗੁਰਮੇਲ ਕੌਰ ਨਾਲ ਵਿਆਹਿਆ ਹੋਇਆ ਸੀ ਤੇ ਬੇਟੀਆਂ ਵੀ ਸਨ ਪਰ ਗ਼ਰੀਬੀ ਦੀ ਚਾਦਰ ਧੋਣ ਦੀ ਸੋਚ ਨਾਲ ਗੁਰਮੇਲੋ ਨੇ ਸੀ ਨਾ ਕੀਤੀ ਤੇ ਅਮਰਜੋਤ ਚਮਕੀਲੇ ਦੀ ਦੂਜੀ ਪਤਨੀ ਬਣ ਗਈ। ਸੋਨੇ ਦੀ ਲੰਕਾ ਦਾ ਮੂੰਹ, ਕਮਾਈ ਪੱਖੋਂ ਦੁੱਗਰੀ ਵੱਲ ਘੁੰਮ ਗਿਆ।

ਚਮਕੀਲੇ ਤੇ ਅਮਰਜੋਤ ਦੀ ਗਾਇਕੀ ਵਿਚ ਵਿਆਹ ਤੋਂ ਵੀ ਵੱਡੀ ਖਾਸ ਗੱਲ ਇਹ ਸੀ ਕਿ ਦੋਵੇਂ ਗੀਤਾਂ ਵਿਚਲੇ ਸ਼ਬਦ ਤੋਤੇ ਵਾਂਗ ਟੁੱਕ-ਟੁੱਕ ਕੇ ਸੁੱਟਦੇ ਸਨ। ਊਂ ਵੀ ਜਲੇਬੀ ਸਿੱਧੀ ਦੁੱਧ ਵਿਚ ਡਿੱਗ ਪਈ ਸੀ। ਫਿਰ ਜਦੋਂ ਐਚ.ਐਮ.ਵੀ. ਕੰਪਨੀ ਦਾ ਵਪਾਰਕ ਗ੍ਰਾਫ਼ ਵਾਹੋ-ਦਾਹੀ ਉਪਰ ਚੜ੍ਹਿਆ ਤਾਂ ਮੈਨੇਜਰ ਜ਼ਹੀਰ ਅਹਿਮਦ ਹਰ ਨਵੀਂ ਜੋੜੀ ਨੂੰ ਕਿਹਾ ਕਰੇ, 'ਅਰੇ ਕਿਆ ਗਾਤੇ ਹੋ, ਚਮਕੀਲਾ ਸਟਾਇਲ ਕਰੋ ਨਾ ਕੁੱਛ।'

ਸੰਨ 87 ਵਿਚ ਚਮਕੀਲਾ ਮੈਨੂੰ ਪਹਿਲੀ ਵਾਰ ਜਸਵੰਤ ਸੰਦੀਲੇ ਦੇ ਦਫ਼ਤਰ ਮਿਲਿਆ। ਉਹ ਮੈਨੂੰ ਨਾਂ ਤੋਂ ਜਾਣਦਾ ਸੀ ਪਰ ਸੰਦੀਲੇ ਨੇ ਫਿਰ ਤੁਆਰਫ਼ ਦਾ ਇੰਤਕਾਲ ਪੂਰੇ ਦਾ ਪੂਰਾ ਚੜ੍ਹਾ ਦਿੱਤਾ। ਉਸ ਦਿਨ ਉਹਨੇ ਦਾਰੂ ਪੀਣ ਦੀ ਗੱਲ ਆਖੀ ਪਰ ਅਸੀਂ ਸਾਰ ਚਾਹ ਦੇ ਕੱਪ ਨਾਲ ਹੀ ਲਿਆ। ਉਹਨੇ ਮੈਨੂੰ ਘਰੇ ਨਾਲ ਜਾਣ ਅਤੇ ਰਾਤ ਆਪਣੇ ਕੋਲ ਰਹਿਣ ਦੀ ਪੇਸ਼ਕਸ਼ ਕੀਤੀ ਪਰ 'ਕਦੇ ਫਿਰ ਸਹੀ' ਨਾਲ ਅਸੀ ਵਿਛੜਨ ਲੱਗੇ ਤਾਂ ਖਿੱਚ ਕੇ ਮੈਨੂੰ ਪਰਾਂ ਨੂੰ ਲਿਜਾ ਕੇ ਕਹਿਣ ਲੱਗਾ, 'ਚਾਰ ਅੱਖਰ ਸਾਡੇ ਬਾਰੇ ਵੀ ਲਿਖ ਦਿਉ। ਸਾਰੇ ਗਾਉਣ ਵਾਲੇ ਕਹਿੰਦੇ ਨੇ, ਪਈ ਜੇ ਅਸ਼ੋਕ ਇਕ ਲਾਈਨ ਵੀ ਖਿਚ ਦੇਵੇ ਤਾਂ ਸਿਰੇ ਜਾ ਲਗਦੀ ਐ।' ਚਾਹੇ ਗਾਲ੍ਹੜ ਪਟਵਾਰੀ ਕਹਿ ਲਵੋ ਪਰ ਹੋਰ ਕੋਈ ਵੀ ਗਾਇਕਾਂ ਬਾਰੇ ਲਿਖਣ ਵਾਲਾ ਨਾ ਹੋਣ ਕਾਰਨ ਮੇਰੀ ਪੁਛਗਿੱਛ ਤੇ ਆਉ-ਭਗਤ ਵਾਕਿਆ ਹੀ ਖ਼ੂਬ ਬਣ ਗਈ ਸੀ।

ਉਸ ਤੋਂ ਬਾਅਦ ਮੈਂ ਕਿੰਨਾ ਚਿਰ ਕੁਝ ਨਾ ਲਿਖ ਸਕਿਆ। ਸਥਿਤੀ ਇਹ ਸੀ ਕਿ ਗਾਇਕਾਂ ਦੀ ਦੂਰਦਰਸ਼ਨ 'ਤੇ ਬਹੁਤੀ ਟੇਕ ਨਹੀਂ ਸੀ। ਚੁਰਾਸੀ-ਪਚਾਸੀ ਤਕ ਤਾਂ ਦੂਰਦਰਸ਼ਨ ਜਲੰਧਰ ਨੇ ਮਾਣਕ ਨੂੰ ਗਾਉਣ ਦਾ ਮੌਕਾ ਨਾ ਦਿੱਤਾ, ਫਿਰ ਚਮਕੀਲੇ ਦੀ ਵਾਰੀ ਕਿਥੇ ਆਉਣੀ ਸੀ। ਦੂਜੇ ਪਾਸੇ ਅਖ਼ਬਾਰਾਂ ਵਿਚੋਂ ਨਾ 'ਅਜੀਤ' ਤੇ ਨਾ ਹੀ 'ਜਗਬਾਣੀ' ਉਹਦੇ ਬਾਰੇ ਦੋ ਅੱਖਰ ਵੀ ਲਿਖ ਕੇ ਰਾਜ਼ੀ ਸਨ। ਉਧਰ ਚਮਕੀਲਾ ਮੇਰੇ ਨਾਲ ਨਾਰਾਜ਼ ਇਸ ਕਰ ਕੇ ਰਹਿਣ ਲੱਗ ਪਿਆ ਕਿ ਤਰਲੇ ਕਰਨ ਦੇ ਬਾਵਜੂਦ ਮੈਂ ਉਹਦੇ ਬਾਰੇ ਲਿਖ ਨਹੀਂ ਰਿਹਾ। ਸ਼ਰੀਕੇ ਵਾਲਿਆਂ ਦੀ ਚੱਕ ਵਿਚ ਆ ਕੇ ਛੇ ਕੁ ਮਹੀਨੇ ਉਹ ਮੇਰੇ ਨਾਲ ਹੱਥ ਮਿਲਾਉਣੋਂ ਵੀ ਹਟਿਆ ਰਿਹਾ। ਖ਼ੈਰ! ਇਹ ਵੱਟ-ਵਟਾ ਹਟਾਉਣ ਦੀ ਨਜ਼ਰ ਨਾਲ ਮੈਂ ਲੰਬਾ ਲੇਖ ਉਹਦੇ ਬਾਰੇ 'ਪੰਜਾਬੀ ਟ੍ਰਿਬਿਊਨ' ਨੂੰ ਭੇਜ ਦਿੱਤਾ। ਗੁਲਜ਼ਾਰ ਸਿੰਘ ਸੰਧੂ ਉਦੋਂ ਸੰਪਾਦਕ ਸੀ। ਇਹ ਲੇਖ ਰੰਗ ਮੰਚ ਵਾਲੇ ਪੰਨੇ ਦੀ ਥਾਂ ਪਤਾ ਨਹੀਂ ਕਿਉਂ, ਪਿੰਡ ਖੇਤ ਅੰਕ ਵਿਚ ਨਿੱਕੀ-ਮੋਟੀ ਕਾਂਟ-ਛਾਂਟ ਕਰ ਕੇ ਪਹਿਲੇ ਦੋ ਕਲਮਾਂ ਵਿਚ ਪੂਰੇ ਦਾ ਪੂਰਾ ਛਾਪ ਦਿਤਾ ਗਿਆ। ਚਮਕੀਲੇ ਦੇ ਚਾਵਾਂ ਨੂੰ ਅੰਗੂਰਾਂ ਦਾ ਇਕ ਤਰ੍ਹਾਂ ਨਾਲ ਬੂਰ ਪੈ ਗਿਆ। ਉਸ ਤੋਂ ਚਾਅ ਨਾ ਸਾਂਭਿਆ ਜਾਵੇ ਤੇ ਅਗਲੇ ਹੀ ਦਿਨ ਉਹ ਅਹਿਮਦਗੜ੍ਹ ਤੋਂ ਪ੍ਰੋਗਰਾਮ ਕਰ ਕੇ ਸਿੱਧਾ ਮੇਰੇ ਪਿੰਡ ਆ ਪਹੁੰਚਿਆ। ਉਦੋਂ ਅਮਰਜੋਤ ਨਾਲ ਨਹੀਂ ਆਈ ਸੀ। ਇਕ ਹੱਥ ਵਿਚ ਬਰਫ਼ੀ ਦਾ ਡੱਬਾ ਤੇ ਦੂਜੇ ਹੱਥ ਵਿਸਕੀ। ਪਿਲਾਈ ਤਾਂ ਉਹਦੇ 'ਚੋਂ ਭਾਵੇਂ ਮੈਂ ਉਹਨੂੰ ਹੀ, ਘਰ ਪੀ ਕੇ ਉਹ ਇਹ ਪੁੱਛਾਂ ਦੇ ਗਿਆ ਕਿ ਮੈਂ ਤੇਰੇ ਨਾਲ ਫਲਾਣੇ-ਫਲਾਣੇ ਬੰਦੇ ਦੇ ਕਹਿਣ 'ਤੇ ਨਾਰਾਜ਼ ਹੋਇਆ ਫਿਰਦਾ ਸਾਂ। ਅਸਲ ਵਿਚ ਗਾਇਕਾਂ 'ਚ ਉਨ੍ਹਾਂ ਦਿਨਾਂ ਵਿਚ ਧੜੇਬੰਦੀ ਸੀ ਤੇ ਘੱਟ ਪੜ੍ਹੇ-ਲਿਖੇ ਹੋਣ ਦਾ ਦੁਖਾਂਤ ਇਹ ਚਿੰਬੜਿਆ ਰਹਿੰਦਾ ਸੀ ਕਿ ਸ਼ਾਇਦ ਮੈਂ ਪੱਖਪਾਤ ਕਰਦਾ ਹਾਂ। ਸੱਚਾਈ ਇਹ ਸੀ ਕਿ ਭਾਵੇਂ ਮੈਂ ਇਨ੍ਹਾਂ ਬਾਰੇ ਛਾਪਣ ਲਈ ਸ਼ਮਸ਼ੇਰ ਤੋਂ ਬਾਅਦ ਕਈ ਅਖ਼ਬਾਰਾਂ ਨੂੰ ਰਜ਼ਾਮੰਦ ਕਰ ਲਿਆ ਸੀ ਪਰ ਅਖ਼ਬਾਰਾਂ ਹਰ ਇਕ ਬਾਰੇ ਛਾਪਣ ਲਈ ਰਾਜ਼ੀ ਨਹੀਂ ਸਨ। ਤੇ ਜਿਸ ਦੀ ਫ਼ੋਟੋ ਜਾਂ ਚਾਰ ਅੱਖਰ ਛਪ ਜਾਂਦੇ, ਉਹ ਇਹ ਭਰਮ ਇਹ ਪਾਲ ਲੈਂਦਾ ਸੀ, ਜਿਵੇ ਯੂ.ਐਨ.ਓ. ਤੋਂ ਪ੍ਰਵਾਨਤ ਸਰਟੀਫਿਕੇਟ ਮਿਲ ਗਿਆ ਹੋਵੇ।

ਉਂਜ ਘਟਨਾ ਇਹ ਵੀ ਹੋਈ ਕਿ ਗਾਇਕਾਂ ਬਾਰੇ ਲਿਖਦਿਆਂ ਵਿਰੋਧ ਦਾ ਰੱਜ ਕੇ ਸਿੜੀ-ਸਿਆਪਾ ਵੀ 'ਪੰਜਾਬੀ ਟ੍ਰਿਬਿਊਨ' ਦੇ ਚਮਕੀਲੇ ਬਾਰੇ ਲਿਖੇ ਇਸ ਲੇਖ ਨੇ ਮੇਰੇ ਗਲ ਪਾ ਦਿਤਾ। ਅਖ਼ਬਾਰ ਦੇ ਅਗਲੇ ਤਿੰਨ-ਚਾਰ ਹਫ਼ਤਿਆਂ ਦੇ ਹਰ ਅੰਕ ਵਿਚ ਸੰਪਾਦਕ ਦੀ ਡਾਕ ਵਿਚ ਆਉਣ ਵਾਲੀਆਂ ਚਿੱਠੀਆਂ ਨੇ ਚਮਕੀਲੇ ਖਿਲਾਫ਼ ਘੱਟ, ਮੈਨੂੰ ਜ਼ਿਆਦਾ ਨਿਹੋਰੇ ਮਾਰੇ। ਇਹ ਸਾਰੇ ਦੇ ਸਾਰੇ ਖਤ ਮੈਂ ਹਾਲੇ ਤੀਕਰ ਕਾਤਰਾਂ ਦੇ ਰੂਪ ਵਿਚ ਸੰਭਾਲ ਕੇ ਰੱਖੇ ਹੋਏ ਹਨ। ਕਈ ਖਤਾਂ ਦੀਆਂ ਸਤਰਾਂ ਮੈਨੂੰ ਯਾਦ ਹਨ ਜਿਨ੍ਹਾਂ ਵਿਚ 'ਅਸ਼ੋਕ ਨੇ ਚਮਕੀਲੇ ਦੀਆਂ ਸਿਫ਼ਤਾਂ ਕਰ ਕੇ ਆਪਣੀ ਅਕਲ ਦਾ ਦਿਵਾਲਾ ਕੱਢ ਦਿਤਾ', 'ਵਧੀਆ ਕਹਾਣੀਆਂ ਲਿਖਣ ਵਾਲੇ ਲੇਖਕ ਦੀ ਕਮਜ਼ੋਰ ਮਾਨਸਿਕਤਾ ਦਾ ਹੁਣ ਪਤਾ ਲੱਗਾ', 'ਪੰਜਾਬੀ ਟ੍ਰਿਬਿਊਨ' ਵਰਗੇ ਮਿਆਰੀ ਅਖ਼ਬਾਰ ਵਿਚ ਲੱਚਰ ਗੀਤ ਗਾਉਣ ਵਾਲੇ ਚਮਕੀਲੇ ਦਾ ਜ਼ਿਕਰ ਕਿਸੇ ਤਰ੍ਹਾਂ ਵੀ ਰਾਸ ਨਹੀਂ ਆ ਰਿਹਾ... ਭਵਿੱਖ ਵਿਚ ਅਜਿਹਾ ਛਾਪਣ ਤੋਂ ਗੁਰੇਜ਼ ਕਰੋ', 'ਅਸ਼ੋਕ ਚਮਕੀਲੇ ਬਾਰੇ ਗੱਲ ਕਰ ਕੇ ਆਖਿਰ ਕਹਿਣਾ ਕੀ ਚਾਹੁੰਦਾ ਹੈ', 'ਇਹ ਦੋ-ਅਰਥੀ ਗੀਤਾਂ ਨੂੰ ਸ਼ਹਿ ਨਹੀਂ ਤਾਂ ਹੋਰ ਕੀ ਹੈ' ਸ਼ਾਮਲ ਹਨ। ਚਮਕੀਲਾ ਤਾਂ ਮੈਂ ਖ਼ੁਸ਼ ਕਰ ਲਿਆ ਸੀ ਪਰ ਮੈਂ ਸੰਪਾਦਕ ਤੇ ਅਖ਼ਬਾਰਾਂ ਦੀ ਨਾਰਾਜ਼ਗੀ ਸਹੇੜ ਲਈ ਸੀ। ਅਸਲ ਵਿਚ ਇਹ ਲੇਖ ਛਪ ਵੀ ਬੇਧਿਆਨੀ ਜਿਹੀ ਵਿਚ ਗਿਆ ਸੀ।

**(ਚਲਦਾ)**

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਵਕਤ ਦੀ ਹੂਕ

ਜਾਗ ਮਾਂ ਦਿਆ ਸੁਰਜਣਾ ਅੱਖ ਤੋਂ ਪੱਟੀ ਖੋਲ੍ਹ,
ਕਲਯੁਗ ਸਿਰ ਨੂੰ ਚੜ੍ਹ ਗਿਆ ਪੈਣ ਕਾਲਜੇ ਹੌਲ।
ਧੀ ਨਾਲ ਜਬਰ ਜਨਾਹ ਦਾ ਬਾਪੂ ਉਤੇ ਦੋਸ਼,
ਨਹੀਂ ਟਿਕਾਣੇ ਰਹਿ ਗਈ ਬੰਦੇ ਦੀ ਹੁਣ ਹੋਸ਼।
ਬੱਚੀਆਂ ਲੱਭਣ ਲੱਗੀਆਂ ਸਰਬਣ ਜਿਹਾ ਕੋਈ ਵੀਰ,
ਇੱਛਰਾਂ ਵਰਗੀਆਂ ਮਾਂਵਾਂ ਦੀ ਜੋ ਬਦਲ ਦੇਣ ਤਕਦੀਰ।
ਹਾਕਮ ਅੰਨ੍ਹੇ ਹੋ ਗਏ ਸੁਣਦਾ ਨਹੀਂ ਕੋਈ ਚੀਕ,
ਵੈਲੀ ਪਤੀਦੇਵ ਦੀ ਕੋਈ ਕਿੱਦਾਂ ਕਰੇ ਉਡੀਕ।
ਚੰਦ ਦੇ ਗਲੇ ਲੱਗ ਕੇ ਰਿਹਾ ਸੂਰਜ ਭੁੱਬੀਂ ਰੋ,
ਲਗਦੈ ਧਰਤੀ ਕਰ ਦਊ ਛੇਤੀ ਹੀ ਵਿਦਰੋਹ।
ਗੋਲੇ ਅੱਗ ਦੇ ਵਰ੍ਹ ਰਹੇ ਮਾਰੂ ਹੋ ਗਈ ਪੌਣ,
ਫੁਕਰੇ ਹੋਏ ਸਮਾਜ ਦੀ ਕੌਣ ਫੜੂਗਾ ਧੌਣ?
ਮੂਰਖ ਰੌਲਾ ਪਾ ਰਹੇ ਹੋਏ ਸਿਆਣੇ ਚੁੱਪ,
ਸਾਧ ਨੇ ਆਸ਼ਕ ਬਣ ਗਏ ਕੇਹੀ 'ਭੌਰੇ' ਚੁੱਪ।

ਗੁਰਮਤਿ ਵਿਚਾਰ

# ਮਨ ਤੂੰ ਜੋਤਿ ਸਰੂਪੁ ਹੈ



ਡਾ. ਗੁਰਨਾਮ ਕੌਰ, ਕੈਨੇਡਾ

ਪਿਛਲੇ ਲੇਖ ਵਿਚ ਸਿੱਖ ਨੈਤਿਕ ਸ਼ਾਸਤਰ ਅਨੁਸਾਰ ਸਦਾਚਾਰਕ ਆਦਰਸ਼ ਦੀ ਗੱਲ ਕੀਤੀ ਸੀ। ਹੁਣ ਤੱਕ ਅਸੀਂ ਸਦਾਚਾਰਕ ਆਦਰਸ਼ ਨੂੰ ਆਤਮ-ਅਨੁਭਵ ਕਹਿੰਦੇ ਆਏ ਹਾਂ, ਪ੍ਰੰਤੂ ਇਥੇ ਪ੍ਰਸ਼ਨ ਕੀਤਾ ਜਾ ਸਕਦਾ ਹੈ ਕਿ ਕੀ ਨੈਤਿਕਤਾ ਵਿਚ ਸਾਡਾ ਸਬੰਧ, ਸਮੁੱਚੇ ਆਤਮ ਦੇ ਅਨੁਭਵ ਨਾਲ ਚੇਤਨਤਾ, ਮੋਹ ਤੇ (ਸੰਕਲਪ-ਭਾਵਨਾ) ਇੱਛਾ ਦੇ ਅਰਥਾਂ ਨਾਲ ਹੈ ਜਾਂ ਕੀ ਅਸੀਂ ਸਿਰਫ ਸੰਕਲਪ-ਭਾਵਨਾ (ਇੱਛਾ) ਨਾਲ ਸਬੰਧਤ ਹਾਂ? ਪ੍ਰਸ਼ਨ ਜ਼ਰੂਰੀ ਵੀ ਹੈ ਅਤੇ ਢੁੱਕਵਾਂ ਵੀ ਹੈ। ਐਫ. ਐਚ. ਬਰੈਡਲੇ ਨੇ ਆਪਣੀ 'ਐਥੀਕਲ ਸਟੱਡੀਜ਼' ਵਿਚ ਇਸੇ ਤਰ੍ਹਾਂ ਦਾ ਪ੍ਰਸ਼ਨ ਉਠਾਇਆ ਹੈ। ਇਹ ਤੱਥ ਕਿ ਬਰੈਡਲੇ ਦੇ ਕੇਸ ਵਿਚ ਆਤਮ-ਅਨੁਭਵ ਉਸ ਨਾਲੋਂ ਵੱਖਰਾ ਹੈ ਜਿਨ੍ਹਾਂ ਅਰਥਾਂ ਵਿਚ ਅਸੀਂ ਇਸ ਦਾ ਵਿਸ਼ਲੇਸ਼ਣ ਕਰਦੇ ਆ ਰਹੇ ਹਾਂ, ਇਸ ਪ੍ਰਸ਼ਨ ਦੀ ਜ਼ਰੂਰਤ ਤੇ ਕੋਈ ਅਸਰ ਨਹੀਂ ਪਾਉਂਦਾ।

ਸਾਡੇ ਲਈ ਇਥੇ ਫੈਸਲਾ ਕਰਨ ਵਾਲਾ ਨੁਕਤਾ ਇਹ ਹੈ ਕਿ ਕੀ ਆਤਮ ਅੰਦਰ ਗਿਆਨ, ਮੋਹ, ਸੰਕਲਪ-ਭਾਵਨਾ ਵਿਚ ਫ਼ਰਕ ਮਾਨਸਿਕ ਹਿੱਸਿਆਂ ਜਾਂ ਪਰਭਾਗ ਦੇ ਤੌਰ 'ਤੇ ਨਹੀਂ, ਪ੍ਰੰਤੂ ਮਾਨਸਿਕ ਪਹਿਲੂਆਂ ਦੇ ਪੱਖ ਤੋਂ ਕੀਤਾ ਜਾ ਸਕਦਾ ਹੈ? ਅਤੇ ਜੇ ਫ਼ਰਕ ਦ੍ਰਿਸ਼ਟੀਗੋਚਰ ਹੁੰਦਾ ਹੈ, ਤਾਂ ਕੀ ਸਾਨੂੰ ਮੰਨਣਾ ਚਾਹੀਦਾ ਹੈ ਕਿ ਸਦਾਚਾਰਕਤਾ ਵਿਚ ਆਤਮ ਅਨੁਭਵ ਦਾ ਅਰਥ ਹੈ ਆਦਰਸ਼ਕ ਸੰਕਲਪ-ਭਾਵਨਾ ਜਾਂ ਸਰਬ-ਵਿਆਪਕ ਸੰਕਲਪ-ਭਾਵਨਾ, ਜੋ ਕਿ ਸਦਾਚਾਰਕਤਾ ਵਾਸਤੇ ਸਰਬ-ਵਿਆਪਕ ਨਜ਼ਰੀਏ ਦਾ ਅਨੁਭਵ ਹੋਵੇਗਾ। ਨੈਤਿਕ ਚੇਤਨਤਾ ਵਜੋਂ ਇਸ ਦਾ ਉਤਰ ਸਪੱਸ਼ਟ ਤੌਰ 'ਤੇ ਹਾਂ-ਵਾਚਕ ਹੋਵੇਗਾ। ਇਥੇ ਅਸੀਂ ਇੱਕ ਵਾਰ ਫਿਰ ਬਰੈਡਲੇ ਨਾਲ ਸਹਿਮਤ ਹੋ ਸਕਦੇ ਹਾਂ ਕਿ 'ਇਹ ਆਤਮ ਅਨੁਭਵ ਸਾਰੇ ਨੁਕਤਾ-ਨਿਗਾਹ ਤੋਂ ਨਹੀਂ ਹੈ, ਭਾਵੇਂ ਸਾਰੇ ਆਤਮ-ਅਨੁਭਵ ਨੂੰ ਇਸ ਇੱਕ ਨਜ਼ਰੀਏ ਤੋਂ ਦੇਖਿਆ ਜਾ ਸਕਦਾ ਹੈ, ਕਿਉਂਕਿ ਇਸ ਸਾਰੇ 'ਚ ਸੰਕਲਪ-ਭਾਵਨਾ ਸ਼ਾਮਲ ਹੈ, ਅਤੇ ਜਿਥੋਂ ਤੱਕ ਸੰਕਲਪ-ਭਾਵਨਾ ਠੀਕ ਹੈ, ਸਹੀ ਹੈ, ਉਥੋਂ ਤੱਕ ਹੀ ਅਨੁਭਵ ਨੈਤਿਕ ਹੈ।'

ਇਹ ਪਹਿਲਾਂ ਵੀ ਜ਼ਿਕਰ ਆ ਚੁੱਕਾ ਹੈ ਕਿ ਨੈਤਿਕਤਾ ਦਾ ਸਬੰਧ ਸੰਕਲਪ-ਭਾਵਨਾ ਨਾਲ ਹੈ। ਇਸ ਦੀ ਪ੍ਰੋੜਤਾ ਨੈਤਿਕ ਚੇਤਨਤਾ ਦੇ ਤੱਥ ਵਜੋਂ ਕੀਤੀ ਗਈ ਹੈ। ਇਸ ਲਈ ਕੋਈ ਵੀ ਸਿਧਾਂਤ, ਜਿਸ ਨੂੰ ਸਹੀ ਅਰਥਾਂ ਵਿਚ ਨੈਤਿਕ ਕਿਹਾ ਜਾ ਸਕਦਾ ਹੈ, ਨੂੰ ਆਪਣੇ ਆਪ ਨੂੰ ਸੰਕਲਪ-ਭਾਵਨਾ ਨਾਲ ਜੋੜਨਾ ਪਵੇਗਾ ਅਰਥਾਤ ਇੱਛਾ ਨਾਲ ਜੋੜਨਾ ਪਵੇਗਾ। ਭਾਵੇਂ ਇਹ ਮੰਨਿਆ ਜਾ ਸਕਦਾ ਹੈ ਕਿ ਅਨੁਭਵ ਸਮੁੱਚੇ ਆਤਮ ਦਾ ਅਨੁਭਵ ਹੈ, ਅਤੇ ਗਿਆਨ ਅਤੇ ਮੋਹ ਨੂੰ ਇਸ ਵਿਕਾਸਸ਼ੀਲ ਅਨੁਭਵ ਵਿਚੋਂ ਛੱਡਿਆ ਨਹੀਂ ਜਾ ਸਕਦਾ (ਅਰਥਾਤ ਇਸ ਵਿਚ ਗਿਆਨ ਅਤੇ ਮੋਹ ਵੀ ਸ਼ਾਮਲ ਹਨ)। ਪ੍ਰੰਤੂ ਸੰਕਲਪ-ਭਾਵਨਾ ਨੂੰ ਇੱਕ ਨਿਹਾਇਤ ਜ਼ਰੂਰੀ ਤੱਥ ਮੰਨਣਾ ਹੀ ਇਸ ਇਸ ਗੱਲ ਦਾ ਫੈਸਲਾ ਕਰਦਾ ਹੈ ਕਿ ਕਿਸੇ ਸਿਧਾਂਤ ਦਾ ਨੈਤਿਕਤਾ ਵਿਚ ਯੋਗ ਸਥਾਨ ਹੈ ਜਾਂ ਨਹੀਂ। ਇਹ ਤੱਥ ਹੈ ਜੋ ਸਿੱਖ ਧਰਮ ਨੂੰ ਆਤਮ-ਅਨੁਭਵ ਵਿਚ ਪ੍ਰਮੁੱਖ ਤੌਰ 'ਤੇ ਇੱਕ ਸਹੀ ਨੈਤਿਕ ਪਹੁੰਚ ਬਣਾਉਂਦਾ ਹੈ, ਕਿਉਂਕਿ ਸੰਕਲਪ-ਭਾਵਨਾ ਦਾ ਸੁਭਾ ਆਤਮ ਦੀ ਸਹੀ ਦਸ਼ਾ ਨੂੰ ਨਿਰਧਾਰਤ ਕਰਨ ਵਾਲਾ ਕੇਂਦਰੀ ਤੱਥ ਹੈ।

ਮਨਮੁਖ ਉਹ ਆਤਮ ਹੈ ਜੋ ਤੰਗ ਨਿੱਜਵਾਦੀ ਸੰਕਲਪ-ਭਾਵਨਾ ਰਾਹੀਂ ਚਿੱਤ੍ਰਿਤ ਹੈ (ਅਰਥਾਤ ਆਪਣੇ ਮਨ ਦੀ ਇੱਛਾ ਅਨੁਸਾਰ ਚੱਲਣ ਵਾਲਾ ਮਨਮੁੱਖ ਹੈ), ਜੋ ਗੁਰਮੁਖ ਦੇ ਬਿਲਕੁਲ ਵਿਪਰੀਤ ਹੈ ਜਿਸ ਦੀ ਸੰਕਲਪ-ਭਾਵਨਾ ਸਰਬ-ਵਿਆਪਕ ਸੰਕਲਪ-ਭਾਵਨਾ ਨਾਲ ਇੱਕ-ਸੁਰ ਹੈ (ਗੁਰਮੁਖ ਗੁਰੂ ਦੀ ਸਿੱਖਿਆ ਤੇ ਅਮਲ ਕਰਨ ਵਾਲਾ ਰੱਬੀ ਹੁਕਮ ਅਨੁਸਾਰ ਚੱਲਦਾ ਹੈ)। ਇਥੇ ਅਸੀਂ ਇਸ ਸਮੱਸਿਆ ਦੇ ਵਿਸ਼ਲੇਸ਼ਣ ਵੱਲ ਵੀ ਸੰਕੇਤ ਕਰ ਸਕਦੇ ਹਾਂ ਕਿ ਆਤਮ-ਅਨੁਭਵ ਕਿਵੇਂ ਕਰਨਾ ਹੈ (ਕਿਵ ਸਚਿਆਰਾ ਹੋਵੀਐ) ਜਿਸ ਤੱਥ ਵੱਲ ਆਦਰਸ਼ ਦੇ ਤੌਰ 'ਤੇ ਪਹਿਲਾਂ ਵੀ ਕਈ ਵਾਰ ਇਸ਼ਾਰਾ ਕੀਤਾ ਜਾ ਚੁੱਕਾ ਹੈ। ਇਸ ਪ੍ਰਸ਼ਨ ਦੇ ਉਤਰ ਵੱਲ ਨਿਰਦੇਸ਼ ਪਹਿਲਾਂ ਨਹੀਂ ਸੀ ਕੀਤਾ ਗਿਆ ਕਿਉਂ ਕਿ ਉਦੋਂ ਮੁੱਖ ਵਾਸਤਾ ਆਦਰਸ਼ਕ ਆਤਮ ਨਾਲ ਸੀ। ਗੁਰੂ ਨਾਨਕ ਇਸ ਪ੍ਰਸ਼ਨ ਦੇ ਉਤਰ ਵਿਚ ਕਿ ਆਤਮ ਦਾ ਅਨੁਭਵ ਕਿਵੇਂ ਕੀਤਾ ਜਾ ਸਕਦਾ ਹੈ ਕਹਿੰਦੇ ਹਨ, "ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ" ਅਰਥਾਤ ਹੁਕਮ ਅਨੁਸਾਰ ਕਰਮ ਕਰਨਾ ਜੋ ਕਿ ਮਨੁੱਖ ਦੇ ਅੰਦਰ ਨਿਹਿਤ ਹੈ। ਹੁਕਮ ਆਦੇਸ਼ਾਤਮਕ ਹੈ, ਇਹ ਭਾਣਾ ਹੈ। ਇਸ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਦਾ ਸੰਕੇਤ ਇਥੇ ਸੰਕਲਪ-ਭਾਵਨਾ ਨਾਲ ਹੈ, ਜਿਸ ਨੂੰ ਉਹ ਬੁਨਿਆਦੀ ਮੰਨਦੇ ਹਨ ਅਤੇ ਆਤਮ-ਅਨੁਭਵ ਲਈ ਇੱਕ ਮਹੱਤਵਪੂਰਨ ਕਸੌਟੀ ਮੰਨਦੇ ਹਨ। ਸੰਕਲਪ-ਭਾਵਨਾ ਮਨੁੱਖ ਦੀ ਕਰਨੀ ਵਿਚ ਪ੍ਰਗਟ ਹੁੰਦੀ ਹੈ, ਅਤੇ ਇਸ ਲਈ ਅਸੀਂ ਗੁਰਮੁਖ ਜਾਂ ਸਚਿਆਰੇ ਦੀ ਪਛਾਣ ਉਸ ਦੀ ਕਰਨੀ ਤੋਂ ਕਰਦੇ ਹਾਂ।

ਇਹ ਉਤਰ ਸਾਡੀ ਪਹਿਲੀ ਪੜਚੋਲ ਨੂੰ ਪੱਕਾ ਕਰਦਾ ਹੈ ਕਿ ਗੁਰੂ ਸਾਹਿਬਾਨ ਦੀ ਪਹੁੰਚ ਪ੍ਰਮੁਖ ਤੌਰ 'ਤੇ ਨੈਤਿਕ ਸੀ। ਪ੍ਰੰਤੂ ਇਥੇ ਇਹ ਪ੍ਰਸ਼ਨ ਕੀਤਾ ਜਾ ਸਕਦਾ ਹੈ ਕਿ ਕੀ ਇਸ ਦਾ ਅਰਥ ਹੈ ਕਿ ਦੂਸਰੇ ਦੋ ਪੱਖਾਂ ਬੋਧ ਅਤੇ ਮੋਹ ਦਾ ਆਤਮ ਅਨੁਭਵ ਦੇ ਇਸ ਪ੍ਰੋਗਰਾਮ ਵਿਚ ਕੋਈ ਸਥਾਨ ਨਹੀਂ ਹੈ? ਜੇ ਇਹ ਅਵਸਥਾ ਹੁੰਦੀ ਤਾਂ, ਇਸ ਗੱਲ ਦੀ ਨੁਕਤਾਚੀਨੀ ਕੀਤੀ ਜਾਣੀ ਸੀ ਕਿ ਉਨ੍ਹਾਂ ਨੇ ਇੱਕੋ ਪੱਖ ਨੂੰ ਲਿਆ ਹੈ। ਪਰ ਅਸੀਂ ਦੇਖਿਆ ਹੈ ਕਿ ਜਪੁਜੀ ਵਿਚ ਹੁਕਮ ਨਾਲ ਸਬੰਧਤ ਪੜਚੋਲ ਵਿਚ ਇਸੇ ਪਦੇ ਵਿਚ, ਗੁਰੂ ਨਾਨਕ ਦੂਸਰੇ ਦੋ ਪੱਖ ਮਤਿ ਅਤੇ ਭਉ ਨੂੰ ਵੀ ਅਨੁਭਵ ਲਈ ਮੰਨਦੇ ਹਨ ਅਰਥਾਤ ਬੋਧ ਅਤੇ ਮੋਹ ਵੱਲ ਵੀ ਸੰਕੇਤ ਕਰਦੇ ਹਨ। ਇਸ ਤੋਂ ਇਸ ਤੱਥ ਵੱਲ ਇਸ਼ਾਰਾ ਮਿਲਦਾ ਹੈ ਕਿ ਭਾਵੇਂ ਨੈਤਿਕਤਾ ਵਾਸਤੇ ਸੰਕਲਪ-ਭਾਵਨਾ ਬੁਨਿਆਦੀ ਸਰੋਕਾਰ ਹੈ ਅਤੇ ਅਨੁਭਵ ਦੇ ਨਜ਼ਰੀਏ ਤੋਂ ਮਹੱਤਵਪੂਰਨ ਵੀ ਹੈ, ਅੰਤਮ ਵਿਸ਼ਲੇਸ਼ਣ ਵਿਚ ਆਤਮ-ਅਨੁਭਵ ਸਮੁੱਚੇ ਆਤਮ ਦਾ ਚਰਿਤਰ ਹੈ, ਉਸ ਦੇ ਇੱਕ ਪੱਖ ਦਾ ਨਹੀਂ ਅਤੇ ਕਿਉਂਕਿ ਕੁੱਝ ਵੀ ਬਾਹਰ ਨਹੀਂ ਰਹਿੰਦਾ ਇਸ ਲਈ ਆਤਮ ਇਸ ਨਜ਼ਰੀਏ ਤੋਂ ਕੰਗਾਲ ਨਹੀਂ ਹੈ। ਇਸ ਸੰਜੋਗ ਵਿਚ ਗੁਰੂ ਸਾਹਿਬਾਨ ਪ੍ਰੰਪਰਕ ਧਾਰਨਾ ਤੋਂ ਮੋੜ ਕੱਟਦੇ ਜਾਪਦੇ ਹਨ ਕਿ ਪੂਰਨ ਗਿਆਨ ਜਾਂ ਭਗਤੀ, ਜਾਂ ਸੁਹਜਾਤਮਕ ਸੰਚਾਰ ਹੀ ਕੇਵਲ ਅੰਤਮ ਅਨੁਭਵ ਦਾ ਸਾਧਨ ਹੈ (ਗੁਰਮਤਿ ਅਨੁਸਾਰ ਭਗਤੀ, ਗਿਆਨ ਤੇ ਕਰਮ ਤਿੰਨੇ ਹੀ ਮਹੱਤਵਪੂਰਨ ਅਤੇ ਲੋੜੀਂਦੇ ਹਨ)।

ਸ਼ਾਇਦ ਇਹ ਸੁਮੇਲ ਹੀ ਹੈ, ਜਿਸ ਵੱਲ 'ਸਿੱਖ ਫਿਲਾਸਫੀ' ਵਿਚ ਸਿੱਖ ਵਿਦਵਾਨ ਸ਼ੇਰ ਸਿੰਘ ਇਸ਼ਾਰਾ ਕਰਦੇ ਹਨ, "ਗੁਰੂ ਨਵਾਂ ਸੁਮੇਲ ਸਿਰਜਦੇ ਹਨ। ਉਹ ਗਿਆਨ ਨੂੰ ਅਮਲੀ ਜੀਵਨ ਬਣਾ ਕੇ ਅਦਵੈਤਵਾਦ ਨੂੰ ਦਰਸ਼ਨ ਵਜੋਂ ਲੈਂਦੇ ਹਨ।" ਭਾਵੇਂ ਇਸ ਸੁਮੇਲ ਨੂੰ ਅੰਤਮ ਵਿਸ਼ਲੇਸ਼ਣ ਵਿਚ ਪੂਰੀ ਤਰ੍ਹਾਂ ਨਹੀਂ ਲਿਆਂਦਾ ਗਿਆ। ਸ਼ੇਰ ਸਿੰਘ ਇਸ ਦੇ ਨਾਲ ਹੀ 'ਸੁਹਜਾਤਮਕ ਅਹਿਸਾਸ ਜਾਂ ਸੰਚਾਰ' ਵੱਲ ਵੀ ਇਸ਼ਾਰਾ ਕਰਦਾ ਹੈ, ਜਦੋਂ ਉਹ ਕਹਿੰਦਾ ਹੈ, "ਇਸ ਵਿਚ ਸ਼ਾਮਲ ਹੋਣ ਦਾ ਰਸਤਾ ਵਿਸਮਾਦ, ਸੁਹਜਾਤਮਕ ਅਹਿਸਾਸ ਵਿਚ ਹੈ।" 'ਨਾਮ' ਨੂੰ ਵਿਸਮਾਦ ਦੇ ਰੂਪ ਵਿਚ ਸਮਝਣ ਦੇ 'ਸੁਹਜਾਤਮਕ ਅਨੁਭਵ ਜਾਂ ਸੰਚਾਰ' ਦੇ ਅਰਥਾਂ ਵਿਚ ਦੱਸਣ ਦੇ ਬਾਵਜੂਦ ਸਾਰਾ ਮਾਮਲਾ ਮੋਹਕ ਜਾਪਦਾ ਹੈ ਅਤੇ ਸ਼ੇਰ ਸਿੰਘ ਸੁਮੇਲ ਨੂੰ ਉਭਾਰਨ ਵਿਚ ਅਸਫਲ ਰਹਿ ਜਾਂਦਾ ਹੈ। ਇਸ ਤਰ੍ਹਾਂ ਅਨੁਭਵ ਕੀਤਾ ਆਤਮ ਕਮਜ਼ੋਰ ਹੋ ਸਕਦਾ ਹੈ, ਇਸ ਵਿਚ ਵਾਧਾ ਇਹ ਹੈ ਕਿ ਇਸ ਤੱਥ ਦੇ ਬਾਵਜੂਦ ਕਿ ਉਸ ਨੇ 'ਸੁਹਜਾਤਮਕ' ਨੂੰ ਚੁਣਿਆ ਹੈ, ਇੱਕ ਤਰ੍ਹਾਂ ਨਾਲ ਸੰਕਲਪ-ਭਾਵਨਾ ਅਤੇ ਕਰਨੀ (ਹੁਕਮ ਅਤੇ ਕਾਰ) 'ਤੇ ਵੱਧ ਜ਼ੋਰ ਨਹੀਂ ਦਿੱਤਾ ਜਾਪਦਾ।

ਸਿੱਖ ਧਰਮ ਦੇ ਵਿਦਵਾਨਾਂ ਵੱਲੋਂ ਆਤਮ ਅਨੁਭਵ ਲਈ ਸੰਕਲਪ-ਭਾਵਨਾ ਨੂੰ ਬੁਨਿਆਦੀ ਅਤੇ ਜ਼ਰੂਰੀ ਹਿੱਸਾ ਸਮਝਣ ਨੂੰ ਔਖੋਂ ਪਰੇਖੇ ਕਰਨ ਵਿਚ ਸ਼ਾਇਦ ਇਹ ਮੁਸ਼ਕਿਲ ਸੀ ਕਿ ਹੁਕਮ ਨੂੰ ਸਰਬ-ਵਿਆਪਕ ਸੰਕਲਪ-ਭਾਵਨਾ ਦੇ ਰੂਪ ਵਿਚ ਦੋ ਤਰ੍ਹਾਂ ਨਾਲ ਕਾਰਜਸ਼ੀਲ ਹੋਣਾ ਸਮਝਿਆ ਜਾ ਸਕਦਾ ਹੈ। ਪਹਿਲਾ ਇਸ ਨੂੰ ਆਤਮ ਤੇ ਬਾਹਰੋਂ ਕਾਰਜਸ਼ੀਲ ਹੋਣਾ ਸਮਝਿਆ ਜਾ ਸਕਦਾ ਹੈ ਜਿਵੇਂ "ਤੁਹਾਨੂੰ ਇਹ ਕਰਨਾ ਚਾਹੀਦਾ ਹੈ" ਜੋ ਕਿ ਧਰਮ-ਗ੍ਰੰਥਾਂ ਦੇ ਅਦੇਸ਼ਾਂ ਵਿਚ ਦੱਸਿਆ ਗਿਆ ਹੈ। ਇਸ ਅਰਥ ਵਿਚ ਨੈਤਿਕ ਜਾਂ ਸਦਾਚਾਰਕ ਪੱਧਰ ਇੱਕ ਆਦਰਸ਼ ਅਤੇ ਅਛਾਈ ਨਾ ਹੋ ਕੇ ਬਾਹਰੀ ਕਾਨੂੰਨ ਜਾਂ ਨਿਯਮ ਹੋਵੇਗਾ (ਨਿਯਮ ਸਿਰਫ ਖਾਸ ਗ੍ਰੰਥ ਰਾਹੀਂ ਦੱਸਿਆ ਹੋਇਆ)। ਨਤੀਜੇ ਵਜੋਂ ਨੈਤਿਕ ਸਿਧਾਂਤ ਨੂੰ ਤਾਨਾਸ਼ਾਹੀ ਮੰਨਿਆ ਜਾਵੇਗਾ। ਕੋਈ ਵੀ ਅਮਲ ਤਾਂ ਹੀ ਠੀਕ ਮੰਨਿਆ ਜਾਵੇਗਾ ਜੇ ਬਾਹਰੋਂ ਲਾਗੂ ਕੀਤੇ ਨੈਤਿਕ ਨਿਯਮ ਅਨੁਸਾਰ ਹੋਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁਝ ਬੰਦਾਂ ਨੂੰ ਜੇ ਸੰਦਰਭ ਵਿਚੋਂ ਇਕੱਲੇ ਕੱਢ ਕੇ ਵਾਚਿਆ ਜਾਵੇਗਾ ਤਾਂ 'ਹੁਕਮ' ਦੇ ਅਰਥਾਂ ਨੂੰ ਸਮਝਣ ਵਿਚ ਗਲਤੀ ਲੱਗ ਸਕਦੀ ਹੈ। ਦੂਸਰੇ ਅਤੇ ਸਹੀ ਅਰਥਾਂ ਵਿਚ ਸਿੱਖ ਧਰਮ ਅਨੁਸਾਰ 'ਹੁਕਮ' ਜਾਂ ਸੰਕਲਪ-ਭਾਵਨਾ ਆਤਮ ਦਾ ਅੰਦਰੂਨੀ ਅਮਲ ਹੈ, ਜਿਸ ਨੂੰ ਜਿਵੇਂ ਉਪਰ ਦੱਸਿਆ ਹੈ, ਗੁਰੂ ਨਾਨਕ ਸਾਹਿਬ ਨੇ 'ਲਿਖਿਆ ਨਾਲਿ' ਕਿਹਾ ਹੈ, ਬਾਹਰੋਂ ਲੱਦਿਆ ਅਮਲ ਨਹੀਂ। ਇਸੇ ਨੂੰ ਸਪੱਸ਼ਟ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਪ੍ਰੰਤੂ ਇਸ ਤੋਂ ਪਹਿਲਾਂ ਕਿ 'ਹੁਕਮ' ਆਤਮ ਦੇ ਅੰਦਰ ਹਿਤ ਹੈ, ਇਸ ਦੀ ਪ੍ਰੋੜਤਾ ਬਾਣੀ ਵਿਚੋਂ ਕਰੀਏ, ਅਤੇ ਇਸ ਨੂੰ ਅਨੁਭਵ ਕਰਨ ਲਈ, ਮਨੁੱਖ ਨੂੰ ਬਾਹਰੋਂ ਹਦਾਇਤ ਨਹੀਂ ਕੀਤੀ ਜਾਂਦੀ, ਸਗੋਂ ਉਹ ਆਤਮ ਅਨੁਭਵ ਕਰਨ ਲਈ ਅੱਗੇ ਵਧਦਾ ਹੈ, ਇਥੇ ਇੱਕ ਪ੍ਰਸ਼ਨ ਪੁੱਛਿਆ ਜਾ ਸਕਦਾ ਹੈ।

ਪ੍ਰਸ਼ਨ ਹੈ ਕਿ ਕੀ ਆਤਮ ਅੰਦਰ ਦੈਵੀ ਅੰਸ਼ ਉਸ ਦਾ ਅਟੁੱਟ ਹਿੱਸਾ ਹੈ, ਜੋ ਆਪਣੇ ਤੱਤ-ਰੂਪ ਵਿਚ ਹੁਕਮ ਨਾਲੋਂ, ਸਰਬ-ਵਿਆਪਕ ਸੰਕਲਪ-ਭਾਵਨਾ ਨਾਲੋਂ ਵੱਖਰਾ ਨਾ ਹੋਵੇ, ਅਤੇ ਇਸ ਲਈ ਹੁਕਮ ਦਾ ਅਨੁਭਵ ਆਤਮ ਅਨੁਭਵ ਨਾਲੋਂ ਕਿਸੇ ਤਰ੍ਹਾਂ ਵੀ ਵੱਖਰਾ ਨਾ ਹੋਵੇ। ਬੇਸ਼ਕ ਇਥੇ ਇਹ ਵੀ ਜੋੜਿਆ ਜਾ ਸਕਦਾ ਹੈ ਕਿ ਆਤਮ ਜਿਸ ਨੂੰ ਪੂਰੀ ਤਰ੍ਹਾਂ ਅਨੁਭਵ ਕਰ ਲਿਆ ਗਿਆ ਹੈ ਗੁਣਾਂ ਵਿਚ ਉਸ ਆਤਮ ਨਾਲੋਂ ਵੱਖਰਾ ਹੈ ਜਿਸ ਨੂੰ ਹਉਮੈ ਕਿਹਾ ਗਿਆ ਹੈ, ਜਿਸ ਤੋਂ ਗੁਰੂ ਸਾਹਿਬਾਨ ਦਾ ਭਾਵ ਤੰਗ ਨਿਜਵਾਦੀ ਆਤਮ ਹੈ। ਇਸ ਨੂੰ ਅਸਲ ਵਿਚ ਹਉਮੈ ਦੀ ਮੌਤ ਕਿਹਾ ਗਿਆ ਹੈ। ਉਪਰ ਲਿਖਤ ਪ੍ਰਸ਼ਨ ਦਾ ਉਤਰ ਗੁਰੂ ਸਾਹਿਬਾਨ ਨੇ ਅਸਲ ਵਿਚ ਇਹ ਦਿੱਤਾ ਹੈ ਕਿ ਦੈਵੀ ਅੰਸ਼ ਆਤਮ ਦੇ ਅੰਦਰ ਉਸ ਦਾ ਹਿੱਸਾ ਹੈ। ਇਹ ਆਤਮ ਦੇ ਅੰਦਰ ਹੈ ਪ੍ਰੰਤੂ ਇਸ ਦਾ ਅਨੁਭਵ ਨਹੀਂ ਕੀਤਾ ਗਿਆ। ਇਸ ਤਰ੍ਹਾਂ ਨੈਤਿਕਤਾ ਸਾਹਮਣੇ ਇੱਕ ਸਮੱਸਿਆ ਰੱਖਦਿਆਂ ਅਤੇ ਆਤਮ ਵਾਸਤੇ ਇਸ ਨੂੰ ਹੋਰ ਅਨੁਭਵ ਕਰਨ ਲਈ ਅਤੇ ਇਸ ਅਮਲ ਵਿਚ ਵੱਧ ਤੋਂ ਵੱਧ ਪਰਿਵਰਤਤ ਹੋਣ ਲਈ ਪ੍ਰੇਰਤ ਕੀਤਾ ਗਿਆ ਹੈ। ਇਹ ਆਦਰਸ਼ਕ ਆਤਮ ਵੱਲ ਉਨਤੀ ਹੈ, ਜੋ ਗੁਰੂ ਨਾਨਕ ਸਾਹਿਬ ਦੀ ਬੋਲੀ ਵਿਚ ਅਸਲੀ ਆਤਮ 'ਸਚਿਆਰਾ' ਹੋਣਾ ਹੈ। ਇਸ ਲਈ 'ਹੁਕਮ' ਕੋਈ ਬਾਹਰੀ ਨਿਯਮ ਨਹੀਂ ਹੈ ਜੋ ਆਤਮ ਤੇ ਲਾਗੂ ਕੀਤਾ ਜਾਂਦਾ ਹੈ, ਪ੍ਰੰਤੂ ਇਸ ਦਾ ਅਟੁੱਟ ਹਿੱਸਾ ਹੈ, ਜਿਸ ਨੂੰ ਗੁਰੂ ਨਾਨਕ ਸਾਹਿਬ ਨੇ 'ਲਿਖਿਆ ਨਾਲਿ' ਕਿਹਾ ਹੈ।

ਪ੍ਰੰਤੂ ਅਸਲੀ ਤੱਥ ਕਿ ਅਸੀਂ ਇਸ ਨੂੰ ਸਰਬ-ਵਿਆਪਕ ਸੰਕਲਪ-ਭਾਵਨਾ ਕਿਹਾ ਹੈ, ਇਸ ਗੱਲ ਵੱਲ ਸੰਕੇਤ ਹੈ ਕਿ ਇਹ ਕਿਸੇ ਇੱਕ ਖਾਸ ਆਤਮ ਵਿਚ ਖ਼ਤਮ ਨਹੀਂ ਹੋ ਜਾਂਦੀ। ਇਹ ਇਨ੍ਹਾਂ ਅਰਥਾਂ ਵਿਚ ਆਤਮ ਦੇ ਨਾਲ ਹੈ ਕਿ ਆਤਮ ਨੇ ਇਸ ਨੂੰ ਆਪਣੇ ਅੰਦਰ ਅਨੁਭਵ ਕਰਨਾ ਹੈ ਪ੍ਰੰਤੂ ਇਹ ਇਨ੍ਹਾਂ ਅਰਥਾਂ ਵਿਚ ਅਨਾਤਮ ਹੈ ਕਿ ਇਹ ਆਦਰਸ਼ ਹੈ ਜਿਸ ਨੂੰ ਆਤਮ ਨੇ ਅਨੁਭਵ ਕਰਨਾ ਹੈ, ਅਤੇ ਇਸ ਨੇ ਸਰਬ-ਵਿਆਪਕਤਾ ਵਿਚ ਆਪਣੀ ਨਿਜੀ ਖਾਸੀਅਤ ਤੋਂ ਉਤੇ ਉਠ ਜਾਣਾ ਹੈ। ਇਹ ਦੈਵੀ ਤੱਤ ਜੋ ਕਿ ਹੁਕਮ ਨਾਲੋਂ ਭਿੰਨ ਨਹੀਂ ਹੈ, ਆਤਮ ਦਾ ਅੰਤਰੀਵੀ ਹੈ। ਇਹ ਸਿੱਖ ਧਰਮ ਨੂੰ ਉਸ ਕਿਸੇ ਵੀ ਧਾਰਨਾ ਤੋਂ ਵੱਖ ਕਰਦਾ ਹੈ ਜੋ ਸਰਬ-ਵਿਆਪਕ ਸੰਕਲਪ-ਭਾਵਨਾ ਨੂੰ ਆਤਮ ਉਤੇ ਬਾਹਰੋਂ ਲਾਇਆ ਹੋਇਆ ਨਿਯਮ ਮੰਨਦੇ ਹਨ। ਹੁਕਮ ਨੂੰ ਗੁਰੂ ਨਾਨਕ ਸਾਹਿਬ ਨੇ 'ਕਹਿਆ ਨ ਜਾਇ' ਐਲਾਨਿਆ ਹੈ। ਇਸ ਲਈ ਕੋਈ ਵੀ ਗ੍ਰੰਥ ਇਸ ਦਾ ਪੂਰੀ ਤਰ੍ਹਾਂ ਬਿਆਨ ਨਹੀਂ ਕਰ ਸਕਦਾ। ਇਹ ਕੁੱਝ ਅਜਿਹੀ ਵਸਤੂ ਹੈ ਜਿਸ ਨੂੰ ਆਤਮ ਨੇ ਆਪਣੇ ਜੀਵਨ ਦੇ ਹਰ ਪਲ ਅਤੇ ਆਦਰਸ਼ ਵੱਲ ਅੱਗੇ ਵਧਦਿਆਂ ਸਤਾਤਮਕ ਅਨੁਭਵ ਕਰਨਾ ਹੈ। ਕੋਈ ਕਰਮ ਉਥੋਂ ਤੱਕ ਅੱਛਾ ਹੈ, ਜਿਥੋਂ ਤੱਕ ਉਹ ਆਤਮ-ਅਨੁਭਵ ਲਈ ਕਾਰਜਸ਼ੀਲ ਹੈ। ਇਹ ਉਥੋਂ ਤੱਕ ਬੁਰਾ ਹੈ ਜਦੋਂ ਇਹ ਮਕਸਦ ਨੂੰ ਨਕਾਰਦਾ ਹੈ।

ਜਿਉਂ ਹੀ ਅਸੀਂ ਇਹ ਕਹਿੰਦੇ ਹਾਂ ਕਿ ਹੁਕਮ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ, "ਹੁਕਮੁ ਨ ਕਹਿਆ ਜਾਈ॥" ਸਵਾਲ ਉਠਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੀ ਮਹੱਤਤਾ ਅਤੇ ਜ਼ੁੰਮੇਵਾਰੀ ਹੈ? ਇਹ ਬਹੁਤ ਹੀ ਅਹਿਮ ਸਵਾਲ ਹੈ ਕਿਉਂਕਿ ਅਗਰ ਇਸ ਵਿਚ ਹੁਕਮ ਦਾ ਪੂਰਨ ਨਿਰਦੇਸ਼ਤ ਬਿਆਨ ਨਹੀਂ ਹੈ ਤਾਂ ਇਸ ਦਾ ਕੀ ਕਾਰਜ ਅਤੇ ਜ਼ੁੰਮੇਵਾਰੀ ਹੈ? ਇਥੇ ਇੱਕ ਨੁਕਤਾ ਉਠਾਉਂਦੇ ਹਾਂ ਜਿਹੜਾ ਸਾਡੀ ਇਸ ਸਵਾਲ ਨੂੰ ਸਮਝਣ ਵਿਚ ਸਹਾਇਤਾ ਕਰ ਸਕਦਾ ਹੈ। ਅਸੀ ਪੁੱਛ ਸਕਦੇ ਹਾਂ ਕਿ ਕੀ ਕਿਸੇ ਮਨੁੱਖ ਨੂੰ ਅਗਵਾਈ ਦੀ ਜ਼ਰੂਰਤ ਹੈ? ਜਾਂ ਕਿਸੇ ਵਿੱਦਿਆ ਦੀ ਕੀ ਜ਼ੁੰਮੇਵਾਰੀ ਹੁੰਦੀ ਹੈ? ਦਿਸ਼ਾ ਨਿਰਦੇਸ਼ਨ ਦੀ ਕੀ ਅਹਿਮੀਅਤ ਹੁੰਦੀ ਹੈ? ਸਿੱਖ ਧਰਮ ਵਿਚ ਧਾਰਮਿਕ ਗ੍ਰੰਥ ਨੂੰ ਗੁਰੂ ਕਿਹਾ ਗਿਆ ਹੈ ਅਤੇ ਇਸ ਧਰਮ ਦੇ ਬਾਨੀਆਂ ਨੂੰ ਵੀ ਗੁਰੂ ਕਿਹਾ ਗਿਆ ਹੈ। ਗੁਰੂ ਦਾ ਅਰਥ ਸਿੱਖਿਆ ਦੇਣ ਵਾਲਾ ਅਤੇ ਅਗਵਾਈ ਕਰਨ ਵਾਲਾ ਹੈ। ਇਸ ਵਿਚ ਹੀ ਧਰਮ ਗ੍ਰੰਥ ਦੀ ਮਹਤੱਤਾ ਪਈ ਹੈ, ਅਗਵਾਈ ਦੀ ਮਹੱਤਤਾ ਜੋ ਦਿਸ਼ਾ ਨਿਰਦੇਸ਼ਨ ਕਰਦੀ ਹੈ ਅਤੇ ਮਨੁੱਖ ਨੂੰ ਆਤਮ ਅਨੁਭਵ ਵੱਲ ਪ੍ਰੇਰਤ ਕਰਦੀ ਹੈ। ਸਿੱਖਾਂ ਦਾ ਇਹ ਵਿਸ਼ਵਾਸ਼ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਸੋਂ ਇਹ ਸਹਾਇਤਾ ਬੇਅੰਤ ਮਿਲਦੀ ਹੈ। ਅਤੇ ਪੂਰਨ ਭਰੋਸਾ ਗੁਰੂ ਸਾਹਿਬਾਨ ਦੇ ਆਪਣੇ ਬਚਨਾਂ 'ਤੇ ਆਧਾਰਤ ਹੈ, ਕਿਉਂਕਿ ਆਪ ਅਨੁਭਵੀ ਹੋਣ ਦੇ ਨਾਤੇ, ਉਨ੍ਹਾਂ ਨੂੰ ਉਸ ਦਿਸ਼ਾ ਦਾ ਪਤਾ ਸੀ ਜਿਸ ਵੱਲ ਆਤਮ ਨੂੰ ਵਧਣਾ ਚਾਹੀਦਾ ਹੈ। ਗੁਰੂ ਸਾਹਿਬਾਨ ਦਾ ਆਪਣਾ ਜੀਵਨ ਆਪ ਇੱਕ ਸਦਾਚਾਰਕ ਉਦਾਹਰਣ ਹੈ।

ਇਥੇ ਅਸੀਂ ਅਨੁਮਾਨ ਲਾ ਸਕਦੇ ਹਾਂ ਕਿ ਆਤਮ ਅਨੁਭਵ ਨੂੰ ਇੱਕ ਸਦਾਚਾਰਕ ਆਦਰਸ਼ ਵਜੋਂ ਭਾਵੇਂ ਸਿੱਖ ਧਰਮ ਨੂੰ ਸ਼ੰਕਰ ਦੇ ਅਦਵੈਤ ਵੇਦਾਂਤ ਜਾਂ ਰਾਮਾਨੁਜ ਦੇ ਵਿਸ਼ਿਸ਼ਟ ਦਵੈਤ ਦੇ ਨੇੜੇ ਮੰਨਿਆ ਜਾ ਸਕਦਾ ਹੈ ਪਰ ਇਨ੍ਹਾਂ 'ਚ ਢੇਰ ਅੰਤਰ ਹੈ। ਸ਼ੰਕਰ ਸੰਕਲਪ-ਭਾਵਨਾ ਉਸ ਢੰਗ ਨਾਲ ਆਪਣਾ ਹਿੱਸਾ ਨਹੀਂ ਬਣਾਉਂਦਾ ਅਤੇ ਰਾਮਾਨੁਜ ਸ਼ਾਸਤਰੀ-ਵਿਧੀ ਨੂੰ ਸੰਕਲਪ-ਭਾਵਨਾ ਮੰਨਦਾ ਹੈ। ਯੱਗ ਤੇ ਬਲੀ-ਵਿਧੀਆਂ ਨੂੰ ਮੀਮਾਂਸਾ ਦੀਆਂ ਯੱਗ, ਬਲੀ ਵਿਧੀਆਂ ਅਤੇ ਕ੍ਰਿਆਵਾਂ ਨੂੰ ਮਹੱਤਵ ਦਿੰਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਅਜਿਹੀਆਂ ਕ੍ਰਿਆਵਾਂ ਨੂੰ ਨਕਾਰਿਆ ਗਿਆ ਹੈ। ਸਿੱਖ ਧਰਮ ਨੇ ਬੁੱਧ ਦੀ ਤਰ੍ਹਾਂ ਹੀ ਅਜਿਹੀਆਂ ਰਸਮਾਂ ਅਤੇ ਰੀਤਾਂ ਨੂੰ ਨਕਾਰਿਆ ਹੈ। ਸਿੱਖ ਧਰਮ ਵਿਚ ਇਸ ਸੰਕਲਪ-ਭਾਵਨਾ ਨੂੰ ਅਕਾਲ ਪੁਰਖ ਦਾ ਭਾਣਾ ਜਾਂ ਉਸ ਦਾ ਹੁਕਮ ਜਾਂ ਆਗਿਆ ਕਿਹਾ ਗਿਆ ਹੈ। 'ਹੁਕਮ' ਸ਼ਬਦ ਭਾਵੇਂ ਸਾਮੀ ਸ਼ਬਦ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਦੀ 'ਰੱਬੀ ਆਗਿਆ' ਵਜੋਂ ਵਿਆਖਿਆ ਸਿੱਖ ਧਰਮ ਦੀ ਆਪਣੀ ਅਤੇ ਨਿਵੇਕਲੀ ਹੈ।

*(ਨੋਟ: ਇਹ ਲੇਖ ਡਾ. ਅਵਤਾਰ ਸਿੰਘ ਦੀ ਪੁਸਤਕ 'ਤੇ ਆਧਾਰਤ ਹੈ)*

## ਹਮ ਸੰਤਨ ਕੀ ਰੇਨੁ ਪਿਆਰੇ...

ਗੁਰਬਾਣੀ ਗਿਆਨ

**ਸੋਰਠਿ ਮਹਲਾ ੫**
ਹਮ ਸੰਤਨ ਕੀ ਰੇਨੁ ਪਿਆਰੇ
ਹਮ ਸੰਤਨ ਕੀ ਸਰਣਾ॥
ਸੰਤ ਹਮਾਰੀ ਓਟ ਸਤਾਣੀ
ਸੰਤ ਹਮਾਰਾ ਗਹਣਾ॥੧॥
ਹਮ ਸੰਤਨ ਸਿਉ ਬਣਿ ਆਈ॥
ਪੂਰਬਿ ਲਿਖਿਆ ਪਾਈ॥
ਇਹੁ ਮਨੁ ਤੇਰਾ ਭਾਈ॥ ਰਹਾਉ॥
ਸੰਤਨ ਸਿਉ ਮੇਰਾ ਲੇਵਾ ਦੇਵੀ
ਸੰਤਨ ਸਿਉ ਬਿਉਹਾਰਾ॥
ਸੰਤਨ ਸਿਉ ਹਮ ਲਾਹਾ ਖਾਟਿਆ
ਹਰਿ ਭਗਤਿ ਭਰੇ ਭੰਡਾਰਾ॥੨॥
ਸੰਤਨ ਮੋ ਕਉ ਪੂੰਜੀ ਸਉਪੀ
ਤਉ ਉਤਰਿਆ ਮਨ ਕਾ ਧੋਖਾ॥
ਧਰਮ ਰਾਇ ਅਬ ਕਹਾ ਕਰੈਗੋ
ਜਉ ਫਾਟਿਓ ਸਗਲੋ ਲੇਖਾ॥੩॥
ਮਹਾ ਅਨੰਦ ਭਏ ਸੁਖੁ ਪਾਇਆ
ਸੰਤਨ ਕੈ ਪਰਸਾਦੇ॥
ਕਹੁ ਨਾਨਕ ਹਰਿ ਸਿਉ ਮਨੁ ਮਾਨਿਆ
ਰੰਗਿ ਰਤੇ ਬਿਸਮਾਦੇ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਆਖਦੇ ਹਨ-ਹੇ ਮਿਹਰਬਾਨ ਪ੍ਰਭੂ! ਹਮ ਸੰਤਨ ਕੀ ਰੇਨੁ ਪਿਆਰੇ, ਭਾਵ ਹੇ ਮਾਲਕ! ਤੇਰੇ ਸੰਤ ਜਨਾਂ ਦੀ ਚਰਨ-ਧੂੜੀ ਬਣਿਆਂ ਰਵਾਂ; ਹਮ ਸੰਤਨ ਕੀ ਸਰਣਾ, ਭਾਵ ਪ੍ਰਭੂ ਜੀਉ! ਮੈਂ ਸਦਾ ਤੇਰੇ ਸੰਤ ਜਨਾਂ ਦੀ ਸ਼ਰਨ ਵਿਚ ਪਿਆ ਰਹਾਂ; ਸੰਤ ਹਮਾਰੀ ਓਟ ਸਤਾਣੀ, ਭਾਵ ਹੇ ਮੇਰੇ ਸੋਹਣੇ ਪ੍ਰਭੂ ਜੀਉ ਤੇਰੇ ਸੰਤ ਜਨ ਹੀ ਮੇਰਾ ਸਭ ਤੋਂ ਵੱਡਾ ਸਹਾਰਾ ਹੈ; ਸੰਤ ਹਮਾਰਾ ਗਹਣਾ, ਭਾਵ ਮੇਰੇ ਜੀਵਨ ਨੂੰ ਸੋਹਣਾ ਬਣਾਉਣ ਵਾਲਾ ਗਹਿਣਾ ਵੀ ਤੇਰੇ ਸੰਤ ਹੀ ਹਨ।

ਹਮ ਸੰਤਨ ਸਿਉ ਬਣਿ ਆਈ॥
ਪੂਰਬਿ ਲਿਖਿਆ ਪਾਈ॥
ਇਹੁ ਮਨੁ ਤੇਰਾ ਭਾਈ॥ ਰਹਾਉ॥

ਸਾਹਿਬ ਪਿਤਾ ਜੀ ਬਖ਼ਸ਼ਿਸ਼ ਕਰਦੇ ਹਨ-ਹਮ ਸੰਤਨ ਸਿਉ ਬਣਿ ਆਈ, ਭਾਵ ਹੇ ਮੇਰੇ ਪ੍ਰਾਣਾਂ ਦੇ ਆਧਾਰ ਪ੍ਰਭੂ ਤੇਰੇ ਸੰਤ ਜਨਾਂ ਨਾਲ ਮੇਰੀ ਪ੍ਰੀਤੀ ਬਣ ਗਈ ਹੈ; ਪੂਰਬਿ ਲਿਖਿਆ ਪਾਈ, ਭਾਵ ਹੇ ਦਇਆ ਦੇ ਸਾਗਰ ਪ੍ਰਭੂ! ਇਹ ਤੇਰੀ ਕ੍ਰਿਪਾ ਵੀ ਮੇਰੇ ਕਿਸੇ ਪਿਛਲੇ ਕਰਮਾਂ ਕਰ ਕੇ ਹੀ ਮੈਨੂੰ ਪ੍ਰਾਪਤ ਹੋਈ ਹੈ; ਇਹੁ ਮਨੁ ਤੇਰਾ ਭਾਈ, ਭਾਵ ਮੇਰੇ ਪ੍ਰਭੂ ਜੀਉ! ਇਹ ਮੇਰਾ ਮਨ ਜੋ ਹਰ ਵੇਲੇ ਹੀ ਭਟਕਦਾ ਫਿਰਦਾ ਸੀ, ਹੁਣ ਤੇਰੇ ਨਾਲ ਜੁੜ ਗਿਆ ਹੈ, ਤੇਰੇ ਪਿਆਰ ਵਿਚ ਹੀ ਰਹਿੰਦਾ ਹੈ।

ਸੰਤਨ ਸਿਉ ਮੇਰਾ ਲੇਵਾ ਦੇਵੀ
ਸੰਤਨ ਸਿਉ ਬਿਉਹਾਰਾ॥
ਸੰਤਨ ਸਿਉ ਹਮ ਲਾਹਾ ਖਾਟਿਆ
ਹਰਿ ਭਗਤਿ ਭਰੇ ਭੰਡਾਰਾ॥੨॥

ਸੰਤਨ ਸਿਉ ਮੇਰਾ ਲੇਵਾ ਦੇਵੀ, ਭਾਵ ਹੇ ਪ੍ਰਭੂ ਜੀਉ! ਤੇਰੀ ਬਖ਼ਸ਼ਿਸ਼ ਸਦਕਾ ਹੁਣ ਸੰਤ ਜਨਾਂ ਦੇ ਨਾਲ ਹੀ ਮੇਰਾ ਲੈਣ-ਦੇਣ ਹੈ; ਸੰਤਨ ਸਿਉ ਬਿਉਹਾਰਾ, ਭਾਵ ਹੇ ਮਿਹਰਬਾਨ ਪ੍ਰਭੂ ਜੀਉ! ਮੇਰਾ ਸਾਰਾ ਵਰਤੋਂ ਵਿਹਾਰ ਵੀ ਹੁਣ ਸੰਤ ਜਨਾਂ ਦੇ ਨਾਲ ਹੈ; ਸੰਤਨ ਸਿਉ ਹਮ ਲਾਹਾ ਖਾਟਿਆ, ਭਾਵ ਹੇ ਪ੍ਰਭੂ ਪ੍ਰੀਤਮ ਜੀਉ! ਤੇਰੇ ਸੰਤ ਜਨਾਂ ਦੀ ਸੰਗਤ ਕਰ ਕੇ ਹੀ ਮੈਂ ਇਹ ਲਾਹਾ ਖੱਟਿਆ ਹੈ; ਮੇਰੇ ਖਾਲੀ ਪਏ ਹਿਰਦੇ ਵਿਚ ਹੁਣ ਤੇਰੀ ਭਗਤੀ ਦੇ ਭੰਡਾਰ ਭਰ ਗਏ ਹਨ।

ਸੰਤਨ ਮੋ ਕਉ ਪੂੰਜੀ ਸਉਪੀ
ਤਉ ਉਤਰਿਆ ਮਨ ਕਾ ਧੋਖਾ॥
ਧਰਮ ਰਾਇ ਅਬ ਕਹਾ ਕਰੈਗੋ
ਜਉ ਫਾਟਿਓ ਸਗਲੋ ਲੇਖਾ॥੩॥

ਸੰਤਨ ਮੋ ਕਉ ਪੂੰਜੀ ਸਉਪੀ, ਭਾਵ ਹੁਣ ਗੁਰਦੇਵ ਜੀ ਆਖਦੇ ਹਨ-ਹੇ ਭਾਈ! ਜਦੋਂ ਤੋਂ ਪ੍ਰਭੂ ਕ੍ਰਿਪਾ ਸਦਕਾ ਸੰਤ ਜਨਾਂ ਨੇ ਮੈਨੂੰ ਅਕਾਲ ਪੁਰਖ ਦੀ ਭਗਤੀ ਦੀ ਪੂੰਜੀ ਸੌਂਪ ਦਿਤੀ ਹੈ; ਤਉ ਉਤਰਿਆ ਮਨ ਕਾ ਧੋਖਾ, ਭਾਵ ਉਦੋਂ ਤੋਂ ਹੀ ਮੇਰੇ ਮਨ ਤੋਂ ਸਾਰੀ ਚਿੰਤਾ ਤੇ ਫਿਕਰ ਮੁੱਕ ਗਿਆ ਹੈ; ਧਰਮ ਰਾਇ ਅਬ ਕਹਾ ਕਰੈਗੋ, ਭਾਵ ਧਰਮਰਾਜ ਹੁਣ ਮੇਰਾ ਕੁੱਝ ਵਿਗਾੜ ਨਹੀਂ ਸਕਦਾ; ਜਉ ਫਾਟਿਓ ਸਗਲੋ ਲੇਖਾ, ਭਾਵ ਸੰਤ ਜਨਾਂ ਨੇ ਮੇਰੇ ਕਰਮਾਂ ਦੇ ਹਿਸਾਬ ਵਾਲਾ ਕਾਗਜ਼ ਹੀ ਪਾੜ ਕੇ ਸੁੱਟ ਛੱਡਿਆ ਹੈ।

ਮਹਾ ਅਨੰਦ ਭਏ ਸੁਖੁ ਪਾਇਆ
ਸੰਤਨ ਕੈ ਪਰਸਾਦੇ॥
ਕਹੁ ਨਾਨਕ ਹਰਿ ਸਿਉ ਮਨੁ ਮਾਨਿਆ
ਰੰਗਿ ਰਤੇ ਬਿਸਮਾਦੇ॥੪॥

ਮਹਾ ਅਨੰਦ ਭਏ ਸੁਖੁ ਪਾਇਆ, ਭਾਵ ਹੇ ਭਾਈ! ਸੰਤ ਜਨਾਂ ਦੀ ਮਿਹਰ ਸਦਕਾ ਹੁਣ ਮੇਰੇ ਅੰਦਰ ਬਹੁਤ ਹੀ ਆਤਮਿਕ ਅਨੰਦ ਬਣ ਗਿਆ ਹੈ; ਸੰਤਨ ਕੈ ਪਰਸਾਦੇ, ਭਾਵ ਇਹ ਸਭ ਹੋਇਆ ਸੰਤ ਜਨਾਂ ਦੀ ਕ੍ਰਿਪਾ ਸਦਕਾ ਹੀ ਹੈ; ਕਹੁ ਨਾਨਕ ਹਰਿ ਸਿਉ ਮਨੁ ਮਾਨਿਆ, ਭਾਵ ਇਹ ਨਾਨਕ ਆਖਦਾ ਹੈ ਕਿ ਮੇਰਾ ਮਨ ਹੁਣ ਉਸ ਮਿਹਰਬਾਨ ਪ੍ਰਭੂ ਜੀ ਨਾਲ ਮੰਨ ਗਿਆ ਹੈ, ਜੁੜ ਗਿਆ ਹੈ; ਰੰਗਿ ਰਤੇ ਬਿਸਮਾਦੇ, ਭਾਵ ਹੇ ਜਗਤ ਦੇ ਲੋਕੋ! ਮੈਂ ਉਸ ਸੋਹਣੇ ਪ੍ਰਭੂ ਜੀ ਦੇ ਪ੍ਰੇਮ ਰੰਗ ਵਿਚ ਰੰਗਿਆ ਗਿਆ ਹਾਂ ਅਤੇ ਨਿਹਾਲ ਹੋ ਰਿਹਾ ਹਾਂ।

ਆਉ ਗੁਰੂ ਪਿਆਰਿਉ! ਸ਼ਬਦ ਗੁਰੂ ਦੀ ਵਿਚਾਰ ਨਾਲ ਜੁੜੀਏ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫ਼ੋਨ : 916-687-3536*

# ਨਵੀਂ ਚੇਤਨਾ ਦਾ ਕਵੀ ਸ.ਸ. ਮੀਸ਼ਾ

ਮੈਨੂੰ ਆਪਣਾ ਵੀ ਹੱਥ ਦਿਸਦਾ ਹੈ,
ਸੜਕ ਉਤੇ ਜੋ ਰਾਤ ਦੇ ਮੰਗਤੇ,
ਵਿਚ ਪਾਲੇ ਦੇ ਠਿਠਰਦੇ ਮੋਏ।
(ਮੀਸ਼ਾ ਦੀ ਕਵਿਤਾ 'ਪਤਝੜ' ਵਿਚੋਂ)

'ਪੰਜਾਬ ਟਾਈਮਜ਼' ਦੇ 5 ਅਕਤੂਬਰ 2013 ਵਾਲੇ ਅੰਕ ਵਿਚ ਸ. ਸੁਰਿੰਦਰ ਸੋਹਲ ਦਾ ਲੇਖ "ਮੀਸ਼ਾ ਦਾ ਆਖ਼ਰੀ ਕਾਵਿ-ਸੰਗ੍ਰਹਿ 'ਚਪਲ ਚੇਤਨਾ' ਪੜ੍ਹਨ ਬਹਾਨੇ" ਪੜ੍ਹਿਆ। ਸੁਰਿੰਦਰ ਦਾ ਇਹ ਲੇਖ ਪੜ੍ਹ ਕੇ ਜੋ ਅਕਹਿ ਖੁਸ਼ੀ ਮੈਨੂੰ ਹੋਈ, ਉਸੇ ਆਧਾਰ 'ਤੇ ਕਹਿ ਰਿਹਾ ਹਾਂ ਕਿ ਨਿਰਸੰਦੇਹ, ਸੁਰਿੰਦਰ ਸੋਹਲ ਆਹਲਾ ਗ਼ਜ਼ਲਗੋ ਹੋਣ ਦੇ ਨਾਲ-ਨਾਲ ਦਿਲ ਨੂੰ ਟੁੰਬਣ ਵਾਲੀ ਵਾਰਤਕ ਲਿਖਣ ਦਾ ਵੀ ਧਨੀ ਹੈ। ਇਸ ਲੇਖ ਨੇ ਮੇਰੇ ਦਿਲ ਵਿਚ ਮੀਸ਼ਾ ਬਾਰੇ ਹੋਰ ਜਾਣਨ ਦੀ ਇੰਨੀ ਉਤਸੁਕਤਾ ਜਗਾਈ ਕਿ ਮੈਂ ਉਹਦੀ ਜੀਵਨੀ ਬਾਰੇ ਕਾਫ਼ੀ ਕੁਝ ਉਪਲਬਧ ਸਰੋਤਾਂ ਤੋਂ ਪੜ੍ਹਿਆ। ਉਨ੍ਹਾਂ ਦੀ ਜੀਵਨੀ ਨਾਲ ਸਬੰਧਤ ਇਹੀ ਤੱਥ ਤੇ ਵੇਰਵੇ, ਮੈਂ 'ਪੰਜਾਬ ਟਾਈਮਜ਼' ਦੇ ਪਾਠਕਾਂ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ।

ਮੀਸ਼ਾ ਦਾ ਪੂਰਾ ਨਾਮ ਸੋਹਣ ਸਿੰਘ ਮੀਸ਼ਾ ਸੀ। ਉਹਦਾ ਜਨਮ 30 ਅਗਸਤ, 1934 ਨੂੰ ਪਿੰਡ ਭੇਟਾਂ (ਜ਼ਿਲ੍ਹਾ ਕਪੂਰਥਲਾ) ਵਿਖੇ ਸ. ਇੰਦਰ ਸਿੰਘ ਦੇ ਘਰ ਹੋਇਆ। ਉਹ ਚਾਰ ਭੈਣਾਂ ਦਾ ਇਕੋ-ਇਕ ਭਰਾ ਸੀ। ਪਿਤਾ ਜੀ ਪੇਸ਼ੇ ਵਜੋਂ ਦਰਜ਼ੀ ਸਨ। ਉਹਨੇ ਮੈਟ੍ਰਿਕ ਰਣਧੀਰ ਹਾਈ ਸਕੂਲ, ਕਪੂਰਥਲਾ ਤੋਂ 1950 ਵਿਚ ਅਤੇ ਐਫ.ਏ. ਰਣਧੀਰ ਕਾਲਜ, ਕਪੂਰਥਲਾ ਤੋਂ 1953 ਵਿਚ ਕੀਤੀ। 1957 ਵਿਚ ਪੰਜਾਬ ਯੂਨੀਵਰਸਿਟੀ ਕਾਲਜ, ਹੁਸ਼ਿਆਰਪੁਰ ਤੋਂ ਅੰਗਰੇਜ਼ੀ ਦੀ ਐਮ.ਏ. ਕੀਤੀ। ਉਸ ਤੋਂ ਬਾਅਦ ਉਹ 7 ਅਕਤੂਬਰ 1957 ਤੋਂ 31 ਜੁਲਾਈ 1966 ਤੱਕ ਨੈਸ਼ਨਲ ਕਾਲਜ ਸਠਿਆਲਾ (ਜ਼ਿਲ੍ਹਾ ਅੰਮ੍ਰਿਤਸਰ) ਵਿਖੇ ਲੈਕਚਰਾਰ ਦੇ ਅਹੁਦੇ 'ਤੇ ਕੰਮ ਕਰਦਾ ਰਿਹਾ। ਪਹਿਲੀ ਅਗਸਤ 1966 ਤੋਂ ਅੰਤਮ ਸਾਹਾਂ ਤੱਕ (22 ਸਤੰਬਰ 1986 ਤੱਕ) ਆਲ ਇੰਡੀਆ ਰੇਡੀਓ ਸਟੇਸ਼ਨ ਜਲੰਧਰ ਵਿਖੇ ਪ੍ਰੋਡਿਊਸਰ (ਪੰਜਾਬੀ ਸੈਕਸ਼ਨ) ਦੇ ਅਹੁਦੇ 'ਤੇ ਤਾਇਨਾਤ ਰਿਹਾ।

ਮੀਸ਼ਾ ਦਾ ਕਵੀਆਂ ਵਿਚੋਂ ਸਭ ਤੋਂ ਪਹਿਲਾ ਮਿਲਾਪ ਸ. ਜੋਗਿੰਦਰ ਸ਼ਮਸ਼ੇਰ ਨਾਲ 1950 'ਚ ਹੋਇਆ ਅਤੇ ਦੋਹਾਂ ਦੀ ਦੋਸਤੀ ਹੋ ਗਈ। ਦੋਹਾਂ ਦੀ ਇਹ ਦੋਸਤੀ ਸਾਰੀ ਉਮਰ ਨਿਭੀ। ਉਨ੍ਹਾਂ ਦਿਨਾਂ 'ਚ ਮੀਸ਼ਾ ਮਿਰਜ਼ਾ ਗਾਲਿਬ, ਫੈਜ਼ ਅਹਿਮਦ ਫੈਜ਼ ਅਤੇ ਸਾਹਿਰ ਲੁਧਿਆਣਵੀ ਦੀਆਂ ਰਚਨਾਵਾਂ ਪੜ੍ਹਨ ਦੇ ਕਾਇਲ ਸੀ। ਪ੍ਰੋ. ਮੋਹਨ ਸਿੰਘ ਮੀਸ਼ਾ ਦੀਆਂ ਕਵਿਤਾਵਾਂ ਨੂੰ 'ਪੰਜ ਦਰਿਆ' ਮੈਗਜ਼ੀਨ ਵਿਚ ਛਾਪ ਕੇ ਉਤਸ਼ਾਹਿਤ ਕਰਦੇ ਰਹਿੰਦੇ ਸਨ। ਇਹ ਸਮਾਂ 1950 ਦੇ ਪਹਿਲੇ ਮਹੀਨਿਆਂ ਦਾ ਸੀ। ਉਨ੍ਹਾਂ ਦਿਨਾਂ ਵਿਚ 'ਪੰਜ ਦਰਿਆ' ਵਿਚ ਕਿਸੇ ਲਿਖਤ ਦਾ ਛਪਣਾ ਖੁਦਾਈ ਦੀ ਤਰ੍ਹਾਂ ਸਮਝਿਆ ਜਾਂਦਾ ਸੀ।

ਮੀਸ਼ਾ ਨੇ 1961 ਵਿਚ 'ਚੁਰਸਤਾ' ਤੇ 1969 ਵਿਚ 'ਦਸਤਕ' ਨਾਂ ਦੇ ਕਾਵਿ ਸੰਗ੍ਰਹਿ ਪੰਜਾਬੀ ਸਾਹਿਤ ਦੀ ਝੋਲੀ ਪਾਏ। ਇਨ੍ਹਾਂ ਦੋਹਾਂ ਸੰਗ੍ਰਹਿਆਂ ਵਿਚੋਂ ਲਈਆਂ ਗਈਆਂ ਚੋਣਵੀਆਂ



ਸ.ਸ. ਮੀਸ਼ਾ

ਕਵਿਤਾਵਾਂ ਦਾ ਸੰਗ੍ਰਹਿ 'ਮੀਸ਼ਾ' ਹੈ। 1972 ਵਿਚ 'ਧੀਮੇ ਬੋਲ' ਚੋਣਵੀਂ ਪੰਜਾਬੀ ਕਵਿਤਾ ਦਾ ਸੰਗ੍ਰਹਿ ਪ੍ਰਕਾਸ਼ਤ ਹੋਇਆ। ਉਸ ਦਾ ਚੌਥਾ ਕਾਵਿ ਸੰਗ੍ਰਹਿ 'ਕੱਚ ਦੇ ਵਸਤਰ' 1974 ਵਿਚ ਛਪਿਆ। ਇਸੇ ਸੰਗ੍ਰਹਿ ਨੂੰ ਪੰਜਾਬ ਭਾਸ਼ਾ ਵਿਭਾਗ, ਚੰਡੀਗੜ੍ਹ ਨੇ 1975 ਵਿਚ ਸਭ ਤੋਂ ਵਧੀਆ ਕਾਵਿ ਸੰਗ੍ਰਹਿ ਐਲਾਨਿਆ। ਫਿਰ ਇਸੇ 'ਕੱਚ ਦੇ ਵਸਤਰ' ਨੂੰ 1977 ਵਿਚ ਸਾਹਿਤ ਅਕੈਡਮੀ ਐਵਾਰਡ ਪ੍ਰਾਪਤ ਹੋਇਆ। ਜਦੋਂ ਸੁਰਜੀਤ ਪਾਤਰ ਕਪੂਰਥਲਾ ਦੇ ਕਾਲਜ 'ਚ ਪੜ੍ਹਦਾ ਸੀ, ਉਨ੍ਹੀਂ ਦਿਨੀਂ ਮੀਸ਼ਾ ਕਵਿਤਾਵਾਂ ਦੇ ਮੁਕਾਬਲੇ ਲਈ ਜੱਜ ਬਣ ਕੇ ਜਾਂਦਾ ਹੁੰਦਾ ਸੀ।

ਮੀਸ਼ਾ ਦਾ ਆਨੰਦ ਕਾਰਜ ਮਈ 1964 ਵਿਚ ਸੁਰਿੰਦਰ ਕੌਰ ਨਾਲ ਹੋਇਆ। ਉਸ ਦੇ ਘਰ ਪੁੱਤਰ ਅਮਰਦੀਪ ਸਿੰਘ ਅਤੇ ਪੁੱਤਰੀ ਰੇਨੂੰ ਨੇ ਜਨਮ ਲਿਆ। ਉਹ ਸੱਚਮੁੱਚ ਹੀ ਯਾਰਾਂ ਦਾ ਯਾਰ ਅਤੇ ਨੇਕ ਇਨਸਾਨ ਸੀ। ਉਸ ਦੀ ਉਦਾਰਚਿੱਤ ਦੋਸਤੀ ਦਾ ਲਾਭ ਕਈ ਵਾਰ ਫਸਲੀ-ਬਟੇਰੇ ਲੈ ਜਾਂਦੇ ਸਨ। ਉਹਨੇ ਨਿਰਛਲ ਅਤੇ ਨਿਰਕਪਟ ਰਹਿ ਕੇ ਕਵਿਤਾਵਾਂ ਰਚੀਆਂ। ਅੰਮ੍ਰਿਤਾ ਪ੍ਰੀਤਮ ਅਨੁਸਾਰ, "ਮੀਸ਼ਾ ਦੀ ਕਵਿਤਾ ਰੋਹ ਭਰੀ ਸੁੰਦਰੀ ਵਾਂਗ ਖੂਬਸੂਰਤ ਹੈ। ਇਹਦੇ ਵਿਚ ਹਾਰ ਸ਼ਿੰਗਾਰ ਲਈ ਖਲੋਤੀ ਸੁੰਦਰੀ ਦਾ ਲਜੀਲਾ ਰੂਪ ਨਹੀਂ, ਸੋਚਾਂ ਵਿਚ ਮੱਤੀ ਤੇ ਧਵਾਂ-ਤਾਣੀ ਸੁੰਦਰੀ ਦਾ ਮਾਣ ਹੈ।" (ਕਾਵਿ ਪ੍ਰਵਾਹ, ਸੰਪਾਦਕ ਦੀਵਾਨ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ 1973)

ਮੀਸ਼ਾ ਆਪਣੀਆਂ ਕਵਿਤਾਵਾਂ ਤੋਂ ਕਈ ਇਨਕਲਾਬੀ ਕੰਮ ਲੈਂਦਾ ਸੀ। ਮਿਸਾਲ ਦੇ ਤੌਰ 'ਤੇ ਸੰਘਰਸ਼ ਵਿਚ ਨਾਅਰੇ ਤੇ ਹਥਿਆਰ ਦਾ, ਮਾਨਸਿਕ ਕਸ਼ਟ ਵਿਚ ਆਪਣੇ ਆਪ ਨੂੰ ਧੀਰਜ ਤੇ ਧਰਵਾਸ ਦੇਣ ਅਤੇ ਸਮੁੱਚੇ ਤੌਰ 'ਤੇ ਦੱਬੇ ਕੁਚਲੇ ਲੋਕਾਂ ਦੀ ਦਸ਼ਾ ਜਾਂ ਦੁਰਦਸ਼ਾ ਸਮਝਣ ਦਾ। ਉਹਨੇ ਕਦੇ ਵੀ ਨਾ ਛਾਤੀ 'ਤੇ ਹੱਥ ਮਾਰ ਕੇ ਕੋਈ ਐਲਾਨ ਕੀਤਾ, ਨਾ ਹੀ ਉਸ ਧਰਤੀ ਉਤੇ ਸਵਰਗ ਉਤਾਰਨ ਦਾ ਝੂਠਾ ਤੇ ਕਾਹਲਾ ਵਾਅਦਾ ਹੀ। ਉਸ ਦੀ ਕਵਿਤਾ 'ਮਿੱਟੀ ਦਾ ਪੁਤਲਾ' ਦੀਆਂ ਕੁਝ ਲਾਈਨਾਂ ਇਉਂ ਹਨ,

ਮੈਂ ਨਹੀਂ ਕਹਿੰਦਾ ਕਿ ਧਰਤੀ ਸੁਰਗ ਹੈ,
ਨਾ ਮੈਂ ਕਹਿੰਦਾ ਹਾਂ ਸੁਰਗ ਬਣ ਜਾਏਗੀ,
ਸੁਰਗ ਅਸਲੀਅਤ ਨਹੀਂ ਆਦਰਸ਼ ਹੈ,
ਅਸਲੀਅਤ ਆਦਰਸ਼ ਦਾ ਸੰਘਰਸ਼ ਹੈ,
ਬੱਸ ਇਹੋ ਸੰਘਰਸ਼ ਹੈ ਇਹ ਜ਼ਿੰਦਗੀ,
ਇਹ ਜੋ ਮਿੱਟੀ ਵਿਚ ਸ਼ੁਅਲਾ ਮਚਲਦਾ।

ਉਸ ਦੀ ਕਵਿਤਾ ਤੋਂ ਇਵੇਂ ਪ੍ਰਤੀਤ ਹੁੰਦਾ ਹੈ ਜਿਵੇਂ ਉਹ ਆਪਣੇ ਦੋਸਤਾਂ ਨਾਲ ਜਾਂ ਆਪਣੇ ਆਪ ਨਾਲ ਗੱਲਾਂ ਕਰ ਰਿਹਾ ਹੋਵੇ। ਉਹਦੇ ਕੋਲ ਸਰਲ, ਸਪਸ਼ਟ, ਸੰਖੇਪ ਅਤੇ ਸਾਦੇ ਤੋਂ ਸਾਦੇ ਸ਼ਬਦਾਂ ਵਿਚ ਜੀਵਨ ਦੇ ਤਲਖ ਭਰੇ ਅਨੁਭਵਾਂ ਦੇ ਅਸਰਦਾਰ ਬਿਆਨ ਗੁੰਦਣ ਦੀ ਮੁਹਾਰਤ ਸੀ। ਉਹ ਮਨੁੱਖਤਾ ਦੇ ਦੁਖ-ਦਰਦ ਨੂੰ ਸੁਹਿਰਦਤਾ ਨਾਲ ਸਮਝਦਾ ਅਤੇ ਚਿਤਵਦਾ ਸੀ। ਯਥਾਰਥ ਉਸ ਦੀ ਕਵਿਤਾ ਦਾ ਨਿਖੜਵਾਂ ਗੁਣ ਹੈ।

1970-71 ਦੀ ਨਕਸਲੀ ਲਹਿਰ ਸਮੇਂ, ਸ਼ੱਕ ਦੇ ਆਧਾਰ 'ਤੇ ਪੁਲਿਸ ਨੇ ਮੀਸ਼ਾ ਨੂੰ ਦੋ ਦਿਨ ਹਿਰਾਸਤ ਵਿਚ ਰੱਖਿਆ। ਉਹਨੇ 1978 ਵਿਚ ਇੰਗਲੈਂਡ, ਕੈਨੇਡਾ ਅਤੇ ਯੂ.ਐਸ.ਏ. ਦਾ ਦੌਰਾ ਵੀ ਕੀਤਾ। ਫਿਰ 1980 ਦੀਆਂ ਗਰਮੀਆਂ ਵਿਚ ਉਹ 'ਵਰਲਡ ਪੰਜਾਬੀ ਕਾਨਫਰੰਸ' ਵਿਚ ਹਿੱਸਾ ਲੈਣ ਲਈ ਸਾਊਥਹਾਲ ਅਤੇ ਕਵੈਂਟਰੀ (ਯੂ.ਕੇ.) ਗਿਆ। 22 ਸਤੰਬਰ 1986 ਨੂੰ ਉਹ ਆਪਣੇ ਘਰੋਂ ਕਾਂਜਲੀ 'ਕਾਲੀ ਵੇਈਂ' ਦੇ ਪਿਕਨਿਕ ਸਥਾਨ, ਕਪੂਰਥਲਾ ਲਈ ਨਿਕਲੇ। ਉਹ ਕੁਝ ਸਮਾਂ ਇਸ ਸਥਾਨ 'ਤੇ ਆਪਣੇ ਦੋਸਤਾਂ ਨਾਲ ਬਿਤਾਉਣਾ ਚਾਹੁੰਦਾ ਸੀ। ਉਹਨੇ ਤੈਰਨ ਦੀ ਇੱਛਾ ਨਾਲ ਕਾਂਜਲੀ ਝੀਲ 'ਚ ਕਿਸ਼ਤੀ ਤੋਂ ਛਾਲ ਮਾਰੀ ਹੀ ਸੀ ਕਿ ਉਹ ਗਹਿਰੇ ਪਾਣੀ 'ਚ ਡੁੱਬ ਗਿਆ। ਉਸ ਦੇ ਕਿਸ਼ਤੀ ਉਤੇ ਬੈਠੇ ਦੋਸਤਾਂ ਕੋਲ 'ਲਾਈਫ ਗਾਰਡ' ਦਾ ਤਜਰਬਾ ਨਾ ਹੋਣ ਕਰ ਕੇ ਕੋਈ ਵੀ ਉਸ ਨੂੰ ਬਚਾਉਣ ਲਈ ਮਦਦ ਨਾ ਕਰ ਸਕਿਆ। ...ਤੇ ਭਾਣਾ ਵਾਪਰ ਗਿਆ। ਅਗਲੇ ਦਿਨ 23 ਸਤੰਬਰ 1986 ਨੂੰ ਲਾਸ਼ ਤੈਰਦੀ ਹੋਈ ਉਪਰ ਆ ਗਈ ਤੇ ਉਸ ਦਾ ਜਲੰਧਰ ਵਿਖੇ ਦਾਹ-ਸਸਕਾਰ ਕੀਤਾ ਗਿਆ।

ਸੋਹਣ ਸਿੰਘ ਮੀਸ਼ਾ ਦੇ ਜੀਵਨ ਬਾਰੇ ਅੰਗਰੇਜ਼ੀ 'ਚ ਇਕ ਕਿਤਾਬ ਸਾਹਿਤ ਅਕੈਡਮੀ ਨਵੀਂ ਦਿੱਲੀ ਨੇ 2002 ਵਿਚ ਛਾਪੀ ਹੈ। ਇਸ ਕਿਤਾਬ ਦਾ ਨਾਂ 'ਐਸ.ਐਸ. ਮੀਸ਼ਾ, ਮੇਕਰਜ਼ ਆਫ਼ ਇੰਡੀਅਨ ਲਿਟਰੇਚਰ' ਹੈ। ਇਸ ਦਾ ਲੇਖਕ ਅੰਮ੍ਰਿਤ ਲਾਲ ਪਾਲ ਹੈ। ਹੁਣੇ ਹੁਣੇ 2013 'ਚ ਉਹਦਾ ਆਖਰੀ ਕਾਵਿ ਸੰਗ੍ਰਹਿ 'ਚਪਲ ਚੇਤਨਾ' ਉਸ ਦੀ ਪਤਨੀ ਸੁਰਿੰਦਰ ਕੌਰ ਦੀਆਂ ਕੋਸ਼ਿਸ਼ਾਂ ਨਾਲ ਪ੍ਰਕਾਸ਼ਿਤ ਹੋਇਆ ਹੈ। ਅੱਜ ਮੀਸ਼ਾ ਭਾਵੇਂ ਸਰੀਰਕ ਤੌਰ 'ਤੇ ਸਾਡੇ ਵਿਚਕਾਰ ਨਹੀਂ ਹੈ, ਪਰ ਉਸ ਦੇ ਰਚੇ ਪੰਜਾਬੀ ਸਾਹਿਤ ਵਿਚੋਂ ਉਸ ਦੇ ਦਰਸ਼ਨ ਕਰ ਕੇ ਅਸੀਂ ਹਮੇਸ਼ਾ ਤਰੋ-ਤਾਜ਼ਾ ਹੁੰਦੇ ਰਹਾਂਗੇ। ਸਾਡੇ ਲਈ ਮੀਸ਼ਾ ਦੇ ਸੰਜੋਏ ਸੁਪਨਿਆਂ ਵਾਲਾ ਮਨੁੱਖੀ ਜਗਤ ਸਿਰਜਣਾ ਹੀ ਉਸ ਲਈ ਸੱਚੀ ਸ਼ਰਧਾਂਜਲੀ ਹੋਵੇਗੀ।

*-ਕੁਲਦੀਪ ਸਿੰਘ*
*ਯੂਨੀਅਨ ਸਿਟੀ, ਕੈਲੀਫੋਰਨੀਆ।*

## ਪਾਠਕਾਂ ਦੀ ਰਾਏ

## ਸ. ਸ. ਮੀਸ਼ਾ ਦੀਆਂ ਕਵਿਤਾਵਾਂ

### ਚੁਰਸਤਾ

ਕਿੰਨੀ ਅੰਨ੍ਹੀ ਹੈ ਇਹ ਰਾਤ
ਬੁਝ ਗਏ ਸਾਰੇ ਚਿਰਾਗ,
ਚੌਕ ਦੀ ਬੱਤੀ ਬਿਨਾਂ-
ਚੌਕ ਦੀ ਮਰੀਅਲ ਜਿਹੀ ਬੱਤੀ ਬਿਨਾਂ
ਕਿਰਨ ਚਾਨਣ ਦੀ ਕਿਤੋਂ ਵੀ
ਪਾ ਰਹੀ ਨਾ ਕੋਈ ਝਾਤ।

ਸੁੰਘਿਆ ਇਸ ਨੂੰ ਉਦਾਸੀ-ਸੱਪ ਨੇ
ਸੌਂ ਗਿਆ ਕਿ ਮਰ ਗਿਆ ਇਹ ਸ਼ਹਿਰ ਹੈ?
ਹੌਕੇ ਭਰਦੀ ਸੋਗ ਦੇ
ਹੈ ਪੌਣ ਸਾਹੋਂ ਉਖੜੀ,
ਫੂਕਰਾਂ ਨੇ ਮਾਰਦੇ ਨ੍ਹੇਰੇ ਦੇ ਨਾਗ,
ਇਸ ਫਿਜ਼ਾ ਦੀ ਰਗ-ਰਗ ਵਿਚ ਜ਼ਹਿਰ ਹੈ,
ਕਹਿਰ ਹੈ, ਹਾਏ ਕਹਿਰ ਹੈ।

ਰਾਤ ਕਿੰਨੀ ਸੀਤ ਹੈ।
ਦਿਲ ਕਿਸੇ ਦੀ ਨੁੱਕਰ ਵੀ
ਚਿਣਗ ਬਾਕੀ ਹੈ ਕੋਈ?
ਭੇਤ ਨਾ ਕੋਈ ਭੇਤ ਨਾ,
ਅਹਿਸਾਸ ਠੰਢਾ ਹੋ ਰਿਹਾ,
ਸੁੰਨ ਹੁੰਦੀ ਜਾ ਰਹੀ ਹੈ ਚੇਤਨਾ।
ਚੌਹੀਂ ਪਾਸੀਂ ਰਾਤ ਅੰਨ੍ਹੀ ਸੀਤ ਹੈ।

ਕਿੰਨਾ ਔਖਾ ਹੈ ਚੁਰਸਤਾ ਛੱਡਣਾ।
ਹਾਏ ਹੱਡਾਂ ਵਿਚ ਸਿੱਕਾ ਭਰ ਗਿਆ।
ਸੱਚ ਤੇ ਪਰਦਾ ਸਿਆਹ
ਤੇ ਸੂਝ ਦੀ ਹੋਈ ਬੇਵਾਹ
ਚੌਕ ਦੀ ਮਰੀਅਲ ਜਿਹੀ ਬੱਤੀ
ਕਿਸੇ ਨੂੰ ਕੀ ਵਿਖਾ ਸਕਦੀ ਏ ਰਾਹ।
ਐਵੇਂ ਹਮਦਰਦੀ ਜਿਹੀ ਜਤਲਾ ਰਹੀ,
ਕੁਝ ਕਹਿੰਦੀ ਕਹਿੰਦੀ ਏ ਥਥਲਾ ਰਹੀ
ਮੌਤ ਦਾ ਪਹਿਰਾ ਸਹੀ
ਫਿਰ ਵੀ ਆਖਰੀ ਸ਼ਹਿਰ ਹੈ,
ਐ ਮਨਾ, ਚਲ ਫੇਰ
ਕੋਈ ਖਟਖਟਾ ਕੇ ਵੇਖ ਦਰ।
ਨਾ ਸਹੀ ਕੋਈ ਉਮੀਦ
ਪਰ ਕੋਈ ਹੀਲਾ ਤਾਂ ਕਰ।

### ਦਸਤਕ

ਮਨ ਕਪਟੀ ਹੈ
ਕਪਟ ਕਮਾਏ
ਪਾਪ ਹੰਢਾਏ
ਕਰਮ ਵਿਹੂਣਾ ਤਨ
ਕਰਨੀ ਤੋਂ ਟੁੱਟਾ
ਪਲਾਂ ਛਿਣਾਂ ਦੇ ਵਿਚਲਾਂ ਥਾਣੀਂ ਕਿਰਦਾ ਜਾਏ

ਅੰਦਰੋਂ ਬੰਦ ਬੂਹੇ ਦਾ
ਬਾਹਰੋਂ ਕੁੰਡਾ ਖੜਕੇ
ਜਾਂ ਦਿਲ ਧੜਕੇ
ਦਸਤਕ ਦੇਹ ਦੇ ਲੂੰ ਕੰਡਿਆਏ

'ਕੀ ਕਰਦੇ ਹੋ?
ਬਾਹਰ ਦੀ ਧੁੱਪ ਤੋਂ ਡਰਦੇ ਹੋ
ਅੰਦਰ ਦੀ ਚੁੱਪ ਤੋਂ ਡਰਦੇ ਹੋ
ਆਪਣੇ ਪਾਲੇ ਵਿਚ ਠਰਦੇ ਹੋ
ਬੂਹਾ ਖੋਲ੍ਹੋ ਬਾਹਰ ਆਓ
ਨਹੀਂ ਦਰਵਾਜ਼ਾ ਤੋੜ ਦਿਆਂਗੇ।'

# ਮੀਸ਼ੇ ਦਾ ਗੀਤ: ਚੱਲ ਰੇਲ ਗੱਡੀਏ ਨੀ ਛੂਕ ਛਕ ਛਕ ਛਕ

**ਸੰਪਾਦਕ ਜੀ,**

'ਪੰਜਾਬ ਟਾਈਮਜ਼' ਦੇ 5 ਅਕਤੂਬਰ ਦੇ ਅੰਕ ਵਿਚ ਸੁਰਿੰਦਰ ਸੋਹਲ ਵਲੋਂ ਲਿਖਿਆ ਗਿਆ ਸੋਹਣ ਸਿੰਘ ਮੀਸ਼ਾ ਦੀ ਕਿਤਾਬ ਬਾਰੇ ਲੇਖ ਜਿੱਥੇ ਦਿਲ ਨੂੰ ਟੁੰਬ ਗਿਆ, ਉਥੇ ਮੀਸ਼ਾ ਜੀ ਦੀਆਂ ਬਹੁਤ ਸਾਰੀਆਂ ਯਾਦਾਂ ਵੀ ਤਾਜ਼ਾ ਕਰਵਾ ਗਿਆ। ਮੀਸ਼ਾ ਜੀ ਦੀ ਕਾਵਿ-ਕਲਾ ਨੂੰ ਸੋਹਲ ਨੇ ਬਹੁਤ ਹੀ ਕਾਵਿ-ਮਈ ਅੰਦਾਜ਼ ਵਿਚ ਪੇਸ਼ ਕੀਤਾ ਹੈ। ਨਾਲ ਨਾਲ ਉਰਦੂ ਦੇ ਢੁਕਵੇਂ ਸ਼ਿਅਰਾਂ ਨਾਲ ਤਾਂ ਲੇਖ ਹੋਰ ਵੀ ਪਾਏਦਾਰ ਬਣ ਗਿਆ। ਸੁਰਿੰਦਰ ਸੋਹਲ ਨੇ ਇਕ ਵਾਰ ਮੇਰੇ ਕਾਵਿ-ਸੰਗ੍ਰਹਿ ਦੀ ਭੂਮਿਕਾ ਲਿਖਦੇ ਹੋਏ ਵੀ ਜ਼ਿਕਰ ਕੀਤਾ ਸੀ ਕਿ ਕਪੂਰਥਲੇ ਤੋਂ ਜਲੰਧਰ ਨੂੰ ਜਾਂਦੀ ਸੜਕੇ ਦੇ ਕਿਨਾਰੇ 'ਤੇ ਉੱਗੀਆਂ ਸੁੱਕੀਆਂ ਟਾਹਲੀਆਂ, ਉਡਦੇ ਮਿੱਟੀ ਘੱਟੇ ਵੱਲ ਦੇਖ ਕੇ ਕੋਈ ਨਹੀਂ ਕਹਿ ਸਕਦਾ ਕਿ ਸਾਹਿਤ ਦੇ ਖੇਤਰ ਵਿਚ ਇਹ ਇਲਾਕਾ ਏਨਾ ਜ਼ਰਖ਼ੇਜ਼ ਹੋਵੇਗਾ। ਸੋਹਲ ਨੇ ਪਿੰਡ ਭੇਟਾਂ ਦਾ ਜ਼ਿਕਰ ਕਰਦਿਆਂ ਸੋਹਣ ਸਿੰਘ ਮੀਸ਼ੇ ਦਾ ਜ਼ਿਕਰ ਕੀਤਾ ਸੀ। ਸੁਰਜੀਤ ਪਾਤਰ ਤਾਂ ਹੈ ਹੀ ਮੇਰੇ ਪਿੰਡ ਦਾ। ਕਹਾਣੀਕਾਰ ਦਵਿੰਦਰ ਮੰਡ ਦਾ ਪਿੰਡ ਵੀ ਜਲੰਧਰ-ਕਪੂਰਥਲਾ ਰੋਡ 'ਤੇ ਹੀ ਹੈ। ਨਕਸ਼ ਵਰਿਆਣਵੀ, ਸੰਧੂ ਵਰਿਆਣਵੀ ਅਤੇ ਗ਼ਜ਼ਲਗੋ ਜਸਵੰਤ ਬੇਗੋਵਾਲ ਦੀ ਰਿਹਾਇਸ਼ ਵੀ ਇਸੇ ਰੋਡ ਦੇ ਆਸ-ਪਾਸ ਹੈ। ਸਿਰਮੌਰ ਕਹਾਣੀਕਾਰ ਮਨਿੰਦਰ ਕਾਂਗ ਵੀ ਇਸੇ ਰੋਡ 'ਤੇ ਬਸਤੀਆਂ ਕੋਲ ਹੀ ਆ ਕੇ ਰਹਿਣ ਲੱਗ ਪਿਆ ਸੀ। ਖ਼ੁਦ ਸੋਹਲ ਦਾ ਪਿੰਡ ਵੀ ਇਸੇ ਰੋਡ 'ਤੇ ਹੈ। ਜੁਝਾਰਵਾਦੀ ਸ਼ਾਇਰ ਪਾਸ਼ ਦੀ ਮਾਸੀ ਦਾ ਪੋਤਾ ਮਨਜੀਤ ਸੋਹਲ ਵੀ ਸੰਗਲ ਸੋਹਲ ਦਾ ਹੀ ਚਰਚਿਤ ਸ਼ਾਇਰ ਹੈ। ਗੱਲ ਕੀ ਸੋਹਲ ਦੇ ਲੇਖ ਨੇ ਸਾਰਾ ਸਾਹਿਤਕ ਮਾਹੌਲ ਤਰੋਤਾਜ਼ਾ ਕਰਵਾ ਦਿੱਤਾ।

ਜਦੋਂ ਮੀਸ਼ਾ ਜੀ ਦੀ ਦੇਹਾਂਤ ਹੋਇਆ ਸੀ ਤਾਂ 'ਸਿਰਜਣਾ ਕੇਂਦਰ ਕਪੂਰਥਲਾ' ਵਲੋਂ ਉਨ੍ਹਾਂ ਦੀ ਯਾਦ ਵਿਚ ਸੋਵੀਨਾਰ ਪ੍ਰਕਾਸ਼ਿਤ ਕੀਤਾ ਗਿਆ ਸੀ ਜਿਸ ਵਿਚ ਮੀਸ਼ਾ ਜੀ ਦਾ ਅਣਛਪਿਆ ਇਕ ਬਾਲ ਗੀਤ ਉਨ੍ਹਾਂ ਦੀ ਆਪਣੀ ਹੱਥ ਲਿਖਤ ਵਿਚ ਛਾਪਿਆ ਗਿਆ ਸੀ। ਉਹ ਅਣਛਪਿਆ ਗੀਤ 'ਚਪਲ ਚੇਤਨਾ' ਵਿਚ ਸ਼ਾਮਿਲ ਨਹੀਂ ਕੀਤਾ ਗਿਆ। ਸ਼ਾਇਰ ਜੰਗ ਬਹਾਦਰ ਘੁੰਮਣ ਦੇ ਯਤਨਾਂ ਸਦਕਾ ਇਹ ਗੀਤ ਮੈਂ ਮੁੜ ਪ੍ਰਾਪਤ ਕੀਤਾ ਹੈ। ਪਾਠਕਾਂ ਦੀ ਦਿਲਚਸਪੀ ਵਾਸਤੇ ਗੀਤ ਭੇਜ ਰਿਹਾ ਹਾਂ। ਉਮੀਦ ਹੈ, ਤੁਸੀਂ ਪਾਠਕਾਂ ਤੱਕ ਜ਼ਰੂਰ ਪਹੁੰਚਦਾ ਕਰੋਗੇ ਤੇ ਇੰਜ ਮੀਸ਼ਾ ਜੀ ਨੂੰ ਭੇਟ ਹੋ ਰਹੀ ਸ਼ਰਧਾਂਜਲੀ 'ਚ ਇਕ ਫੁੱਲ ਮੇਰੇ ਵਲੋਂ ਵੀ ਭੇਟ ਹੋ ਜਾਵੇਗਾ।

### ਰੇਲ ਗੱਡੀ

ਚੱਲ ਰੇਲ ਗੱਡੀਏ ਨੀ ਛੂਕ ਛਕ ਛਕ ਛਕ।
ਮਾਰ ਦੀ ਫੱਰਾਟੇ ਚੱਲ ਫਕ ਫਕ ਫਕ ਫਕ
ਹੋਵੇ ਤੇਜ਼ ਧੁੱਪ ਭਾਵੇਂ ਘਟਾ ਘਨਘੋਰ ਨੀ।
ਕਿੰਨਾ ਭਾਰ ਚੁੱਕ ਚੱਲੇਂ ਕਿੰਨੀ ਤਿੱਖੀ ਤੋਰ ਨੀ।
ਅੱਗ ਪਾਣੀ ਰਲ ਪੈਦਾ ਕੀਤਾ ਏਨਾ ਜੋਰ ਨੀ
ਕਿੱਦਾਂ ਇਹਨੂੰ ਰੱਖਦੀ ਏਂ ਹਿਕ ਵਿਚ ਡਕ ਡਕ
ਚੱਲ ਰੇਲ ਗੱਡੀਏ ਨੀ ਛੂਕ ਛਕ ਛਕ ਛਕ।

ਕਿਤੇ ਅੱਧੀ ਰਾਤ ਕਿਤੇ ਸ਼੍ਰਾਨ ਹੈ ਦੁਪਹਿਰ ਦੀ।
ਮਿਥਿਆਂ ਟਿਕਾਣਿਆਂ 'ਤੇ ਘੜੀ ਪਲ ਠਹਿਰਦੀ।
ਦੂਰ ਦੂਰ ਸਾਰ ਲੈਂਦੀ ਰੋਜ਼ ਸ਼ਹਿਰ ਸ਼ਹਿਰ ਦੀ
ਰੁਕਣਾ ਨਾ ਕਦੀ ਕਿਤੇ ਹੰਭ ਹਾਰ ਥੱਕ ਥੱਕ
ਚੱਲ ਰੇਲ ਗੱਡੀਏ ਨੀ ਛੂਕ ਛਕ ਛਕ ਛਕ।

ਮਾਰਦੀ ਖੰਘੂਰਾ ਕਿਤੇ ਹੌਲੀ ਹੌਲੀ ਖੰਘਦੀ।
ਪੁੱਲਾਂ ਉਤੋਂ, ਜੰਗਲਾਂ 'ਚੋਂ, ਸੁਰੰਗਾਂ 'ਚੋਂ ਲੰਘਦੀ।
ਆਪਣੇ ਮੁਸਾਫ਼ਰਾਂ ਦੀ ਖ਼ੈਰ ਸੁੱਖ ਮੰਗਦੀ
ਕੌਲਾਂ ਇਕਰਾਰਾਂ ਨੂੰ ਨਿਭਾਉਂਦੀ ਚੱਲ ਪੱਕ ਠੱਕ
ਚੱਲ ਰੇਲ ਗੱਡੀਏ ਨੀ ਛੂਕ ਛਕ ਛਕ ਛਕ।

*-ਸੁਰਜੀਤ ਸਾਜਨ*
*ਪੱਤੜ ਕਲਾਂ, ਜਲੰਧਰ।*

## ਮੇਰਾ ਮਨਪਸੰਦ ਅਖਬਾਰ

**ਸੰਪਾਦਕ ਜੀ,**

ਪੰਜਾਬ ਟਾਈਮਜ਼ ਮੇਰਾ ਮਨਪਸੰਦ ਅਖਬਾਰ ਹੈ। ਇਸ ਵਿਚ ਛਪਦੇ ਗੁਰਬਚਨ ਸਿੰਘ ਭੁੱਲਰ ਗੁਲਜ਼ਾਰ ਸਿੰਘ ਸੰਧੂ ਅਤੇ ਮੇਜਰ ਕੁਲਾਰ ਦੇ ਲੇਖ ਬੇਹਦ ਪਸੰਦ ਹਨ। ਜਿਸ ਵੀ ਅੰਕ ਵਿਚ ਇਹ ਨਹੀਂ ਛਪੇ ਦਿਸਦੇ, ਮਨ ਬੇਚੈਨ ਹੋ ਜਾਂਦਾ ਹੈ। ਦੋਵੇਂ ਪੰਨੂ-ਜਤਿੰਦਰ ਪੰਨੂ ਤੇ ਹਰਪਾਲ ਸਿੰਘ ਪੰਨੂ ਵੀ ਚੰਗੇ ਕੜਾਕੇ ਕੱਢਦੇ ਹਨ। ਦਲਜੀਤ ਅਮੀ ਤੇ ਜਤਿੰਦਰ ਮੌਹਰ ਵੀ ਚੰਗਾ ਲਿਖਦੇ ਹਨ। ਪਰਮਾਤਮਾ ਇਨ੍ਹਾਂ ਨੂੰ ਲੰਮੀ ਉਮਰ ਬਖਸ਼ੇ ਅਤੇ ਇਨ੍ਹਾਂ ਦੀ ਕਲਮ ਹਮੇਸ਼ਾ ਜਵਾਨ ਰਹੇ।

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

## ਭੰਡਾ-ਭੰਡਾਰੀਆ

*(ਭਾਰਤੀ ਹੁਕਮਰਾਨਾਂ ਦੇ ਨਾਂ)*

**ਜਨਤਾ:** ਭੰਡਾ-ਭੰਡਾਰੀਆ,
ਕਿਤਨਾ ਕੁ ਭਾਰ?
**ਨੇਤਾ:** ਇਕ ਪੰਡ ਚੱਕ,
ਹੋ ਜਾ ਦੂਜੀ ਨੂੰ ਤਿਆਰ।
**ਜਨਤਾ:** ਵਧੀ ਜਾਏ ਰੋਜ਼,
ਮਹਿੰਗਾਈ ਮੇਰੇ ਹਾਕਮਾ ਓਏ,
ਗਰੀਬ ਦਾ ਜੇ, ਹੋਇਆ ਬੁਰਾ ਹਾਲ।
ਭੰਡਾ-ਭੰਡਾਰੀਆ, ਕਿਤਨਾ ਕੁ ਭਾਰ?
**ਨੇਤਾ:** ਇਕ ਪੰਡ ਚੱਕ,
ਹੋ ਜਾ ਦੂਜੀ ਨੂੰ ਤਿਆਰ।

**ਜਨਤਾ:** ਅਸਮਾਨ ਪਈਆਂ ਹੁਣ,
ਛੂੰਹਦੀਆਂ ਨੇ ਕੀਮਤਾਂ,
ਸੌ ਰੁਪਈਏ ਵਿਕਦੀ ਏ ਮਸਰਾਂ ਦੀ ਦਾਲ਼।
ਭੰਡਾ-ਭੰਡਾਰੀਆ, ਕਿਤਨਾ ਕੁ ਭਾਰ?
**ਨੇਤਾ:** ਇਕ ਪੰਡ ਚੱਕ,
ਹੋ ਜਾ ਦੂਜੀ ਨੂੰ ਤਿਆਰ।

**ਜਨਤਾ:** ਕਿਰਾਏ-ਭਾੜੇ ਸਾਰੇ,
ਬੱਸਾਂ ਗੱਡੀਆਂ ਦੇ ਵਧੀ ਜਾਂਦੇ,
ਆਉਣਾ-ਜਾਣਾ ਸਾਡਾ ਕਿਤੇ
ਹੋ ਗਿਆ ਮੁਹਾਲ।
ਭੰਡਾ-ਭੰਡਾਰੀਆ, ਕਿਤਨਾ ਕੁ ਭਾਰ?
**ਨੇਤਾ:** ਇਕ ਪੰਡ ਚੱਕ,
ਹੋ ਜਾ ਦੂਜੀ ਨੂੰ ਤਿਆਰ।

**ਜਨਤਾ:** ਔਖੀ ਹੋਈ ਗੈਸ ਲੈਣੀ,
ਤਾਰਿਆ ਨਾ ਮੁੱਲ ਜਾਂਦਾ,
ਬਿਜਲੀ ਦੇ ਬਿਲ ਤੂੰ ਵਧਾਵੇਂ ਹਰ ਸਾਲ।
ਭੰਡਾ ਭੰਡਾਰੀਆ, ਕਿਤਨਾ ਕੁ ਭਾਰ?
**ਨੇਤਾ:** ਇਕ ਪੰਡ ਚੱਕ,
ਹੋ ਜਾ ਦੂਜੀ ਨੂੰ ਤਿਆਰ।

**ਜਨਤਾ:** ਗਰੀਬਾਂ ਉਤੇ ਹਰ ਸਾਲ,
ਟੈਕਸ ਤੂੰ ਲਾਈ ਜਾਨੈਂ,
ਔਖੇ ਹੋ ਗਏ ਸਾਨੂੰ ਹੁਣ ਪਾਲਣੇ ਜੋ ਬਾਲ।
ਭੰਡਾ ਭੰਡਾਰੀਆ, ਕਿਤਨਾ ਕੁ ਭਾਰ?
**ਨੇਤਾ:** ਇਕ ਪੰਡ ਚੱਕ,
ਹੋ ਜਾ ਦੂਜੀ ਨੂੰ ਤਿਆਰ।
**ਜਨਤਾ:** ਪੈਨਸ਼ਨ ਸਾਡੀ ਸੀ ਜੋ,
ਬੰਦ ਹੋਈ ਮੁੱਦਤਾਂ ਤੋਂ,
ਲੈ ਗਿਆਂ ਜੋ ਵੋਟਾਂ ਝੂਠੇ ਲਾਰਿਆਂ ਦੇ ਨਾਲ।
ਭੰਡਾ-ਭੰਡਾਰੀਆ, ਕਿਤਨਾ ਕੁ ਭਾਰ?
**ਨੇਤਾ:** ਇਕ ਪੰਡ ਚੱਕ,
ਹੋ ਜਾ ਦੂਜੀ ਨੂੰ ਤਿਆਰ।

**ਨੇਤਾ:** ਚੇਤੇ ਕਰੋ ਵੋਟਾਂ ਤੁਸੀਂ,
ਦਿੱਤੀਆਂ ਸੀ ਪੈਸੇ ਲੈ ਕੇ,
ਕੱਟਣੇ ਨੇ ਪੈਣੇ ਹੁਣ, ਏਦਾਂ ਈ ਪੰਜ ਸਾਲ,
ਅਜੇ ਤਾਂ ਤੁਹਾਡੇ ਉਤੇ ਹੋਰ ਪੈਣਾ ਭਾਰ।

**ਜਨਤਾ:** ਭੰਡਾ-ਭੰਡਾਰੀਆ!
ਹੋਰ ਕਿਤਨਾ ਕੁ ਭਾਰ?
**ਨੇਤਾ:** ਜਦੋਂ ਤਕ 'ਰਾਠੀ'
ਸਾਡੀ ਚੱਲੂ ਸਰਕਾਰ।

*-ਰਾਠੇਸ਼ਵਰ ਸਿੰਘ ਸੂਰਾਪੁਰੀ*
*ਫ਼ੋਨ: 916-969-9337*

# ਸਰਬਵਿਆਪੀ ਰੱਬ ਨੂੰ ਪਹਿਚਾਣੋ

ਮੱਧ ਪ੍ਰਦੇਸ਼ ਦੇ ਰਤਨਗੜ੍ਹ ਮੰਦਰ ਦਾ ਦੁਖਾਂਤ ਭਾਰਤ ਵਾਸੀਆਂ ਦੀ ਖੁਦਾਪ੍ਰਸਤੀ ਦਾ ਅਤਿਅੰਤ ਦੁਖਦਾਈ ਚਿਹਰਾ ਹੈ। ਇਸ ਦਾ ਕਾਰਨ ਚਾਨਣ ਵੰਡਦੇ ਵਿਗਿਆਨ ਦੀ ਕੁਦਰਤ ਦਾ ਹਨੇਰਾ ਹੂੰਝਣ ਵਿਚ ਅਸਮਰਥਾ ਹੈ। ਸਭ ਤੋਂ ਮਾੜੀ ਗੱਲ ਇਹ ਕਿ ਮਾਨਵ ਜਾਤੀ ਨੇ ਕੁਦਰਤ ਦੀ ਪੂਜਾ ਲਈ ਆਪਣੇ ਆਪ ਉਤੇ ਕੁਝ ਗਿਣੇ ਮਿਥੇ ਦਿਨ ਥੋਪ ਰੱਖੇ ਹਨ। ਭਲੇ ਸਮਿਆਂ ਵਿਚ ਇਹ ਦਿਨ ਮੌਜ ਮੇਲੇ ਤੇ ਨੱਚਣ ਕੁੱਦਣ ਦੇ ਮੌਕੇ ਵੀ ਸਨ। ਹੁਣ ਵਸੋਂ ਦੇ ਵਾਧੇ ਤੇ ਆਵਾਜਾਈ ਦੀ ਗਤੀ ਨੇ ਤਿੱਥਾਂ ਤਿਓਹਾਰਾਂ ਲਈ ਆਪੇ ਸਿਰਜੀਆਂ ਘੜੀਆਂ ਨੂੰ ਮਨਹੂਸ ਬਣਾ ਛੱਡਿਆ ਹੈ।




*ਰਤਨਗੜ੍ਹ (ਮੱਧ ਪ੍ਰਦੇਸ਼) ਵਿਚ ਮਚੀ ਭਗਦੜ ਦਾ ਸ਼ਿਕਾਰ ਹੋਏ ਲੋਕਾਂ ਦੀਆਂ ਲਾਸ਼ਾਂ*

ਇਕ ਅਨੁਮਾਨ ਅਨੁਸਾਰ ਪਿਛਲੇ ਅੱਠ ਸਾਲਾਂ ਵਿਚ ਮੰਧਾਰ ਦੇਵੀ ਮਹਾਰਾਸ਼ਟਰ (340), ਨੈਨਾ ਦੇਵੀ, ਹਿਮਾਚਲ (150), ਚਮੁੰਡਾ ਦੇਵੀ ਜੋਧਪੁਰ (224), ਪ੍ਰਤਾਪ ਗੜ੍ਹ, ਉਤਰ ਪ੍ਰਦੇਸ਼ (63) ਮਕਰ ਜਿਉਤੀ ਕੇਰਲ (104) ਤੇ ਕੁੰਭ ਮੇਲਾ ਅਲਾਹਾਬਾਦ (37) ਵਿਚ ਨੌ ਸੌ ਤੋਂ ਵੱਧ ਬੱਚੇ, ਬੁੱਢੇ ਤੇ ਜਵਾਨ ਇਸਤਰੀ-ਪੁਰਸ਼ ਸਵੈ-ਸਿਰਜੀ ਭਗਦੜ ਦਾ ਸ਼ਿਕਾਰ ਹੋ ਚੁੱਕੇ ਹਨ। ਰਤਨਗੜ੍ਹ ਦੇ ਮ੍ਰਿਤਕਾਂ ਦੀ ਗਿਣਤੀ ਉੜੀਸਾ ਤਟਵਰਤੀ ਫਾਈਲਿਨ ਨਾਲੋਂ ਕਈ ਗੁਣਾ ਵੱਧ ਹੈ। ਅੱਜ ਲੋੜ ਅਜਿਹੇ ਵਰਤਾਰੇ ਨੂੰ ਨੱਥ ਪਾਉਣ ਦੀ ਹੈ। ਇਹ ਕੰਮ ਸੁਲਝੇ ਹੋਏ ਧਾਰਮਕ ਆਗੂ ਕਰ ਸਕਦੇ ਹਨ।

ਜੇ ਸਾਰੇ ਧਰਮਾਂ ਦੇ ਸੂਝਵਾਨ ਧਾਰਮਕ ਆਗੂ ਮਿਲ ਬੈਠਨ ਤਾਂ ਅਸੰਭਵ ਵੀ ਨਹੀਂ। ਜਿਹੜੀ ਕੌਮ ਅੱਗੇ ਪਿੱਛੇ ਜੰਮੇ ਗੁਰੂ ਪੀਰਾਂ ਦੇ ਜਨਮ ਦਿਵਸ ਮਨਾਉਣ ਲਈ ਪੂਰਨਮਾਸ਼ੀ ਦਾ ਦਿਨ ਚੁਣ ਸਕਦੀ ਹੈ ਉਹ ਕਿਸੇ ਇਕ ਦਿਨ ਨੂੰ ਸ਼ਰਧਾ ਸਪਤਾਹ ਤੱਕ ਵੀ ਪਸਾਰ ਸਕਦੀ ਹੈ। ਚੰਦ ਦੀ ਚਾਨਣੀ ਪੂਰਨਮਾਸ਼ੀ ਤੋਂ ਤਿੰਨ ਦਿਨ ਪਹਿਲਾਂ ਤੇ ਪਿੱਛੋਂ ਵੀ ਘੱਟ ਨਹੀਂ ਹੁੰਦੀ। ਬਦਲਵਾਈ ਨਾ ਹੋਵੇ ਤਾਂ ਵੱਧ ਵੀ ਜਾਂਦੀ ਹੈ।


ਮਿੱਤਰ ਪਿਆਰੇ ਤੇ ਸਾਕ ਸਬੰਧੀ ਪੂਜਾ ਪਾਠ ਤੇ ਸ਼ਰਧਾ ਪਾਲਣ ਲਈ ਮਨਭਾਉਂਦਾ ਧਰਮ ਸਥਾਨ ਤੇ ਸਮਾਂ ਚੁਣ ਕੇ ਵੇਲਾ ਵਹਾ ਚੁੱਕੀਆਂ ਤਿਥੀਆਂ ਤੋਂ ਬਾਹਰ ਨਿਕਲ ਸਕਦੇ ਹਨ। ਨਾਲੇ ਮੁੰਜ ਬਗੜ ਦਾ ਸੌਦਾ, ਨਾਲੇ ਦੇਵੀ ਦੇ ਦਰਸ਼ਨ। ਉਂਜ ਵੀ ਗਿਆਨ ਇੰਦਰੀਆਂ ਨੂੰ ਇਹ ਦੱਸਣ ਦਾ ਵੀ ਕੋਈ ਹਰਜ ਨਹੀਂ ਕਿ ਦੁਰਗਿਆਨਾ, ਹਰਿਮੰਦਰ ਤੇ ਅਜਮੇਰ ਦੇ ਮੰਦਰ, ਮਸਜਿਦ, ਗੁਰਦੁਆਰੇ ਤੇ ਦਰਗਾਹਾਂ ਹਰ ਪ੍ਰਾਣੀ ਨੂੰ ਇੱਕੋ ਜਿਹਾ ਸਕੂਨ ਦੇਣ ਵਾਲੀਆਂ ਹਨ। ਉਹ ਦੇਸ਼ ਜਿਸ ਦਾ ਚੱਪਾ ਚੱਪਾ ਵੱਖ ਵੱਖ ਮੌਸਮਾਂ ਦੇ ਚਾਨਣਾਂ ਤੇ ਹਨੇਰਿਆਂ ਨਾਲ ਭਰਪੂਰ ਹੈ ਉਹ ਕਿਸੇ ਗਿਣੇ ਮਿਥੇ ਦਿਨ ਦਿਹਾੜੇ ਜਾਂ ਘੜੀ ਦਾ ਮੁਹਤਾਜ ਕਿਉਂ ਹੋਵੇ? ਉਹ ਕਿਹੜਾ ਰੱਬ ਹੈ ਜਿਸ ਨੇ ਇਹ ਕਿਹਾ ਹੋਵੇ ਕਿ ਮੈਨੂੰ ਤੁਸੀਂ ਇਸ ਪਲ ਤੋਂ ਅੱਗੇ ਪਿੱਛੇ ਨਹੀਂ ਧਿਆ ਸਕਦੇ। ਹੈ ਕੋਈ ਧਾਰਮਕ ਆਗੂਆਂ ਦਾ ਸਮੂਹ ਜੋ ਇਸ ਦਾ ਨਿਤਾਰਾ ਕਰਨ ਲਈ ਤਿਆਰ ਹੋਵੇ? ਜਾਗੋ!

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

**ਮਾਲ ਰੋਡ ਕਸੌਲੀ ਤੇ ਖੁਸ਼ਵੰਤ ਸਿੰਘ:** ਕਸੌਲੀ ਦੀ ਅੱਪਰ ਮਾਲ ਉਤੇ ਇਕ ਰਾਜ ਵਿਲਾ ਨਾਂ ਦੀ ਕੋਠੀ ਹੈ। ਇਹ ਖੁਸ਼ਵੰਤ ਸਿੰਘ ਦੇ ਸਹੁਰੇ ਤੇਜਾ ਸਿੰਘ ਮਲਿਕ ਨੇ ਭਾਰਤ ਛੱਡ ਕੇ ਜਾ ਰਹੇ ਅੰਗਰੇਜ਼ ਤੋਂ 1948 ਵਿਚ ਖਰੀਦੀ ਸੀ। ਖੁਸ਼ਵੰਤ ਸਿੰਘ ਕੁਝ ਵਰ੍ਹੇ ਪਹਿਲਾਂ ਤੱਕ ਹਰ ਵਰ੍ਹੇ ਵਰਖਾ ਰੁੱਤ ਤੋਂ ਪਹਿਲਾਂ ਤੇ ਪਿੱਛੋਂ ਦੋ ਵਾਰੀ ਇਥੇ ਆਉਂਦਾ ਰਿਹਾ ਹੈ। ਉਸ ਦੀਆਂ ਅਨੇਕ ਰਚਨਾਵਾਂ ਉਸ ਕੁਰਸੀ ਦੀ ਉਪਜ ਹਨ ਜਿਹੜੀ ਉਸ ਨੇ ਆਪਣੇ ਲਿਖਣ ਕਾਰਜ ਲਈ ਆਪਣੇ ਦਿੱਲੀ ਵਾਲੇ ਘਰ ਦੀ ਕੁਰਸੀ ਦਾ ਨਮੂਨਾ ਦੇ ਕੇ ਬਣਵਾਈ ਸੀ। ਹੁਣ ਉਸ ਦੀ ਸਿਹਤ ਏਨੇ ਸਫਰ ਦੀ ਆਗਿਆ ਨਹੀਂ ਦਿੰਦੀ। ਕੁਰਸੀ, ਕੋਠੀ ਤੇ ਕਸੌਲੀ ਉਸ ਨੂੰ ਉਡੀਕਦੇ ਹਨ ਪਰ ਉਹ ਨਹੀਂ ਆਉਂਦਾ। ਸੰਨ 2000 ਤੋਂ ਕੋਠੀ ਦੇ ਬੂਟਿਆਂ ਦੀਆਂ ਜੜ੍ਹਾਂ ਵਿਚ ਉਸ ਦੀ ਪਤਨੀ ਕਵਲ ਦੀ ਰਾਖ ਵੀ ਰਲ ਚੁੱਕੀ ਹੈ ਤੇ ਪਿਛਲੇ ਸਾਲ ਤੋਂ ਨਵ ਸਥਾਪਤ ਖੁਸ਼ਵੰਤ ਸਿੰਘ ਫਾਊਂਡੇਸ਼ਨ ਇਥੇ ਉਸ ਦੇ ਨਾਂ ਦਾ ਸਾਹਿਤਕ ਉਤਸਵ ਵੀ ਮਨਾਉਂਦੀ ਹੈ ਪਰ ਉਹ ਨਹੀਂ ਆਉਂਦਾ। ਮੈਨੂੰ ਦੁੱਖ ਹੈ ਕਿ ਹੁਣ 18 ਤੋਂ 20 ਅਕਤੂਬਰ ਨੂੰ ਇਸ ਉਤਸਵ ਦੇ ਦਿਨਾਂ ਵਿਚ ਉਸ ਨੇ ਫੇਰ ਨਹੀਂ ਆ ਸਕਣਾ। ਪਿਛਲੀ ਵਾਰੀ ਵੀ ਨਹੀਂ ਸੀ ਆ ਸਕਿਆ। ਪਰ ਮੈਂ ਖੁਸ਼ ਹਾਂ ਕਿ ਖੁਸ਼ਵੰਤ ਸਿੰਘ ਫਾਊਂਡੇਸ਼ਨ ਉਤਸਵਾਂ ਰਾਹੀਂ ਪ੍ਰਾਪਤ ਹੋਈ ਮਾਇਆ ਕਸੌਲੀ ਦਾ ਮੂੰਹ ਮਥਾ ਸੰਵਾਰਨ ਲਈ ਵਰਤਦੀ ਹੈ। ਮੈਨੂੰ ਇਸ ਥਾਂ ਨਾਲ ਮੋਹ ਹੈ। ਪਰਿਵਾਰ ਦੀ ਆਗਿਆ ਨਾਲ ਮੈਂ ਵੀ ਇਥੇ ਰਹਿੰਦਾ ਰਿਹਾ ਹਾਂ।



*ਖੁਸ਼ਵੰਤ ਸਿੰਘ:*

ਅੰਤਿਕਾ: ਬਸ਼ੀਰ ਬਦਰ
ਉਨ੍ਹੀ ਰਾਸਤੋਂ ਨੇ ਜਿਨ ਪਰ
ਕਭੀ ਤੁਮ ਥੇ ਸਾਥ ਮੇਰੇ
ਮੁਝੇ ਰੋਕ ਰੋਕ ਪੂਛਾ,
ਤੇਰਾ ਹਮਸਫਰ ਕਹਾਂ ਹੈ।

# ਸਾਡਾ ਸਭਿਆਚਾਰ: ਸਭਿਆਚਾਰ ਕਿ ਅਤਿਆਚਾਰ?

**ਗੁਰਜੀਤ ਕੌਰ, ਟੈਕਸਸ**
**ਫੋਨ: 713-469-2474**

ਕਈ ਬੁੱਧੀਜੀਵੀਆਂ ਨੇ ਸਭਿਆਚਾਰ ਦਾ ਵਰਣਨ ਬੜੇ ਸੁਚੱਜੇ ਢੰਗ ਨਾਲ ਕੀਤਾ ਹੁੰਦਾ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਕਿਸੇ ਵੀ ਕੌਮ ਦਾ ਸਭਿਆਚਾਰ ਉਸ ਦੀ ਰਾਜਨੀਤਿਕ, ਸਮਾਜਕ ਤੇ ਧਾਰਮਿਕ ਪ੍ਰਣਾਲੀ ਦਾ ਮਹੱਤਵਪੂਰਨ ਅੰਗ ਹੈ। ਇਨ੍ਹਾਂ ਸਾਰੀਆਂ ਪ੍ਰਣਾਲੀਆਂ ਵਿਚ ਮਾੜਾ ਜਿਹਾ ਵੀ ਅਸੰਤੁਲਨ ਸਭਿਆਚਾਰ ਨੂੰ ਖੇਰੂੰ-ਖੇਰੂੰ ਕਰ ਸਕਦਾ ਹੈ। ਕਈ ਸਮਾਜ ਸ਼ਾਸਤਰੀਆਂ ਨੇ ਸਭਿਆਚਾਰ ਦੀ ਵੱਖਰੀ-ਵੱਖਰੀ ਪਰਿਭਾਸ਼ਾ ਕੀਤੀ ਹੈ ਜਿਨ੍ਹਾਂ ਦਾ ਨਿਚੋੜ ਇਹ ਹੈ ਕਿ ਸਾਡੀਆਂ ਰਹੁ-ਰੀਤਾਂ ਜਿਹੜੀਆਂ ਸਾਡੀ ਜ਼ਿੰਦਗੀ ਦੇ ਮੁੱਢਲੇ ਸਿਧਾਂਤਾਂ ਨੂੰ ਪਰਿਭਾਸ਼ਿਤ ਕਰਦੀਆਂ ਨੇ ਤੇ ਸਾਨੂੰ ਵਿਕਾਸਸ਼ੀਲ ਸਮਾਜ ਦੀ ਸਿਰਜਣਾ ਕਰਨ ਦੇ ਕਾਬਲ ਬਣਾਉਂਦੀਆਂ ਨੇ, ਇਹੀ ਸਾਡਾ ਸਭਿਆਚਾਰ ਹੈ।

ਇਨਸਾਨ ਦੇ ਸਭਿਆਚਾਰ ਦਾ ਮੁੱਢਲਾ ਆਧਾਰ ਉਸ ਦਾ ਧਰਮ ਹੁੰਦਾ ਹੈ। ਜਨਮ ਦੇ ਨਾਲ ਹੀ ਬੰਦੇ ਨੂੰ ਕਿਸੇ ਨਾ ਕਿਸੇ ਧਾਰਮਿਕ ਅਦਾਰੇ ਨਾਲ ਜੋੜਿਆ ਜਾਂਦਾ ਹੈ। ਜਦੋਂ ਵੀ ਕੋਈ ਅਣਜਾਣ ਬੰਦਾ ਸਾਡੇ ਕੋਲੋਂ ਸਾਡੇ ਸਭਿਆਚਾਰ ਬਾਰੇ ਜਾਣਨਾ ਚਾਹੁੰਦਾ ਹੈ ਤਾਂ ਅਸੀਂ ਸਭ ਤੋਂ ਪਹਿਲਾਂ ਆਪਣੇ ਧਰਮ ਬਾਰੇ ਹੀ ਉਸ ਨੂੰ ਜਾਣੂ ਕਰਵਾਉਂਦੇ ਹਾਂ। ਜੇ ਪਹਿਲਾਂ ਜਨਮ ਸਥਾਨ ਬਾਰੇ ਦੱਸੀਏ ਤਾਂ ਵੀ ਝੱਟ ਹੀ ਧਰਮ ਬਾਰੇ ਦੱਸ ਦਿੰਦੇ ਹਾਂ। ਹੁਣ ਗੱਲ ਸਭਿਆਚਾਰਕ ਪ੍ਰੋਗਰਾਮਾਂ ਦੀ ਕਰੀਏ। ਥਾਂ-ਥਾਂ ਅਜਿਹੇ ਪ੍ਰੋਗਰਾਮਾਂ ਦੇ ਪੋਸਟਰ ਲੱਗੇ ਦਿਸਦੇ ਨੇ। ਦੁਨੀਆਂ ਗੱਡੀਆਂ ਵਿਚ ਸ਼ਰਾਬਾਂ ਦੀਆਂ ਬੋਤਲਾਂ ਰੱਖੀ ਉਥੇ ਪਹੁੰਚਦੀ ਹੈ। ਕੋਈ ਲੱਚਰ ਕੁੱਕੜ-ਖੰਭ ਗਵੱਈਆ ਸਾਡੀਆਂ ਜੇਬਾਂ ਖਾਲੀ ਕਰਵਾ ਕੇ ਆਪਣੇ ਘਰ ਮੁੜ ਜਾਂਦਾ ਹੈ। ਅਸੀਂ ਬੜਾ ਹੁੱਬਦੇ ਹਾਂ, ਤੇ ਪਿੱਠ ਠੋਕਦੇ ਹਾਂ... ਸ਼ਾਬਾਸ਼ੀ ਦਿੰਦੇ ਹਾਂ ਉਸ ਬੰਦੇ ਨੂੰ, ਜਿਸ ਨੇ ਸਭਿਆਚਾਰ ਦੀ 'ਅਣਥੱਕ ਸੇਵਾ' ਕੀਤੀ। ਤੇ ਇਸ ਰੌਲੇ-ਰੱਪੇ ਅਤੇ ਭੜਕੀਲੇ ਲਿਬਾਸਾਂ ਦੇ ਮੁਕਾਬਲੇ ਨੂੰ ਸਭਿਆਚਾਰਕ ਪ੍ਰੋਗਰਾਮ ਅਖਵਾਉਣ ਦਾ ਮੌਕਾ ਦਿੱਤਾ।

ਅੱਜ ਬੁੱਧੀਜੀਵੀ ਦੁਹੱਥੜੀਂ ਪਿੱਟ ਰਹੇ ਨੇ ਕਿ ਸਭਿਆਚਾਰ ਦੇ ਇਨ੍ਹਾਂ ਸੇਵਕਾਂ ਨੇ ਇਸਤਰੀ ਨੂੰ ਖਿਡੌਣਾ-ਮਾਤਰ ਬਣਾ ਕੇ ਰੱਖ ਦਿੱਤਾ ਹੈ। ਦੇਖਿਆ ਜਾਵੇ ਤਾਂ ਉਨ੍ਹਾਂ ਕਿਸੇ ਨਾਲ ਜ਼ਬਰਦਸਤੀ ਤਾਂ ਨਹੀਂ ਕੀਤੀ ਕਿ ਜਿਸ ਨੂੰ ਮਰਜ਼ੀ ਫੜਿਆ ਤੇ ਸਟੇਜ 'ਤੇ ਲਿਆ ਕੇ ਖੜ੍ਹਾ ਕਰ ਦਿੱਤਾ। ਇਸ ਵੱਲ ਕੋਈ ਕਿਉਂ ਨਹੀਂ ਧਿਆਨ ਦਿੰਦਾ ਕਿ ਉਨ੍ਹਾਂ ਘਰਾਂ ਦਾ ਵਾਤਾਵਰਨ ਕੀ ਹੋਵੇਗਾ ਜਿਹੜੇ ਭਰੇ ਜਲਸੇ ਵਿਚ ਸੀਟੀਆਂ ਵਿਚਕਾਰ ਆਪਣੀ ਧੀ ਭੈਣ ਨੂੰ ਲੱਕ ਮਟਕਾਉਣ ਦਾ ਮੌਕਾ ਦਿੰਦੇ ਨੇ। ਗੀਤ ਚਲਦਾ ਹੈ, 'ਮੇਰਾ ਮਾਹੀ ਤੂੰ ਪੱਟਿਆ, ਪੱਟਿਆ ਗੁਆਂਢਣੇ ਤੂੰ।' ਔਰਤਾਂ ਇਕ-ਦੂਜੇ ਵਲ ਉਂਗਲਾਂ ਕਰ ਕਰ ਕੇ ਭੰਗੜਾ ਪਾਉਂਦੀਆਂ ਨੇ। ਵਾਹ! ਗੀਤ ਲਿਖਣ ਵਾਲੇ ਨੇ ਸਭਿਆਚਾਰ ਦਾ ਕਿਸ ਕਦਰ ਕਰਜ਼ਾ ਲਾਹਿਆ ਹੈ! ਜਾਂ ਫਿਰ ਜੀਜਾ-ਸਾਲੀ ਦੇ ਰਿਸ਼ਤੇ ਨੂੰ ਮਾੜੀ ਤਰ੍ਹਾਂ ਦਰਸਾਉਂਦੇ ਲੱਚਰ ਗੀਤ ਡੀ.ਜੇ. ਨੂੰ ਕਹਿ ਕੇ ਲੁਆਏ ਜਾਂਦੇ ਨੇ।

ਹੁਣ ਗੱਲ ਕਰੀਏ ਸਭਿਆਚਾਰ ਅਤੇ ਸਮਾਜਕ ਪ੍ਰਣਾਲੀ ਦੀ। ਜੇਠ-ਦਰਾਣੀ ਅਤੇ ਨੂੰਹ-ਸੱਸ ਦੇ ਰਿਸ਼ਤਿਆਂ ਦਾ ਜ਼ਿਕਰ ਬਾਣੀ ਵਿਚ ਵੀ ਆਉਂਦਾ ਹੈ। ਜਦੋਂ ਗਿੱਧਾ ਪਵੇ ਤਾਂ ਨੱਬੇ ਫੀਸਦੀ ਬੋਲੀਆਂ ਤੀਵੀਂ ਦੇ ਵਿਆਹ ਤੋਂ ਬਾਅਦ ਜੁੜੇ ਰਿਸ਼ਤਿਆਂ ਬਾਰੇ ਹੀ ਹੁੰਦੀਆਂ ਨੇ ਜਿਨ੍ਹਾਂ ਵਿਚ ਔਰਤ ਦਾ ਔਰਤ ਨਾਲ ਵੈਰ ਦਰਸਾਇਆ ਹੁੰਦਾ ਹੈ। ਇਥੇ ਅਸੀਂ ਆਪਣੇ ਧਰਮ ਨੂੰ ਅਣਗੌਲਿਆਂ ਕਰਨ ਅਤੇ ਤਤਕਾਲੀ ਸਮਾਜ ਦਾ ਆਪਣੇ ਸਭਿਆਚਾਰ ਉਤੇ ਪ੍ਰਭਾਵ ਦਾ ਵੱਡਾ ਸਬੂਤ ਪੇਸ਼ ਕਰਦੇ ਹਾਂ। ਹਿੰਦੂ ਅਤੇ ਇਸਲਾਮੀ ਸਮਾਜ ਵਿਚ ਕੀ ਔਰਤ ਦੀ ਕੋਈ ਖਾਸ ਵੁਕਅਤ ਨਹੀਂ ਰਹੀ? ਜੇ ਇਕ ਬਹੁਤ ਵਿਸ਼ਾਲ ਧਰਮ ਦੀ ਉਤਪਤੀ ਹੋਈ ਤਾਂ ਉਸ ਦੇ ਗ੍ਰੰਥ ਨੂੰ ਬੁੱਤ ਵਾਂਗ ਪੂਜਿਆ ਗਿਆ। ਉਸ ਵਿਚਲੇ ਸਿਧਾਂਤ ਕੀ ਨੇ? ਉਹ ਕੀ ਜੀਵਨ ਜਾਚ ਸਿਖਾ ਰਹੇ ਨੇ? ਇਸ ਵੱਲ ਜੇ ਕਿਸੇ ਨੇ ਧਿਆਨ ਦਿੱਤਾ ਹੁੰਦਾ ਤਾਂ ਸਾਡੀਆਂ ਲੋਕ ਬੋਲੀਆਂ ਤੇ ਗੀਤ ਜਿਨ੍ਹਾਂ ਵਿਚ ਔਰਤ ਦੀ ਅਧੀਨਗੀ ਤੇ ਰਿਸ਼ਤਿਆਂ ਵਿਚ ਕੌੜ ਦਰਸਾਈ ਗਈ ਹੈ, ਦਾ ਨਾਮੋ-ਨਿਸ਼ਾਨ ਨਾ ਹੁੰਦਾ। ਆਮ ਬੰਦਾ ਕਹਿੰਦਾ ਹੈ ਕਿ ਸਾਡੇ ਸਭਿਆਚਾਰ ਨੂੰ ਢਾਹ ਸਾਡੀ ਸਿਆਸੀ ਪ੍ਰਣਾਲੀ ਲਾ ਰਹੀ ਹੈ। ਸੁਆਲ ਹੈ ਕਿ ਜਿਨ੍ਹਾਂ ਸਿੱਖ ਸਮਾਜ ਦੀਆਂ ਰਹੁ-ਰੀਤਾਂ ਨਾਲ ਖਿਲਵਾੜ ਕਰਨ ਵਾਲਿਆਂ ਦੀ ਮੌਤ ਦੀ ਹੱਦ ਤੱਕ ਨਿਖੇਧੀ ਕੀਤੀ ਜਾਂ ਕਰ ਰਹੇ ਨੇ, ਕੀ ਉਹ ਅਰਸ਼ੋਂ ਉਤਰੇ ਨੇ? ਉਹ ਵੀ ਤਾਂ ਸਾਡੇ ਵਿਚੋਂ ਹੀ ਨੇ ਅਤੇ ਉਨ੍ਹਾਂ ਲਈ ਵੀ ਉਹੀ ਸਰਕਾਰਾਂ ਨੇ।

ਭਾਰਤੀ ਸਰਕਾਰਾਂ ਜੇ ਹਿੰਦੀ ਉਤੇ ਜ਼ੋਰ ਪਾਉਂਦੀਆਂ ਨੇ ਤਾਂ ਉਹ ਬੰਦੇ ਭਲਾ ਕਿੰਨੇ ਕੁ ਸਿਆਣੇ ਨੇ ਜਿਹੜੇ ਬੱਚੇ ਨੂੰ ਆਪਣੀ ਭਾਸ਼ਾ ਭੁੱਲਣ ਲਈ ਮਜਬੂਰ ਕਰਦੇ ਨੇ? ਛੇ ਸਾਲ ਦੀ ਉਮਰ ਵਿਚ ਬੱਚਾ ਸੌਖਿਆਂ ਹੀ ਦੋ ਭਾਸ਼ਾਵਾਂ ਬੋਲ ਸਕਦਾ ਹੈ ਪਰ ਉਨ੍ਹਾਂ ਮਾਂਵਾਂ ਦਾ ਕੀ ਕਰੀਏ ਜਿਨ੍ਹਾਂ ਨੂੰ ਆਪਣਾ ਬੱਚਾ ਪੰਜਾਬੀ ਬੋਲਦਾ ਗੰਵਾਰ ਲੱਗਦਾ ਹੈ ਜਾਂ ਫਿਰ ਪੰਜਾਬੀ ਦਿੱਖ ਨਾਲ ਬੱਚੇ ਦਾ ਆਪਣੇ ਚੌਗਿਰਦੇ ਵਿਚ ਨੱਕ ਨੀਵਾਂ ਹੁੰਦਾ ਹੈ?

ਅਸੀਂ ਆਪਣੀ ਭਾਸ਼ਾ ਤਾਂ ਕੀ, ਆਪਣੇ ਨਾਂ ਵੀ ਨਹੀਂ ਬਚਾ ਸਕੇ। ਗੁਰੂ ਨੇ 'ਕੌਰ' ਤੇ 'ਸਿੰਘ' ਨਿਵੇਕਲੀ ਪਛਾਣ ਵਜੋਂ ਦਿੱਤੇ ਸਨ ਪਰ ਹੁਣ ਨਾਂਵਾਂ ਨਾਲ ਕੋਈ 'ਸਿੰਘ' ਅਤੇ 'ਕੌਰ' ਲਾ ਕੇ ਰਾਜ਼ੀ ਨਹੀਂ। ਅਖ਼ਬਾਰਾਂ ਪੜ੍ਹ ਲਵੋ ਜਾਂ ਕੋਈ ਅਨਾਊਂਸਮੈਂਟ ਸੁਣ ਲਵੋ। ਚੀਮਾ, ਰੰਧਾਵਾ, ਸੇਠੀ,





*ਲੱਕ ਟਵੰਟੀ ਏਟ ਕੁੜੀ ਦਾ, ਵੇਰਟੀ ਸੈਵਨ ਵੇਟ ਕੁੜੀ ਦਾ...*

ਵੜੈਚ, ਸੰਧੂ, ਮਲਿਕ ਆਦਿ ਅਖਵਾਉਣਾ ਬਹੁਤ ਜ਼ਰੂਰੀ ਹੈ। ਇਹ ਸਾਰੇ ਗੋਤ ਤਾਂ ਮੁਸਲਮਾਨਾਂ ਅਤੇ ਹਿੰਦੂਆਂ ਦੇ ਵੀ ਨੇ। ਗੁਰੂ ਦੀ ਦਿੱਤੀ ਦਾਤ ਨਾਲ ਛੇੜਖਾਨੀ ਕਰਨ ਦਾ ਨਤੀਜਾ ਕਈ ਵਾਰੀ ਭੰਬਲਭੂਸੇ ਪੈਦਾ ਕਰਦਾ ਹੈ। ਵਿਆਹ ਤੋਂ ਬਾਅਦ ਕਈ ਵਾਰ ਲੜਕੀਆਂ ਨੂੰ ਆਪਣੇ 'ਸਰ ਨੇਮ' ਬਦਲਣ ਲਈ ਲੰਮੀ-ਚੌੜੀ ਕਾਗਜ਼ੀ ਕਾਰਵਾਈ ਕਰਨੀ ਪੈਂਦੀ ਹੈ ਅਤੇ ਹਮੇਸ਼ਾ ਹੀ ਆਪਣੇ ਬਦਲੇ ਹੋਏ 'ਸਰ ਨੇਮ' ਦਾ ਕਾਰਨ ਦੱਸਣਾ ਪੈਂਦਾ ਹੈ।

ਕਈ ਗ਼ੈਰ-ਸਿੱਖ ਕਵੀਆਂ, ਲੇਖਕਾਂ ਨੇ ਪੰਜਾਬੀ ਸਭਿਆਚਾਰ ਬਾਰੇ ਬਹੁਤ ਹੀ ਸਕਾਰਾਤਮਕ ਢੰਗ ਨਾਲ ਲਿਖਿਆ ਹੈ। ਪੰਜਾਬੀ ਸਭਿਆਚਾਰ ਜ਼ਿਹਨੀ ਦਲੇਰੀ ਦੀ ਨਾਯਾਬ ਮਿਸਾਲ ਹੈ ਪਰ ਬਦਕਿਸਮਤੀ ਨਾਲ ਇਸ ਸਭਿਆਚਾਰ ਨੇ ਆਪਣੇ ਪੈਰ ਮਨੂ ਸਮ੍ਰਿਤੀ ਵੱਲ ਮੋੜ ਲਏ। ਸਿੱਖ ਧਰਮ ਦਾ ਮੁੱਢਲਾ ਸਿਧਾਂਤ ਔਰਤ ਦੀ ਬਰਾਬਰੀ ਦਾ ਹੈ ਤੇ ਪਤੀ ਪਰਮੇਸ਼ਰ ਕੇਵਲ ਰੱਬ ਨੂੰ ਹੀ ਕਹਿੰਦਾ ਹੈ; ਉਸ ਔਰਤ ਦੀ ਹੁਣ ਜਾ ਕੇ ਥੋੜ੍ਹੀ ਜਿਹੀ ਸੁਣਵਾਈ ਹੋਈ ਹੈ ਜਦੋਂ ਉਹ ਆਪ ਪੜ੍ਹ ਲਿਖ ਗਈ ਜਾਂ ਫਿਰ ਪਰਿਵਾਰਕ ਢਾਂਚਾ ਛੋਟਾ ਹੋਣ ਕਰ ਕੇ ਉਸ ਨੂੰ ਅਹਿਮੀਅਤ ਮਿਲਣੀ ਸ਼ੁਰੂ ਹੋਈ। ਨਹੀਂ ਤਾਂ ਅਸੀਂ ਆਪਣੇ ਸਭਿਆਚਾਰ ਵਿਚ ਔਰਤ ਨੂੰ ਸ਼ਤਰੰਜ ਦਾ ਮੋਹਰਾ ਬਣਾ ਦਿੱਤਾ ਸੀ।

ਆਪਣੇ ਸਭਿਆਚਾਰ ਨੂੰ ਅਸੀਂ ਕਦੋਂ ਅੱਤਿਆਚਾਰ ਬਣਾ ਦਿੱਤਾ, ਸਾਨੂੰ ਆਪ ਨੂੰ ਵੀ ਨਹੀਂ ਪਤਾ ਲੱਗਾ। ਪਹਿਲੇ ਪਾਤਸ਼ਾਹ ਨੇ ਲਿਖਤੀ ਰੂਪ ਵਿਚ ਬਾਬਰ ਦਾ ਵਿਰੋਧ ਕੀਤਾ ਜਦੋਂ ਉਹਨੇ ਸੰਧੂਰ ਭਰਨ ਵਾਲੇ ਤੇ ਮੱਥੇ 'ਤੇ ਪੱਟੀਆਂ ਸੁਸ਼ੋਭਿਤ ਕਰਨ ਵਾਲੇ ਸਿਰ ਮੁਨਵਾਏ। ਇਥੋਂ ਪਤਾ ਲਗਦਾ ਹੈ ਕਿ ਹਿੰਦੂ ਸਮਾਜ ਵਿਚ ਵੀ ਆਪਣੇ ਵਾਲਾਂ ਦੀ ਬੇਅਦਬੀ ਕਰਨ ਦਾ ਰਿਵਾਜ਼ ਨਹੀਂ ਸੀ ਪਰ ਅੱਜ ਉਸ ਗੁਰੂ ਦੇ ਦੱਸੇ ਸਭਿਆਚਾਰ ਦਾ ਕੀ ਹਸ਼ਰ ਹੋ ਰਿਹਾ ਹੈ, ਅਸੀਂ ਸਾਰੇ ਵੇਖ ਰਹੇ ਹਾਂ! ਕੀ ਇਸ ਪਿੱਛੇ ਕਿਸੇ ਰਾਜਨੀਤਿਕ ਤਾਕਤ ਦਾ ਹੱਥ ਹੈ? ਬਿਲਕੁਲ ਨਹੀਂ।

ਪ੍ਰਾਹੁਣਚਾਰੀ ਵਿਚ ਪੰਜਾਬੀ ਸਮਾਜ ਮੋਹਰੀ ਹੈ। ਘਰ ਆਏ ਦੋਸਤ ਨੂੰ ਤਾਂ ਕੀ, ਕਿਸੇ ਅਣਜਾਣ ਬੰਦੇ ਨੂੰ ਵੀ ਤੁੰਨ-ਤੁੰਨ ਕੇ ਖੁਆਇਆ ਜਾਂਦਾ ਹੈ। ਜੇ ਕੋਈ ਜਾਣਕਾਰ ਆਪਣੀ ਕਿਸੇ ਪਾਰਟੀ ਵਿਚ ਸੱਦ ਲਵੇ ਤਾਂ ਉਦੋਂ ਤੱਕ ਘਰ ਨਹੀਂ ਮੁੜੀਦਾ ਜਦ ਤੱਕ ਹਾਲ ਵਾਲੇ ਦਰੀਆਂ ਨਾ ਵਲੇਟਣੀਆਂ ਸ਼ੁਰੂ ਕਰ ਦੇਣ ਪਰ ਜੇ ਗੁਰਦੁਆਰੇ ਜਾਈਏ ਤਾਂ ਕੋਈ ਬੰਦਾ ਅਜੇ ਲਾਊਡ ਸਪੀਕਰ 'ਤੇ ਕੁਝ ਕਹਿਣਾ ਚਾਹੁੰਦਾ ਹੁੰਦਾ ਹੈ, ਅਸੀਂ ਉਠ ਕੇ ਤੁਰ ਪੈਂਦੇ ਹਾਂ, ਜਾਂ ਫਿਰ ਭਰੀ ਸਭਾ, ਗੁਰੂ ਦੀ ਹਜ਼ੂਰੀ ਵਿਚ ਉਸ ਬੰਦੇ ਦੀ ਨਿਖੇਧੀ ਕਰਦੇ ਹਾਂ। ਕੀ ਇਹੀ ਸਾਡੀ ਜੀਵਨ ਜਾਚ ਜਾਂ ਸਭਿਆਚਾਰ ਹੈ?

ਜੇ ਸਾਡੇ ਸਭਿਆਚਾਰ ਨੂੰ ਢਾਹ ਲਾਉਣ ਦੀ ਕਸਰ ਕਿਸੇ ਨਹੀਂ ਛੱਡੀ ਤਾਂ ਮੀਡੀਆ ਨੇ। ਪੰਜਾਬੀ ਫਿਲਮਾਂ ਵਿਚ ਤਕਨੀਕੀ ਪੱਧਰ ਭਾਵੇਂ ਜਿੰਨੀ ਮਰਜ਼ੀ ਤਰੱਕੀ ਕਰ ਗਿਆ ਹੋਵੇ ਪਰ ਉਨ੍ਹਾਂ ਵਿਚ ਹਾਸੋਹੀਣੇ ਢੰਗ ਨਾਲ ਦਰਸਾਈ ਗਈ ਕਿਸੇ ਪੰਜਾਬੀ ਦੀ ਦਿੱਖ ਜਾਂ ਘਰੇਲੂ ਬਣਤਰ ਅਜੋਕੇ ਪੰਜਾਬੀ ਸਮਾਜ ਨੂੰ ਗੁੰਮਰਾਹ ਕਰਨ ਲਈ ਕਾਫ਼ੀ ਹੈ। ਪੰਜਾਬੀ ਚੈਨਲਾਂ 'ਤੇ ਖ਼ਬਰਾਂ ਪੜ੍ਹਦੇ ਸਿੱਖਾਂ ਨੂੰ ਵੇਖ ਕੇ ਹੈਰਾਨੀ ਹੁੰਦੀ ਹੈ ਤੇ ਮਨ ਵਿਚ ਸਵਾਲ ਉਠਦਾ ਹੈ ਕਿ ਜੇ ਇਨ੍ਹਾਂ ਨੂੰ ਲੋਕਾਂ ਦੇ ਰੂਬਰੂ ਹੋਣ ਦਾ ਮੌਕਾ ਮਿਲਿਆ ਹੈ ਤਾਂ ਇਹ ਕੋਈ ਸਾਕਾਰਾਤਮਕ ਸੇਧ ਸਮਾਜ ਨੂੰ ਕਿਉਂ ਨਹੀਂ ਦੇ ਸਕਦੇ? ਜੇ ਇਨ੍ਹਾਂ ਦੀ ਭਾਸ਼ਾ ਵੱਲ ਧਿਆਨ ਦੇਈਏ ਤਾਂ ਇਹ ਉਪਭਾਸ਼ਾ ਦੀ ਵਰਤੋਂ ਕਰਦੇ ਨੇ, ਨਾ ਕਿ ਕੇਂਦਰੀ ਪੰਜਾਬੀ ਦੀ। ਪੱਛਮੀ ਰੇਡੀਓ 'ਤੇ ਚੱਲਦੇ ਪੰਜਾਬੀ ਪ੍ਰੋਗਰਾਮ ਸੁਣੋ ਤਾਂ ਆਰ.ਜੇ. ਕਹਿੰਦੀ ਹੋਵੇਗੀ, "ਭਾਜੀ ਹੁਣਾਂ ਨੇ ਬਹੁਤ ਬੁੱਕਾਂ ਲਿਖ ਕੇ ਸਮਾਜ ਦਾ ਬਹੁਤ ਭਲਾ ਕਰਿਆ ਯਾ।" ਪੂਰਬੀ ਪ੍ਰੋਗਰਾਮ ਦੇਖੋ ਤਾਂ ਸਾਰੀ ਗੱਲ "ਹੈਗੇ-ਹੈਗੇ ਜਾਂ ਹੈਗਾ-ਹੈਗਾ' ਵਿਚ ਮੁੱਕ ਜਾਵੇਗੀ। ਦਰਸ਼ਕ ਵੀ ਮਨ ਬਣਾ ਲੈਂਦਾ ਹੈ ਕਿ ਸਭ ਚਲਦਾ ਹੈ ਤੇ ਇਹੀ ਠੀਕ ਹੋਣੈ।

ਪੰਜਾਬੀ ਸਭਿਆਚਾਰ ਭਾਈਚਾਰੇ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਪਰ ਅੱਜ ਉਨ੍ਹਾਂ ਪੰਜਾਬੀਆਂ ਦੇ ਝਗੜੇ-ਝੇੜੇ ਨਿਬੇੜਨ ਲਈ ਉਹ ਕੌਮਾਂ ਅੱਗੇ ਆਉਂਦੀਆਂ ਨੇ ਜਿਨ੍ਹਾਂ ਦੇ ਖ਼ਿਲਾਫ਼ ਸਭ ਤੋਂ ਜ਼ਿਆਦਾ ਸਿੱਖਾਂ ਨੇ ਹੀ ਕਾਲੇਪਾਣੀਆਂ ਦੀ ਸਜ਼ਾ ਭੋਗੀ ਤੇ ਫਾਂਸੀਆਂ 'ਤੇ ਚੜ੍ਹੇ।

ਅੱਜ ਲੋੜ ਸਿਰਫ਼ ਆਪਣੇ ਘਰ ਵੱਲ ਧਿਆਨ ਦੇਣ ਦੀ ਹੈ। ਜਦ ਤੱਕ ਆਪਣੇ ਪੈਰ ਕੱਚੇ ਨਾ ਹੋਣ ਕੋਈ ਕਿਸੇ ਨੂੰ ਢਹਿੰਦੀ ਕਲਾ ਵੱਲ ਨਹੀਂ ਲਿਜਾ ਸਕਦਾ। ਮੁਗਲਾਂ ਦੇ ਰਾਜ ਵੇਲੇ ਗੁਰੂ ਗੋਬਿੰਦ ਸਿੰਘ ਦੇ ਸਿੰਘਾਂ ਨੇ ਸੁੰਨਤ ਦੀ ਪ੍ਰਥਾ ਕਿਉਂ ਨਾ ਆਪਨਾ ਲਈ? ਗੱਲ ਇੱਥੇ ਮੁੱਕਦੀ ਹੈ ਕਿ ਮੰਜੇ 'ਚ ਤੀਰ ਗੱਡਣ ਲਈ ਜ਼ੁਅਰਤ ਦੀ ਲੋੜ ਹੁੰਦੀ ਹੈ, ਨਾ ਕਿ ਤੀਰ ਘੜਨ ਵਾਲੇ ਦੀ ਇਜਾਜ਼ਤ ਦੀ।

## ਕਹਾਣੀ

# ਕੈਟ ਬਣੇਂਗਾ ਭੀਰਿਆ

*ਕਹਾਣੀ 'ਕੈਟ ਬਣੇਂਗਾ ਭੀਰਿਆ' ਅਨੰਤ ਅਤੇ ਅਕੱਥ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਪਰਤਾਂ ਵਿਚੋਂ ਕੁਝ ਕੁ ਦਾ ਬੜਾ ਮਹੀਨ ਚਿੱਤਰਨ ਹੈ। ਇਸ ਵਿਚ ਮਨੁੱਖੀ ਫਿਤਰਤ ਅਤੇ ਖੁਨਾਮੀਆਂ ਦੇ ਦਰਸ਼ਨ ਵੀ ਹੁੰਦੇ ਹਨ। ਬੰਦੇ ਦੀ ਹੋਰ ਜੀਣ ਦੀ ਲਾਲਸਾ ਵੀ ਝਲਕਾਰੇ ਮਾਰਦੀ ਹੈ। ਗੱਲਾਂ ਗੱਲਾਂ ਵਿਚ ਲੇਖਕ ਗਗਨ ਦੀਪ ਸ਼ਰਮਾ ਨੇ ਬੰਦੇ ਅੰਦਰਲੀਆਂ ਗੁੰਝਲਾਂ ਖੋਲ੍ਹਣ ਦਾ ਯਤਨ ਕੀਤਾ ਹੈ। ਬੰਦੇ ਦੇ ਜ਼ਿਹਨ ਅੰਦਰ ਹਰ ਪਲ ਪਲਦੀ/ਘੁਲਦੀ/ਉਠਦੀ ਬਗਾਵਤ ਦੀਆਂ ਤਣੀਆਂ ਵਾਰ ਵਾਰ ਤਣਦੀਆਂ ਅਤੇ ਨਾਲ ਹੀ ਢਿੱਲੀਆਂ ਪੈਂਦੀਆਂ ਹਨ। ਜ਼ਿਹਨ ਦੀ ਇਹੀ ਉਥਲ-ਪੁਥਲ ਰਤਾ ਕੁ ਵੱਡੇ ਪੱਧਰ ਉਤੇ ਹੁੰਦੀ ਹੈ ਤਾਂ ਸ਼ਾਇਦ ਬਾਹਰ ਕਈ ਗੁਣਾ ਵਧੇਰੇ ਉਥਲ-ਪੁਥਲ ਜਨਮ ਲੈਂਦੀ ਹੈ। ਇਹ ਕਹਾਣੀ ਇਸ ਉਥਲ-ਪੁਥਲ ਨੂੰ ਪੜ੍ਹਨ-ਗੁੜ੍ਹਨ ਦੀ ਕਥਾ ਹੈ। -ਸੰਪਾਦਕ*

'ਇਉਂ ਢੇਰੀ ਢਾਇਆਂ ਕਿਤੇ ਸਰ ਜੂ ਬਾਈ! ਕੇਰਾਂ ਤਾਂ ਦਿਲ ਜ੍ਹਾ ਕੈੜਾ ਕਰ ਕੇ ਉਠਣਾ ਈ ਪਊ। ਨਾਲੇ ਹੁਣ ਆਪਣੇ ਕੋਲੇ ਹੋਰ ਚਾਰਾ ਵੀ ਕੀ ਐ। ਦੋ ਮਹੀਨੇ ਹੋ ਚੱਲੇ ਨੇ ਇਥੇ। ਮੇਰੇ ਸਾਲੇ ਨਾ ਕੱਢਦੇ ਐ, ਨਾ ਵੱਢਦੇ ਐ', ਕੈਟਾਂ ਕੇ ਭੀਰੇ ਦੇ ਬੋਲ ਸੁਣ ਕੇ ਮੇਰੀ ਸੁਤਾ ਪਰਤੀ ਐ। ਦੁਪਹਿਰੇ ਜੂਸ ਨਾਲ ਸਲੂਣੇ ਜੇ੍ਹ ਬਰੈਡ ਤੇ ਬਾਟਾ ਭਰ ਕੇ ਚੌਲ ਖਾ ਲਈਦੇ ਐ। ਫਿਰ ਊਂਘ ਜੀ ਆ ਜਾਂਦੀ ਐ ਮੈਨੂੰ। ਰਾਤ ਨੂੰ ਨੀਂਦ ਆਉਂਦੀ ਨਹੀਂ ਚੱਜ ਨਾਲ। ਭੀਰਾ ਰਾਤ ਨੂੰ ਸਾਝਰੇ ਈ ਸੌਂ ਜੂ। ਮੈਨੂੰ ਤਾਂ ਪ੍ਰੋਫੈਸਰ ਬਖ਼ਤਾਵਰ ਈ ਨ੍ਹੀਂ ਸੌਣ ਦਿੰਦਾ ਰਾਤਾਂ ਨੂੰ।

ਸਾਰੀ-ਸਾਰੀ ਰਾਤ ਤੰਗ ਕਰਦਾ ਰਹਿੰਦੈ ਪ੍ਰੋਫੈਸਰ ਬਖ਼ਤਾਵਰ। ਅਖੇ ਇਨਕਲਾਬ ਤਾਂ

**ਗਗਨ ਦੀਪ ਸ਼ਰਮਾ**
ਫੋਨ: 91-99152-99866

ਅਫ਼ਰੀਕਾ ਕੰਨੀਂ ਆਊ ਹੁਣ। ਆਪਣੇ ਕੀ ਛਿੱਕੂ ਇਨਕਲਾਬ ਆ ਸਕਦੈ। ਆਪਣੀ ਤਾਂ ਕੌਮ ਹੀ ਪਿੱਠੂਆਂ ਦੀ ਐ। ਸਹੁਰਿਆਂ ਨੂੰ ਜਿੱਧਰ ਨੂੰ ਹੱਕ ਦੋ, ਮਾਰੋ-ਮਾਰ ਤੁਰੇ ਜਾਂਦੇ ਐ।

ਦੁਪਹਿਰੇ ਮਸੀਂ ਭੋਰਾ ਅੱਖ ਲੱਗਦੀ ਐ, ਤੇ ਉਹ ਵੀ ਅੱਜ ਇਹਦੀ ਪਤਾ ਨ੍ਹੀਂ ਕੀ ਮਾਂ ਮਰ'ਗੀ। ਕੁਝ ਲੱਗਦਾ ਦੋ ਮਹੀਨੇ ਦਾ। ਮੈਨੂੰ ਤਾਂ ਇਉਂ ਵੀ ਚੇਤਾ ਨ੍ਹੀਂ ਆਉਂਦਾ ਬਈ ਅੱਜ ਦਿਨ ਕੀ ਐ। ਇਹਦੇ ਕੋਲ ਪਤਾ ਨ੍ਹੀਂ ਕਿਹੜਾ ਮੋਮੈਂਟ ਪਲੈਨਰ ਐ। ਪਲ-ਪਲ ਦਾ ਹਿਸਾਬ ਰੱਖਦੈ। ਅਖੇ ਹੁਣ ਜੂਸ ਆਉਣ ਵਾਲੈ, ਹੁਣ ਚਾਹ ਆਜੂ, ਹੁਣ ਚੌਲ ਮਿਲਣਗੇ, ਹੁਣ ਸੌਣ ਦਾ ਟੈਮ ਹੋ ਗਿਆ।

ਭੀਰੇ ਬਾਰੇ ਸੋਚਦੇ ਨੂੰ ਪ੍ਰੋਫੈਸਰ ਬਖ਼ਤਾਵਰ ਫਿਰ ਚੇਤੇ ਆ ਗਿਆ। ਬੜਾ ਕਾਢੀ ਸੀ ਬਾਬਾ। ਭੀਰੇ ਕਿਆਂ ਦੇ ਲਾਣੇ ਨੂੰ ਕੈਟਾਂ ਕਾ ਲਾਣਾ ਕਹਿਣਾ ਉਸੇ ਨੇ ਸ਼ੁਰੂ ਕੀਤਾ ਸੀ। ਮਾੜੇ ਦੌਰ ਵਿਚ ਭੀਰੇ ਦਾ ਬਾਪੂ ਕੈਟ ਰਿਹਾ, ਫਿਰ ਇਹਦਾ ਚਾਚਾ ਤੇ ਇਹਦਾ ਵੱਡਾ ਭਾਈ ਵੀ। ਪ੍ਰੋਫੈਸਰ ਤਾਂ ਕਿਹਾ ਕਰਦਾ ਸੀ ਕਿ ਭੀਰਾ ਸਭ ਤੋਂ ਖ਼ਤਰਨਾਕ ਕੈਟ ਹੈ, ਸਿਵਲ ਵਰਦੀ ਵਾਲਾ ਕੈਟ। ਠਿੱਬੀਮਾਰ ਕੈਟ। ਹੈ ਕੁਝ, ਬਣ ਕੇ ਕੁਝ ਹੋਰ ਵਿਖਾਊ। ਜਿਸ ਦੇ ਨਾਲ ਤੁਰੂ, ਉਸ ਦੀ ਸਾਰੀ ਸੂਹ ਕੱਢ ਲੂ, ਉਸੇ ਨੂੰ ਠਿੱਬੀ ਮਾਰੂ। ਪ੍ਰੋਫੈਸਰ ਮੈਨੂੰ ਅਕਸਰ ਵਰਜਦਾ, ਅਖੇ ਕੈਟਾਂ ਕੇ ਭੀਰੇ ਨਾਲ ਆੜੀ ਤੋੜ ਨ੍ਹੀਂ ਚੜ੍ਹਨੀਂ। ਇਹਤੋਂ ਦੂਰ ਹੀ ਰਿਹਾ ਕਰ ਖੱਚ ਬੰਦੇ ਤੋਂ। ਫਿਰ ਮੇਰੀਆਂ ਅੱਖਾਂ 'ਚ ਸਿੱਧਾ ਝਾਕਦਾ। 'ਉਂਜ ਬਿੱਲੀ ਮਾਰਨਾ ਵੀ ਕਲਾ ਹੁੰਦੀ ਐ। ਮੈਨੂੰ ਪਤੈ ਤੂੰ ਬਿੱਲੀ ਮਾਰਨ ਜਾਣਦੈਂ। ਇਸ ਕੈਟ ਨੂੰ ਵੀ ਵੱਸ ਕਰ ਸਕਦੈਂ। ਜੇ ਤੂੰ ਆਹ ਭੀਰੇ ਆਲੀ ਬਿੱਲੀ ਮਾਰ ਲਵੇਂ ਤਾਂ ਤੇਰੇ ਕਈ ਕੰਮ ਕੱਢ ਸਕਦਾ ਇਹ ਕੈਟ।'

ਪ੍ਰੋਫੈਸਰ ਦੀ ਗੱਲ ਸੱਚ ਵੀ ਸੀ। ਭੀਰਾ ਸਾਰੇ ਕਾਲਜ ਨੂੰ ਠਿੱਬੀ ਮਾਰ ਜਾਂਦਾ। ਮੈਨੂੰ ਵੀ ਕਈ ਵੇਰਾਂ ਅੱਧ-ਵਿਚਕਾਰ ਫਸਾ ਗਿਆ ਸੀ, ਪਰ ਮੇਰੀ ਘੂਰੀ ਵੀ ਸਹਿ ਜਾਂਦਾ। ਮੈਨੂੰ 'ਬਾਈ' ਤੋਂ ਘੱਟ ਨ੍ਹੀਂ ਬੋਲਦਾ। ਮੇਰੀ ਫਸੇ ਹੋਏ ਦੀ ਬੇੜੀ ਕਿੰਨੀ ਵੇਰ ਪਾਰ ਲੱਗੀ ਸੀ ਇਹਦੇ ਪੈਰੋਂ। ਇਕ ਵੇਰਾਂ ਕਾਲਜ ਦੇ ਪ੍ਰਧਾਨ ਦੀ ਚੋਣ ਲੜ ਰਿਹਾ ਸੀ ਮੈਂ। ਵਿਰੋਧੀ ਪਾਰਟੀ ਚਾਰ ਸਾਲਾਂ ਤੋਂ ਨ੍ਹੀਂ ਸੀ ਹਾਰੀ। ਐਤਕੀਂ ਵੀ ਉਨ੍ਹਾਂ ਦਾ ਜ਼ੋਰ ਸੀ। ਅੱਠ ਸੀ.ਆਰ. ਉਨ੍ਹਾਂ ਨਾਲ ਸੀ, ਛੇ ਸਾਡੇ ਨਾਲ। ਅਸੀਂ ਦੋ ਸੀ.ਆਰ. ਤੋੜ ਲੈਂਦੇ ਤਾਂ ਜਿੱਤ ਜਾਣਾ ਸੀ, ਪਰ 'ਕਾਲਜ ਯੂਨੀਅਨ' ਵਾਲੇ ਬੰਦੇ ਕਿਵੇਂ ਤੋੜੇ ਜਾਂਦੇ! ਸਾਡੇ ਵੱਲ ਦੇ ਸਾਰੇ ਬੰਦੇ ਸਿਰ ਸੁੱਟੀ ਬੈਠੇ ਸਨ ਜਦੋਂ ਮੈਂ ਇਹਨੂੰ ਵੰਗਾਰਿਆ ਸੀ, 'ਭੀਰਿਆ! ਕੈਟ ਬਣੇਂਗਾ ਓਏ।' ਇਹਨੇ ਸੱਜੇ ਹੱਥ ਦੀਆਂ ਪਹਿਲੀਆਂ ਦੋਵੇਂ ਉਂਗਲਾਂ ਨੂੰ ਥੁੱਕ ਲਾ ਕੇ ਖੱਬੇ ਹੱਥ 'ਤੇ ਮਲੀਆਂ ਸਨ। ਫਿਰ ਸੱਜਾ ਹੱਥ ਉਪਰ ਤੇ ਖੱਬਾ ਹੇਠਾਂ ਨੂੰ ਲਿਜਾ ਕੇ ਸਿਰ ਮੂਹਰੇ ਨੂੰ ਝੁਕਾਉਂਦਿਆਂ ਬਾਜ਼ੀ ਪਾਉਣ ਦੇ ਅੰਦਾਜ਼ ਵਿਚ ਆਉਂਦਿਆਂ ਅੱਖਾਂ ਨਚਾਈਆਂ ਸਨ, 'ਬਣਜੂੰ...ਬਣਜੂੰ।' ਅੱਠ ਦਿਨ ਭੀਰਾ ਉਨ੍ਹਾਂ ਦੇ ਨਾਲ ਘੁੰਮਿਆ ਸੀ। ਮੈਨੂੰ ਇਉਂ ਗਾਲ੍ਹਾਂ ਕੱਢੀਆਂ ਸੀ ਉਨ੍ਹਾਂ ਵਿਚ ਖੜ੍ਹੇ ਨੇ, ਕਿ ਸਾਰੇ ਈ ਸੱਚ ਮੰਨ ਗਏ ਸੀ ਬਈ ਭੀਰਾ ਵੀ ਸਾਡੇ ਕੰਨੀਓਂ ਗਿਆ। ਫਿਰ ਨੌਵੇਂ ਦਿਨ ਕੈਟ ਆਪਣੀ ਕਮਾਲ ਵਿਖਾ ਕੇ ਪਰਤ ਆਇਆ ਸੀ। 'ਹਰਜੀਤ ਤੇ ਕਮਲ ਟੁੱਟ ਸਕਦੇ ਨੇ। ਕੁੜੀਬਾਜ਼ ਨੇ ਮੇਰੇ ਸਾਲੇ। ਚਾਲ ਚੱਲੋ ਬਾਈ। ਬਾਜ਼ੀ ਖੁੱਲ੍ਹੀ ਐ', ਭੀਰਾ ਸ਼ਕੁਨੀ ਵਾਂਗ ਹੱਥ ਮਲ਼ ਰਿਹਾ ਸੀ। ਪੂਜਾ ਨੇ ਸਵਾਤੀ ਵੱਲ ਅੱਖ ਦੱਬੀ ਸੀ। ਹਰਜੀਤ ਤੇ ਕਮਲ ਸਾਡੇ ਹੱਕ 'ਚ ਭੁਗਤ ਗਏ। ਮੈਂ ਪ੍ਰਧਾਨ ਚੁਣਿਆ ਗਿਆ। ਫਿਰ ਤਾਂ ਬੱਸ ਚੱਲ ਸੋ ਚੱਲ। ਜਦ ਵੀ ਮੈਂ ਕੁਝ ਸੋਚ ਕੇ ਪੁੱਛਦਾਂ, 'ਭੀਰਿਆ! ਕੈਟ ਬਣੇਂਗਾ ਓਏ', ਇਹ ਪੂਰਾ ਅਮਲ ਦੁਹਰਾਉਂਦੈ, 'ਬਣਜੂੰ...ਬਣਜੂੰ।'

ਪ੍ਰੋਫੈਸਰ ਅੱਜ ਬਾਹਲਾ ਈ ਚੇਤੇ ਆਈਂ ਜਾਂਦੈ। ਜਿੱਦੇਂ ਮੈਂ ਪ੍ਰਧਾਨ ਦੀ ਚੋਣ ਜਿੱਤਿਆ ਸੀ, ਮੇਰੇ ਹੱਥ ਨੂੰ ਦੋਹਾਂ ਹੱਥਾਂ ਵਿਚ ਘੁੱਟ ਬੋਲਿਆ ਸੀ, 'ਕਰੇਂਗਾ ਬਈ ਕੋਈ ਕਾਰਾ ਤੂੰ ਵੀ, ਲਿਆਵੇਂਗਾ ਕੋਈ ਇਨਕਲਾਬ, ਹਟਦਾ ਨ੍ਹੀਂ ਤੂੰ।' 'ਇਨਕਲਾਬ' ਪ੍ਰੋਫੈਸਰ ਦੇ ਦਿਲ ਲਗਦਾ ਸ਼ਬਦ ਸੀ। ਜਦੋਂ ਕਿਤੇ ਬਹੁਤ ਖੁਸ਼ ਹੁੰਦਾ ਜਾਂ ਉਦਾਸ, ਉਦੋਂ ਇਹ 'ਹਥਿਆਰ' ਵਰਤਦਾ। ਉਂਜ ਇਨਕਲਾਬ ਦੀ ਸਮਝ ਵੀ ਬੜੀ ਸੀ ਬਾਬੇ ਨੂੰ। ਰੂਸ ਦਾ ਇਨਕਲਾਬ, ਜਰਮਨੀ ਦਾ ਇਨਕਲਾਬ, ਇੰਗਲੈਂਡ ਦਾ ਉਦਯੋਗਿਕ ਇਨਕਲਾਬ, ਫਰਾਂਸ ਦਾ ਇਨਕਲਾਬ, ਭਗਤ ਸਿਹੁੰ ਹੁਰਾਂ ਦਾ ਇਨਕਲਾਬ, ਹਰਾ ਇਨਕਲਾਬ ਤੇ ਆਹ ਤਕਨੀਕ ਦਾ ਇਨਕਲਾਬ; ਖੜ੍ਹਾ-ਖੜੋਤਾ ਸਾਰੇ ਇਨਕਲਾਬਾਂ ਦਾ ਪੋਸਟ-ਮਾਰਟਮ ਕਰ ਦਿੰਦਾ। ਦਲੀਲਾਂ ਖੌਰੇ ਕਿੱਥੋਂ ਲਿਆਉਂਦਾ ਸੀ ਕੱਢ ਕੇ। ਇਕੇਰਾਂ ਤਾਂ ਸੁਣਨ ਵਾਲੇ ਨੂੰ ਝੰਜੋੜ ਕੇ ਰੱਖ ਦਿੰਦਾ। ਪਤਾ ਈ ਨ੍ਹੀਂ ਸੀ ਲੱਗਦਾ ਬਈ ਇਹ ਫਿਜ਼ਿਕਸ ਦਾ ਪ੍ਰੋਫੈਸਰ ਐ ਜਾਂ ਹਿਸਟਰੀ ਦਾ, ਪੋਲੀਟੀਕਲ ਸਾਇੰਸ ਦਾ ਜਾਂ ਇਕਨਾਮਿਕਸ ਦਾ।

ਭੀਰਾ ਪਤਾ ਨ੍ਹੀਂ ਕਿੱਥੇ-ਕਿੱਥੇ ਗੇੜੇ ਦਈ ਜਾਂਦੈ। ਕਦੇ ਬਾਹਰ ਚਲਿਆ ਜਾਊ। ਫਿਰ ਅੰਦਰ ਨੂੰ ਮੁੜ ਆਉਂਦੈ। ਦਾੜ੍ਹੀ ਜਿਹੀ ਖੁਰਕੀ ਜਾਊ। ਅੱਧਗੰਜੇ ਜਿਹੇ ਸਿਰ 'ਤੇ ਹੱਥ ਰੱਖ ਲੈਂਦੈ। ਖਵਨੀ ਕਾਹਦੀ ਅੱਚਵੀ ਜਿਹੀ ਲੱਗੀ ਹੈ ਇਹਨੂੰ। ਬਈ ਭਲਿਆ ਮਾਣਸਾ, ਹੁਣ ਫਸੇ ਤਾਂ ਹੋਏ ਈ ਆਂ। ਇਉਂ ਕਿਤੇ ਇਕੋ ਦਮ ਨਿਕਲਿਆ ਜਾਊ ਇਥੋਂ! ਕਰਨ-ਕਰਾਉਣ ਵਾਲਾ ਕੁਝ ਹੋਵੇ ਤਾਂ ਬੰਦਾ ਐਂ ਹੱਥ-ਪੈਰ ਵੀ ਮਾਰੇ। ਇਥੇ ਤਾਂ ਹੁਣ ਫਸ'ਗੇ ਸੋ ਫਸ'ਗੇ। ਨਿਕਲਾਂਗੇ ਵੀ ਤਾਂ ਕਿਵੇਂ! ਜਾਵਾਂਗੇ ਵੀ ਤਾਂ ਕਿੱਧਰ!

ਊਂ ਮਰਵਾਇਆ ਵੀ ਇਸੇ ਵੱਡੇ ਕੈਟ ਨੇ ਸੀ। ਮੈਂ ਤਾਂ ਕਿਹਾ ਸੀ ਬਈ ਕਿਧਰੇ ਨ੍ਹੀਂ ਮਰਦਾ ਤੂੰ ਪਾਣੀ ਖੁਣੋਂ। ਕੁਝ ਲੱਗਦਾ ਪਿਆਸ ਦਾ। ਅਖੇ, ਬਾਈ ਮੇਰਾ ਸੰਘ ਸੁੱਕਿਆ ਪਿਆ ਕਿੰਨੇ ਚਿਰ ਦਾ। ਇਹ ਵੀ ਕੀ ਕਰਦਾ ਵਿਚਾਰਾ ਉਂਜ। ਏਜੰਟ ਹੀ ਧੋਖਾ ਦੇ ਗਏ। ਕਹਿੰਦੇ ਤਾਂ ਇਉਂ ਸੀ ਜਿਵੇਂ ਸਾਊਥ ਅਫ਼ਰੀਕਾ ਸਹੁਰਿਆਂ ਦੇ ਪਿਉ ਦਾ ਹੁੰਦੈ। ਅਖੇ ਬਾਈ ਜੀ ਉਥੇ ਸਮ੍ਹਾ ਕੇ ਆਵਾਂਗੇ ਤੁਹਾਨੂੰ। ਨਾਲੇ ਨੌਕਰੀਆਂ, ਸਾਊਥ ਅਫ਼ਰੀਕਾ ਤਾਂ ਖਿੰਡੀਆਂ ਪਈਆਂ ਨੌਕਰੀਆਂ। ਫਿਰ ਤੁਸੀਂ ਤਾਂ ਪੜ੍ਹੇ-ਲਿਖੇ ਵੀ ਵਾਹਵਾ ਹੋਂ। ਤੁਹਾਡੀ ਤਾਂ ਜ਼ਿੰਦਗੀ ਬਣੀ ਲਓ। ਮੈਂ ਤੇ ਭੀਰਾ ਦੋਵੇਂ ਠੱਗੇ ਗਏ। ਕਿਤੇ ਜਹਾਜ਼, ਕਿਤੇ ਸ਼ਿਪ, ਕਿਤੇ ਟਰੱਕ। ਪਤਾ ਨ੍ਹੀਂ ਕਿਥੋਂ-ਕਿਥੋਂ ਹੁੰਦੇ ਹੋਏ ਉਥੇ ਪਹੁੰਚੇ ਸਾਂ। ਸੁੰਨਸਾਨ ਜਿਹਾ ਇਲਾਕਾ। ਸੁੰਨ ਵਿਚ ਲੱਗਿਆ ਤੰਬੂ। ਉਥੇ ਸਾਡਾ ਵੀਹ ਬੰਦਿਆਂ ਦਾ ਟੈਪੂ ਰੁਕਿਆ ਸੀ। ਨਾਲ ਦੋ ਕਾਲੇ ਜਿਹੇ ਜੱਲਾਦਾਂ ਵਰਗੇ ਬੰਦੇ। ਮੈਂ ਕਿੰਨੀ ਵਾਰ ਪੁੱਛਿਆ ਸੀ ਉਨ੍ਹਾਂ ਤੋਂ, 'ਵਿਚ ਕੰਟਰੀ ਆਰ ਵੀ ਇਨ? ਇਜ਼ ਦਿਸ ਸਾਊਥ ਐਫਰੀਕਾ? ਹਾਊ ਫਾਰ ਇਜ਼ ਜੋਹੈਨਸਬਰਗ?' ਪਰ ਉਨ੍ਹਾਂ ਦਾ ਤਾਂ ਜਿਵੇਂ ਬੋਲਣ ਦਾ ਵੀ ਮੁੱਲ ਸੀ। 'ਕਾਂਟ ਯੂ ਸਿਟ ਕੁਆਈਟ...ਸਟੂਪਿਡ ਮੈਨ...ਯੂ ਵਿਲ ਰੀਚ ਯੋਅਰ ਡੈਸਟੀਨੇਸ਼ਨ ਸੂਨ', ਉਹ ਸਾਂਡ ਜਿਹਾ ਜਿਵੇਂ ਖਾਣ ਨੂੰ ਪਿਆ ਸੀ ਮੈਨੂੰ। ਫਿਰ ਉਨ੍ਹਾਂ ਨੇ ਦੋ-ਦੋ, ਤਿੰਨ-ਤਿੰਨ ਕਰ ਕੇ ਬੰਦੇ ਕੱਢਣੇ ਸ਼ੁਰੂ ਕੀਤੇ ਸਨ। ਇਕ ਕਾਰ ਆਉਂਦੀ। ਦੋ-ਤਿੰਨਾਂ ਨੂੰ ਬਿਠਾ ਕੇ ਤੁਰ ਜਾਂਦੀ। ਸਾਨੂੰ ਕਹਿ ਗਏ ਸਨ ਕਿ ਤੁਹਾਨੂੰ ਸਵੇਰੇ ਤੋਰਾਂਗੇ। ਮੈਨੂੰ ਤਾਂ ਨੀਂਦ ਉਸ ਰਾਤ ਵੀ ਨ੍ਹੀਂ ਸੀ ਆਈ। ਭੀਰਾ ਤਾਂ ਸੌਂ ਵੀ ਗਿਆ ਸੀ ਕੁਝ ਘੰਟੇ। ਸੂਰਜ ਅਜੇ ਚੜ੍ਹਿਆ ਨ੍ਹੀਂ ਸੀ ਜਦੋਂ ਉਨ੍ਹਾਂ ਸਾਨੂੰ ਗੱਡੀ ਵਿਚ ਬੈਠਣ ਨੂੰ ਕਿਹਾ ਸੀ। ਇਹਨੇ ਜਿਵੇਂ ਨਾਨਕੇ ਜਾਣਾ ਹੋਵੇ। ਮੇਰਾ ਬੈਗ ਵੀ ਮੋਢੇ 'ਤੇ ਰੱਖ ਮੂਹਰੇ-ਮੂਹਰੇ ਹੋ ਤੁਰਿਆ ਸੀ। 'ਵੀ ਵਿਲ ਡਰੌਪ ਯੂ ਰਾਈਟ ਇਨ ਸਾਊਥ ਐਫਰੀਕਾ', ਕਾਲੇ ਦੇ ਬੋਲਾਂ ਨੇ ਇਹਦਾ ਫਿਕਰ ਮੇਟ ਦਿੱਤਾ ਸੀ ਜਿਵੇਂ, ਪਰ ਮੈਨੂੰ ਹੋਰ ਚਿੰਤਾ ਹੋ ਗਈ ਸੀ। ਕਾਲੇ ਦੇ ਬੋਲਾਂ ਦਾ ਮਤਲਬ ਸੀ ਕਿ ਅਸੀਂ ਅਜੇ ਸਾਊਥ ਅਫਰੀਕਾ ਵਿਚ ਨਹੀਂ ਸਾਂ। ਮੈਂ ਕਈ ਵੇਰਾਂ ਪੁੱਛ ਚੁੱਕਿਆ ਸਾਂ ਬਈ ਅਸੀਂ ਹਾਂ ਕਿਹੜੇ ਮੁਲਕ ਵਿਚ, ਪਰ ਕਿਥੇ ਦੱਸਦੇ ਸਨ ਭੜੂਏ। ਕਾਰ ਘੰਟਾ ਕੁ ਚੱਲੀ ਹੋਵੇਗੀ ਜਦੋਂ ਕਾਲੇ ਦਾ ਮੋਬਾਇਲ ਵੱਜਿਆ ਸੀ। ਪਤਾ ਨ੍ਹੀਂ ਕਿਹੜੀ ਭਾਸ਼ਾ ਵਿਚ ਕੁੜ-ਕੁੜ ਜਿਹੀ ਕੀਤੀ ਸੀ ਉਸ ਨੇ। ਸਾਨੂੰ ਤਾਂ ਕੁਝ ਵੀ ਸਮਝ ਨ੍ਹੀਂ ਸੀ ਲੱਗੀ। ਮੇਰੀ ਟਿਕਟਿਕੀ ਲੱਗੀ ਸੀ ਕਾਲੇ ਦੇ ਚਿਹਰੇ 'ਤੇ। ਫਿਕਰ ਦੀਆਂ ਰੇਖਾਵਾਂ ਸਾਫ਼ ਦਿਸਦੀਆਂ ਸਨ ਉਭਰਦੀਆਂ। 'ਦੇਅਰ ਇਜ਼ ਆ ਪਰਾਬਲਮ ਬੱਡੀ। ਕੌਪਸ ਆਰ ਫੌਲੋਇੰਗ ਅਸ। ਯੂ ਮੇ ਗੈਟ ਕੌਟ', ਕਾਹਲੀ ਨਾਲ ਫ਼ੋਨ ਰੱਖ ਕੇ ਉਹ ਸਾਨੂੰ ਸੰਬੋਧਤ ਹੋਇਆ ਸੀ। ਫਿਰ ਕਾਰ ਇਕ ਥਾਂ ਰੋਕ ਕੇ ਸਾਨੂੰ ਰਸਤਾ ਵਿਖਾਇਆ ਸੀ ਉਸ ਨੇ। ਇਕ ਸਿੱਧੀ ਸੜਕ ਸੀ। ਥੋੜ੍ਹੀ ਦੂਰ ਨਾਕਾ ਜਿਹਾ ਦਿਸਦਾ ਸੀ। ਕਾਲੇ ਨੇ ਦੱਸਿਆ ਸੀ ਕਿ ਇਹੀ ਸਾਊਥ ਅਫ਼ਰੀਕਾ ਦਾ ਬਾਰਡਰ ਸੀ। ਸਿੱਧਾ ਜਾਣ ਨਾਲ ਪਾਰ ਨਹੀਂ ਸੀ ਕੀਤਾ ਜਾ ਸਕਦਾ, ਫੜੇ ਜਾਣ ਦਾ ਡਰ ਸੀ। ਇਕ ਪਹਾੜੀ ਜਿਹੀ ਦਿਖਾ ਕੇ ਕਾਲੇ ਨੇ ਸਾਨੂੰ ਉਹ ਪਾਰ ਕਰ ਕੇ ਸਾਊਥ ਅਫ਼ਰੀਕਾ ਉਤਰਨ ਲਈ ਕਿਹਾ ਸੀ ਤੇ ਆਪਣੀ ਕਾਰ ਮੋੜ ਲਈ ਸੀ। ਮੈਂ ਕੁਝ ਹੋਰ ਪੁੱਛ ਸਕਦਾ, ਇਸ ਤੋਂ ਪਹਿਲਾਂ ਹੀ ਕਾਰ ਲੋਪ ਹੋ ਗਈ ਸੀ।

'ਬਾਈ, ਇਹ ਟਾਈਗਰ ਹਿੱਲ ਕਿਵੇਂ ਸਰ ਹੋਊ?' 'ਕਹਿਰੀ ਹੱਡੀ ਵਾਲੇ ਭੀਰੇ ਨੂੰ ਭੈਅ ਆਇਆ ਸੀ। ਮੈਂ ਇਸ ਨੂੰ ਹੌਸਲਾ ਦੇ ਕੇ ਤੋਰ



ਲਿਆ ਸੀ। ਔਖੇ-ਸੌਖੇ ਕਰ ਕੇ ਪਹਾੜੀ ਦੇ ਉਤੇ ਚੜ੍ਹੇ ਸਾਂ ਤਾਂ ਇਹ ਸਾਹੋ-ਸਾਹ ਹੋਇਆ ਭੁੰਜੇ ਹੀ ਬੈਠ ਗਿਆ ਸੀ। 'ਪਹਾੜੀ ਤਾਂ ਇਕ ਹੋਰ ਦਿਸਦੀ ਆ, ਭੀਰਿਆ! ਇਸ ਪਹਾੜੀ ਤੋਂ ਹੇਠਾਂ ਤਾਂ ਸੜਕ ਏ ਨ੍ਹੀਂ ਕੋਈ। ਮੈਨੂੰ ਤਾਂ ਬੱਸ ਅਹੁ ਘਰ ਜਿਹੇ ਦਿਸਦੇ ਨੇ ਦੋ ਕੁ। ਅਹੁ ਦੂਜੀ ਪਹਾੜੀ ਤੋਂ ਪਾਰ ਕੁਝ ਗੱਡੀਆਂ ਜਿਹੀਆਂ ਲੱਗਦੀਆਂ', ਮੈਂ ਆਖਿਆ ਸੀ ਤਾਂ ਇਸ ਨੂੰ ਜਿਵੇਂ ਗਸ਼ ਪੈ ਗਈ ਸੀ। ਮਸੀਂ ਇਸ ਨੂੰ 'ਠਾਲ ਕੇ ਮੈਂ ਨਾਲ ਤੋਰਿਆ ਸੀ, ਪਰ ਇਸ ਦੀਆਂ ਤਾਂ ਜਿਵੇਂ ਅੱਖਾਂ ਬਾਹਰ ਨੂੰ ਆ ਰਹੀਆਂ ਸਨ। ਪਹਿਲੀ ਪਹਾੜੀ ਉਤਰ ਕੇ ਪਾਣੀ ਭਾਲਦਾ ਸੀ। ਪਾਣੀ ਕਿਥੇ ਸੀ ਉਥੇ। ਮੈਨੂੰ ਤਾਂ ਦੂਜੀ ਪਹਾੜੀ ਦਿਸਦੀ ਸੀ। ਪਾਰ ਕਰ ਕੇ ਖੌਰੇ ਕੋਈ ਹੱਲ ਹੋ ਹੀ ਜਾਂਦਾ। ਊਂ ਨਾਕਾ ਤਾਂ ਕੋਈ ਦੂਰ ਦੂਰ ਤੱਕ ਨ੍ਹੀਂ ਸੀ ਦਿਸਦਾ ਇਧਰ। ਸ਼ਾਇਦ ਸਾਊਥ ਅਫਰੀਕਾ ਵਿਚ ਹੀ ਸੀ ਇਹ ਇਲਾਕਾ। ਕੋਈ ਜੁਗਾੜ ਬਣਦਾ ਤਾਂ ਮੈਂ ਜਿੰਦਰ ਨੂੰ ਫ਼ੋਨ ਕਰ ਲੈਣਾ ਸੀ। ਉਹ ਸਾਨੂੰ ਆਪੇ ਜੋਹੈਨਸਬਰਗ ਲੈ ਜਾਂਦੇ। ਚਾਚੇ ਨੇ ਦੱਸਿਆ ਸੀ ਕਿ ਜੇ ਸਾਊਥ ਅਫ਼ਰੀਕਾ ਵਿਚ ਹੋਰ ਕੁਝ ਨਾ ਬਣੇ ਤਾਂ ਉਸ ਦੇ ਜਵਾਈ ਜਿੰਦਰ ਨੂੰ ਫ਼ੋਨ ਕਰ ਲਈਏ। ਆਪੇ ਕੋਈ ਢਾਅ-ਭੰਨ ਕਰੂ, ਪਰ ਇਹ ਤਾਂ ਪਾਣੀ ਕੰਨੀਓਂ ਮਰਿਆ ਜਾਂਦਾ ਸੀ ਜਿਵੇਂ। 'ਬਾਈ, ਤੂੰ ਆਹ ਘਰ ਜਿਹੇ 'ਚੋਂ ਪਤਾ ਕਰ ਲਾ, ਪਾਣੀ ਤਾਂ ਦੇ ਹੀ ਦੇਣਗੇ ਮੇਰੇ ਸਾਲੇ', ਭੀਰਾ ਨਿਢਾਲ ਹੋ ਕੇ ਪੈ ਗਿਆ ਸੀ। ਮੈਂ ਹਾਲੇ ਮਸਾਂ ਦਸ ਕੁ ਕਰਮਾਂ ਹੀ ਗਿਆ ਹੋਊਂ ਕਿ ਮਗਰੋਂ ਇਹਦੀ ਚੀਕ ਸੁਣੀ ਸੀ। ਪਤਾ ਨ੍ਹੀਂ ਕਿਧਰੋਂ ਦੋ ਮੋਟਰ-ਸਾਈਕਲਾਂ 'ਤੇ ਤਿੰਨ ਬੰਦੇ ਪਹੁੰਚ ਗਏ ਸਨ। ਇਹਨੂੰ ਦਬੋਚ ਲਿਆ ਸੀ ਉਨ੍ਹਾਂ। ਮੈਂ ਨਾ ਭੱਜ ਸਕਦਾ ਸਾਂ, ਨਾ ਰੁਕ ਸਕਦਾ ਸਾਂ। ਬੱਸ ਅਸੀਂ ਉਥੇ ਹੀ ਫੜੇ ਗਏ। ਜਿਹੜਾ ਪੱਚੀ-ਤੀਹ ਹਜ਼ਾਰ ਇੰਡੀਅਨ ਰੁਪਿਆ ਕੋਲ ਸੀ, ਉਹ ਵੀ ਦੇਣਾ ਕੀਤਾ ਮੈਂ ਤਾਂ, ਪਰ ਕਿਥੇ ਮੰਨਦੇ ਸੀ ਬੁੱਚੜ। ਸਹੁਰਿਆਂ ਨੇ ਫੜ ਕੇ ਮੋਟਰ-ਸਾਈਕਲਾਂ 'ਤੇ ਹੀ ਬਿਠਾ ਲਿਆ। ਫਿਰ ਜੀਪ ਜਿਹੀ 'ਚ ਬਿਠਾ ਕੇ ਐਥੇ ਲੈ ਆਏ। ਕਈ ਘੰਟੇ ਜੀਪ 'ਚ ਬੈਠੇ ਰਹਿਣ ਤੋਂ ਬਾਅਦ ਪੁੱਜੇ ਸਾਂ ਐਥੇ। ਕਹਿੰਦੇ ਸੀ ਕਿ ਐਥੋਂ ਜੋਹੈਨਸਬਰਗ ਮਸੀਂ ਸੌ ਮੀਲ ਹੈ। ਜੇ ਕਿਤੇ ਇਹਨੂੰ ਉਦੋਂ ਪਿਆਸ ਨਾ ਲੱਗਦੀ ਤਾਂ ਖੌਰੇ ਹੁਣ ਤੀਕਰ ਜਿੰਦਰ ਹੁਰਾਂ ਕੋਲ ਹੀ ਪੁੱਜੇ ਹੁੰਦੇ। ਅਫ਼ਰੀਕਾ ਮਾਣ ਰਹੇ ਹੁੰਦੇ। ਅਫ਼ਰੀਕਾ ਜੋ ਭਾਰਤ ਦੇ ਹੀ ਇਕ ਰੂਪ ਵਰਗਾ ਹੈ। ਅਫ਼ਰੀਕਾ ਜਿਥੋਂ ਇਨਕਲਾਬ ਫੁੱਟਦਾ ਹੈ।

ਆਹ ਫਿਰ ਮੇਰੇ 'ਚੋਂ ਪ੍ਰੋਫੈਸਰ ਬੋਲਣ ਲੱਗ ਪਿਆ। ਉਸ ਦਿਨ ਉਹ ਵਿਸ਼ਵ ਵਪਾਰ ਪੜ੍ਹਾਉਂਦਾ-ਪੜ੍ਹਾਉਂਦਾ ਡੂੰਘਾ ਉਤਰ ਗਿਆ ਸੀ। ਭਾਰਤ ਦੀ ਆਜ਼ਾਦੀ ਤੋਂ ਵੀ ਪਿਛਾਂਹ ਲੈ ਗਿਆ ਸੀ ਗੱਲ ਨੂੰ। ਅਖੇ, ਗੱਲ ਜੜ੍ਹਾਂ ਨੂੰ ਸਮਝੇ ਬਿਨਾਂ ਨ੍ਹੀਂ ਪਕੜ 'ਚ ਆ ਸਕਦੀ। ਪੜ੍ਹਾ ਤਾਂ ਉਹ ਵਪਾਰ ਰਿਹਾ ਸੀ, ਗੱਲਾਂ ਇਤਿਹਾਸ ਦੇ ਵਿਸ਼ੇ ਵਰਗੀਆਂ ਕਰੀ ਜਾਂਦਾ ਸੀ। ਅਖੇ, ਦੁਨੀਆਂ ਦਾ ਇਤਿਹਾਸ ਵਪਾਰ ਦਾ ਹੀ ਇਤਿਹਾਸ ਹੈ। ਜਿਹੋ-ਜਿਹੀਆਂ ਵਪਾਰ ਦੀਆਂ ਲੋੜਾਂ ਹੁੰਦੀਆਂ, ਉਹੋ ਜਿਹਾ ਹੀ ਮੁਲਕਾਂ ਦਾ ਵਿਹਾਰ ਹੁੰਦਾ। ਹਫ਼ਤਾ ਪਹਿਲਾਂ ਪੁਰਤਗਾਲ ਦੀ ਤਾਕਤ ਦੇ ਦਿਨਾਂ ਤੋਂ ਸ਼ੁਰੂ ਹੋਇਆ, ਉਹ ਅਮਰੀਕਾ ਦੀ ਤਾਕਤ ਦੇ ਦਿਨਾਂ ਤਕ ਪੁੱਜ ਚੁੱਕਾ ਸੀ। ਉਸ ਦੀਆਂ ਗੱਲਾਂ ਸੁਣ ਕੇ ਕਈ ਜੋੜੇ ਉਬਾਸੀਆਂ ਮਾਰ ਰਹੇ ਸਨ ਪਰ ਮੇਰੀ ਜਿਵੇਂ ਸਮਾਧੀ ਲੱਗ ਗਈ ਸੀ ਪ੍ਰੋਫੈਸਰ ਦੇ ਬੋਲਾਂ ਵਿਚ। ਉਹ ਬੜਾ ਹੀ ਡੂੰਘਾ ਵਗ ਰਿਹਾ ਸੀ। ਪੁਰਤਗਾਲ ਵੀ ਪੂੰਜੀ ਦੇ ਸਿਰ 'ਤੇ ਉਭਰਿਆ ਸੀ, ਹਾਲੈਂਡ ਵੀ, ਇੰਗਲੈਂਡ ਵੀ ਤੇ ਅਮਰੀਕਾ ਵੀ। ਇਹ ਸਾਰੇ ਮੁਲਕ ਪੂੰਜੀ ਵਾਲੇ ਸਨ, ਪੂੰਜੀ ਹੀ ਲੁੱਟਦੇ ਰਹੇ ਤੇ ਪੂੰਜੀ ਲੁੱਟ ਕੇ ਤੁਰਦੇ ਬਣੇ। ਆਹ ਹੁਣੇ ਕੁ ਜਿਹੇ ਜਿਹੜਾ ਚੀਨ ਤੇ ਭਾਰਤ ਨੇ ਇਨ੍ਹਾਂ ਨੂੰ ਵਖ਼ਤ ਪਾਇਆ, ਉਹ ਪੂੰਜੀ ਦੇ ਸਿਰ 'ਤੇ ਨਹੀਂ ਪਾਇਆ। ਸਾਡੀ ਸ਼ਕਤੀ ਸਾਡੇ ਲੋਕ ਨੇ, ਅਸੀਂ ਲੋਕਾਂ ਨੂੰ ਨਾਲ ਲੈ ਕੇ ਹੀ ਅੱਗੇ ਵਧ ਸਕਦੇ ਹਾਂ। ਚੀਨ ਨੇ ਆਪਣੀ ਆਬਾਦੀ ਤੋਂ ਫ਼ਾਇਦਾ ਲਿਆ। ਉਥੋਂ ਦੇ ਲੋਕਾਂ ਨੇ ਉਤਪਾਦਨ ਨੂੰ ਹੱਥ ਪਾਇਆ ਤਾਂ ਹੜ੍ਹ ਕਿਹੜਾ ਨਾ ਲਿਆ ਦਿੱਤਾ! ਜੋ ਮਾਲ ਚੱਕੋ, ਮੇਡ ਇਨ ਚਾਈਨਾ। ਜੋ ਚੱਕੋ, ਮੇਡ ਇਨ ਚਾਈਨਾ। ਹੋਇਆ ਕਿ ਨਾ ਇਨਕਲਾਬ। ਚੀਨ ਬਾਰੇ ਬੋਲ ਕੇ ਉਹ ਭਾਰਤ ਬਾਰੇ ਕੁਝ ਕਹਿਣ ਲੱਗਾ ਸੀ। ਫ਼ਿਰ ਪੱਗ ਦੇ ਪੇਚ ਸੂਤ ਕਰਦਾ ਕਰਦਾ ਜਿਵੇਂ ਕੁਝ ਸੋਚ ਕੇ ਚੁੱਪ ਕਰ ਰਿਹਾ ਸੀ। ਜਾਪਾਨ ਤੋਂ ਬਿਨਾਂ ਏਸ਼ੀਆ ਦੇ ਬਾਕੀ ਸਾਰੇ ਮੁਲਕਾਂ ਦਾ ਮਾਡਲ ਮਜ਼ਦੂਰੀ 'ਤੇ ਕੇਂਦਰਤ ਰਿਹਾ। ਸਾਡੇ ਸਾਰਿਆਂ ਕੋਲ ਮਜ਼ਦੂਰਾਂ ਦੀ ਬਹੁਗਿਣਤੀ ਸੀ, ਅਸੀਂ ਮਜ਼ਦੂਰਾਂ ਦੇ ਸਿਰ 'ਤੇ ਉਤਪਾਦਨ ਸਸਤਾ ਕਰ ਲਿਆ। ਚੰਗਾ ਮਾਲ ਸਾਡੇ ਕੋਲੋਂ ਹਾਲੇ ਤਕ ਨ੍ਹੀਂ ਬਣ ਸਕਿਆ। ਹੁਣ ਅਸੀਂ ਦੋਵੇਂ ਪਾਸਿਉਂ ਘਿਰ ਗਏ। ਵੱਡੇ ਮੁਲਕ ਚੰਗੀ ਕੁਆਲਿਟੀ ਦਾ ਮਾਲ ਬਣਾ ਰਹੇ ਨੇ ਅਤੇ ਅਫ਼ਰੀਕਾ ਕੰਨੀਂ ਜਨਸੰਖਿਆ ਤੇਜ਼ੀ ਨਾਲ ਵਧਣ ਕਰ ਕੇ ਉਹ ਮੁਲਕ ਹੁਣ ਮਜ਼ਦੂਰੀ ਵਾਲਾ ਮਾਡਲ ਲਾ ਕੇ ਸਸਤਾ ਮਾਲ ਬਣਾਉਣਗੇ। ਜੇ ਕਿਤੇ ਉਨ੍ਹਾਂ ਨੇ ਪੜ੍ਹਨ-ਪੜ੍ਹਾਉਣ ਵਾਲੀ ਗੱਲ ਨੂੰ ਵੀ ਚੰਗੀ ਤਰ੍ਹਾਂ ਸਮਝ ਲਿਆ ਤਾਂ ਫਿਰ ਕਹਿਣੇ ਹੀ ਕੀ। ਤੁਹਾਡਾ ਭਵਿੱਖ ਵੀ ਅਜਿਹੇ ਨਵੇਂ ਉਠਦੇ ਇਲਾਕੇ 'ਚ ਚਮਕ ਸਕਦਾ, ਪਰ ਏਸ਼ੀਆ ਤਾਂ ਦੋਵੇਂ ਪਾਸਿਉਂ ਫਸਿਆ ਦਿਸਦਾ ਹੁਣ। ਉਸ ਨੇ ਹੌਲੀ ਜਿਹੇ ਕਹਿ ਕੇ ਆਪਣੀ ਗੱਲ ਨਿਬੇੜ ਦਿੱਤੀ ਸੀ। ਫਿਰ ਜੇਬ 'ਚੋਂ ਰੁਮਾਲ ਕੱਢ ਕੇ ਮੂੰਹ 'ਤੇ ਫੇਰਦਿਆਂ ਬਹੁਤ ਹੀ ਹੌਲੀ ਬੋਲਿਆ ਸੀ, ਉਂਜ ਆਪਾਂ ਤਾਂ ਕਈ ਪਾਸਿਉਂ ਫਸਿਓ ਹਾਂ। ਮੈਨੂੰ ਪਹਿਲੇ ਬੈਂਚ 'ਤੇ ਬੈਠੇ ਨੂੰ ਉਸ ਦੇ ਇਹ ਬੋਲ ਵੀ ਸੁਣ ਗਏ ਸਨ। ਮੈਂ ਗੱਲ ਹੋਰ ਅੱਗੇ ਖੁੱਲ੍ਹਦੀ ਸੁਣਨ ਲਈ ਤਤਪਰ ਸਾਂ, ਪਰ ਪ੍ਰੋਫੈਸਰ ਨੂੰ ਕਲਾਸ ਤੋਂ ਬਾਹਰ ਛੇੜ ਕੇ ਪੰਗਾ ਨ੍ਹੀਂ ਸਾਂ ਲੈਣਾ ਚਾਹੁੰਦਾ। ਮੈਨੂੰ ਪਤਾ ਸੀ ਕਿ ਉਹ ਉਧੜਨ ਲੱਗਿਆ ਸਿਮਟਦਾ ਨ੍ਹੀਂ ਸੀ ਛੇਤੀ। ਮੈਂ ਚੁੱਪ ਕਰ ਰਿਹਾ ਸਾਂ, ਪਰ ਮੇਰੇ ਮਨ ਵਿਚ ਆਹ ਪੂੰਜੀ ਤੇ ਮਜ਼ਦੂਰੀ ਵਾਲੇ ਮਾਡਲ ਘੁੰਮੀ ਜਾ ਰਹੇ ਸਨ। ਏਸ਼ੀਆ ਨਾ ਸਹੀ, ਅਫ਼ਰੀਕਾ ਹੀ ਸਹੀ, ਕਰਮਭੂਮੀ ਦਾ ਕੀ ਹੁੰਦਾ। ਗੱਲ ਤਾਂ ਇਹ ਹੈ ਕਿ ਇਨ੍ਹਾਂ ਲਾਲ ਬੂਥੀ ਵਾਲਿਆਂ ਨੂੰ ਸਿੱਧੇ ਕਰਨਾ ਹੀ ਪਊ। ਮੈਂ ਸੁੱਤੇ-ਜਾਗੇ ਅਫ਼ਰੀਕਾ ਹੀ ਘੁੰਮਦਾ ਰਿਹਾ ਸਾਂ। ਫਿਰ ਭੀਰੇ, ਰਾਜੂ ਤੇ ਮਲਕੀਤ ਨਾਲ ਇਹ ਗੱਲਾਂ ਸਾਂਝੀਆਂ ਕੀਤੀਆਂ ਸਨ। ਰਾਜੂ ਨੂੰ ਤਾਂ ਆਪਣੇ ਘਰ ਦੀਆਂ ਮਜਬੂਰੀਆਂ ਯਾਦ ਆ ਗਈਆਂ ਸਨ। ਮਲਕੀਤ ਆਈਲੈਟਸ ਦਾ ਪੇਪਰ ਪਾਸ ਕਰ ਕੇ ਕੈਨੇਡਾ ਪੜ੍ਹਨ ਜਾਣ ਲਈ ਆਪਣੀ ਫ਼ੀਸ ਦਾ ਜੁਗਾੜ ਕਰਦਾ ਫਿਰਦਾ ਸੀ। ਭੀਰਾ ਚੁੱਪ ਕਰ ਰਿਹਾ ਸੀ। ਫਿਰ ਕੁਝ ਪਲਾਂ ਦੀ ਚੁੱਪ ਤੋਂ ਬਾਅਦ ਮੈਂ ਭੀਰੇ ਨੂੰ ਵੰਗਾਰਿਆ ਸੀ, 'ਭੀਰਿਆ! ਕੈਟ ਬਣੇਂਗਾ ਓਏ।' ਇਹ ਮੇਰੀਆਂ ਅੱਖਾਂ 'ਚ ਡੂੰਘਾ ਝਾਕਿਆ ਸੀ ਤੇ ਫਿਰ ਆਵਾਜ਼ ਕੈੜੀ ਕਰ ਕੇ ਬੋਲਿਆ ਸੀ, 'ਬਣਜੂੰ...ਬਣਜੂੰ।'

ਹੁਣ ਪਤਾ ਨਹੀਂ ਕਿਥੇ ਗਈ ਇਹਦੀ ਕੈੜੀ ਆਵਾਜ਼। ਕੁਝ ਲਗਦਾ ਕੈਟ ਦਾ। ਸਹੁਰਾ ਬਿੱਲੀ ਜਿਹੀ ਬਣਿਆ ਫਿਰਦਾ। ਕੋਈ ਢੰਗ-ਸਿਰ ਦਾ ਕੰਮ ਕਰਨ ਨੂੰ ਕਹੋ ਤਾਂ ਮੌਤ ਪੈਂਦੀ ਐ ਜਿਵੇਂ, ਊਂ ਇਧਰ-ਉਧਰ ਭਟਕੀ ਜਾਊ ਸਾਰਾ-ਸਾਰਾ ਦਿਨ। ਮੈਂ ਕਿੰਨੀ ਵਾਰ ਲਾਇਬ੍ਰੇਰੀ ਖਿੱਚ ਕੇ ਲੈ ਜਾਣਾ ਚਾਹਿਆ। ਇਹ ਸਗੋਂ ਉਲਟਾ ਮੈਨੂੰ ਵੀ ਵਰਜੂ। ਅਖੇ ਛੱਡ ਬਾਈ, ਸਹੁਰੀ ਜੇਲ੍ਹ ਦੀ ਲਾਇਬ੍ਰੇਰੀ 'ਚੋਂ ਕੀ ਨਿਕਲਣਾ? ਇਥੇ ਤਾਂ ਬੱਸ ਕੂੜ-ਕਬਾੜ ਸੁੱਟਿਆ ਹੋਣਾ ਮੇਰੇ ਸਾਲਿਆਂ ਨੇ। ਨਾਲੇ ਆਖੂ, ਤੇਰੇ ਕੋਲ ਤਾਂ ਪਹਿਲਾਂ ਹੀ ਬਥੇਰਾ ਗਿਆਨ ਐ। ਹੁਣ ਤਾਂ ਗਿਆਨ ਨੂੰ ਵਰਤਣ ਦਾ ਵੇਲੈ। ਇਥੇ ਬਹਿ ਜਾ ਤੇ ਕੱਢ ਕੋਈ ਨਵੀਂ ਕਾਢ। ਕੱਢ ਲੈ ਚੱਲ ਓਏ ਇਥੋਂ ਬਾਈ ਸਿਹਾਂ, ਤੇਰਾ ਦੇਣ ਨਹੀਂ ਭੁੱਲਦਾ ਮੈਂ। ਲਿਲਕੜੀਆਂ ਜਿਹੀਆਂ ਕੱਢਦੇ 'ਤੇ ਕਈ ਵਾਰ ਤਾਂ ਮੈਨੂੰ ਏਸ 'ਤੇ ਗੁੱਸਾ ਜਿਹਾ ਵੀ ਆ ਜਾਂਦੈ। ਫਿਰ ਤਰਸ ਵੀ ਆਊ। ਇਸ ਵਿਚਾਰੇ ਨੇ ਕਿਥੇ ਕਿਆਸਿਆ ਹੋਣੈ ਇੰਨਾ ਔਖਾ ਵੇਲਾ। ਇਹ ਤਾਂ ਮੇਰੇ ਮਗਰ ਲੱਗ ਤੁਰ ਆਇਆ ਵਿਚਾਰਾ।

ਮੈਂ ਵੀ ਇਉਂ ਹੀ ਟੁੱਟ ਜਾਂਦਾ ਸ਼ਾਇਦ ਜੇ ਪ੍ਰੋਫੈਸਰ ਬਖ਼ਤਾਵਰ ਦੀਆਂ ਗੱਲਾਂ ਸ਼ਕਤੀ ਨਾ ਦੇਈ ਜਾਂਦੀਆਂ। ਆਖਦਾ ਹੁੰਦਾ ਸੀ ਕਿ ਬੰਦਾ ਜਿਥੇ ਵੀ ਹੋਵੇ, ਉਸ ਦੇ ਆਪਣੇ ਖ਼ਿਆਲ ਤੇ ਪੁਸਤਕਾਂ ਬੰਦੇ ਨੂੰ ਤਕੜਾ ਕਰੀ ਰੱਖਦੀਆਂ। ਮੈਂ ਪ੍ਰੋਫੈਸਰ ਦੀਆਂ ਗੱਲਾਂ ਲੜ ਬੰਨ੍ਹੀਆਂ ਹੋਈਆਂ। ਤਾਂ ਹੀ ਜੇਲ੍ਹ 'ਚ ਆ ਕੇ ਵੀ ਮੈਂ ਸਾਹਿਤ ਨਾਲੋਂ ਟੁੱਟਿਆ ਨਹੀਂ। ਕਿਤਾਬਾਂ ਨਾਲ ਜੁੜਿਆ ਰਿਹਾ। ਕਿੰਨਾ ਹੀ ਫਲਸਫ਼ਾ ਪੜ੍ਹਿਆ। ਅਫ਼ਰੀਕਾ ਨੂੰ ਵੀ ਸਮਝਣ ਦੀ ਕੋਸ਼ਿਸ਼ ਕੀਤੀ। ਅਮਰੀਕਾ ਤੇ ਚੀਨ ਬਾਰੇ ਵੀ ਪੜ੍ਹਦਾ ਰਿਹਾ। ਦੋ ਮਹੀਨੇ ਵਿਚ ਹੀ ਕਿੰਨਾ ਕੁਝ ਨਵਾਂ ਪੜ੍ਹ ਚੁੱਕਾਂ ਮੈਂ। ਕਈ ਗੱਲਾਂ ਤਾਂ ਜਿਵੇਂ ਅੰਦਰ ਹੀ ਅੰਦਰ ਉਤਰਦੀਆਂ ਜਾਂਦੀਆਂ ਨੇ।

ਆਹ ਅੰਦਰ ਉਤਰਨ ਵਾਲੀ ਗੱਲ ਵੀ ਪ੍ਰੋਫੈਸਰ ਵਾਂਗ ਹੀ ਕਹੀ ਗਈ ਮੈਥੋਂ। ਉਸ ਦਿਨ ਕਲਾਸ ਵਿਚ ਜਦੋਂ ਮੈਂ ਅਮਰੀਕੀ ਸਿਸਟਮ ਵਿਚ

ਵਪਾਰ ਦੇ ਸਰਕਾਰ ਵਿਚ ਦਖ਼ਲ ਅਤੇ ਭਾਰਤੀ ਸਿਸਟਮ ਵਿਚ ਸਰਕਾਰ ਦੇ ਵਪਾਰ ਵਿਚ ਦਖ਼ਲ ਬਾਰੇ ਸਵਾਲ ਪੁੱਛਿਆ ਸੀ ਤਾਂ ਪ੍ਰੋਫੈਸਰ ਸਵਾਲ ਨੂੰ ਇਕ ਵਾਰ ਤਾਂ ਟਾਲ ਜਿਹਾ ਗਿਆ ਸੀ। ਫਿਰ ਕਲਾਸ ਖ਼ਤਮ ਹੁੰਦੇ ਸਾਰ ਮੈਨੂੰ ਮੋਢਿਉਂ ਫੜ ਕੇ ਅੱਠਵੇਂ ਲੈਕਚਰ ਦੌਰਾਨ ਸਟਾਫ਼ ਵਾਲੀ ਕੈਂਟੀਨ ਵਿਚ ਚਾਹ ਪੀਣ ਲਈ ਸੱਦਿਆ ਸੀ। ਮੈਨੂੰ ਪਹਿਲਾਂ ਤਾਂ ਸੰਗ ਜਿਹੀ ਆਈ, ਸਟਾਫ਼ ਵਾਲੇ ਪਾਸੇ ਬੈਠਣ ਦੀ ਸੋਚਦਿਆਂ। ਫਿਰ ਪ੍ਰੋਫੈਸਰ ਤੋਂ ਕੁਝ ਨਵਾਂ ਸੁਣਨ-ਸਿੱਖਣ ਦੇ ਲਾਲਚ ਵਿਚ ਮੇਰੇ ਪੈਰ ਅੱਗੇ ਵਧੇ ਸਨ।

ਪ੍ਰੋਫੈਸਰ ਮੇਰੇ ਜਾਣ ਤੋਂ ਪਹਿਲਾਂ ਹੀ ਆਇਆ ਬੈਠਾ ਸੀ ਉਥੇ। ਮੈਨੂੰ ਵੇਖਦੇ ਸਾਰ ਹੀ ਚਾਹ ਦੇ ਦੋ ਕੱਪਾਂ ਦਾ ਆਰਡਰ ਦੇ ਮਾਰਿਆ ਸੀ ਉਸ ਨੇ। ਤੇਰੇ ਸਵਾਲ ਨੂੰ ਮੈਂ ਜਾਣ-ਬੁੱਝ ਕੇ ਟਾਲ ਛੱਡਿਆ ਸੀ, ਉਹ ਇਉਂ ਸ਼ੁਰੂ ਹੋ ਗਿਆ ਸੀ ਜਿਵੇਂ ਉਸ ਦੇ ਅੰਦਰ ਫਸਿਆ ਕੁਝ ਬਾਹਰ ਆਉਣ ਲਈ ਬੇਤਾਬ ਹੋਵੇ। ਇਹ ਗੱਲਾਂ ਸਮਝਣ ਵਾਲਾ ਹੈ ਹੀ ਕਿਹੜਾ ਥੋੜੀ ਕਲਾਸ ਵਿਚ? ਨਾਲੇ ਇਹ ਗੱਲ ਕਲਾਸ ਦੇ ਟਾਈਮ 'ਚ ਮੁੱਕ ਵੀ ਕਿੱਦਾਂ ਜਾਂਦੀ। ਫਿਰ ਮਿੱਤਰਾ ਤੂੰ ਤਾਂ ਸਾਡਾ ਜਿਗਰੀ ਮੁੰਡਾ ਹੈਂ, ਤੇਰੇ ਤੋਂ ਸਾਨੂੰ ਆਸਾਂ ਨੇ। ਤੂੰ ਸਿਧਾਂਤਕ ਗੱਲ ਵੀ ਫੜ ਸਕਦੈਂ, ਉਸ ਨੇ ਮੇਰੇ ਪੱਟ 'ਤੇ ਹੱਥ ਮਾਰਿਆ ਸੀ ਤੇ ਫਿਰ ਆਪਣੀ ਪੱਗ ਠੀਕ ਜਿਹੀ ਕੀਤੀ ਸੀ। ਗੱਲ ਅਸਲ ਵਿਚ ਇਹ ਹੈ ਕਿ ਤੇਰਾ ਸਵਾਲ ਮੇਰੇ ਅੰਦਰ ਉਤਰ ਗਿਆ, ਚਾਹ ਦੀ ਘੁੱਟ ਭਰਦਿਆਂ ਉਹ ਗੰਭੀਰ ਹੋ ਗਿਆ ਸੀ। ਕਈ ਗੱਲਾਂ ਇਉਂ ਹੀ ਅੰਦਰ ਉਤਰ ਜਾਇਆ ਕਰਦੀਆਂ। ਕਈ ਸਿਧਾਂਤ ਇਉਂ ਹੀ ਅੰਦਰ ਉਤਰ ਜਾਇਆ ਕਰਦੇ ਨੇ।

ਇਹ ਗੱਲਾਂ ਕਹਿ ਕੇ ਉਸ ਨੇ ਆਪਣੇ ਫ਼ਕੀਰਾਂ ਜਿਹਾਂ ਵਰਗੇ ਝੋਲੇ ਵਿਚੋਂ 'ਸਟੈਨਫਰਡ ਇਨਸਾਈਕਲੋਪੀਡੀਆ ਆਫ਼ ਫਿਲਾਸਫ਼ੀ' ਕੱਢਿਆ ਸੀ। ਮੇਰੇ ਹੱਥ ਫੜਾਇਆ ਤਾਂ ਮੈਨੂੰ ਜਿਵੇਂ ਚਾਅ ਚੜ੍ਹ ਗਿਆ ਸੀ ਕਿ ਮੈਨੂੰ ਕਿਤਾਬ ਭੇਟ ਕਰ ਰਿਹਾ ਹੈ ਉਹ, ਪਰ ਫਿਰ ਅਗਲੇ ਹੀ ਪਲ ਉਸ ਨੇ ਮੇਰੇ ਹੱਥੋਂ ਕਿਤਾਬ ਫੜ ਲਈ ਸੀ। ਤੂੰ ਹਾਲੇ ਪੇਪਰ ਦੇ ਲੈ, ਫਿਰ ਪੜ੍ਹ ਲਵੀਂ ਇਹ ਸਭ ਕੁਝ, ਪਰ ਗੱਲ ਤਾਂ ਇਹ ਹੈ ਮਿੱਤਰ ਜੀ, ਕਿ ਇਸ ਵਿਚ ਲਾਓਜ਼ੀ ਦਾ ਜੋ ਵਰਣਨ ਆਉਂਦਾ ਨਾ, ਅੰਦਰ ਕਿਹੜਾ ਨਾ ਉਤਰ ਜਾਂਦਾ। ਲਾਓਜ਼ੀ ਨੇ ਤਾਓਵਾਦ ਦੇ ਸਿਧਾਂਤ ਦਾ ਮੁੱਢ ਬੰਨ੍ਹਿਆ, ਉਹ ਸਿਧਾਂਤ ਆ ਕੋਈ! ਬਈ ਕਿਆ ਬਾਤਾਂ। ਪ੍ਰੋਫੈਸਰ ਨੇ ਦੂਜੀ ਵਾਰ ਮੰਗਾਈ ਚਾਹ ਵੀ ਮੁਕਾ ਲਈ ਸੀ ਅਤੇ ਗਲਾਸ ਮੇਜ਼ 'ਤੇ ਇਉਂ ਮਾਰਿਆ ਸੀ ਜਿਵੇਂ ਕੋਈ ਜੱਜ ਮੇਜ਼ 'ਤੇ ਹਥੌੜਾ ਮਾਰ ਕੇ ਨਿਰਣਾ ਦਿੰਦਾ। ਪ੍ਰੋਫੈਸਰ ਵੀ ਨਿਰਣੇ ਹੀ ਦੇ ਰਿਹਾ ਸੀ ਜਿਵੇਂ। ਤਾਓਵਾਦ ਵਰਗੀ ਗੱਲ ਕਿਹੜਾ ਕਰ ਸਕਿਆ ਮਾਈ ਦਾ ਲਾਲ। ਅਖੇ ਸਭ ਕੁਝ ਜੋ ਸਹਿਜ ਹੈ, ਉਹ ਹੀ ਹੋਣਾ ਹੁੰਦਾ। ਅਸੀਂ ਅਸਹਿਜ ਕੰਮ ਕਰਨ ਵੱਲ ਦੌੜਦੇ ਹਾਂ, ਉਸੇ ਨੂੰ ਵਿਕਾਸ ਆਖਦੇ ਹਾਂ, ਪਰ ਵਿਕਾਸ ਤਾਂ ਸਹਿਜ ਹੈ। ਜਿਵੇਂ ਗੈਸ 'ਤੇ ਰੱਖੇ ਪਾਣੀ ਲਈ ਉਬਲਣਾ ਸਹਿਜ ਹੈ ਅਤੇ ਬਰਫ਼ ਵਿਚ ਲੱਗੇ ਪਾਣੀ ਲਈ ਜੰਮਣਾ, ਤੀਜੀ ਵਾਰ ਚਾਹ ਮੰਗਵਾਉਂਦਿਆਂ ਉਸ ਨੇ ਕਿਹਾ ਸੀ। ਇਉਂ ਹੀ ਵਪਾਰ ਦਾ ਹੋਣਾ ਵੀ ਸਹਿਜ ਹੈ, ਸਰਕਾਰ ਦਾ ਹੋਣਾ ਵੀ, ਤੇ ਦੋਵਾਂ ਲਈ ਲੋਕਾਂ ਦੀਆਂ ਜ਼ਰੂਰਤਾਂ ਪੂਰਾ ਕਰਨਾ ਵੀ; ਪਰ ਇਹ ਗੱਲ ਸਮਝ ਆਉਣੀ ਇੰਨੀ ਸਹਿਜ ਨਹੀਂ, ਉਹ ਉਚੀ-ਉਚੀ ਹੱਸਿਆ ਸੀ। ਸਾਡੀਆਂ ਸਰਕਾਰਾਂ ਇਹ ਸੋਚਦੀਆਂ ਕਿ ਵਪਾਰ ਹੱਥ ਵਿਚ ਲੈ ਕੇ ਅੰਨ੍ਹੀ ਮਾਇਆ 'ਕੱਠੀ ਹੋ ਜੂ, ਉਨ੍ਹਾਂ ਦੇ ਵਪਾਰ ਇਹ ਮੰਨਦੇ ਕਿ ਸਰਕਾਰ ਨੂੰ ਮੁੱਠੀ 'ਚ ਕਰ ਕੇ ਮਾਇਆ ਦੇ ਢੇਰ ਲੱਗ ਜਾਣਗੇ। ਕੀ ਇਹ ਸਹਿਜ ਗੱਲਾਂ ਨੇ? ਲੁੱਟ-ਖਸੁੱਟ ਤਾਂ ਅਸਹਿਜ ਜਿਹਾ ਹੀ ਵਰਤਾਰਾ ਹੁੰਦਾ, ਉਸ ਨੇ ਮੱਥੇ ਤੋਂ ਚੋਂਦਾ ਮੁੜ੍ਹਕਾ ਪੂੰਝਦਿਆਂ ਕਿਹਾ ਸੀ। ਉਸ ਦਾ ਇਹ ਸਹਿਜ-ਅਸਹਿਜ ਵਾਲਾ ਭਾਸ਼ਣ ਮੇਰੇ ਸਿਰ ਉਤੋਂ ਦੀ ਹੀ ਗਿਆ ਸੀ। ਮੈਨੂੰ ਪਹਿਲੀ ਵਾਰ ਲੱਗਾ ਸੀ ਕਿ ਪ੍ਰੋਫੈਸਰ ਬਖ਼ਤਾਵਰ ਦੇ ਸਿਧਾਂਤ ਮੇਰੇ ਪੱਲੇ ਨਹੀਂ ਪੈਣੇ। ਮੈਂ ਘਰ ਜਾਣ ਦਾ ਬਹਾਨਾ ਮਾਰ ਕੇ ਉਠ ਆਇਆ ਸਾਂ, ਪਰ ਉਹ ਇਨਸਾਈਕਲੋਪੀਡੀਆ ਮੇਰੇ ਅੰਦਰ ਬੈਠ ਗਿਆ ਸੀ ਕਿਤੇ। ਮੈਂ ਉਸ ਨੂੰ ਪੜ੍ਹਨਾ ਚਾਹੁੰਦਾ ਸਾਂ, ਪਰ ਮੈਨੂੰ ਉਹ ਕਿਤਿਉਂ ਨਾ ਥਿਆਇਆ। ਕੀ ਪਤਾ ਸੀ ਕਿ ਉਹੀ ਗ੍ਰੰਥ ਮੈਨੂੰ ਇਥੇ ਜੇਲ੍ਹ ਦੀ ਲਾਇਬ੍ਰੇਰੀ ਵਿਚੋਂ ਮਿਲੇਗਾ। ਇਕ ਹਫ਼ਤੇ ਵਿਚ ਮੈਂ ਸਾਰੀ ਕਿਤਾਬ ਪੜ੍ਹ ਮਾਰੀ ਸੀ।

ਜਿਨ੍ਹਾਂ ਦਿਨਾਂ ਵਿਚ ਮੈਂ ਇਹ ਕਿਤਾਬ ਪੜ੍ਹ ਰਿਹਾ ਸੀ, ਮੈਂ ਕਈ ਦਿਨ ਨਹਾਇਆ ਵੀ ਨਾ। ਭੀਰੇ ਨੇ ਰੋਜ਼ ਗੱਲਾਂ ਕਰਨੀਆਂ; ਅਖੇ ਉਥੇ ਕਾਲਜ ਪੜ੍ਹਦਿਆਂ ਤਾਂ ਬੜਾ ਖ਼ਿਆਲ ਰੱਖਦਾ ਹੁੰਦਾ ਸੀ। ਆਹੋ ਜੀ ਉਥੇ ਸਵਾਤੀ ਜੋ ਹੁੰਦੀ ਸੀ, ਜਨਾਬ ਦੀ ਮੇਨਕਾ। ਤੇ ਇਥੇ ਆ ਕੇ ਵਿਸ਼ਵਾਮਿੱਤਰ ਨੇ ਸਮਾਧੀ ਲਾ ਲਈ। ਕਦੇ ਆਖਦਾ, ਬਾਈ ਨ੍ਹਾ-ਧੋ ਤਾਂ ਲਿਆ ਕਰ, ਤੂੰ ਤਾਂ ਇਉਂ ਗ੍ਰੰਥਾਂ ਨੂੰ ਚਿੰਬੜ ਗਿਐਂ ਜਿਵੇਂ ਪੀਐਚ.ਡੀ. ਕਰਨ ਆਇਆ ਹੋਵੇਂ ਇਥੇ। ਮੈਂ ਭੀਰੇ ਦੀਆਂ ਇਨ੍ਹਾਂ ਗੱਲਾਂ ਨੂੰ ਭੋਰਾ ਨਹੀਂ ਸੀ ਗੌਲਿਆ। ਉਸ ਨੂੰ ਕੀ ਪਤਾ ਸੀ ਮੈਂ ਕਿਹੜੀ 'ਪੀਐਚ.ਡੀ.' ਕਰ ਰਿਹਾ ਸਾਂ ਇਥੇ। ਤਾਓਵਾਦ ਬਾਰੇ ਪੜ੍ਹ ਕੇ ਮੈਂ ਤਾਂ ਹੋਰ ਦਾ ਹੋਰ ਹੀ ਹੋ ਚੱਲਿਆ ਸਾਂ। ਸਹਿਜ ਅਵਸਥਾ ਵਾਲੇ ਇਸ ਦਰਸ਼ਨ 'ਚੋਂ ਮੈਨੂੰ ਜੋ ਅਨੰਦ ਤੇ ਸਮਝ ਆ ਰਹੀ ਸੀ, ਉਹ ਤਾਂ ਬੱਸ ਕਿਆ ਕਹਿਣੇ!

ਕਦੇ ਕਦੇ ਮੈਂ ਸੋਚਦਾਂ ਕਿੰਨਾ ਡੂੰਘਾ ਉਤਰਿਆ ਹੋਇਆ ਮੇਰੇ ਅੰਦਰ ਪ੍ਰੋਫੈਸਰ ਬਖ਼ਤਾਵਰ। ਆਹ ਅਨੰਦ ਤੇ ਸਮਝ ਵਾਲੀ ਗੱਲ ਹੀ ਲੈ ਲਵੋ। ਇਹ ਵੀ ਤਾਂ ਉਸੇ ਤੋਂ ਸੁਣੀ ਸੀ ਪਹਿਲੀ ਵਾਰ। ਅਖੇ ਸਮਝ ਸਹੀ ਹੋ ਜਾਵੇ ਤਾਂ ਪੈਸਾ ਕਮਾਉਣਾ ਵੀ ਸਹਿਜ ਹੀ ਹੈ। ਕਿਸੇ ਦੂਜੇ ਦਾ ਨੁਕਸਾਨ ਕਰੇ ਬਿਨਾਂ ਵੀ ਮਾਇਆ ਕਮਾਈ ਜਾ ਸਕਦੀ ਹੈ, ਇਹ ਗੱਲ ਸਹੀ ਸਮਝ 'ਚੋਂ ਹੀ ਨਿਕਲਦੀ ਹੈ ਤੇ ਇਹ ਗੱਲ ਹੀ ਪਰਮ-ਅਨੰਦ ਦਿੰਦੀ ਹੈ। ਇਉਂ ਅਨੰਦ ਤੇ ਸਮਝ ਨਾਲੋ-ਨਾਲ ਚੱਲਦੇ ਨੇ, ਵੱਖੋ-ਵੱਖ ਨਹੀਂ। ਮੇਰੇ ਨਾਲ ਬੈਠੀ ਸਵਾਤੀ ਦੇ ਸਵਾਲ ਦਾ ਜਵਾਬ ਉਸ ਨੇ ਇਸ ਅੰਦਾਜ਼ ਵਿਚ ਦਿੱਤਾ ਸੀ ਕਿ ਮੇਰਾ ਸਿਰ ਝੂੰਮਣ ਲੱਗ ਗਿਆ ਸੀ। ਕਲਾਸ ਤੋਂ ਬਾਅਦ ਸਵਾਤੀ ਨਾਲ ਲਾਅਨ ਵਿਚ ਬੈਠਿਆਂ ਮੈਥੋਂ ਸਹਿਜੇ ਹੀ ਕਹਿ ਹੋ ਗਿਆ ਸੀ, ਕਿਥੇ ਆਹ ਅਨੰਦ ਤੇ ਸਮਝ ਵਾਲੀ ਗੱਲ ਤੇ ਕਿਥੇ ਖੇਤੀ ਦਾ ਅਰਥ ਸ਼ਾਸਤਰ, ਕਿਆ ਸਮਤੋਲ ਬਿਠਾਇਐ। ਇਹ ਬੰਦਾ ਕਿੰਨਾ ਕੁ ਡੂੰਘਾ ਹੋਰ ਜਾ ਸਕਦੈ! ਸਵਾਤੀ ਨੇ ਮੇਰੀ ਬਾਂਹ ਨਾਲ ਆਪਣਾ ਸਿਰ ਛੁਹਾਉਂਦਿਆਂ ਕਿਹਾ ਸੀ, ਇਹ ਤਾਂ ਤੁਸੀਂ ਜਾਣੋ ਜਾਂ ਤੁਹਾਡੇ ਸਰ, ਉਨ੍ਹਾਂ ਦੇ ਹੀ ਅੰਦਰ ਉਤਰੀ ਜਾਉ; ਜੋ ਤੁਹਾਡੇ ਅੰਦਰ ਉਤਰਨ ਨੂੰ ਫਿਰਦੀ ਹੈ, ਉਹਨੂੰ ਨਾ ਵੇਖਿਓ।

ਮੈਨੂੰ ਸੱਚੀਉਂ ਕਦੇ-ਕਦੇ ਸਵਾਤੀ ਦੀਆਂ ਗੱਲਾਂ ਫ਼ਜ਼ੂਲ ਲੱਗਦੀਆਂ। ਬੰਦਾ ਕਿਹੜੇ ਚੱਕਰਾਂ 'ਚ ਉਲਝਿਆ ਫਿਰਦੈ। ਐਵੇਂ ਨਿੱਕੇ-ਨਿੱਕੇ ਬਚਪਨੇ। ਜ਼ਿੰਦਗੀ ਦੇ ਮਸਲੇ ਵੱਡੇ ਨੇ। ਮੈਂ ਉਨ੍ਹਾਂ ਵੱਡੇ ਮਸਲਿਆਂ ਦੇ ਹੱਲ ਟੋਲ੍ਹਦਾ। ਪ੍ਰੋਫੈਸਰ ਮੇਰੀ ਬਿਰਤੀ ਇਕਾਗਰ ਕਰ ਦਿੰਦਾ ਤੇ ਮੈਂ ਉਸ ਦੇ ਬੋਲਾਂ 'ਚ ਸਮਾਧੀ ਲਾ ਲੈਂਦਾ। ਦਰਅਸਲ ਮੈਨੂੰ ਉਸ ਦੇ ਪੜ੍ਹਾਉਣ ਦਾ ਅੰਦਾਜ਼ ਕੀਲੀ ਫਿਰਦਾ ਸੀ। ਅਰਥ ਸ਼ਾਸਤਰ ਦੀਆਂ ਗੱਲਾਂ ਨੂੰ ਉਹ ਅਜਿਹੀ ਪੁੱਠ ਦਿੰਦਾ ਕਿ ਮੇਰਾ ਰੋਮ-ਰੋਮ ਉਸ ਦੀਆਂ ਗੱਲਾਂ ਨਾਲ ਜੁੜ ਜਾਂਦਾ। ਅਰਥ ਸ਼ਾਸਤਰ ਤੇ ਵਪਾਰ ਨੂੰ ਉਹ ਨਿਜੀ ਮੁਨਾਫ਼ੇ ਦੇ ਫਲਸਫੇ ਵਜੋਂ ਨਹੀਂ, ਸਗੋਂ ਸਮਾਜਕ ਤਬਦੀਲੀ ਦੇ ਸਾਧਨ ਵਜੋਂ ਵੇਖਦਾ।

ਉਦੋਂ ਤਾਂ ਹੱਦ ਹੀ ਹੋ ਗਈ ਸੀ ਜਦੋਂ ਉਸ ਨੇ ਹਰੀ ਕ੍ਰਾਂਤੀ ਬਾਰੇ ਚੈਪਟਰ ਪੜ੍ਹਾਉਣ ਤੋਂ ਬਾਅਦ ਗੱਲ ਮੁਕਾਈ ਸੀ। ਕਹਿੰਦਾ ਸੀ ਕਿ ਆਹ ਕ੍ਰਾਂਤੀ ਉਂਈਂ ਨਹੀਂ ਸੀ ਆ ਗਈ, ਉਨ੍ਹਾਂ ਤੋਂ ਪੁੱਛ ਕੇ ਹੀ ਆਈ ਸੀ। ਪੂਰੀ ਤਰ੍ਹਾਂ 'ਪ੍ਰਾਯੋਜਤ ਇਨਕਲਾਬ' ਸੀ ਇਹ। ਉਸ ਦਾ ਅਮਰੀਕਾ, ਇੰਗਲੈਂਡ ਵੱਲ ਕੀਤਾ ਇਸ਼ਾਰਾ ਮੈਂ ਸਮਝ ਰਿਹਾ ਸਾਂ। ਜਦੋਂ ਉਨ੍ਹਾਂ ਨੇ ਇਹ ਵੇਖਿਆ ਕਿ ਇਹ ਹਿੰਦੁਸਤਾਨੀ ਤਾਂ ਆਪ ਹੀ ਉਗਾਈ ਜਾਂਦੇ ਨੇ, ਆਪ ਹੀ ਛਕੀ-ਪਹਿਨੀ ਜਾਂਦੇ ਨੇ, ਬਾਜ਼ਾਰ ਵੱਲ ਤਾਂ ਉਂਈਂ ਮੂੰਹ ਨਹੀਂ ਕਰਦੇ, ਤਦੇ ਉਨ੍ਹਾਂ ਨੇ ਇਹ ਨੀਤੀ ਘੜੀ ਸੀ। ਇਨ੍ਹਾਂ ਹਿੰਦੁਸਤਾਨੀਆਂ ਨੂੰ ਇਕ-ਦੋ ਫ਼ਸਲਾਂ ਤਕ ਸੀਮਿਤ ਕਰ ਦਿਉ। ਬਾਕੀ ਖ਼ਰੀਦਣ, ਆਪੇ ਬਾਜ਼ਾਰ ਕੰਨੀਂ ਭੱਜੇ ਆਉਣਗੇ। ਜਿੱਦਾਂ ਹੀ ਬਾਜ਼ਾਰ 'ਚ ਆਉਣ, ਅੱਖਾਂ ਚੁੰਧਿਆ ਦਿਉ ਸਹੁਰਿਆਂ ਦੀਆਂ। ਬੱਸ ਫਿਰ ਰੌਸ਼ਨੀ ਦੀ ਚਮਕ-ਦਮਕ ਵਿਚ ਵੇਚ ਦਿਉ ਜੋ ਕੁਝ ਚਾਹੋ। ਇਸੇ ਰੌਸ਼ਨੀ ਨਾਲ ਚਕਾਚੌਂਧ ਕਰ ਕੇ ਉਨ੍ਹਾਂ ਕੀਟਨਾਸ਼ਕ ਵੇਚੇ, ਪਾਣੀ ਵੀ ਜ਼ਹਿਰੀ ਹੋ ਗਿਆ, ਹਵਾ ਵੀ, ਫ਼ਸਲਾਂ ਤੇ ਧਰਤੀ ਵੀ। ਇਸੇ ਰੌਸ਼ਨੀ ਦੇ ਓਹਲੇ ਲਾਲਚ ਦੀ ਫ਼ਿਤਰਤ ਵੇਚ ਦਿੱਤੀ। ਉਤਪਾਦਨ ਵਧਾਉਣ ਦੇ ਲਾਲਚ ਨੇ ਅਜਿਹੀਆਂ ਬਿਮਾਰੀਆਂ ਫੈਲਾਈਆਂ ਕਿ ਬੰਦੇ ਦਾ ਜਿਉਣਾ ਵੀ ਦੁੱਭਰ ਹੋ ਗਿਆ। ਉਹ ਤਾਂ ਆਪਣੀ ਗੱਲ ਮੁਕਾ ਕੇ ਤੁਰ ਗਿਆ ਸੀ ਪਰ ਮੇਰੀ ਤਾਂ ਹਿੱਕ ਵਿਚ ਫਸਿਆ ਹੈ ਮਸਲਾ।

ਇਥੇ ਆ ਕੇ ਵੀ ਜਦੋਂ ਅਫ਼ਰੀਕਾ ਬਾਰੇ ਪੜ੍ਹ ਰਿਹਾ ਸਾਂ ਤਾਂ ਜਿਵੇਂ ਹੀ ਆਰਥਿਕਤਾ ਦਾ ਜ਼ਿਕਰ ਆਇਆ ਮੈਨੂੰ ਆਹ ਰੌਸ਼ਨੀ ਤੇ ਅੱਖਾਂ ਦਾ ਚੁੰਧਿਆਉਣਾ ਯਾਦ ਆ ਗਿਆ। ਜਿੰਨਾ ਵੀ ਅਫ਼ਰੀਕੀ ਸਾਹਿਤ ਮੈਂ ਇਥੇ ਜੇਲ੍ਹ ਵਿਚ ਵੇਖਿਆ, ਉਹ ਇਸ ਨਵੇਂ ਬਾਜ਼ਾਰੂ ਸਿਸਟਮ ਦੇ ਉਵੇਂ ਹੀ ਵਿਰੁਧ ਸੀ, ਜਿਵੇਂ ਭਾਰਤ ਵਿਚ ਕਾਮਰੇਡ ਲਿਖਿਆ ਕਰਦੇ ਨੇ। ਅਫ਼ਰੀਕਾ ਵੀ ਭਾਰਤ ਵਾਂਗ ਹੀ ਇੰਗਲੈਂਡ ਦਾ ਗੁਲਾਮ ਰਿਹਾ। ਆਜ਼ਾਦੀ ਤੋਂ ਮਗਰੋਂ ਇਥੇ ਵੀ ਮਿਸ਼ਰਿਤ ਆਰਥਿਕਤਾ ਹੀ ਚੱਲਦੀ ਰਹੀ। ਸਰਕਾਰ ਵੀ ਵਪਾਰ ਦਾ ਹਿੱਸਾ ਰਹੀ, ਨਿਜੀ ਵਪਾਰਕ ਅਦਾਰੇ ਵੀ ਕਾਰਜਸ਼ੀਲ ਰਹੇ। ਭਾਰਤ ਦੀ ਤਰ੍ਹਾਂ ਹੀ ਇਹ ਵੀ ਅਮੀਰ ਲੋਕਾਂ ਦਾ ਗ਼ਰੀਬ ਦੇਸ਼ ਰਿਹਾ। ਅਮੀਰਾਂ-ਗ਼ਰੀਬਾਂ ਵਿਚਕਾਰ ਉਮਰਾਂ ਜੇਡੀ ਖਾਈ। ਹੁਣ ਕੁਝ ਕੁ ਸਾਲਾਂ ਤੋਂ ਇਥੇ ਵੀ ਉਵੇਂ ਹੀ ਬਾਜ਼ਾਰ ਮੂੰਹ ਅੱਡ ਰਿਹਾ ਸੀ ਜਿਵੇਂ ਭਾਰਤ ਵਿਚ। ਖੁੱਲ੍ਹੇ ਬਾਜ਼ਾਰ ਦੇ ਨਾਂ 'ਤੇ ਸਾਰੀ ਦੁਨੀਆਂ ਮੂੰਹ-ਚੁੱਕੀ ਤੁਰੀ ਆਉਂਦੀ ਸੀ ਇਧਰ ਨੂੰ। ਅਜਿਹੀਆਂ ਕੁਝ ਗੱਲਾਂ ਮੈਨੂੰ ਅਫ਼ਰੀਕੀ ਕਿਤਾਬਾਂ 'ਚੋਂ ਪੜ੍ਹਨ ਨੂੰ ਮਿਲੀਆਂ ਸਨ ਤਾਂ ਕੁਝ ਰੌਬਰਟ ਐਡਮਸ ਨੇ ਦੱਸੀਆਂ ਸਨ। ਰੌਬਰਟ ਵੀ ਮੇਰੀ ਕੁ ਹੀ ਉਮਰ ਦਾ ਕੈਦੀ ਸੀ। ਕਾਲੀ ਨਸਲ ਦਾ ਉਚਾ-ਲੰਮਾ ਜਵਾਨ। ਸਰਕਾਰ ਖ਼ਿਲਾਫ਼ ਬਗਾਵਤ ਦੇ ਕੇਸ ਵਿਚ ਫਸਿਆ ਹੋਇਆ ਸੀ ਉਹ। ਮੈਨੂੰ ਰੌਬਰਟ ਵਿਚੋਂ ਹਿੰਦੁਸਤਾਨੀ ਨਕਸਲੀਆਂ ਵਰਗਾ ਗੱਭਰੂ ਦਿਸਦਾ। ਉਹ ਅਫ਼ਰੀਕਾ ਵਿਚ ਆਉਂਦੇ ਇਸ ਨਵੇਂ 'ਇਨਕਲਾਬ' ਬਾਰੇ ਬੋਲਦਾ ਅੰਤਾਂ ਦਾ ਭਾਵੁਕ ਹੋ ਜਾਂਦਾ। ਅਖੇ ਆਪਣੇ ਧੰਦੇ ਛੱਡ ਕੇ ਆਹ ਪੁੱਠੇ ਕੰਮਾਂ 'ਚ ਫਸਣਾ ਪੂਰਾ ਹੱਲ ਨਹੀਂ ਹੋ ਸਕਦਾ, ਪੂਰਾ ਹੱਲ ਤਾਂ ਹਿੰਦੁਸਤਾਨ ਕੰਨੀਂ ਹੋ ਰਿਹੈ।

ਪੂਰਾ ਹੱਲ ਲੱਭਣਾ ਪਊ ਮਿੱਤਰੋ, ਪੂਰਾ ਹੱਲ। ਆਹ ਅੱਧੀਆਂ-ਅਧੂਰੀਆਂ ਨੀਤੀਆਂ, ਗੋਲ-ਮੋਲ ਗੱਲਾਂ, ਇਨ੍ਹਾਂ ਨਾਲ ਕੋਈ ਗੱਲ ਨ੍ਹੀਂ ਬਣ ਸਕਣੀ। ਮੇਰੇ ਕੰਨਾਂ ਵਿਚ ਪ੍ਰੋਫੈਸਰ ਬਖ਼ਤਾਵਰ ਵਾਲਾ ਸਪੀਕਰ ਫਿਰ ਬੋਲ ਪਿਐ। ਸੂਚਨਾ ਇਨਕਲਾਬ ਵਾਲੀ ਗੱਲ ਸਮੇਟਦਾ ਉਹ ਇਉਂ ਤੜਫਿਆ ਸੀ, ਜਿਵੇਂ ਸਾਰੀ ਫ਼ਸਲ ਆੜ੍ਹਤ 'ਤੇ ਸੁੱਟ ਦੇਣ ਮਗਰੋਂ ਵੀ ਕਿਸਾਨ ਦੇ ਖ਼ਾਤੇ 'ਤੇ ਲੀਕ ਨਾ ਮਾਰਨ ਵਾਲੇ ਹੁਕਮ ਦੀ ਪਾਲਣਾ ਕਰਦਾ ਮੁਨੀਮ ਅੰਦਰੇ-ਅੰਦਰ ਜਜ਼ਬਾਤੀ ਹੋ ਜਾਂਦੈ ਕਦੇ-ਕਦੇ। ਜਿਹੜੇ ਬੰਦੇ, ਜਿਹੜੀ ਕੰਪਨੀ ਆਹ ਕੰਪਿਊਟਰ ਬਣਾ ਸਕਦੀ ਹੈ, ਉਨ੍ਹਾਂ ਤੋਂ ਆਹ ਸੌਫਟਵੇਅਰ ਜ੍ਹੇ ਨ੍ਹੀਂ ਬਣਨਗੇ ਭਲਾ? ਆਹ ਪ੍ਰੋਗਰਾਮ ਜ੍ਹੇ ਲਿਖਣੇ ਕਿੱਡੀ ਕੁ ਵੱਡੀ ਗੱਲ ਹੈ, ਜਿਹੜੀ ਉਹ ਆਪ ਨ੍ਹੀਂ ਕਰ ਸਕਦੇ ਤੇ ਹਿੰਦੁਸਤਾਨ ਭੇਜਦੇ ਨੇ! ਸਭ ਚੋਜਾਂ ਨੇ ਉਨ੍ਹਾਂ ਦੀਆਂ। ਗੁੱਝੀਆਂ ਚਾਲਾਂ ਚੱਲਦੇ ਨੇ, ਗੁੱਝੀਆਂ। ਪਹਿਲਾਂ ਹਰੇ ਇਨਕਲਾਬ ਦੇ ਨਾਂ 'ਤੇ ਕਿਸਾਨ ਨੂੰ ਦੋ ਫ਼ਸਲਾਂ 'ਚ ਫਸਾ'ਤਾ। ਬਾਕੀ ਸਭ ਖ਼ਰੀਦਣ ਮੰਡੀ ਤੁਰੇ ਫਿਰੋ। ਹੁਣ ਆਹ ਸੂਚਨਾ ਇਨਕਲਾਬ ਵਾਲੀ ਖੇਡ ਛੇੜ'ਲੀ। ਮੁੰਡੇ-ਕੁੜੀਆਂ ਕੰਪਿਊਟਰ ਜ੍ਹੇ 'ਚ ਹੀ ਵਾੜ 'ਤੇ। ਕੰਪਿਊਟਰ ਦੇ ਇੰਜੀਨੀਅਰ ਬਣੋ, ਕੰਪਿਊਟਰ 'ਤੇ ਸੌਫਟਵੇਅਰ ਬਣਾਉਣੇ ਸਿੱਖੋ, ਵੱਡੇ ਸ਼ਹਿਰਾਂ 'ਚ ਨੌਕਰੀਆਂ ਕਰੋ, ਉਨ੍ਹਾਂ ਦੀਆਂ ਕੰਪਨੀਆਂ ਲਈ ਪ੍ਰੋਗਰਾਮ ਲਿਖੋ, ਢੇਰਾਂ ਦੇ ਢੇਰ ਪੈਸੇ ਕਮਾਉ, ਮੰਡੀ ਦੀ ਖੁੱਲ੍ਹ ਵਿਚ ਗੁੰਮੋ-ਗਵਾਚੋ, ਪਿੰਡਾਂ 'ਚੋਂ ਕਿੱਲੇ ਵੇਚੋ, ਸ਼ਹਿਰਾਂ ਵਿਚ ਫੁੱਟ ਖਰੀਦੋ, ਆਪੇ ਉਪਭੋਗੀ ਬਣੋ, ਸਾਰੀ ਉਮਰ ਆਪਣੇ-ਆਪ ਨੂੰ ਹੀ ਭੋਗੀ ਜਾਓ। ਬੋਲਦੇ-ਬੋਲਦੇ ਪ੍ਰੋਫੈਸਰ ਦਾ ਗੱਚ ਭਰ ਆਇਆ ਸੀ ਤੇ ਮੇਰੀਆਂ ਅੱਖਾਂ। ਮੈਂ ਕਲਾਸ ਤੋਂ ਬਾਅਦ ਵੀ ਕਿੰਨਾ ਹੀ ਚਿਰ ਕੁਝ ਬੋਲ ਨਹੀਂ ਸਾਂ ਸਕਿਆ। ਅਗਲੀ ਕੋਈ ਕਲਾਸ ਵੀ ਨਹੀਂ ਸੀ ਲਾਈ। ਸਕੂਟਰ ਚੁੱਕ ਘਰ ਵੱਲ ਹੋ ਲਿਆ ਸਾਂ। ਰਾਹ ਵਿਚ ਸੂਏ ਕੰਢੇ ਸਕੂਟਰ ਰੋਕ ਕੇ ਕਿੰਨਾ ਹੀ ਚਿਰ ਰੋਂਦਾ ਰਿਹਾ ਸਾਂ। ਆਪਣੀ ਚੰਗੀ-ਮਾੜੀ ਹੋਣੀ ਨੂੰ ਹੱਸ ਕੇ ਟੱਕਰਨ ਵਾਲਾ ਮੈਂ ਮੁਲਕ ਦੀ ਹੋਣੀ 'ਤੇ ਫਿੱਸ ਪਿਆ ਸਾਂ।

ਭਾਰਤ ਵਿਚ ਜੋ ਦੋ ਵੱਡੇ ਆਰਥਿਕ 'ਇਨਕਲਾਬ' ਆਏ ਦੱਸਦੇ ਆ, ਉਨ੍ਹਾਂ ਵੀ ਦੇਸ਼ ਦਾ ਕੁਝ ਨਾ ਸੰਵਾਰਿਆ। ਜਿਵੇਂ ਪ੍ਰੋਫੈਸਰ ਆਖਦਾ ਸੀ, ਖੇਤੀ ਦਾ 'ਇਨਕਲਾਬ' ਵੀ ਵੱਡੀ ਚਾਲ ਦਾ ਹੀ ਹਿੱਸਾ ਸੀ, ਆਹ ਸੂਚਨਾ ਵਾਲੇ 'ਇਨਕਲਾਬ' ਵਿਚ ਵੀ ਉਹੀ ਚਾਲਾਂ-ਸਾਜ਼ਿਸ਼ਾਂ। ਪ੍ਰੋਫੈਸਰ ਕਿਹਾ ਕਰਦਾ ਸੀ, ਬਈ ਅਫ਼ਰੀਕਾ ਕੰਨੀਂ ਆਊ ਇਨਕਲਾਬ; ਇਥੇ ਵੀ ਡੂੰਘੀ ਸੋਚ ਰੱਖਣ ਵਾਲੇ ਬੰਦੇ ਇਸ ਸਭ ਨੂੰ ਕੋਝੀ ਜਿਹੀ ਚਾਲ ਹੀ ਦੱਸਦੇ। ਜਿਵੇਂ ਆਹ ਰੌਬਰਟ ਆਖਦਾ ਕਿ ਆਪਣੇ ਕੰਮ-ਧੰਦਿਆਂ ਨੂੰ ਪਛਾਣਨਾ ਜ਼ਰੂਰੀ ਹੈ, ਬਾਕੀ ਆਹ ਨਵੀਨ ਆਰਥਿਕਤਾ ਵਾਲਾ ਤਾਂ ਨਿਰਾ ਭਰਮ ਹੀ ਹੈ ਬੱਸ। ਇਹ ਆਖੀ ਜਾਊ ਕਿ ਭਾਰਤ ਵਿਚ ਪੂਰਨ ਇਨਕਲਾਬ ਆਉਣ ਦੇ ਆਸਾਰ ਨੇ। ਮੈਂ ਦੋਹੇ ਪਾਸੇ ਵੇਖ ਲਏ। ਨਾ ਉਧਰ ਕੁਝ ਦਿਸਦਾ, ਨਾ ਇਧਰ। ਦੁਨੀਆਂ ਵਿਚ ਹੋਈ ਕੀ ਜਾਂਦਾ, ਮੈਨੂੰ ਤਾਂ ਸਮਝ ਜ੍ਹੀ ਓ ਨ੍ਹੀਂ ਆਉਂਦੀ ਕੁਝ। ਜਿੰਨਾ ਵੱਧ ਘੁੰਮ ਕੇ ਵੇਖੋ, ਉਨਾ ਯਕੀਨ ਜ੍ਹਾ ਉਠਦਾ ਜਾਂਦਾ ਆਹ ਵਿਕਾਸ ਵਾਲੀਆਂ ਗੱਲਾਂ ਤੋਂ। ਕਦੇ-ਕਦੇ ਤਾਂ ਸਿਰ ਪਾਟਣ ਨੂੰ ਆ ਜਾਂਦਾ। ਫਿਰ ਆਹ ਭੀਰਾ ਕਹੂ, ਅਖੇ ਬਾਈ ਮਾਲ-ਮੂਲ ਖਾ ਲਿਆ ਕਰ ਭੋਰਾ, ਐਨ ਨੌਂ-ਬਰ-ਨੌਂ ਰਹੇਂਗਾ, ਐਂ ਤਾਂ ਤੂੰ ਭਕਾਈ ਜ੍ਹੀ ਮਾਰਨੋਂ ਨ੍ਹੀਂ ਹਟਦਾ। ਮੈਂ ਸੋਚਦਾਂ ਜਿਹੜੇ ਮਾਲ ਖਾਂਦੇ ਆ, ਉਨ੍ਹਾਂ ਕਿਹੜੇ ਤੀਰ ਮਾਰ ਲਏ ਜੋ ਮੈਥੋਂ ਨਾ ਵੱਜੇ। ਮੈਨੂੰ ਘੱਟੋ-ਘੱਟ ਬਿਮਾਰੀ ਤਾਂ ਸਮਝ ਆ ਰਹੀ ਆ, ਉਹ ਤਾਂ ਇਥੋਂ ਤੱਕ ਵੀ ਨ੍ਹੀਂ ਪਹੁੰਚਦੇ। ਉਹ ਤਾਂ ਧਿਆਨ ਜ੍ਹਾ ਹੋਰ ਪਾਸੇ ਲੈ ਜਾਣ ਜੋਗਾ ਹੀ ਹੱਲ ਕਰਦੇ ਨੇ ਬੱਸ ਜਿਹਨੂੰ 'ਬੈਂਡ-ਏਡ ਸੌਲਿਊਸ਼ਨ' ਕਹਿੰਦੇ ਹੁੰਦੇ ਨੇ।

'ਬੈਂਡ-ਏਡ ਸੌਲਿਊਸ਼ਨ' ਬਾਰੇ ਸੋਚ ਕੇ ਮੈਨੂੰ ਹਾਸਾ ਜਿਹਾ ਆ ਗਿਐ। ਪ੍ਰੋਫੈਸਰ ਬੜਾ ਵਰਤਦਾ ਸੀ ਇਹ ਸ਼ਬਦ-ਜੋੜ। ਅਖੇ ਬੰਦੇ ਦੀ ਲੱਤ ਟੁੱਟ ਜਾਏ ਤੇ ਬੰਦਾ ਉਸ 'ਤੇ ਬੈਂਡ-ਏਡ ਲਾਈ ਫਿਰੇ। ਓ ਭਲਿਓ-ਮਾਣਸੋ, ਇਉਂ ਕਿਵੇਂ 'ਰਾਮ ਆ ਜੂ। ਇਹ ਤਾਂ ਬੱਸ ਮਨ ਜ੍ਹਾ ਵਰ੍ਹਾਉਣ ਆਲੀ ਓ ਗੱਲ ਆ। ਬਈ ਹਾਂ, ਕੋਈ ਮੱਲ੍ਹਮ ਲਾਈ ਆ ਸੱਟ 'ਤੇ। ਆਹ ਆਪਣੇ ਪੰਜਾਬੀ ਵੀ ਇਉਂ ਹੀ ਬੈਂਡ-ਏਡਾਂ ਲਾਈ ਫਿਰਦੇ ਨੇ ਟੁੱਟੇ ਅੰਗਾਂ 'ਤੇ। ਕੋਈ ਦਾਰੂ ਪੀ ਕੇ ਗ਼ਮ ਗ਼ਲਤ ਕਰਦਾ ਫਿਰਦਾ, ਕੋਈ ਮਾਲ ਛਕੀਂ ਜਾਂਦਾ, ਕੋਈ ਤੀਵੀਂਬਾਜ਼ੀ 'ਚ ਉਲਝਿਆ। ਤੇ ਇਨ੍ਹਾਂ ਨੂੰ ਜਾਪਦਾ ਖਵਨੀਂ ਇਉਂ ਈ ਖੁਸ਼ਹਾਲੀ ਮੁੜ ਆਊ ਪੰਜਾਬ 'ਚ। ਖੁਸ਼ਹਾਲੀ ਕੀ ਮੁੜਨੀ ਐਂ, ਸਗੋਂ ਪਹਿਲਾਂ ਜ਼ਮੀਨਾਂ ਗਹਿਣੇ ਕਰ ਹੋ ਜਾਂਦੀਐਂ, ਮਗਰੋਂ ਗਹਿਣੇ ਹੋਈਆਂ ਵਿਕੀ ਜਾਂਦੀਐਂ। ਤੇ ਬੱਸ, ਚੱਲ ਸੋ ਚੱਲ, ਰਸਾਤਲ ਵੱਲ।

ਪ੍ਰੋਫੈਸਰ ਦੀ ਜ਼ਮੀਨਾਂ ਗਹਿਣੇ ਹੋਣ ਵਾਲੀ ਗੱਲ ਸੋਚ ਕੇ ਮੇਰੀ ਧੜਕਣ ਜ੍ਹੀ ਤੇਜ਼ ਹੋ ਗਈ ਹੈ। ਆਪਣਾ ਆਪ ਵੀ ਗੁਨਾਹਗਾਰ ਜ੍ਹਾ ਲੱਗਣ ਲੱਗਾ ਹੈ ਮੈਨੂੰ। ਦੋ ਕਿੱਲੇ ਗਹਿਣੇ ਕਰ ਕੇ ਮੈਂ ਏਜੰਟ ਦੇ ਢਿੱਡ ਵਿਚ ਪਾਏ ਸੀ, ਢਾਈ ਕਿੱਲੇ ਭੀਰੇ ਹੁਰਾਂ ਦੇ ਧਰੇ ਗਏ; ਤਾਂ ਕਿਤੇ ਅਫ਼ਰੀਕਾ ਕੰਨੀਂ ਮੂੰਹ ਕਰ ਹੋਇਆ ਸੀ। ਮੂੰਹ ਕਰ ਕੇ ਵੀ ਕੀ ਖੱਟ ਲਿਆ? ਅਖੇ ਬਾਰੀਂ ਬਰਸੀਂ ਖੱਟਣ ਗਿਆ ਸੀ ਖੱਟ ਕੇ ਲਿਆਂਦਾ ਛਿੱਕੂ।

ਆਹ 'ਛਿੱਕੂ' ਸ਼ਬਦ ਪ੍ਰੋਫੈਸਰ ਕਲਾਸ 'ਚ ਵੀ ਕਈ ਵਾਰ ਵਰਤ ਲੈਂਦਾ ਸੀ। ਊਂ ਮੈਨੂੰ ਇਸ ਸ਼ਬਦ ਦੇ ਅਰਥ ਅੱਜ ਤਕ ਨ੍ਹੀਂ ਪਤਾ ਲੱਗੇ। ਹਾਂ, ਅੰਦਾਜ਼ਾ ਜ੍ਹਾ ਜ਼ਰੂਰ ਹੈ। ਸ਼ਾਇਦ ਇਹ ਪ੍ਰੋਫੈਸਰ ਬਖ਼ਤਾਵਰ ਹੁਰਾਂ ਦੇ ਜੱਦੀ 'ਲਾਕੇ ਕੰਨੀਂ ਦਾ ਸ਼ਬਦ ਹੋਊ। ਤਾਂ ਹੀ ਉਹ ਸਹਿਜ ਵਿਚ ਵਰਤ ਲੈਂਦਾ ਸੀ। ਆਪਣੇ ਇਲਾਕੇ ਦੀ ਬੋਲੀ, ਆਪਣੇ ਇਲਾਕੇ ਦੇ ਕੰਮ ਕਿੰਨੇ ਸਹਿਜ ਹੁੰਦੇ ਨੇ।

ਆਹ ਸਹਿਜ-ਅਸਹਿਜ ਵਾਲਾ ਭਾਸ਼ਣ ਵੀ ਪ੍ਰੋਫੈਸਰ ਦਾ ਹੀ ਹੈ, ਜਿਹੜਾ ਮੈਂ ਦੇਣ ਲੱਗ ਪਿਆਂ। ਉਂਜ 'ਕੱਲੇ ਉਸੇ ਦਾ ਵੀ ਨ੍ਹੀਂ। ਲਓਜ਼ੀ ਵੀ ਸਹਿਜਤਾ ਨੂੰ ਹੀ ਬੰਦੇ ਦਾ ਅਸਲ ਜੀਵਨ ਫ਼ਲਸਫ਼ਾ ਮੰਨਦਾ। ਸਟੈਨਫਰਡ ਇਨਸਾਈਕਲੋਪੀਡੀਆ ਵੀ ਇਹੋ ਇਸ਼ਾਰਾ ਕਰਦਾ।

ਮੈਂ ਆਹ ਸਾਰੇ ਇਸ਼ਾਰਿਆਂ ਦੀਆਂ ਗੱਲਾਂ ਕਰੀਂ ਜਾਨਾਂ, ਇਨ੍ਹਾਂ ਬਾਰੇ ਸੋਚੀ ਜਾਨਾਂ, ਪਰ ਜਦ ਆਪਣੇ ਜਿਉਣ ਬਾਰੇ ਸੋਚਦਾਂ, ਉਦੋਂ...। ਅੱਜ ਤਾਂ ਮੈਨੂੰ ਆਪਣੇ ਇੰਨਾ ਕੁਝ ਪੜ੍ਹੇ ਹੋਣ 'ਤੇ ਵੀ ਲਾਹਣਤ ਜ੍ਹੀ ਆਉਣ ਲੱਗੀ ਐ। ਕੀ ਫ਼ਾਇਦਾ ਊਂ ਈ ਪੜ੍ਹੀ ਜਾਣ ਦਾ ਜਦੋਂ ਠੀਕ-ਗ਼ਲਤ ਦੀ ਪਛਾਣ ਕਰ ਕੇ ਸਹੀ ਗੱਲ ਨੂੰ ਜੀਵਨ 'ਚ ਹੀ ਨਾ ਲਿਆ ਸਕੇ ਬੰਦਾ। ਕਿੰਨੀ ਨੇੜਿਉਂ ਜਾਣਿਆ ਪ੍ਰੋਫੈਸਰ ਨੂੰ, ਰਾਜਨੀਤੀ ਨੂੰ ਕਿੰਨਾ ਨੇੜਿਉਂ ਵਾਚਣ ਦਾ ਮੌਕਾ ਮਿਲਿਆ, ਆਰਥਿਕਤਾ ਵੀ ਪੜ੍ਹੀ, ਫ਼ਲਸਫ਼ਾ ਵੀ ਕੋਈ ਨ੍ਹੀਂ ਛੱਡਿਆ; ਪਰ ਜੀਵਨ 'ਚ ਕੀ ਆਇਆ? ਕੁਝ ਵੀ ਨ੍ਹੀਂ। ਉਵੇਂ ਹੀ ਏਜੰਟਾਂ ਵੱਸ ਪੈ ਗਿਆ ਜਿਵੇਂ ਕੋਈ ਅਣਜਾਣ ਬੰਦਾ ਪੈ ਜਾਂਦੈ। ਗੱਲ ਤਾਂ ਫਿਰ ਬਣਦੀ ਜੇ ਪ੍ਰੋਫੈਸਰ ਦੀ ਸਮਝ ਨੂੰ ਪੂਰੀ ਕਰ ਪਾਉਂਦਾ। ਦੱਸ ਸਕਦਾ ਉਹਨੂੰ ਬਈ 'ਕੱਲੇ ਭਾਰਤ 'ਚ ਈ ਨ੍ਹੀਂ, ਪੂਰੀ ਦੁਨੀਆਂ 'ਚ ਪੱਤੇ ਵਿਛੇ ਨੇ। ਪੂੰਜੀ ਤਾਂ ਹਰ ਪਾਸੇ ਖੁੱਲ੍ਹੀਆਂ ਖੇਡਾਂ ਖੇਡਣ ਨੂੰ ਫਿਰਦੀ ਐ, ਖੇਡੀ ਜਾਂਦੀ ਵੀ ਐ, ਫਿਰ ਕੀ ਭਾਰਤ ਤੇ ਕੀ ਅਫ਼ਰੀਕਾ! ਅਮਰੀਕਾ, ਕੈਨੇਡਾ ਨੂੰ ਛੱਡ ਕੇ ਅਫ਼ਰੀਕਾ ਕੰਨੀਂ ਮੂੰਹ ਕਰਨ ਨਾਲ ਵੀ ਮਸਲਾ ਹੱਲ ਨਹੀਂ ਹੋਣਾ। ਕਿਸਾਨ ਦੇ ਪੁੱਤ ਲਈ ਤਾਂ ਖੇਤੀ ਓ ਕਰਨੀ ਸਹਿਜ ਐ। ਕੁਝ ਵਾਕਈ ਕਰਨਾ ਚਾਹੇ ਉਹ ਤਾਂ ਖੇਤੀ ਦੀਆਂ ਹੋਰ ਵਧੀਆ ਤਕਨੀਕਾਂ ਨੂੰ ਸਮਝੇ। ਜ਼ਹਿਰਾਂ ਤੋਂ ਮੁਕਤ ਫ਼ਸਲ ਉਗਾਵੇ। ਇਨਕਲਾਬ ਤਾਂ ਆਪਣੀ ਮਿੱਟੀ, ਆਪਣੇ ਖੇਤਾਂ 'ਚੋਂ ਹੀ ਪੁੰਗਰਨੈਂ। ਦੱਸ ਸਕਦਾ ਮੈਂ ਪ੍ਰੋਫੈਸਰ ਬਖ਼ਤਾਵਰ ਨੂੰ ਕਾਸ਼! ਪਰ ਕਿੱਥੇ, ਮੈਂ ਤਾਂ ਉਲਝ ਗਿਆ।

ਬੰਦੇ ਦਾ ਉਲਝ ਜਾਣਾ ਕੋਈ ਮਾਅਨੇ ਨ੍ਹੀਂ ਰੱਖਦਾ। ਬੰਦਾ ਤਾਂ ਜਦੋਂ ਤਕ ਜਿਉਂਦਾ, ਸੰਭਾਵਨਾ ਬੰਦੇ ਦੇ ਨਾਲ-ਨਾਲ ਸਾਹ ਲੈਂਦੀ ਐ। ਪ੍ਰੋਫੈਸਰ ਦੇ ਬੋਲਾਂ ਨੇ ਫਿਰ ਮੈਨੂੰ ਬਾਹੋਂ ਫੜ ਖੜ੍ਹਾ ਕੀਤੈ। ਮੈਂ ਹੁਣ ਤਕ ਪੜ੍ਹਿਆ-ਗੁੜ੍ਹਿਆ ਸਭ ਕੁਝ ਇਕਾਗਰ ਕਰ ਕੇ ਆਪਣੇ ਬਾਰੇ ਤੇ ਆਪਣੇ ਪੰਜਾਬ ਬਾਰੇ ਸੋਚਦਾਂ। ਮੈਨੂੰ ਲਹਿਲਹਾਉਂਦੇ ਖੇਤ ਵੀ ਦਿਸਦੇ ਨੇ, ਮੰਡੀ 'ਚ ਫ਼ਸਲ ਸੁੱਟਣ ਜਾਂਦਾ ਬਾਪੂ ਵੀ ਤੇ ਰੇਲ ਦੀਆਂ ਲੀਹਾਂ 'ਤੇ ਧਰਨੇ ਦਿੰਦੇ ਕਿਸਾਨ ਵੀ। ਮੈਨੂੰ ਕੈਨੇਡਾ ਪੜ੍ਹਨ ਗਏ ਮਲਕੀਤ ਦੀਆਂ ਗੱਲਾਂ ਵੀ ਚੇਤੇ ਆਉਂਦੀਆਂ। ਇਕੇਰਾਂ ਉਸ ਦਾ ਕੈਨੇਡਾ ਤੋਂ ਫ਼ੋਨ ਆਇਆ ਸੀ। ਉਹ ਦੱਸਦਾ ਸੀ ਕਿ ਉਸ ਨੇ ਉਤਰੀ ਅਮਰੀਕਾ ਕੰਨੀਂ ਦੇ ਫੂਡ-ਪ੍ਰੋਸੈਸਿੰਗ ਉਦਯੋਗਾਂ ਦਾ ਅਧਿਐਨ ਕੀਤਾ। ਜਿੰਨੀ ਫ਼ਸਲ ਉਹ ਉਦਯੋਗ ਪਹਿਲਾਂ ਭਾਰਤ ਕੰਨੀਉਂ ਖ਼ਰੀਦਦੇ ਸੀ, ਹੁਣ ਯੂਰਪ ਤੇ ਅਮਰੀਕਾ ਦੇ ਛੋਟੇ-ਛੋਟੇ ਮੁਲਕਾਂ ਤੋਂ ਖ਼ਰੀਦਣ ਲੱਗੇ ਨੇ। ਮਿਲਦੀ ਭਾਵੇਂ ਮਹਿੰਗੀ ਹੀ ਹੈ, ਪਰ ਕਹਿੰਦੇ ਨੇ ਕਿ ਉਹ ਭਾਰਤ ਵਾਂਗੂੰ ਦੂਸ਼ਿਤ ਨ੍ਹੀਂ। ਭਾਰਤ ਬਾਰੇ ਤਾਂ ਕਹਿੰਦੇ ਨੇ ਕਿ ਕੀਟਾਣੂਆਂ ਵਾਲੀ ਫ਼ਸਲ ਤੋਂ ਵੀ ਵੱਧ ਜ਼ਹਿਰੀਲੀ ਕੀਟਨਾਸ਼ਕਾਂ ਵਾਲੀ ਫ਼ਸਲ ਐ। ਭਾਰਤ ਦੀ ਖੇਤੀ ਨੂੰ ਤਾਂ ਕੀਟਨਾਸ਼ਕ ਵੇਚਣ ਲਈ ਮੰਡੀ ਵਾਂਗ ਹੀ ਵੇਖਦੇ ਨੇ ਬੱਸ। ਮਲਕੀਤ ਦੇ ਫ਼ੋਨ ਨੇ ਮੈਨੂੰ ਅੰਦਰ ਤਕ ਝੰਜੋੜ ਦਿੱਤਾ ਸੀ। ਹੁਣ ਵੀ ਉਸ ਦੀਆਂ ਗੱਲਾਂ ਚੇਤੇ ਆਈਆਂ ਨੇ ਤਾਂ ਮਨ ਊਂਈਂ ਫਿੱਸਦਾ ਜਾਂਦੈ।

ਰਾਤ ਦਾ ਇਹੀ ਸਭ ਚੱਲੀ ਜਾਂਦੈ ਮੇਰੇ ਅੰਦਰ। ਮਲਕੀਤ ਦੇ ਅਧਿਐਨ ਬਾਰੇ ਸੋਚ ਕੇ ਕਾਲਜਾ ਪਾਟਣ ਨੂੰ ਆਉਂਦੈ। ਪ੍ਰੋਫੈਸਰ ਦੀਆਂ ਗੱਲਾਂ ਚੇਤੇ ਕਰ ਕੇ ਮੈਨੂੰ ਜ਼ਿੰਮੇਵਾਰੀ ਦਾ ਅਹਿਸਾਸ ਹੁੰਦੈ। ਰੌਬਰਟ ਦੇ ਸ਼ਬਦ ਕੰਨਾਂ 'ਚ ਗੂੰਜਦੇ ਨੇ। ਅਫ਼ਰੀਕਾ ਦੇ ਉਦਯੋਗ ਵਿਚ ਕੰਮ ਕਰਨ ਨੂੰ ਹੁਣ ਵੱਢੀ ਰੂਹ ਨ੍ਹੀਂ ਕਰਦੀ। ਧਿਆਨ ਜ੍ਹਾ ਜਾਣ ਨਾਲ ਖੇਤੀ, ਉਦਯੋਗ, ਸੂਚਨਾ ਤਕਨੀਕ, ਸਾਰੇ ਹੀ ਇਨਕਲਾਬਾਂ ਦਾ ਸੱਚ ਉਜਾਗਰ ਹੋ ਗਿਐ। ਇਥੇ ਆਪਣੇ-ਆਪ ਨਾਲ ਬਿਤਾਏ ਦੋ ਮਹੀਨਿਆਂ ਨੇ ਇੱਛਾਵਾਂ ਦੇ ਸ਼ੀਸ਼ੇ 'ਤੇ ਵਿਚਾਰਾਂ ਦਾ ਪਾਣੀ ਮਾਰ ਦਿੱਤੇ। ਸ਼ੀਸ਼ਾ ਹੁਣ ਉਜਲਾ-ਉਜਲਾ ਜਾਪਦੈ। ਜੇਲ੍ਹ 'ਚ ਬੈਠੇ ਦੇ ਵੀ ਮੇਰੇ ਅੰਦਰ ਆਪਣੀ ਮਿੱਟੀ ਦੀਆਂ ਢੇਰੀਆਂ ਉਹੂੰ-ਉਹੂੰ ਕਰਦੀਆਂ ਨੇ ਤੇ ਭੀਰਾ ਸੋਚਦੈ ਕਿ ਮੈਂ ਢੇਰੀ ਢਾਹੀ ਬੈਠੈਂ। ਮੈਂ ਤਾਂ ਪੂਰੀ ਗੱਲ ਨੂੰ ਸਮਝ ਵੀ ਰਿਹਾਂ ਤੇ ਫੈਸਲਾ ਵੀ ਕਰ ਰਿਹਾਂ। ਮੇਰੇ ਖੇਤਾਂ 'ਚੋਂ ਸਹਿਜੇ ਹੀ ਇਨਕਲਾਬ ਫੁੱਟੂ ਜਦ ਨੀਂਦ 'ਚੋਂ ਜਾਗ ਕੇ ਖੇਤੀ ਸ਼ੁਰੂ ਕੀਤੀ। ਹੁਣ ਜੇਲ੍ਹ 'ਚੋਂ ਛੁੱਟ ਕੇ ਜੋਹੈਨਸਬਰਗ ਜਾਣ ਨੂੰ ਨ੍ਹੀਂ, ਡੀਪੋਰਟ ਹੋ ਕੇ ਪਿੰਡ ਜਾਣ ਨੂੰ ਰੂਹ ਕਰਦੀ ਐ। ਪਿੰਡ ਜਾ ਕੇ ਖੇਤੀ ਵੀ ਇਹੋ ਜ੍ਹੀ ਕਰੂੰ ਕਿ ਦੁਨੀਆਂ ਦੇਖੂ। ਸਾਫ਼ ਮਾਲ ਉਗਾਉਣਾ ਤਾਂ ਕੁਦਰਤੀ ਗੱਲ ਹੀ ਹੈ। ਉਗਾ ਸਕਿਆ ਤਾਂ ਖਾਣ ਨੂੰ ਤਾਂ ਸਾਰੀ ਦੁਨੀਆਂ ਤਿਆਰ ਆ; ਪਰ ਡੀਪੋਰਟ ਹੋਣ ਵਿਚ ਕਿੰਨੀਆਂ ਮੁਸ਼ਕਿਲਾਂ ਆਉਣਗੀਆਂ, ਹਾਲੇ ਇਹ ਵੀ ਨ੍ਹੀਂ ਪਤਾ। ਫਿਰ ਵੀ ਹੁਣ ਅਸਲ ਰਾਹ ਤਾਂ ਇਹੋ ਹੈ। ਕਿਹੜਾ ਬੰਦਾ ਕਿਵੇਂ ਕੰਮ ਆਊ, ਇਹ ਵੀ ਚਿਤਵਿਆ ਜਾਊ।

ਭੀਰੇ ਦੇ ਬੋਲ ਸੁਣ ਮੈਂ ਉਠ ਕੇ ਬੈਠਾ ਹੋ ਗਿਆਂ। ਡੌਰੂਆਂ ਵਾਂਗ ਇਧਰ-ਉਧਰ ਤੁਰੇ ਫਿਰਦੇ ਭੀਰੇ ਨੂੰ ਵੇਖ ਰਿਹਾਂ। ਸੋਚਦਾਂ, ਇਹਨੇ ਕਿੰਨੀ ਵੇਰ ਮੈਨੂੰ ਫਸੇ ਹੋਏ ਨੂੰ ਪਾਰ ਲਾਇਐ ਤੇ ਮੈਂ ਇਹਨੂੰ ਕਿੱਥੇ ਫਸਾ ਧਰਿਐ, ਪਰ ਹੁਣ ਇਹਨੂੰ ਵੀ ਇਥੋਂ ਕੱਢਣ ਦਾ ਵੇਲੈ ਤੇ ਆਪ ਨੂੰ ਵੀ ਪਿੱਛੇ ਮਿੱਟੀ 'ਡੀਕਦੀ ਐ। ਮੈਨੂੰ ਢੇਰੀ ਢਾਹੀ ਬੈਠਾ ਦੱਸ ਬਾਹਰ ਨੂੰ ਜਾਂਦੇ ਭੀਰੇ ਨੂੰ ਮੈਂ 'ਵਾਜ ਕੈੜੀ ਜ੍ਹੀ ਕਰ ਕੇ ਵੰਗਾਰਿਆ, 'ਭੀਰਿਆ...ਕੈਟ ਬਣੇਂਗਾ ਓਏ?' ਭੀਰਾ ਖੜ੍ਹਾ-ਖਲੋਤਾ ਅੱਡੀ ਉਤੇ ਘੁੰਮ ਗਿਐ। ਮੇਰੇ ਕੰਨੀਂ ਇਉਂ ਝਾਕਿਐ ਜਿਵੇਂ ਮੈਂ ਉਸ ਦਾ ਗੁਨਾਹਗਾਰ ਹੋਵਾਂ। ਫ਼ਿਰ ਲੰਮਾ ਜ੍ਹਾ ਸਾਹ ਭਰਿਆ ਜਿਵੇਂ ਕੋਈ ਵਾਰ ਕਰਨ ਨੂੰ ਤਿਆਰ ਹੋ ਰਿਹਾ ਹੋਵੇ। ਸੱਜੇ ਹੱਥ ਦੀਆਂ ਪਹਿਲੀਆਂ ਦੋਵੇਂ ਉਂਗਲਾਂ ਨੂੰ ਥੁੱਕ ਲਾ ਕੇ ਖੱਬੇ ਹੱਥ 'ਤੇ ਮਲੀਆਂ ਨੇ। ਫਿਰ ਸੱਜਾ ਹੱਥ ਉਪਰ ਤੇ ਖੱਬਾ ਹੇਠਾਂ ਨੂੰ ਲਿਜਾ ਕੇ ਸਿਰ ਮੂਹਰੇ ਨੂੰ ਝੁਕਾਉਂਦਿਆਂ ਬਾਜ਼ੀ ਪਾਈ ਐ ਤੇ ਮੇਰੇ ਬਿਲਕੁਲ ਕੋਲ ਆ ਗਿਐ। ਮੇਰੀਆਂ ਅੱਖਾਂ 'ਚ ਡੂੰਘਾ ਝਾਕਦਾ ਬੋਲਿਐ, 'ਬਣਜੂੰ...ਬਣਜੂੰ।'


> ***ਭਾਰਤ ਵਿਚ ਜੋ ਦੋ ਵੱਡੇ ਆਰਥਿਕ 'ਇਨਕਲਾਬ' ਆਏ ਦੱਸਦੇ ਆ, ਉਨ੍ਹਾਂ ਵੀ ਦੇਸ਼ ਦਾ ਕੁਝ ਨਾ ਸੰਵਾਰਿਆ। ਜਿਵੇਂ ਪ੍ਰੋਫੈਸਰ ਆਖਦਾ ਸੀ, ਖੇਤੀ ਦਾ 'ਇਨਕਲਾਬ' ਵੀ ਵੱਡੀ ਚਾਲ ਦਾ ਹੀ ਹਿੱਸਾ ਸੀ, ਆਹ ਸੂਚਨਾ ਵਾਲੇ 'ਇਨਕਲਾਬ' ਵਿਚ ਵੀ ਉਹੀ ਚਾਲਾਂ-ਸਾਜ਼ਿਸ਼ਾਂ। ਪ੍ਰੋਫੈਸਰ ਕਿਹਾ ਕਰਦਾ ਸੀ, ਬਈ ਅਫ਼ਰੀਕਾ ਕੰਨੀਂ ਆਊ ਇਨਕਲਾਬ; ਇਥੇ ਵੀ ਡੂੰਘੀ ਸੋਚ ਰੱਖਣ ਵਾਲੇ ਬੰਦੇ ਇਸ ਸਭ ਨੂੰ ਕੋਝੀ ਜਿਹੀ ਚਾਲ ਹੀ ਦੱਸਦੇ। ਜਿਵੇਂ ਆਹ ਰੌਬਰਟ ਆਖਦਾ ਕਿ ਆਪਣੇ ਕੰਮ-ਧੰਦਿਆਂ ਨੂੰ ਪਛਾਣਨਾ ਜ਼ਰੂਰੀ ਹੈ, ਬਾਕੀ ਆਹ ਨਵੀਨ ਆਰਥਿਕਤਾ ਵਾਲਾ ਤਾਂ ਨਿਰਾ ਭਰਮ ਹੀ ਹੈ ਬੱਸ। ਇਹ ਆਖੀ ਜਾਊ ਕਿ ਭਾਰਤ ਵਿਚ ਪੂਰਨ ਇਨਕਲਾਬ ਆਉਣ ਦੇ ਆਸਾਰ ਨੇ।***

## ਛਾਤੀ ਅੰਦਰਲੇ ਥੇਹ (7)

# ਸਾਧ ਦੀ ਅੱਗ ਦੀ ਹੋਲੀ

*ਗੁਰਦਿਆਲ ਦਲਾਲ ਬੁਨਿਆਦੀ ਰੂਪ ਵਿਚ ਗਲਪਕਾਰ ਹੈ। ਹੁਣੇ-ਹੁਣੇ ਉਨ੍ਹਾਂ ਦਾ ਵੱਡ-ਆਕਾਰੀ ਨਾਵਲ 'ਪੈੜਾਂ' ਛਪਿਆ ਹੈ। 'ਛਾਤੀ ਅੰਦਰਲੇ ਥੇਹ' ਲੇਖ-ਲੜੀ ਵਿਚ ਉਨ੍ਹਾਂ ਆਪਣੇ ਜੀਵਨ ਅਤੇ ਤਜਰਬੇ ਨੂੰ ਆਧਾਰ ਬਣਾ ਕੇ ਕੁਝ ਗੱਲਾਂ ਵੱਖਰੇ ਢੰਗ ਨਾਲ ਕੀਤੀਆਂ ਹਨ ਜਿਹੜੀਆਂ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰ ਰਹੇ ਹਾਂ। ਇਨ੍ਹਾਂ ਗੱਲਾਂ ਦੀਆਂ ਤੰਦਾਂ, ਬੰਦੇ ਦੇ ਬੰਦਾ ਹੋਣ ਨਾਲ ਗਹਿਰੀਆਂ ਜੁੜੀਆਂ ਹੋਈਆਂ ਹਨ। ਆਸ ਹੈ, ਧੜਕਦੇ ਦਿਲ ਨਾਲ ਕੀਤੀਆਂ ਇਹ ਗੱਲਾਂ ਪਾਠਕਾਂ ਨੂੰ ਆਪਣੀਆਂ ਹੀ ਗੱਲਾਂ ਲੱਗਣਗੀਆਂ। -ਸੰਪਾਦਕ*

ਸਾਢੇ ਚਾਰ ਕੁ ਦਹਾਕੇ ਪਹਿਲਾਂ ਸਾਡੇ ਪਿੰਡ ਦੇ ਇਰਦ-ਗਿਰਦ ਜੰਗਲਾਂ ਦੀ ਭਰਮਾਰ ਨੇ ਵਾਤਾਵਰਣ ਨੂੰ ਕਾਫ਼ੀ ਰਹੱਸਮਈ ਬਣਾਇਆ ਹੁੰਦਾ ਸੀ। ਬਾਹਰੋਂ ਦੇਖਿਆਂ ਗੁਰਦੁਆਰੇ ਦੇ ਨਿਸ਼ਾਨ ਸਾਹਿਬ ਜਾਂ ਫਿਰ ਘਰਾਂ ਜਾਂ ਘੁਲਾੜੀਆਂ 'ਚੋਂ ਉਠਦੇ ਧੂੰਏਂ ਤੋਂ ਹੀ ਪਤਾ ਲਗਦਾ ਸੀ ਕਿ ਐਥੇ ਪਿੰਡ ਵਸਿਆ ਹੋਇਆ ਹੈ। ਨਹਿਰ 'ਤੇ ਜਾਣ ਲਈ ਤਿੰਨ ਘਾਟ ਸਨ ਜਿਨ੍ਹਾਂ ਤੇ ਸੁਬ੍ਹਾ ਸ਼ਾਮ ਜ਼ਿੰਦਗੀ ਧੜਕਦੀ। ਲੋਕ



**ਗੁਰਦਿਆਲ ਦਲਾਲ**
**ਫੋਨ: 91-98141-85363**

ਡੰਗਰਾਂ ਦੀਆਂ ਪੂਛਾਂ ਫੜ ਸਰਹੰਦ ਨਹਿਰ ਵਿਚ ਨਹਾਉਂਦੇ। ਕੱਪੜੇ ਧੋਂਦੀਆਂ ਔਰਤਾਂ ਦੀ ਮੋਗਰੀ ਦੀ ਆਵਾਜ਼ ਪ੍ਰਤੀਧੁਨੀ ਬਣ ਕੇ ਵਾਪਸ ਪਰਤਦੀ ਤਾਂ ਸੰਗੀਤ ਪੈਦਾ ਹੁੰਦਾ। ਲੋਕੀ ਛੋਟੇ-ਛੋਟੇ ਘਰਾਂ ਵਿਚ ਰਹਿੰਦੇ ਜਿਥੇ ਉਨ੍ਹਾਂ ਨੇ ਬੱਕਰੀਆਂ, ਗਾਵਾਂ, ਬੱਛੇ ਵੀ ਬੰਨ੍ਹੇ ਹੁੰਦੇ। ਵਿਚੇ ਔਰਤਾਂ ਰੋਟੀ-ਟੁੱਕ ਕਰਦੀਆਂ। ਦਰੀਆਂ, ਖੇਸ, ਨਾਲੇ ਬੁਣਦੀਆਂ। ਚਰਖੇ ਕੱਤਦੀਆਂ। ਹੱਥ ਚੱਕੀ ਨਾਲ ਕਣਕ, ਮੱਕੀ ਜਾਂ ਬਾਜਰਾ ਪੀਂਹਦੀਆਂ। ਉਖਲੀ ਵਿਚ ਧਾਨ ਕੁੱਟਦੀਆਂ ਜਾਂ ਫਿਰ ਸਿਲਾਈ, ਕਢਾਈ ਦੇ ਕੰਮ ਵਿਚ ਜੁਟੀਆਂ ਰਹਿੰਦੀਆਂ। ਰਾਤ ਨੂੰ ਅਸੀਂ ਮਿੱਟੀ ਦੇ ਤੇਲ ਦੇ ਦੀਵੇ ਜਾਂ ਲਾਲਟੈਣਾਂ ਬਾਲ ਕੇ ਕੋਠਿਆਂ ਉਤੇ ਬੈਠ ਜ਼ਿਦੋ-ਜ਼ਿਦੀ ਪੜ੍ਹਦੇ।

ਪਿੰਡ ਵਿਚ ਕਈ ਪੱਕੀਆਂ ਥਾਂਵਾਂ ਸਨ। ਖ਼ਾਵਾਜੇ, ਮਾਤਾ ਰਾਣੀ, ਸਮਾਧਾਂ 'ਤੇ ਮੱਥੇ ਟੇਕਣੇ, ਸੁੱਖਾਂ ਸੁੱਖਣੀਆਂ ਆਮ ਗੱਲ ਸੀ। ਡਾਕਟਰੀ ਇਲਾਜ ਦੀ ਥਾਂ ਟੂਣੇ-ਟਾਮਣ, ਪੁੱਛਿਆ ਪਵਾਉਣ, ਹੱਥ ਹੌਲਾ ਕਰਾਉਣ, ਤਬੀਤ ਕਰਾਉਣ, ਬਾਬਿਆਂ ਤੋਂ ਬਚਨ ਲੈਣ ਨੂੰ ਤਰਜੀਹ ਦਿੱਤੀ ਜਾਂਦੀ ਸੀ ਪਰ ਅਸੀਂ ਜੋ ਚਮਕੌਰ ਸਾਹਿਬ ਦੇ ਖਾਲਸਾ ਸਕੂਲ ਵਿਚ ਪੜ੍ਹਦੇ ਸਾਂ, ਕੁਝ ਰੌਸ਼ਨ ਦਿਮਾਗ ਅਧਿਆਪਕਾਂ ਨਾਲ ਸੰਪਰਕ ਵਿਚ ਆਉਣ ਕਰ ਕੇ ਕਿਸੇ ਵੀ ਗੈਬੀ ਸ਼ਕਤੀ ਨੂੰ ਮੰਨਣ ਤੋਂ ਇਨਕਾਰੀ ਸਾਂ। ਅਸੀਂ ਭੂਤਾਂ ਪ੍ਰੇਤਾਂ ਦੀ ਹੋਂਦ ਤੋਂ ਅਚੇਤ ਹੀ ਮੁਨਕਰ ਹੋ ਕੇ ਵਿਗਿਆਨਕ ਅਤੇ ਤਰਕਸ਼ੀਲ ਸੋਚ ਦੇ ਧਾਰਨੀ ਬਣ ਗਏ ਸਾਂ। ਅਸੀਂ ਇਕੱਠੇ ਹੋ ਕੇ ਲੋਕਾਂ ਨੂੰ ਇਨ੍ਹਾਂ ਜੰਜਾਲਾਂ ਤੋਂ ਮੁਕਤ ਕਰਾਉਣ ਦੀਆਂ ਸਬੀਲਾਂ ਬਣਾਉਂਦੇ। ਸਾਥੋਂ ਸੀਨੀਅਰ ਮੁੰਡੇ ਰਣਜੋਧ, ਗੁਰਮੀਤ, ਕਰਨੈਲ, ਜਤਿੰਦਰ, ਮਨਜੀਤ ਆਦਿ ਦੂਜਿਆਂ ਨਾਲ ਸ਼ਰਤਾਂ ਲਾ ਕੇ ਸਿਵਿਆਂ ਵਿਚ ਆਲੂ ਭੁੰਨ ਕੇ ਖਾਂਦੇ। ਭੂਤਾਂ ਵਾਲੀ ਬਰੋਟੀ 'ਤੇ ਚੜ੍ਹ ਕੇ ਉਚੀ-ਉਚੀ ਕਹਿੰਦੇ, "ਉਇ ਭੂਤੋ! ਜੇ ਤੁਸੀਂ ਸਚਮੁੱਚ ਹੁੰਦੇ ਹੋ, ਤਾਂ ਆਉ... ਸਾਨੂੰ ਚੁੰਬੜੋ।" ਇਹ ਮੁੰਡੇ ਸਿਆਣਿਆਂ, ਸਾਧਾਂ ਨਾਲ ਵੀ ਪੰਗੇ ਲੈ ਲਿਆ ਕਰਦੇ ਸਨ।

ਪਿੰਡ ਦੇ ਗੁਰਦੁਆਰੇ ਦਾ ਪਹਿਲਾ ਗ੍ਰੰਥੀ ਗੋਲਕ ਨੂੰ ਕੁੰਡੀ ਲਾਉਂਦਾ ਫੜਿਆ ਗਿਆ ਤਾਂ ਉਸ ਦੀ ਥਾਂ ਭੂਚੀ ਮਹਿਰੇ ਨੂੰ ਅੰਮ੍ਰਿਤਾ ਛਕਾ ਕੇ ਗੁਰਦੁਆਰੇ ਦੀ ਸੇਵਾ ਸੰਭਾਲ ਦੇ ਦਿੱਤੀ ਗਈ। ਗੁਰਦੁਆਰੇ ਵਿਚ ਪੰਜ ਸਮਾਧਾਂ ਬਣੀਆਂ ਹੋਈਆਂ ਸਨ ਜਿਨ੍ਹਾਂ ਬਾਰੇ ਧਾਰਨਾ ਸੀ ਕਿ ਇਹ ਚਮਕੌਰ ਦੀ ਜੰਗ ਸਮੇਂ ਸ਼ਹੀਦ ਹੋਏ ਸਿੰਘਾਂ ਦੀਆਂ ਹਨ। ਭੂਚੀ ਨੇ ਇਨ੍ਹਾਂ ਸਮਾਧਾਂ ਦਾ ਆਲਾ-ਦੁਆਲਾ ਸਾਫ਼ ਕੀਤਾ ਤੇ ਨਿੱਤ ਹੀ ਉਨ੍ਹਾਂ ਨੂੰ ਦੁੱਧ ਨਾਲ ਇਸ਼ਨਾਨ ਕਰਵਾਉਣਾ ਸ਼ੁਰੂ ਕਰ ਦਿੱਤਾ। ਥੋੜ੍ਹੇ ਦਿਨਾਂ ਮਗਰੋਂ ਹੀ ਭੂਚੀ ਆਪਣੇ ਉਤੇ ਸ਼ਹੀਦ ਸਿੰਘਾਂ ਦਾ ਪਹਿਰਾ ਦੱਸ ਕੇ ਪੁੱਛਿਆ ਦੇਣ ਲੱਗ ਪਿਆ। ਉਹ ਗ੍ਰੰਥ ਸਾਹਿਬ ਮੂਹਰੇ ਬੈਠ ਜਾਂਦਾ। ਅੱਗ ਵਾਲੇ ਕੜਛੇ ਵਿਚ ਗੁੱਗਲ ਪਾਈ ਕੋਈ ਜਣਾ ਗਾੜ੍ਹੇ ਭੂਰੇ ਧੂੰਏਂ ਦਾ ਬੱਦਲ ਉਸ ਦੇ ਨੱਕ ਹੇਠਾਂ ਕਰ ਦਿੰਦਾ ਤਾਂ ਉਹ ਬੜ੍ਹਕ ਮਾਰਦਾ, "ਹੂੰਅਅ... ਇਕ ਬੀਬੀ ਕਾਈਨੌਰ ਪਿੰਡ ਤੋਂ ਆਈ ਹੋਈ ਏ ਜਿਸ ਦੀ ਔਲਾਦ ਨਹੀਂ ਬਚਦੀ। ਦੋ ਮੁੰਡੇ ਹੋ ਕੇ ਗੁਜ਼ਰ ਗਏ।" ਔਰਤ ਹੱਥ ਜੋੜੀ ਭੂਚੀ ਦੇ ਕੋਲ ਆ ਬੈਠਦੀ। ਕੜਛੇ ਵਾਲਾ ਉਸ ਨੂੰ ਗੁੱਗਲ ਦਾ ਧੂੰਆਂ ਸੁੰਘਾਉਂਦਾ ਤੇ ਉਹ ਗ੍ਰੰਥ ਸਾਹਿਬ ਮੂਹਰੇ ਵਾਲ ਖੋਲ੍ਹ ਕੇ ਖੇਡਣ ਲੱਗ ਜਾਂਦੀ। ਭੂਚੀ ਮੁੜ-ਮੁੜ ਬੜ੍ਹਕਾਂ ਮਾਰਦਾ, "ਹੂੰਅਅ... ਬੀਬੀ ਤੇਰੇ ਘਰ ਉੱਖਲੀ ਹੇਠ ਤੇਰੀ ਜਠਾਣੀ ਨੇ ਤਬੀਤ ਦੱਬਿਆ ਹੋਇਆ ਏ। ਤੂੰ ਜਾਹ ਤੇ ਉਸ ਨੂੰ ਕੱਢ ਦੇ। ਕੁੱਜੇ 'ਚ ਬੰਦ ਕਰ ਕੇ ਨਹਿਰ 'ਚ ਛੱਡ ਦੇ। ਘਰ ਨੂੰ ਗੋਹੇ ਮਿੱਟੀ ਨਾਲ ਲਿੱਪ ਕੇ ਗੰਗਾ ਜਲ ਦਾ ਛਿੜਕਾ ਕਰ ਦੇ।"

ਹਰ ਐਤਵਾਰ ਨੂੰ ਉਹ ਚੌਕੀ ਲਾਉਂਦਾ। ਦੂਰੋਂ-ਦੂਰੋਂ ਲੋਕੀ ਆਉਣ ਲੱਗ ਪਏ। ਭੂਚੀ ਨੇ ਚਿੱਟਾ ਬਾਣਾ ਪਾ ਲਿਆ। ਗੁਰਦੁਆਰੇ ਵਿਚ ਅੱਠ-ਦਸ ਸੇਵਕ ਰੱਖ ਲਏ ਜੋ ਮਰੀਜ਼ਾਂ ਦੇ ਨਾਂ ਪਤੇ ਅਤੇ ਬਿਮਾਰੀ ਦੀ ਸੂਹ ਕੱਢ ਕੇ ਉਸ ਨੂੰ ਖ਼ਬਰ ਦਿੰਦੇ। ਸੇਵਕਾਵਾਂ ਵੀ ਆਉਣ ਲੱਗੀਆਂ। ਦਿਨਾਂ ਵਿਚ ਹੀ ਕਾਰੋਬਾਰ ਚਮਕ ਗਿਆ। ਭੂਚੀ ਨੇ ਆਪਣਾ ਵੱਖਰਾ ਕਮਰਾ ਵੀ ਬਣਾ ਲਿਆ ਜਿਥੇ ਉਹ ਪਲੰਘ 'ਤੇ ਚੜ੍ਹ ਕੇ ਭੁੰਜੇ ਬੈਠੀ ਸੰਗਤ ਨਾਲ ਬਚਨ ਬਿਲਾਸ ਕਰਦਾ। ਲੋਕ ਉਸ ਨੂੰ 'ਸੰਤ ਬਾਬਾ ਭੁੱਚਰ ਜੀ ਮਹਾਰਾਜ' ਕਹਿਣ ਲੱਗ ਪਏ। ਇਹ ਸਿਲਸਿਲਾ ਕਾਫ਼ੀ ਦੇਰ ਚੱਲਦਾ ਰਿਹਾ। ਉਸ ਤੋਂ ਦੁਖੀ ਹੋਏ ਨੌਜਵਾਨ ਮੁੰਡਿਆਂ ਨੇ ਇਕ ਦਿਨ ਦਲਿਤ ਮਜ਼ਦੂਰ ਸੋਮੇ ਨੂੰ ਤਿਆਰ ਕਰ ਲਿਆ। ਉਸ ਨੂੰ ਸਭ ਕੁਝ ਸਮਝਾ ਦਿੱਤਾ। ਦਲਿਤ ਹੋਣ ਕਰ ਕੇ ਉਸ ਨੂੰ ਬਰਾਂਡੇ ਵਿਚ ਹੀ ਬੈਠਣਾ ਪਿਆ। ਅੰਗਿਆਰਾਂ ਨਾਲ ਭਰੇ ਕੜਛੇ ਵਾਲਾ ਜਦੋਂ ਗੁੱਗਲ ਸੁੱਟ ਕੇ ਭੂਚੀ ਦੇ ਨੱਕ ਮੂਹਰੇ ਕਰਨ ਲੱਗਾ ਤਾਂ ਬਾਹਰ ਬੈਠੇ ਸੋਮੇ ਨੇ ਬੜ੍ਹਕ ਮਾਰ ਦਿੱਤੀ, "ਹੂੰਅਅ... ਐਥੇ ਇਕ ਵੀਰ ਵਜੀਦਪੁਰ ਪਿੰਡ ਤੋਂ ਆਇਆ ਏ। ਪਿਛਲੇ ਪੰਦਰਾਂ ਸਾਲਾਂ ਤੋਂ ਬਿਮਾਰ ਏ।" ਸਾਰੀ ਸੰਗਤ ਦਾ ਧਿਆਨ ਉਧਰ ਚਲਾ ਗਿਆ। ਭੂਚੀ ਨੇ ਅੱਖਾਂ ਖੋਲ੍ਹ ਆਪਣੇ ਆਲੇ-ਦੁਆਲੇ ਦੇਖਿਆ ਕਿ ਕਿਹੜਾ ਸ਼ਰੀਕ ਪੈਦਾ ਹੋ ਗਿਆ ਸੀ। ਪਿੰਡ ਤੇ ਮੁੰਡਿਆਂ ਨੇ 'ਸ਼ਹੀਦਾਂ ਦੇ ਪਹਿਰੇ ਹੇਠ ਆਏ' ਸੋਮੇ ਨੂੰ ਉਠਾ ਕੇ ਭੂਚੀ ਦੇ ਬਰਾਬਰ ਜਾ ਬਿਠਾਇਆ। ਸੋਮੇ ਨੇ ਕਿਹਾ, "ਇਸ ਪਿੰਡ ਉਤੇ ਵੱਡਾ ਕਸ਼ਟ ਆਉਣ ਵਾਲਾ ਹੈ। ਜੇ ਚੂੜ੍ਹੇ ਚਮਾਰਾਂ ਨੂੰ ਗੁਰਦੁਆਰੇ ਵਿਚ ਜਾਣੋਂ ਨਹੀਂ ਰੋਕੋਗੇ ਤਾਂ ਸੰਕਟ ਟਲ ਜਾਵੇਗਾ।" ਚਮਾੜ੍ਹੀ ਦੇ ਸਾਰੇ ਮਰਦ ਔਰਤਾਂ ਅੰਦਰ ਵੜ ਕੇ ਮੱਥਾ ਟੇਕਣ ਲੱਗੇ। ਇੰਝ ਦਲਿਤ, ਗੁਰਦੁਆਰੇ ਅੰਦਰ ਜਾਣ ਲੱਗ ਪਏ ਤੇ ਲੰਬਾ ਚੋਲਾ ਪਾ ਕੇ ਸੋਮਾ ਗੁਰਦੁਆਰੇ ਦੀ ਸੇਵਾ ਸੰਭਾਲ ਵਿਚ ਜੁਟ ਗਿਆ। ਕੁਝ ਦਿਨਾਂ ਮਗਰੋਂ ਹੀ ਭੂਚੀ ਕਿਸੇ ਸੇਵਕਾ ਨਾਲ ਰੰਗੇ ਹੱਥੀਂ ਫੜਿਆ ਗਿਆ। ਮੁੰਡਿਆਂ ਨੇ ਕਮਰੇ ਨੂੰ ਬਾਹਰੋਂ ਤਾਲਾ ਲਾ ਕੇ ਲੋਕਾਂ ਦਾ ਇਕੱਠ ਕਰ ਲਿਆ ਤੇ ਭੂਚੀ ਦਾ ਮੂੰਹ ਕਾਲਾ ਕਰ ਕੇ ਪਿੰਡੋਂ ਕੱਢ ਦਿੱਤਾ। ਸੋਮੇ ਨੇ ਵੀ 'ਪਖੰਡ' ਕਹਿ ਕੇ ਆਪਣਾ ਕਾਰੋਬਾਰ ਠੱਪ ਕਰ ਦਿੱਤਾ।

ਭੂਚੀ ਗਿਆ ਤਾਂ ਚਮਾੜ੍ਹੀ ਵਾਲੇ ਘਾਟ ਉਤੇ ਇਕ ਹੱਟਾ ਕੱਟਾ ਅਤੇ ਬੱਕਰੀ ਅੱਖਾ ਸਾਧ ਡੇਰਾ ਜਮਾ ਕੇ ਬੈਠ ਗਿਆ। ਲੋਕ ਵਹੀਰਾਂ ਘੱਤ ਕੇ ਉਸ ਕੋਲ ਆਉਣ ਲੱਗ ਪਏ। ਬੁੜ੍ਹੀਆਂ ਨੂੰ ਤਾਂ ਮਸੀਂ ਮੌਕਾ ਮਿਲਿਆ। ਜਹਾਲਤ ਵਿਚ ਧਸੇ ਲੋਕ ਸਾਧ ਦੁਆਲੇ ਭਿਣ-ਭਿਣਾਉਣ ਲੱਗੇ। ਸਾਧ ਮੂਹਰੇ ਧੂਣਾ ਲੱਗ ਗਿਆ। ਪਿੰਡੋਂ ਨਿੱਤ ਪਰੋਸੇ ਆਉਣ ਲੱਗ ਪਏ। ਜਿਹੜੇ ਵਿਹਲੜ ਪਹਿਲਾਂ ਭੂਚੀ ਨਾਲ ਚਿਪਕੇ ਰਹਿੰਦੇ ਸਨ, ਉਹ ਸਾਧ ਨਾਲ ਚਿਪਕ ਗਏ ਤੇ ਸਾਧ ਦੀਆਂ 'ਕਰਾਮਾਤਾਂ' ਦਾ ਪ੍ਰਚਾਰ ਕਰਨ ਲੱਗ ਪਏ। ਕੁੱਝ ਦਿਨਾਂ ਵਿਚ ਹੀ ਸ਼ਰਧਾਲੂਆਂ ਨੇ ਨਹਿਰ ਦੇ ਕੰਢੇ ਛੰਨ ਪਾ ਕੇ ਅੰਦਰੋਂ ਗੋਹੇ-ਮਿੱਟੀ ਨਾਲ ਲਿੱਪ ਦਿੱਤਾ ਤੇ ਪੱਕਾ ਧੂਣਾ ਬਣਾ ਦਿੱਤਾ। ਸਾਧ ਧਾਗੇ-ਤਬੀਤ ਕਰਨ ਲੱਗਾ। ਸੁਆਹ ਦੀਆਂ ਪੁੜੀਆਂ ਵੰਡਣ ਲੱਗਾ। ਸਾਧ ਦੇ ਸੇਵਕਾਂ ਨੇ ਨਹਿਰ ਕੰਢੇ ਪੂਰੀਆਂ, ਛੋਲੇ ਅਤੇ ਜਲੇਬੀਆਂ ਦਾ ਲੰਗਰ ਚਲਾ ਦਿਤਾ। ਲਾਗਲੇ ਪਿੰਡਾਂ ਦੇ ਲੋਕ ਵਹੀਰਾਂ ਘੱਤ ਕੇ ਆਏ। ਸਾਧ ਦੀ ਬੱਲੇ-ਬੱਲੇ ਹੋ ਗਈ।

ਲੰਗਰ ਤੋਂ ਅਗਲੇ ਹਫ਼ਤੇ ਹੀ ਸਭ ਉਲਟ-ਪੁਲਟ ਹੋ ਗਿਆ। ਰਣਜੋਧ ਅਤੇ ਬਾਕੀ ਮੁੰਡਿਆਂ ਨੇ ਇਹ ਗੱਲ ਧੁਮਾ ਦਿਤਾ ਕਿ ਸਾਧ ਕਿਸੇ ਪਿੰਡ ਦੇ ਜ਼ਿੰਮੀਦਾਰਾਂ ਦਾ ਮੁੰਡਾ ਹੈ ਜੋ ਕਿਸੇ ਔਰਤ ਮਗਰ ਸਾਧਾਂ ਦੇ ਬਾਣੇ ਵਿਚ ਸਾਡੇ ਪਿੰਡ ਆਇਆ ਸੀ ਤੇ ਹੁਣ ਉਹ ਉਸ ਔਰਤ ਨੂੰ ਕੱਢ ਕੇ ਲੈ ਜਾਵੇਗਾ। ਸਾਧ ਦੀ ਛੰਨ ਲਾਗਿਉਂ ਚੂੜੀਆਂ, ਜ਼ਨਾਨਾ ਕੱਪੜੇ ਮਿਲਣ 'ਤੇ ਇਸ ਗੱਲ 'ਤੇ ਮੋਹਰ ਲੱਗ ਗਈ। ਇਹ ਗੱਲ ਇਲਾਕੇ ਵਿਚ ਜੰਗਲ ਦੀ ਅੱਗ ਵਾਂਗ ਫ਼ੈਲ ਗਈ। ਲੋਕਾਂ ਨੇ ਆਪਣੀਆਂ ਜ਼ਨਾਨੀਆਂ ਅਤੇ ਕੁੜੀਆਂ ਕੱਤਰੀਆਂ 'ਤੇ ਪਹਿਰੇ ਲਾ ਦਿਤੇ। ਨਵ-ਵਿਆਹੀਆਂ ਦੀ ਤਾਂ ਸ਼ਾਮਤ ਆ ਗਈ। ਉਧਰ ਰਣਜੋਧ ਹੋਣੀਂ ਨਿਤ ਰਾਤ ਨੂੰ ਟਿੱਬੇ 'ਤੇ ਸਰਕੜੇ ਉਹਲੇ ਲੁਕ ਕੇ ਸਾਧ ਦੇ ਡਲੇ ਮਾਰਦੇ ਤੇ ਕਹਿੰਦੇ, "ਉਇ ਪੂਪਨਿਆਂ, ਦਫ਼ਾ ਹੋ ਜਾ ਉਇ ਸਾਡੇ ਪਿੰਡੋਂ। ਨਹੀਂ ਤਾਂ ਹਰਾਮਜ਼ਾਦਿਆ... ਰੱਸਿਆਂ ਨਾਲ ਨੂੜ ਕੇ ਨਹਿਰ 'ਚ ਸੁੱਟਾਂਗੇ।"

ਇਕ ਦਿਨ ਹਰਖ਼ਿਆ ਹੋਇਆ ਸਾਧ ਉਥੋਂ ਖਿਸਕ ਗਿਆ। ਪਿੰਡੋਂ ਲੰਘਦੇ ਇਕ ਆਜੜੀ ਨੇ ਪਿੰਡ ਵਾਲਿਆਂ ਨੂੰ ਸੁਨੇਹਾ ਦਿਤਾ ਕਿ ਸਾਧ ਨੇ ਉਸ ਨੂੰ ਕਿਹਾ ਹੈ ਕਿ ਉਸ ਨੇ ਰਾਤ ਨੂੰ ਪਿੰਡ ਨਾਲ ਹੋਲੀ ਖੇਡਣੀ ਏਂ। ਆਜੜੀ ਦੀ ਗੱਲ ਸੱਚ ਸਾਬਤ ਹੋ ਗਈ। ਅੱਧੀ ਕੁ ਰਾਤ ਵੇਲੇ ਦੀਦਾਰ ਹੋਣਾਂ ਦੇ ਡੰਗਰਾਂ ਵਾਲੇ ਕੋਠੇ ਵਿਚੋਂ ਨਿਕਲਦੀਆਂ ਅੱਗ ਦੀਆਂ ਲਾਟਾਂ ਨੇ ਸਾਰੇ ਪਿੰਡ ਵਿਚ ਰੌਸ਼ਨੀ ਕਰ ਦਿਤੀ। ਲੋਕ ਅੱਬੜਵਾਹੇ ਉਠ ਕੇ ਪਾਣੀ ਦੀਆਂ ਬਾਲਟੀਆਂ ਚੁੱਕ, ਸ਼ੋਰ ਮਚਾਉਂਦੇ ਉਧਰ ਨੂੰ ਦੌੜੇ। ਅਜੇ ਅੱਗ ਬੁਝਾ ਹੀ ਰਹੇ ਸਨ ਕਿ ਟਿੱਬੇ ਵਲ ਨਿਹੰਗਾਂ ਦੇ ਕੋਠੇ ਵਿਚੋਂ 'ਧੂਹ-ਧੂਹ' ਕਰ ਕੇ ਅੱਗ ਉਠੀ। ਲੋਕ ਉਧਰ ਨੂੰ ਦੌੜੇ ਤਾਂ ਖਾਊਆਂ ਦੇ ਮਹੱਲੇ ਵਿਚੋਂ ਅੱਗ ਅੱਧ ਅਸਮਾਨ ਨੂੰ ਛੂਹ ਗਈ। ਬਲਦੇ ਫਲੂਹੇ ਦੀਵਾਲੀ ਦੀਆਂ ਕੜਕਾਂ ਵਾਂਗ ਆਕਾਸ਼ ਵਿਚ ਚਮਕਣ ਲੱਗੇ। ਪਲਾਂ ਵਿਚ ਹੀ ਅੱਠ-ਦਸ ਥਾਂਵਾਂ 'ਤੇ ਅੱਗ ਦੇ ਭੰਬੂਕੇ ਉਠਣ ਲੱਗੇ। ਚਾਰੇ ਪਾਸੇ ਸ਼ੋਰ ਮੱਚ ਗਿਆ। "ਡੰਗਰਾਂ ਦੇ ਰੱਸੇ ਖੋਲ੍ਹ ਦਿਉ। ਖ਼ਬਰਦਾਰ ਹੋ ਜਾਉ। ਘਰਾਂ 'ਚੋਂ ਬਾਹਰ ਆ ਜਾਉ। ਬੱਚਿਆਂ ਨੂੰ ਗੁਰਦੁਆਰੇ ਪੁਚਾ ਦਿਉ।" ਅੱਗ ਤੋਂ ਡਰਦੇ ਕੁੱਤਿਆਂ ਨੇ ਅਲਗ ਸ਼ੋਰ ਮਚਾਇਆ ਹੋਇਆ ਸੀ। ਤਾਰਾ ਸਿੰਘ ਅਤੇ ਕਰੋੜੀ ਨੇ ਹਵਾਈ ਫ਼ਾਇਰ ਕੀਤੇ। ਲੋਕਾਂ ਨੇ ਡਾਗਾਂ ਅਤੇ ਬਰਛੇ ਚੁੱਕ ਕੇ ਪਿੰਡ ਨੂੰ ਘੇਰਾ ਪਾ ਲਿਆ। ਦਿਨ ਚੜ੍ਹਨ ਤਕ ਕੂਕਾਂ ਵੱਜਦੀਆਂ ਰਹੀਆਂ। ਸਵੇਰੇ ਹੀ ਸਾਇਕਲਾਂ 'ਤੇ ਪੁਲਿਸ ਆ ਗਈ। ਪਿੰਡ ਦੇ ਸਾਰੇ ਘਰ, ਗੁਹਾਰੇ ਤੇ ਕੁੱਪ ਫਰੋਲੇ ਗਏ ਪਰ ਸਾਧ ਦਾ ਕੋਈ ਥਹੁ-ਪਤਾ ਨਾ ਲੱਗਿਆ।

ਬਾਅਦ ਵਿਚ ਇਕ ਦਿਨ ਰਣਜੋਧ ਨੇ ਸਾਨੂੰ ਦੱਸਿਆ, "ਮੁੰਡਿਓ, ਉਹ ਸਾਧ ਕਿਸੇ ਔਰਤ-ਊਰਤ ਮਗਰ ਨਹੀਂ ਸੀ ਆਇਆ। ਉਹ ਤਾਂ ਅਸੀਂ ਉਸ ਨੂੰ ਭਜਾਉਣ ਦੀ ਸਕੀਮ ਬਣਾਈ ਸੀ। ਇਨ੍ਹਾਂ ਸਾਧਾਂ ਨੇ ਕਦੀ ਕਿਸੇ ਦਾ ਕੁੱਝ ਨਹੀਂ ਸੰਵਾਰਿਆ। ਜੇ ਉਹ ਆਪਣੇ ਪਿੰਡ ਟਿਕ ਜਾਂਦਾ ਤਾਂ ਹੌਲੀ-ਹੌਲੀ ਇਥੇ ਪੱਕੀ ਕੁਟੀਆ ਬਣ ਜਾਣੀ ਸੀ ਤੇ ਫਿਰ ਪੱਕਾ ਡੇਰਾ। ਡੇਰਿਆਂ ਵਿਚ ਕੀ ਹੁੰਦਾ ਏ, ਤੁਸੀਂ ਜਾਣਦੇ ਹੀ ਹੋ।"

---

ਆਪਣੀ ਪੜ੍ਹਾਈ ਪੂਰੀ ਕਰਨ ਲਈ ਸੰਨ 1964 ਵਿਚ ਮੈਨੂੰ ਪਿੰਡ ਛੱਡਣਾ ਪਿਆ। ਫਿਰ ਦੂਰ ਦੁਰਾਡੇ ਨੌਕਰੀ ਕਰਦਿਆਂ ਕਈ ਸਾਲ ਲੰਘ ਗਏ। ਮੈਂ ਪਿੰਡ ਮਿਲਣ ਗਿਆ ਤਾਂ ਬੀਰੂ ਕਹਿੰਦਾ, "ਤੈਨੂੰ ਭੂਚੀ ਦਾ ਡੇਰਾ ਦਿਖਾਵਾਂ?" ਦਿਲਚਸਪੀ ਜਾਗੀ ਤਾਂ ਪਿੱਛੋਂ ਕੁੱਝ ਕਿਲੋਮੀਟਰ ਦੂਰ ਉਹ ਮੈਨੂੰ ਆਪਣੇ ਸਕੂਟਰ 'ਤੇ ਲੈ ਗਿਆ। ਡੇਰੇ ਦੇ ਬਾਹਰ ਗੇਟ 'ਤੇ ਲਿਖਿਆ ਹੋਇਆ ਸੀ- "ਸ੍ਰੀ ਸ੍ਰੀ ਇਕ ਸੌ ਅੱਠ ਸੰਤ ਬਾਬਾ ਭੁੱਚਰ ਜੀ ਮਹਾਰਾਜ"। ਅੰਦਰ ਸ਼ਾਨਦਾਰ ਬਹੁ-ਮੰਜ਼ਲੀ ਬਿਲਡਿੰਗ। ਹਰ ਪਾਸੇ ਮਾਰਬਲ। ਲੋਕਾਂ ਦੀ ਅਥਾਹ ਭੀੜ। ਇਕ ਪਾਸੇ ਗ੍ਰੰਥ ਸਾਹਿਬ ਦਾ ਪ੍ਰਕਾਸ਼ ਤੇ ਦੂਜੇ ਪਾਸੇ ਚੰਦੋਏ ਹੇਠ ਗੱਦਿਆਂ ਵਾਲਾ ਤਖ਼ਤਪੋਸ਼। ਤਖ਼ਤਪੋਸ਼ ਦੇ ਸਾਹਮਣੇ ਵਚਨ ਸੁਣਨ ਲਈ ਸੰਗਤ ਜੁੜ ਕੇ ਬੈਠ ਗਈ। ਭੋਰੇ ਵਿਚ ਤਪੱਸਿਆ ਕਰਨ ਮਗਰੋਂ ਗਿਆਰਾਂ ਵਜੇ ਭੂਚੀ ਬਾਹਰ ਨਿਕਲਿਆ। ਐਨੀ ਭਾਰੀ ਦੇਹ, ਪਛਾਣਿਆ ਹੀ ਨਾ ਜਾਵੇ। ਮਗਰ ਅਸਾਲਟਾਂ ਵਾਲੇ ਤਿੰਨ ਨੌਜਵਾਨ। ਜਿਧਰੋਂ ਭੂਚੀ ਲੰਘੇ, ਤੀਵੀਆਂ ਪੈਰਾਂ ਵਿਚ ਡਿੱਗੀ ਜਾਣ। ਕੁੱਝ ਸੇਵਾਦਾਰ ਸੰਗਤ ਨੂੰ ਧੱਕੇ ਮਾਰ-ਮਾਰ ਭੂਚੀ ਲਈ ਰਾਹ ਬਣਾਈ ਜਾਣ। ਉਹ ਤਖ਼ਤਪੋਸ਼ ਉਤੇ ਚੌਕੜਾ ਮਾਰ ਕੇ ਬੈਠ ਗਿਆ। ਕੁੱਝ ਦੇਰ ਲਾਗੇ ਬੈਠੀ ਚਿੱਟੇ ਕੱਪੜਿਆਂ ਵਾਲੀ ਔਰਤ ਵੱਲ ਘੂਰਦਾ ਰਿਹਾ। ਫਿਰ ਉਸ ਨਾਲ ਅੱਖਾਂ ਮਿਲਾ ਕੇ ਬੋਲਿਆ, "ਕਿਵੇਂ ਹੈਗਾ ਏ ਤਾਰਾ ਸਿੰਘ ਹੁਣ?" "ਮਹਾਰਾਜ ਤੁਹਾਡੀ ਕਿਰਪਾ ਹੋ ਗਈ।" ਔਰਤ ਆਪਣਾ ਸਿਰ ਧਰਤੀ 'ਤੇ ਲਾਉਂਦੀ ਬੋਲੀ। ਭੂਚੀ ਮੁਸਕਰਾਇਆ ਤੇ ਆਪਣੀ ਬਾਂਹ ਵਿਚੋਂ ਸਿਮਰਨਾ ਕੱਢ ਉਸ ਔਰਤ ਵੱਲ ਸੁੱਟਦਾ ਬੋਲਿਆ, "ਲੈ ਇਹਨੂੰ ਪਹਿਨ ਲਾ। ਮੁੜ ਕੋਈ ਕਸ਼ਟ ਨਹੀਂ ਆਵੇਗਾ।" ਔਰਤ ਨੇ ਸਿਰਨਾ ਬੋਚ ਆਪਣੇ ਮੱਥੇ ਨੂੰ ਛੁਹਾਇਆ ਤੇ ਮੁੜ ਧਰਤੀ ਨਾਲ ਸਿਰ ਜੋੜ ਲਿਆ।

ਵਾਪਸੀ 'ਤੇ ਬੀਰੂ ਨੇ ਦੱਸਿਆ ਕਿ ਕਈ ਐਮ.ਐਲ.ਏ., ਮਨਿਸਟਰ, ਵੱਡੇ-ਵੱਡੇ ਅਫ਼ਸਰ ਉਸ ਦੇ ਪੈਰਾਂ ਵਿਚ ਡਿਗਦੇ ਫਿਰਦੇ ਹਨ। ਉਸ ਨੂੰ ਸਰਕਾਰੀ ਸਰਪ੍ਰਸਤੀ ਹਾਸਲ ਹੈ। ਉਹ ਹਰ ਪਾਰਟੀ ਨੂੰ ਫ਼ੰਡ ਦਿੰਦਾ ਹੈ। ਹੁਣ ਉਸ ਦਾ ਕੋਈ ਵਾਲ ਵੀ ਵਿੰਗਾ ਨਹੀਂ ਕਰ ਸਕਦਾ।

***(ਚਲਦਾ)***

## ਮਾਲਵੇ ਦੀਆਂ ਬਾਤਾਂ

*ਨਵਦੀਪ*

# ਸੁੱਤੇ ਕਰਮ

ਇਕ ਵਾਰੀ ਦੋ ਭਰਾ ਸੀਗੇ। ਉਹੋ ਆਪਸ 'ਚ ਅੱਡ ਹੋਗੇ। ਜਦੋਂ ਅੱਡ ਹੋਏ ਤਾਂ ਇਕ ਦੇ ਫਸਲ ਹੋਣ ਲੱਗ'ਗੀ ਤੇ ਦੂਜੇ ਦੇ ਹੋਣੋਂ ਹੱਟ'ਗੀ। ਉਹਦੀ ਘਰ ਆਲੀ ਉਹਨੂੰ ਕਹਿੰਦੀ, "ਤੇਰੇ ਭਰਾ ਦੀ ਫਸਲ ਤਾਂ ਕਿੰਨੀ ਕਿੰਨੀ ਹੋਈ ਜਾਂਦੀ ਐ ਆਪਣੀ ਕਾਹਤੋਂ ਨੀ ਹੁੰਦੀ।" ਫੇਰ ਕਹਿੰਦੀ, "ਜਾਹ ਤੇਰਾ ਭਰਾ ਤਾਂ ਘਰੇ ਆ, ਜਾ ਤੂੰ ਉਹਦੇ ਖੇਤੋਂ ਬੱਲੀਆਂ ਈ ਤੋੜ ਲਿਆ।"

ਜਦੋਂ ਉਹ ਖੇਤ ਗਿਆ ਤਾਂ ਗਾਹਾਂ ਉਹਦੇ ਭਰਾ ਦੇ ਕਰਮ ਜਮਾਂ ਉਹਦੇ ਭਰਾ ਵੰਗੂ ਬਣ ਕੇ ਖੜ੍ਹੇ ਆ। ਉਹ ਜਾ ਕੇ ਬੱਲੀਆਂ ਡੂੰਗਣ ਲੱਗ ਗਿਆ। ਉਹਦੇ ਭਰਾ ਦੇ ਕਰਮ ਉਹਨੂੰ ਕਹਿੰਦੇ, "ਤੂੰ ਕਿਮੇਂ ਬੱਲੀਆਂ ਡੂੰਗਣ ਲੱਗ ਗਿਆ।" ਉਹ ਉਹਦੇ ਬੰਨੀ ਦੇਖ ਕੇ ਕਹਿੰਦਾ, "ਤੂੰ ਤਾਂ ਘਰੇ ਸੀ ਐਥੇ ਕਿਵੇਂ ਆ ਗਿਆ?"

ਉਹ ਕਹਿੰਦਾ, "ਮੈਂ ਤਾਂ ਉਹਦੇ ਕਰਮ ਆਂ।" ਉਹ ਕਹਿੰਦਾ, "ਫੇਰੇ ਮੇਰੇ ਕਰਮ ਕਿਥੇ ਆ?" ਉਹ ਕਹਿੰਦਾ, "ਤੇਰੇ ਕਰਮ ਤਾਂ ਦਰਿਆਉਂ ਪਾਰ ਸੁੱਤੇ ਪਏ ਆ, ਉਹ ਨੀ ਹੁਣ ਉਠਦੇ ਬਾਰਾਂ ਸਾਲ।" ਉਹ ਕਹਿੰਦਾ ਉਹ ਕਿਮੇਂ ਉਠਣ'ਗੇ, ਉਹ ਕਰਮ ਆਂਹਦੇ, "ਤੂੰ ਆਪ ਜਾਹ ਤੇ ਜਾ ਕੇ ਉਨ੍ਹਾਂ ਨੂੰ ਜਗਾ ਫੇਰ ਉਠਣਗੇ ਉਹੋ।"

ਉਹ ਘਰੇ ਆ ਕੇ ਘਰ ਆਲੀ ਨੂੰ ਕਹਿੰਦਾ, "ਲੈ ਤੂੰ ਤਾਂ ਨਮਾਂ ਈ ਪੰਗਾ ਖੜ੍ਹਾ ਕਰ'ਤਾ। ਲੈ ਕਿਸੇ ਦਿਉਂ ਆਟਾ ਫੜ ਕੇ ਲਿਆ ਤੇ ਮੈਨੂੰ ਰੋਟੀ ਪਕਾ ਦੇ, ਮੈਂ ਤਾਂ ਦਰਿਆਉਂ ਪਾਰ ਜਾਣਾ ਆਵਦੇ ਕਰਮਾਂ ਨੂੰ ਜਗਾਉਣ ਵਾਸਤੇ।" ਉਹ ਜਦੋਂ ਘਰੋਂ ਤੁਰ ਪਿਆ ਤਾਂ ਰਾਹ 'ਚ ਉਹਨੂੰ ਇਕ ਸੁੱਕਿਆ ਵਾ ਪਿੱਪਲ ਆ ਗਿਆ ਤੇ ਉਹਨੂੰ ਪੈ'ਗੀ ਰਾਤ, ਉਹ ਉਥੇ ਈ ਸੌਂ ਗਿਆ। ਅੱਗੇ ਜਨੌਰ ਭਾਖਿਆ ਦਿੰਦੇ ਹੁੰਦੇ ਸੀਗੇ। ਪਿੱਪਲ ਉਤੇ ਬੈਠੇ ਚਕਵਾ ਚਕਵੀ ਬੋਲਦੇ ਐ। ਚਕਵੀ ਕਹਿੰਦੀ ਇਹ ਰਾਹੀ ਕਿਮੇਂ ਪਿਆ? ਚਕਵਾ ਕਹਿੰਦਾ, "ਇਹਦੇ ਜਵਾਕ ਭੁੱਖੇ ਮਰਦੇ ਆ, ਇਹ ਤਾਂ ਆਇਆ।" ਚਕਵੀ ਕਹਿੰਦੀ, "ਇਹਦੇ ਜਵਾਕਾਂ ਨੂੰ ਕਿਥੋਂ ਮਿਲੂ ਰੋਟੀ।" ਚਕਵਾ ਕਹਿੰਦਾ, "ਇਸ ਪਿੱਪਲ ਹੇਠਾਂ ਬਹੁਤ ਬੱਡਾ ਖਜ਼ਾਨਾ ਪਿਆ ਜਦੋਂ ਉਹੋ ਕਿਸੇ ਨੇ ਪੱਟ ਲਿਆ ਤਾਂ ਪਿੱਪਲ ਹਰਾ ਹੋ ਜੂਗਾ।"

ਉਹ ਭਾਈ ਜਦੋਂ ਤੜਕੇ ਉਠਿਆ ਤਾਂ ਉਹ ਪਿੱਪਲ ਨੂੰ ਉਹਨੂੰ ਕਹਿੰਦਾ, "ਭਰਾਵਾ ਤੂੰ ਕਿੱਥੇ ਚੱਲਿਆਂ?"

ਉਹ ਰਾਹੀਂ ਉਹਨੂੰ ਕਹਿੰਦਾ ਮੈਂ ਆਵਦੇ ਸੁੱਤੇ ਪਏ ਕਰਮ ਜਗਾਉਣ ਚੱਲਿਆਂ। ਉਹ ਪਿੱਪਲ ਕਹਿੰਦਾ, "ਤਾਂ ਫੇਰ ਤੂੰ ਮੇਰੇ ਬਾਰੇ ਵੀ ਪਤਾ ਕਰਕੇ ਆਮੀਂ ਬਈ ਮੈਂ ਹਰਾ ਕਿਮੇਂ ਹੋਊਂਗਾ।" ਉਹ ਕਹਿੰਦਾ, "ਚੰਗਾ ਫੇਰ ਮੈਂ ਤੈਨੂੰ ਮੁੜਦਾ ਹੋਇਆ ਦੱਸ ਕੇ ਜਾਊਂਗਾ।"

ਗਹਾਂ ਜਾ ਕੇ ਦਰਿਆ ਆ ਗਿਆ। ਉਹ ਸੋਚੀ ਜਾਂਦਾ ਬਈ ਹੁਣ ਮੈਂ ਦਰਿਆ ਕਿਮੇਂ ਪਾਰ ਕਰੂੰਗਾ। ਐਨੇ ਨੂੰ ਇਕ ਬਹੁਤ ਬੱਡੀ ਮੱਛੀ ਬਾਹਰ ਨਿਕਲ ਆਈ। ਉਹ ਕਹਿੰਦੀ ਭਾਈ ਤੂੰ ਕਿਥੇ ਚੱਲਿਆਂ। ਉਹ ਕਹਿੰਦਾ, "ਮੈਂ ਤਾਂ ਦਰਿਆਉਂ ਪਾਰ ਆਬਦੇ ਕਰਮ ਜਗਾਉਣ ਚੱਲਿਆਂ।"

ਉਹ ਮੱਛੀ ਕਹਿੰਦੀ, "ਤਾਂ ਫੇਰ ਤੂੰ ਮੇਰਾ ਵੀ ਪਤਾ ਕਰਕੇ ਆਈਂ ਮੇਰਾ ਸੱਜਾ ਪੈਰ ਮਚਦਾ ਰਹਿੰਦਾ, ਬਖਤ ਲੱਗੀ ਰਹਿੰਦੀ ਐ ਇਹਨੂੰ।" ਉਹ ਆਂਹਦਾ, "ਤੈਨੂੰ ਬੀ ਪਤਾ ਲਿਆ ਦੂੰਗਾ।" ਉਹ ਮੱਛੀ ਕਹਿੰਦੀ, "ਮੈਂ ਤੈਨੂੰ ਦੂਜੇ ਕਿਨਾਰੇ ਉਤੇ ਲੈ ਚਲਦੀ ਆਂ, ਤੂੰ ਮੇਰੀ ਢੂਹੀ ਉਤੇ ਬੈਠ ਜਾ।"

ਉਹ ਭਾਈ ਮੱਛੀ ਉਤੇ ਬਹਿ ਗਿਆ ਤੇ ਮੱਛੀ ਉਹਨੂੰ ਕਿਨਾਰੇ ਉਤੇ ਲੈਗੀ। ਉਹ ਮੱਛੀ ਉਹਨੂੰ ਕਹਿੰਦੀ, "ਜਦੋਂ ਤੂੰ ਮੁੜ ਕੇ ਆਇਆ ਤਾਂ ਤੈਨੂੰ ਐਸ ਕਿਨਾਰੇ ਤੋਂ ਉਧਰਲੇ ਕਿਨਾਰੇ ਉਤੇ ਛੱਡ ਆਊਂਗੀ।"

ਉਹ ਭਾਈ ਉਥੋਂ ਤੁਰ ਪਿਆ। ਗਾਹਾਂ ਜਾ ਕੇ ਉਹਨੇ ਦੇਖਿਆ ਬਈ ਉਹਦੇ ਕਰਮ ਸੁੱਤੇ ਪਏ ਸੀਗੇ। ਉਹ ਆਬਦੇ ਕਰਮਾਂ ਦੀਆਂ ਲੱਤਾਂ ਘੁੱਟਣ ਲੱਗ ਗਿਆ। ਉਹਦੇ ਕਰਮ ਉਠ ਖੜ੍ਹੇ, "ਉਹ ਕਹਿੰਦਾ ਬਈ ਤੂੰ ਮੈਨੂੰ ਕਿਉਂ ਜਗਾਇਆ। ਉਹ ਕਹਿੰਦਾ, "ਮੈਨੂੰ ਮੇਰੇ ਭਰਾ ਦੇ ਕਰਮਾਂ ਨੇ ਦੱਸਿਆ ਬਈ ਤੇਰੇ ਕਰਮ ਦਰਿਆਉਂ ਪਾਰ ਸੁੱਤੇ ਆ ਤੇ ਮੇਰੇ ਜਵਾਕ ਤਾਂ ਭੁੱਖੇ ਮਰਦੇ ਆ ਤੇ ਮੇਰੇ ਭਰਾ ਹੁਣੀ ਮੌਜਾਂ ਕਰਦੇ ਆ।" "ਮੇਰੀ ਘਰਵਾਲੀ ਨੇ ਮੈਨੂੰ ਘਰੇ ਟਿਕਣ ਨਾ ਦਿੱਤਾ ਤਾਂ ਹਾਨੀਸਾਰ ਨੂੰ ਮੈਂ ਘਰੋਂ ਤੁਰ ਪਿਆ।" ਉਹਦੇ ਕਰਮ ਕਹਿੰਦੇ, "ਜਾਹ ਤੇਰੀਆਂ ਨੌਂ ਨਿਧਾਂ ਤੇ ਬਾਰਾਂ ਸਿੱਧਾ ਜਾਗ ਪੀਆਂ।" ਉਹ ਕਹਿੰਦਾ ਤੇ ਮੱਛੀ ਦਾ ਪੈਰ ਕਾਹਤੋਂ ਮਚਦਾ ਰਹਿੰਦਾ। ਉਹ ਕਹਿੰਦਾ ਮੱਛੀ ਦੇ ਪੈਰ 'ਚ ਸੱਤ ਪਾਤਸ਼ਾਹੀਆਂ ਦਾ ਲਾਲ ਐ, ਜਦੋਂ ਉਹ ਕੱਢਤਾ ਤਾਂ ਮੱਛੀ ਦਾ ਪੈਰ ਠੀਕ ਹੋਜੂਗਾ। ਪਿੱਪਲ ਬਾਰੇ ਤਾਂ ਉਹਨੂੰ ਚਕਵੇ ਤੇ ਚਕਵੀ ਨੇ ਪਹਿਲਾਂ ਹੀ ਦੱਸਤਾ ਸੀਗਾ। ਜਦੋਂ ਮੁੜਕੇ ਦਰਿਆ ਤੇ ਆਇਆ ਤਾਂ ਮੂਹਰੇ ਮੱਛੀ ਖੜ੍ਹੀ ਸੀਗੀ। ਉਹ ਕਹਿੰਦੀ ਮੇਰੇ ਬਾਰੇ ਪਤਾ ਕਰ ਆਇਆਂ, ਉਹਦੇ ਚਿੱਤ 'ਚ ਆਇਆ ਬਈ ਜੇ ਮੈਨੂੰ ਇਹਨੂੰ ਏਥੇ ਈ ਗੱਲ ਦਸਤੀ ਤਾਂ ਇਹ ਮੈਨੂੰ ਏਥੇ ਈ ਨਾ ਛੱਡਦੇ, ਤੈਨੂੰ ਪਤਾ ਈ ਐ ਜੱਟ ਸਿੱਧੇ ਹੁੰਦੇ ਆ। ਮੈਨੂੰ ਪੁੱਛ ਆਇਆਂ। ਉਹ ਕਹਿੰਦੀ ਕੀ ਦੱਸਿਆ ਮੇਰੇ ਬਾਰੇ? ਉਹ ਕਹਿੰਦਾ ਦੂਜੇ ਪਾਸੇ ਜਾ ਕੇ ਦੱਸੂੰਗਾ। ਜਦੋਂ ਉਹ ਦੂਜੇ ਪਾਸੇ ਜਾ ਵੜਿਆ ਤਾਂ ਉਹ ਮੱਛੀ ਨੂੰ ਕਹਿੰਦੀ ਬਈ ਤੇਰੇ ਸੱਜੇ ਪੈਰ 'ਚ ਸੱਤ ਪਾਤਸ਼ਾਹੀਆਂ ਦਾ ਲਾਲ ਐ, ਜਦੋਂ ਉਹ ਕੱਢਤਾ ਤਾਂ ਤੂੰ ਠੀਕ ਹੋਜੇਂਗੀ। ਉਹ ਉਹਨੂੰ ਕਹਿੰਦੀ, "ਹੇ ਰੱਬ ਦੇ ਬੰਦੇ ਮੈਨੂੰ ਤੇਰੇ ਨਾਲੋਂ ਕੌਣ ਚੰਗਾ, ਜਦੋਂ ਤੂੰ ਹੈਗਾਂ, ਮੈਂ ਹੋਰ ਨੂੰ ਕਿਉਂ ਦੇਵਾਂ।" "ਤੂੰ ਹੀ ਲੈਜਾ ਕੱਢਕੇ।" ਉਹ ਕਹਿੰਦਾ, " ਚੰਗਾ ਮੈਂ ਲੈ ਜਾਨਾਂ, ਉਹ ਲਾਲ ਲੈ ਕੇ ਤੁਰ ਪਿਆ। ਗਾਹਾਂ ਪਿੱਪਲ ਆ ਗਿਆ, ਪਿੱਪਲ ਬਾਰੇ ਤਾਂ ਉਹਨੂੰ ਚਕਵੇ ਚਕਵੀ ਨੇ ਪਹਿਲਾਂ ਹੀ ਦੱਸਤਾ ਸੀਗਾ। ਪਿੱਪਲ ਕਹਿੰਦਾ ਮੇਰੇ ਬਾਰੇ ਕੀ ਪਤਾ ਕੀਤਾ। ਉਹ ਕਹਿੰਦਾ ਤੇਰੇ ਹੇਠਾਂ ਧਨ ਦੇ ਕੜਾਹੇ ਨੇ, ਉਹਨੂੰ ਕਢਾ ਦੇ ਤੇਰਾ ਪੱਤਾ ਪੱਤਾ ਹਰਾ ਹੋਜੂਗਾ। ਪਿੱਪਲ ਕਹਿੰਦਾ ਚੰਗਾ ਫੇਰ ਗੱਲ ਆਏ ਆ ਬਈ ਤੈਥੋਂ ਬਿਨਾਂ ਮੈਨੂੰ ਹੋਰ ਕੋਈ ਚੰਗਾ ਨਹੀਂ, ਜਦੋਂ ਤੇਰਾ ਚਿੱਤ ਮੰਨਿਆਂ ਤੂੰ ਹੀ ਕੱਢ ਕੇ ਲੈ ਜਾਵੀਂ।"

ਉਹ ਜਦੋਂ ਘਰੇ ਆ ਗਿਆ ਤਾਂ ਲਾਲ ਵੇਚਣ ਗਿਆ ਤਾਂ ਹਰੇਕ ਈ ਉਹਨੂੰ ਕਹੇ ਬਈ ਤੇਰਾ ਲਾਲ ਖਰੀਦਣ ਜੋਗੇ ਸਾਡੇ ਕੋਲ ਤਾਂ ਪੈਸੇ ਹੈਨੀਂਗੇ, ਤੂੰ ਲਾਲ ਐਥੇ ਰੱਖ ਜਾ ਜਦੋ ਸਾਡੇ ਕੋਲ ਪੈਸੇ ਹੋਏ, ਤੈਨੂੰ ਦੇ ਦਿਆਂਗੇ। ਹਾਨੀਸਾਰ ਨੂੰ ਉਹਨੇ ਉਹ ਲਾਲ ਘੁਮਿਆਰ ਨੂੰ ਦੇਤਾ। ਘੁਮਿਆਰ ਨੇ ਉਹ ਲਾਲ ਗਧੇ ਦੇ ਗਲ 'ਚ

***(ਬਾਕੀ ਸਫਾ 33 ਉਤੇ)***



ਖੇਡ ਸੰਸਾਰ

# ਕਬੱਡੀ ਕੈਂਚੀ ਦਾ ਥੰਮ੍ਹ-ਮੱਲਪੁਰੀਆ ਹਰੀ

**ਇਕਬਾਲ ਜੱਬੋਵਾਲੀਆ**
ਫੋਨ:917-375-6395

ਬੰਗਾ-ਨਵਾਂ ਸ਼ਹਿਰ ਮੁਖ ਸੜਕ 'ਤੇ ਸਥਿਤ ਪਿੰਡ ਮੱਲਪੁਰ ਦੇ ਹਰੀ ਦੀ ਗੇਮ ਵੇਖ ਚੁੱਕੇ ਪ੍ਰੇਮੀ ਅੱਜ ਵੀ ਉਹਦੀ ਕੈਂਚੀ ਨੂੰ ਯਾਦ ਕਰਦੇ ਨੇ। ਹੱਥ ਲੱਗਾ ਨ੍ਹੀਂ ਤੇ ਕੈਂਚੀ ਠੋਕੀ ਨ੍ਹੀਂ। ਉਡਣੇ ਸੱਪ ਵਾਂਗ ਛੱਡਵੀਂ ਕੈਂਚੀ ਮਾਰਦਾ ਤੇ ਵਿਰੋਧੀ ਖਿਡਾਰੀ ਨੂੰ ਥਾਂਏਂ ਚਿੱਤ ਕਰ ਦਿੰਦਾ। ਇਸ ਦਾਅ ਨਾਲ ਉਹਨੇ ਬੜੇ ਬੜੇ ਖਿਡਾਰੀ ਢਾਹੇ। ਮੱਲਾਂ ਵਰਗੇ ਖਿਡਾਰੀ ਉਸ ਦੀ ਕੈਂਚੀ ਤੋਂ ਡਰਦੇ, ਲਾਗੇ ਨਾ ਆਉਂਦੇ। ਘਰ ਘਰ ਉਹਦੀਆਂ ਗੱਲਾਂ ਹੁੰਦੀਆਂ। ਉਹਦਾ ਮੈਚ ਵੇਖਣ ਲੋਕੀਂ ਘਰ ਦਾ ਕੰਮ-ਕਾਰ ਮੁਕਾ ਗਰਾਊਂਡ ਦੁਆਲੇ ਜਾ ਬਹਿੰਦੇ।

ਹਲਕਾ ਨਿੱਗਰ ਚੀਤੇ ਵਰਗਾ ਸਰੀਰ, ਗੋਰਾ ਰੰਗ, ਸੋਹਣੇ-ਸੁਨੱਖੇ ਐਕਟਰਾਂ ਵਰਗੇ ਹਰੀ ਦਾ, ਭੋਰਾ ਫੈਟ ਨਾ। ਮੈਚਾਂ 'ਚ ਹਰ ਪਾਸੇ ਹਰੀ-ਹਰੀ ਹੁੰਦੀ। ਬਰਾਤੀ ਲਾੜੇ ਵਾਂਗ ਦਰਸ਼ਕਾਂ ਦੀਆਂ ਨਜ਼ਰਾਂ ਹਰੀ 'ਤੇ ਟਿਕੀਆਂ ਰਹਿੰਦੀਆਂ। ਪੰਜਾਬ 'ਚ ਜਿਥੇ ਵੀ ਤਕੜੀ ਕਬੱਡੀ ਹੁੰਦੀ, ਉਹ ਜਰੂਰ ਜਾਂਦਾ-ਪੰਜਾਬ ਤੋਂ ਬਾਹਰ ਹਰਿਆਣਾ ਤੇ ਰਾਜਸਥਾਨ ਵੀ।

ਪਿੰਡ ਕਾਹਮਾ, ਕਰੀਹਾ, ਬੈਂਸਾਂ, ਜੱਬੋਵਾਲ, ਮੂਸਾਪੁਰ (ਕੌਮਾਂਤਰੀ ਕਬੱਡੀ ਖਿਡਾਰੀ ਸੰਨੀ ਕੰਦੋਲੇ ਦਾ ਪਿੰਡ), ਭੰਗਲਾਂ ਵਿਚਾਲੇ ਘਿਰੇ ਮੱਲਪੁਰ ਦੀ ਕਿਸੇ ਵੇਲੇ ਹਰੀ ਕਰਕੇ ਬੱਲੇ-ਬੱਲੇ ਹੁੰਦੀ ਸੀ। ਨਸ਼ਿਆਂ ਤੋਂ ਰਹਿਤ ਹਰੀ ਨੇ ਸੋਲਾਂ-ਸਤਾਰਾਂ ਸਾਲ ਕਬੱਡੀ ਖੇਡੀ। ਕਿਸੇ ਦਰਜੀ ਨੇ ਕੱਪੜੇ ਕੱਟਣ ਲਈ ਐਨੀ ਤੇਜ਼ੀ ਨਾਲ ਕੈਂਚੀ ਨਹੀਂ ਵਰਤੀ ਹੋਣੀ, ਜਿੰਨੀ ਹਰੀ ਨੇ ਕਬੱਡੀ 'ਚ ਵਰਤੀ। ਕੈਂਚੀ ਦੇ ਜਨਮ ਦਾਤਾ ਛਾਂਗੇ ਹਠੂਰ ਤੋਂ ਬਾਅਦ ਹਰੀ ਕੈਂਚੀ ਇਤਿਹਾਸ ਦਾ ਵੱਖਰਾ ਅਤੇ ਮਾਣਮੱਤਾ ਪੰਨਾ ਬਣਿਆ। ਉਹ ਜਾਫੀ ਅਤੇ ਧਾਵੀ-ਦੋਹੀਂ ਪਾਸੀਂ ਖੇਡਦਾ ਸੀ। ਉਨ੍ਹਾਂ ਸਮਿਆਂ 'ਚ ਕੋਈ ਵੀ ਖਿਡਾਰੀ ਕਿਸੇ ਵੀ ਪਾਸੇ ਖੇਡ ਸਕਦਾ ਸੀ। ਜਿਲ੍ਹਿਆਂ ਦੇ ਜਗਤਪੁਰ ਮੈਚਾਂ ਵਿਚ ਉਹਨੂੰ ਜਲੰਧਰ ਵਾਲਿਆਂ ਨੇ ਨਾ ਪਾਇਆ ਤੇ ਲੁਧਿਆਣੇ ਵਾਲਿਆਂ ਨੇ ਪਾ ਲਿਆ। ਹਰੀ ਉਸ ਸਮੇਂ ਦੇ ਧੱਕੜ ਖਿਡਾਰੀਆਂ ਜੋਤਾ, ਰਸਾਲਾ, ਜੀਤਾ, ਸੱਤਾ, ਮੂਨਕਾਂ ਦਾ ਤਾਰੀ, ਗੜ੍ਹਦੀਵਾਲਾ ਅਮਰੀਕ, ਤੋਖੀ ਅਤੇ ਲੁਧਿਆਣੇ ਵਾਲਾ ਦਰਸ਼ਨ ਨਾਲ ਖੇਡਿਆ ਅਤੇ ਨਾਮਵਰ ਖਿਡਾਰੀ ਰੋਕੇ ਵੀ।

ਉਸ ਵੇਲੇ ਦੇ ਨਵਾਂ ਸ਼ਹਿਰ ਦੇ ਅਕਾਲੀ ਵਿਧਾਇਕ ਜਤਿੰਦਰ ਸਿੰਘ ਕਰੀਹਾ ਦੇ ਪਿਤਾ ਹਰਦੇਵ ਸਿੰਘ ਕਰੀਹਾ (ਅਫ਼ਸੋਸ, ਪਿਓ-ਪੁਤ ਦੋਨੋਂ ਇਹ ਦੁਨੀਆਂ ਛੱਡ ਚੁੱਕੇ ਹਨ) ਦੀ ਸਿਫਾਰਸ਼ 'ਤੇ ਹਰੀ ਇੰਗਲੈਂਡ ਖੇਡਣ ਜਾਣ ਲਈ ਸਿਲੈਕਟ ਹੋ ਗਿਆ। ਮੌਕੇ 'ਤੇ ਆ ਕੇ ਬਾਜ਼ੀ ਪੁੱਠੀ ਪੈ ਗਈ। ਇੰਦਰਾ ਗਾਂਧੀ ਨੇ ਦੇਸ਼ ਭਰ ਵਿਚ ਐਮਰਜੈਂਸੀ ਲਾ ਦਿਤੀ। ਬਾਹਰ ਜਾਣ ਦਾ ਸੁਪਨਾ ਚਕਨਾਚੂਰ ਹੋ ਗਿਆ ਤੇ ਹਰੀ ਵਿਚਾਰਾ ਵੇਖਦਾ ਰਹਿ ਗਿਆ।

ਗਰੀਬ ਪਰਿਵਾਰ ਵਿਚ ਪਿਤਾ ਸਾਧੂ ਰਾਮ ਅਤੇ ਮਾਤਾ ਠਾਕਰੀ ਦੇ ਘਰ ਜਨਮੇ ਹਰੀ 'ਤੇ ਕੁਦਰਤ ਮੇਹਰਬਾਨ ਸੀ। ਉਹਦੇ ਪਰਿਵਾਰ ਵਿਚ ਨਾ ਕੋਈ ਕਬੱਡੀ ਤੇ ਨਾ ਹੀ ਕੋਈ ਹੋਰ ਗੇਮ ਕਰਦਾ ਸੀ। ਪ੍ਰਾਇਮਰੀ ਪਿੰਡੋਂ ਅਤੇ ਮੈਟ੍ਰਿਕ ਜ਼ੋਰਾਵਰ ਸਿੰਘ-ਫ਼ਤਿਹ ਸਿੰਘ ਖਾਲਸਾ ਹਾਈ ਸਕੂਲ ਨਵਾਂ ਸ਼ਹਿਰ ਤੋਂ ਕੀਤੀ। ਹੈਡਮਾਸਟਰ ਪ੍ਰੇਮਪਾਲ ਦੀ ਰਹਿਨੁਮਾਈ ਹੇਠ ਕਬੱਡੀ ਖੇਡੀ ਅਤੇ ਬਲਾਕਾਂ ਦੇ ਮੈਚ ਜਿਤੇ। ਦੂਜੇ ਪਾਸੇ ਗੌਰਮਿੰਟ ਹਾਈ ਸਕੂਲ ਵਿਚ ਕਰੀਮਪੁਰੀਆ ਵੀਰ੍ਹੀ ਅਤੇ ਹੁਸੈਨਚੱਕੀਏ ਦਰਸ਼ਨ ਜਿਹੇ ਤਕੜੇ ਖਿਡਾਰੀ ਸਨ। ਤਕੜੀ ਗੇਮ ਵੇਖ ਮਾਸਟਰ ਗੁਰਬਖ਼ਸ਼ ਸਿੰਘ ਨੇ ਹੌਸਲਾ ਦਿਤਾ ਤੇ ਫ਼ੀਸਾਂ ਵੀ ਮਾਫ਼ ਕਰ ਕੀਤੀਆਂ। ਜਿਲ੍ਹਾ ਮੈਚਾਂ ਵਿਚ ਸ਼ਾਹਕੋਟ ਨੂੰ ਜਿੱਤਿਆ ਅਤੇ ਬਲਾਕ ਟੂਰਨਾਮੈਂਟਾਂ ਵਿਚ ਰੇਸਾਂ ਜਿਤੀਆਂ। 1963-64 ਵਿਚ ਚੰਡੀਗੜ੍ਹ ਪੰਜਾਬ ਬਲਾਕਾਂ ਦੇ ਮੈਚ ਜਿਤੇ। ਗਰਚਿਆਂ ਵਾਲਾ ਸਿੰਦਾ, ਕਰੀਹੇ ਵਾਲਾ ਗੁੱਡੂ, ਬਰਨਾਲੇ ਵਾਲਾ ਸੁੱਖਾ ਅਤੇ ਰੱਕੜਾਂ ਵਾਲੇ ਜੈਲੀ, ਤਾਰੀ ਸਾਥੀ ਖਿਡਾਰੀ ਹੁੰਦੇ। ਗਰਚਿਆਂ ਵਾਲੇ ਸ਼ਿੰਦੇ ਨੇ ਹਰੀ ਨੂੰ ਕੈਂਚੀ ਦਾ ਮਾਹਰ ਦੱਸਿਆ ਤੇ ਸ਼ਿੰਦੇ ਨੇ ਇਹ ਵੀ ਦੱਸਿਆ ਕਿ ਖੇਡਦਾ ਖੇਡਦਾ ਹਰੀ ਕਿਤੇ ਕਿਤੇ ਸ਼ਰਾਰਤ ਵੀ ਕਰ ਜਾਂਦਾ ਸੀ। ਇਕ ਵਾਰ ਬਲਾਚੌਰ ਲਾਗੇ ਕਿਤੇ ਮੈਚ ਖੇਡਣ ਗਏ ਤਾਂ ਵਿਰੋਧੀ ਟੀਮ ਦੇ ਸਾਹ ਪਾਉਣ ਵਾਲੇ ਇਕ ਖਿਡਾਰੀ ਦੀ ਰੱਬ ਵਲੋਂ ਇਕ ਅੱਖ ਖਰਾਬ ਸੀ ਯਾਨਿ ਨਿਗ੍ਹਾ ਨਹੀਂ ਸੀ। ਜਦ ਉਹ ਖਿਡਾਰੀ ਸਾਹ ਪਾਉਣ ਆਇਆ ਤਾਂ ਮਿੱਟੀ ਚੁੱਕ ਕੇ ਹਰੀ ਨੇ ਉਹਦੀ ਨਿਗ੍ਹਾ ਵਾਲੀ ਅੱਖ 'ਚ ਮਾਰੀ। "ਰੋਂਦ ਨ੍ਹੀਂ ਮਾਰਨਾ," ਕਹਿੰਦਾ ਉਹ ਖਿਡਾਰੀ ਸਾਹ ਛੱਡ ਉਥੇ ਰੌਲਾ ਪਾਉਣ ਲੱਗ ਪਿਆ। ਜਦੇ ਰੈਫ਼ਰੀ ਨੇ ਵਿਸਲ ਮਾਰ ਦਿਤੀ।

ਪਿੰਡ ਬਹਿਰਾਮ, ਰਾਏਪੁਰ ਡੱਬਾ, ਖਟਕੜ ਕਲਾਂ (ਸ਼ਹੀਦ ਭਗਤ ਸਿੰਘ ਵਾਲੀਆਂ) ਬੈਂਸਾਂ, ਕਰੀਹਾ, ਝਿੰਗੜਾਂ ਅਤੇ ਇਲਾਕੇ ਦੇ ਹੋਰ ਪਿੰਡਾਂ ਗੁਰਾਇਆਂ, ਅੱਟਾ, ਲਸਾੜਾ, ਨਗਰ, ਫ਼ਿਲੌਰ, ਆਦਮਪੁਰ, ਹਰੀਪੁਰ, ਬੈਂਸਾਂ, ਕਾਹਮਾ, ਮਾਹਲ-ਗਹਿਲਾਂ, ਨੌਰਾ, ਭੌਰਾ, ਪਠਲਾਵਾ, ਡਘਾਮ, ਭੀਣ, ਨਵਾਂ ਸ਼ਹਿਰ, ਬਲਾਚੌਰ, ਨਰਿਆਲਾ, ਚੂਹੜੇਆਲੀ, ਮਾਹਿਲਪੁਰ ਵਾੜੀਆਂ, ਰਾਹੋਂ, ਗੜ੍ਹਸ਼ੰਕਰ ਮੈਚ ਖੇਡੇ।

ਹਰੀ ਦੇ ਦੱਸਣ ਅਨੁਸਾਰ ਉਹ ਕਿਤੇ ਮੈਚ ਖੇਡਣ ਗਿਆ ਤੇ ਉਹਨੂੰ ਨਾ ਖੇਡਣ ਲਈ ਪੈਸਿਆਂ ਦਾ ਲਾਲਚ ਦਿਤਾ ਗਿਆ। ਉਹਨੇ ਕਿਹਾ ਕਿ ਪਿੰਡ ਵਾਲੇ ਉਹਨੂੰ ਖੇਡਣ ਲਈ ਲੈ ਕੇ ਆਏ ਹਨ, ਜਰੂਰ ਖੇਡੇਗਾ। ਡਰਾਉਣ ਲਈ ਪਿਛੇ ਰਫ਼ਲਾਂ ਵਾਲੇ ਵੀ ਖੜੇ ਹੋਏ ਸਨ। ਡਰਿਆ ਨਹੀਂ ਸਗੋਂ ਉਨ੍ਹਾਂ ਦੇ ਸਾਰੇ ਰੇਡਰ ਰੋਕੇ। ਉਸ ਸਮੇਂ ਦੇ ਨਾਮਵਰ ਖਿਡਾਰੀਆਂ ਦੀ ਕਦਰ ਵੀ ਕੀਤੀ, ਨਡਾਲੇ ਵਾਲੇ ਪ੍ਰੀਤੇ ਨੂੰ ਬੜਾ ਤਕੜਾ ਜਾਨਦਾਰ ਖਿਡਾਰੀ ਮੰਨਿਆ। ਪ੍ਰੀਤੇ ਦੀਆਂ ਬਾਹਾਂ ਵਿਚ ਲੋਹੇ ਜਿੰਨੀ ਤਾਕਤ ਹੁੰਦੀ ਸੀ। ਲੱਗੀ ਕੈਂਚੀ ਝੱਟ ਛੁਡਾ ਕੇ ਔਹ ਮਾਰਦਾ।

ਬਠਿੰਡਾ, ਕਿਲ੍ਹਾ ਰਾਏਪੁਰ, ਪਟਿਆਲਾ, ਲੁਧਿਆਣਾ, ਗੁਰਦਾਸਪੁਰ ਅਤੇ ਫ਼ਿਰੋਜ਼ਪੁਰ ਸ਼ੋਅ-ਮੈਚ ਲਾਏ। ਕਪੂਰਥਲੇ 6 ਸਾਲ ਖੇਡਣ ਜਾਂਦਾ ਰਿਹਾ। ਪਹਾੜਾਂ 'ਚ ਗੜ੍ਹੀ, ਸੰਤੋਖਗੜ੍ਹ, ਸੈਲਾ ਖੁਰਦ ਮੈਚ ਖੇਡੇ। ਹੁਸ਼ਿਆਰਪੁਰ ਜਿਲ੍ਹੇ 'ਚ 50-60 ਮੈਚ ਲਾਏ। ਦੂਰ ਦੂਰ ਤੱਕ ਲੋਕੀ ਮੈਚ ਖੇਡਣ ਲੈ ਜਾਂਦੇ ਤੇ ਦਸ ਕੁ ਰੁਪਏ ਦੇ ਕੇ ਸਾਰ ਦਿੰਦੇ। ਦਸਾਂ ਰੁਪਿਆਂ ਨਾਲ ਉਹਦਾ ਮਹੀਨਾ ਕੁ ਨਿਕਲ ਜਾਂਦਾ। ਹਰ ਸਾਲ ਹੁੰਦੇ ਜਾਡਲੇ ਮੈਚਾਂ ਵਿਚ ਰਾਣਾ ਮੋਤੀ ਸਿੰਘ ਲੈ ਕੇ ਜਾਂਦਾ ਰਿਹਾ। ਉਥੇ ਰੱਕੜਾਂ ਵਾਲੇ ਜੈਲੀ, ਤਾਰੀ ਭਰਾਵਾਂ ਨਾਲ ਮੈਚ ਖੇਡੇ।

ਹਰੀ ਨੇ ਗਰੀਬੀ ਵੀ ਰੱਜ ਕੇ ਵੇਖੀ। ਰੱਬ ਨਾਲ ਕਦੇ ਕੋਈ ਗਿਲ੍ਹਾ-ਸ਼ਿਕਵਾ ਨਾ ਕੀਤਾ। ਪਿੰਡ ਵਿਚ ਫਾਂਟਾਂ ਵਾਲਾ ਪਜਾਮਾ ਅਤੇ ਕੈਂਚੀ ਚਪਲਾਂ ਨਾਲ ਹੀ ਘੁੰਮਦਾ, ਪੈਂਟ-ਕਮੀਜ਼ ਤਾਂ ਬੜੀ ਦੂਰ ਦੀ ਗੱਲ ਸੀ। ਉਹਨੂੰ ਕਦੇ ਚੰਗੀ ਨਿੱਕਰ ਨਹੀਂ ਸੀ ਜੁੜੀ। ਦੂਜੇ ਖਿਡਾਰੀ ਸਕੂਟਰਾਂ, ਮੋਟਰਸਾਈਕਲਾਂ ਜਾਂ ਟਰੈਕਟਰਾਂ 'ਤੇ ਮੈਚ ਖੇਡਣ ਜਾਂਦੇ ਪਰ ਉਹ ਕਦੇ ਕਿਸੇ ਦੇ ਸਾਈਕਲ, ਮੋਟਰਸਾਈਕਲ, ਗੰਨਿਆਂ ਦੀ ਟਰਾਲੀ ਜਾਂ ਟਰੱਕਾਂ ਵਾਲਿਆਂ ਨਾਲ ਬਹਿ ਕੇ ਮੈਚ ਖੇਡਣ ਜਾਂਦਾ। ਐਂਟਰੀ ਫ਼ੀਸ ਦੇਣ ਜੋਗੇ ਵੀ ਪੈਸੇ ਨਾ ਹੁੰਦੇ। ਕਈ ਵਾਰ ਤਕੜੇ ਖਿਡਾਰੀ ਰਲ ਕੇ, ਉਹਨੂੰ ਢਾਹੁਣ ਦੀ ਕੋਸ਼ਿਸ਼ ਕਰਦੇ ਪਰ ਉਹ ਕਿਸੇ ਦੇ ਡਾਹੇ ਨਾ ਆਉਂਦਾ। ਖਿਡਾਰੀ ਪੂਰੇ ਕਰਨ ਲਈ ਨਿਆਣੇ ਖੜ੍ਹੇ ਕਰਕੇ ਮੈਚ ਜਿੱਤ ਲੈਂਦਾ।

ਕਿਸੇ ਨੇ ਅੱਖੀਂ ਵੇਖੇ ਮੈਚ ਬਾਰੇ ਦੱਸਿਆ, "ਮੈਚ ਚੱਲ ਰਿਹਾ ਸੀ ਤੇ ਹਰੀ ਰੁਕ ਨਹੀਂ ਸੀ ਰਿਹਾ। ਕਿਸੇ ਬਜ਼ੁਰਗ ਨੇ ਕਸੂਤੀ ਜਿਹੀ ਗੱਲ ਕਹਿ ਕੇ ਪਿਛਿਓਂ ਲਲਕਾਰਿਆ, "ਰੋਕੋ ਏਹਨੂੰ...।" ਹਰੀ ਨੰਬਰ ਲੈ ਕੇ ਚਲਾ ਗਿਆ ਤੇ ਉਨ੍ਹੀਂ ਪੈਰੀਂ ਵਾਪਸ ਆ ਕੇ ਕਹਿਣ ਲੱਗਾ, "ਭਾਈਆ, ਤੇਰਾ ਕੋਈ ਪਾਲਿਆ ਪੁੱਤ ਹੈ ਤਾਂ ਲਿਆ।" ਉਹ ਬਜ਼ੁਰਗ ਝੂਠਾ ਜਿਹਾ ਹੋਇਆ ਅੱਖਾਂ ਨੀਵੀਆਂ ਕਰ ਗਿਆ। ਖੇਡਦੀ ਟੀਮ ਵਿਚ ਉਸ ਬਜ਼ੁਰਗ ਦਾ ਭਲਵਾਨੀ ਕਰਦਾ ਪੁੱਤ ਵੀ ਜੱਫੇ ਲਾ ਰਿਹਾ ਸੀ। ਹਰੀ ਉਸ ਕੋਲੋਂ ਰੁਕ ਨਹੀਂ ਸੀ ਰਿਹਾ।

ਇਕ ਵਾਰ ਕਈ ਤਕੜੇ ਖਿਡਾਰੀ 'ਕੱਠੇ ਹੋ ਕੇ ਹਰੀ ਦੇ ਪਿਤਾ ਨੂੰ ਕਹਿਣ ਲੱਗੇ, "ਭਾਈਆ ਕੀ ਖੁਆਉਨਾਂ ਮੁੰਡੇ ਨੂੰ, ਸਾਡੀ ਵਾਹ ਪੇਸ਼ ਨਹੀਂ ਜਾਣ ਦਿੰਦਾ, ਅਸੀਂ ਫੜਦੇ ਆਂ, ਫੜ ਨਹੀਂ ਹੁੰਦਾ, ਸਾਹ ਪਾਉਣ ਜਾਨੇ ਆਂ, ਛੱਡਦਾ ਨ੍ਹੀਂ।"

"ਖੁਆਉਣਾ ਕੀ ਆ ਜੁਆਨੋ, ਆਹ ਲੱਸੀ ਮੰਗ ਕੇ ਲਿਆਇਆਂ ਗੁਆਂਢੀਆਂ ਦਿਓਂ, ਏਹ ਦੇਣੀ ਆ ਏਹਨੂੰ," ਪਿਤਾ ਨੇ ਸਹਿਜ ਭਾਅ ਜਵਾਬ ਦਿਤਾ। ਜਿਥੇ ਕਿਤੇ ਵੀ ਹਰੀ ਦਾ ਮੈਚ ਹੁੰਦਾ ਪਿਤਾ ਜਰੂਰ ਨਾਲ ਜਾਂਦਾ ਤੇ ਪੁੱਤ ਨੂੰ ਹੌਸਲਾ ਦਿੰਦਾ। ਉਹ ਕਬੱਡੀ ਦੇ ਨਾਲ ਰੇਸਾਂ ਵੀ ਲਾਉਂਦਾ ਰਿਹੈ। ਜਲੰਧਰ ਕਈ ਵਾਰ ਜੱਬੋਵਾਲੀਏ ਗਿਆਨ ਸਿੰਘ (ਲੇਖਕ ਦਾ ਵੱਡਾ ਵੀਰ) ਨਾਲ ਵੀ ਦੌੜਾਂ ਲਾਉਣ ਜਾਂਦਾ ਰਿਹੈ। ਇਕ ਵਾਰ ਉਹ ਜਲੰਧਰੋਂ ਰੇਸਾਂ ਲਾ ਕੇ ਆਇਆ ਤਾਂ ਜੇਬ ਵਿਚ ਸਿਰਫ਼ ਬਾਰਾਂ ਪੈਸੇ। ਉਹ ਕਿਸੇ ਦੇ ਟਰੱਕ 'ਤੇ ਪਿੰਡ ਪਹੁੰਚਿਆ।

ਖੇਡ ਸ਼ੌਕ ਜਿਨ੍ਹਾਂ ਨੂੰ ਲੱਗ ਜਾਂਦਾ,
ਕਦੇ ਨਾ ਕਾਸ ਦੀ ਪ੍ਰਵਾਹ ਕਰਦੇ।
ਝੱਖੜ ਨੇਰੀਆਂ ਹੋਣ ਭਾਵੇਂ,
ਤਿਖੀਆਂ ਧੁੱਪਾਂ 'ਚ ਰਹਿਣ ਸੜਦੇ।
'ਜੱਬੋਵਾਲ' ਖੇਡ ਨੂੰ ਜਿਨ੍ਹਾਂ ਪਿਆਰ ਕੀਤਾ,
ਖੇਡ-ਮੈਦਾਨਾਂ 'ਚ ਸਦਾ ਰਹਿਣ ਅੜਦੇ।

ਮੈਂ ਵੀ ਹਰੀ ਦੇ ਵਾਹਵਾ ਮੈਚ ਵੇਖੇ ਤੇ ਕਹਿੰਦੇ-ਕਹਾਉਂਦੇ ਰੇਡਰ ਹਰੀ ਦੀ ਕੈਂਚੀ ਨਾਲ ਰੁਕਦੇ ਵੇਖੇ। ਅੱਟੇ ਵਾਲੇ ਦੇਵ ਨੂੰ ਬੈਂਸੀਂ ਮੈਚਾਂ ਵਿਚ ਬੜੇ ਜ਼ੋਰ ਨਾਲ ਕੈਂਚੀ ਮਾਰ ਕੇ ਰੋਕਦਾ ਵੇਖਿਆ। ਸੰਨ 75-76 'ਚ ਨੌਵੀਂ, ਦਸਵੀਂ ਵਿਚ ਮੈਂ ਮਾਹਿਲ ਗਹਿਲੀਂ ਪੜ੍ਹਦਾ ਸਾਂ। ਇਕ ਵਾਰ ਰਾਏਪੁਰ ਡੱਬੀਏ ਮਾਸਟਰ ਮੋਹਣ ਸਿੰਘ ਨੇ ਸਾਡੀ ਕਲਾਸ ਲਾਈ ਹੋਈ ਸੀ ਤੇ ਵੱਡੇ ਵੀਰ ਗਿਆਨ ਸਿੰਘ ਦਾ ਦੋਸਤ ਹੋਣ ਕਰਕੇ ਮੈਨੂੰ ਕਹਿਣ ਲੱਗਾ, "ਇਕਬਾਲ, ਕੱਲ੍ਹ ਨੂੰ ਪਤਾ ਕਰ ਕੇ ਆਈਂ, ਮੱਲਪੁਰੀਆ ਹਰੀ ਕਿਥੇ ਮਿਲੂ।" ਸ਼ਾਇਦ ਉਨ੍ਹੇ ਉਹਨੂੰ ਕਿਤੇ ਖੇਡਣ ਲੈ ਕੇ ਜਾਣਾ ਸੀ।



ਮੱਲਪੁਰੀਆ ਹਰੀ

ਸੰਨ 73-74 ਵਿਚ ਪਿੰਡ ਪੱਧਰ ਦੇ ਕਬੱਡੀ ਮੈਚ ਹੋਏ। ਆਖਰ ਵਿਚ 'ਏ' ਟੀਮਾਂ ਦਾ ਮੱਲਪੁਰ ਅਤੇ ਰਾਏਪੁਰ ਡੱਬੇ ਦਾ ਫਸਵਾਂ ਮੈਚ ਹੋਇਆ। ਮੱਲਪੁਰ ਦੀ ਟੀਮ ਵਿਚ ਹਰੀ ਅਤੇ ਸੁੱਚਾ ਰੇਡਰ ਸਨ ਤੇ ਮੀਤਾ, ਕੁਲਵੰਤ ਅਤੇ ਠੋਲੂ ਜਾਫੀ-ਰਾਏਡੱਬੀਆਂ ਦੇ ਸਾਰੇ ਭਲਵਾਨ। ਸੌਂਧੀ ਕੋਚ ਉਨ੍ਹਾਂ 'ਚ ਰੇਡਾਂ ਪਾ ਰਿਹਾ ਸੀ। ਇਹ ਕਾਂਟੇਦਾਰ ਮੈਚ ਬਰਾਬਰ ਰਿਹਾ। ਮੱਲਪੁਰ ਵਾਲਿਆਂ ਨੇ ਮਹਿਮਾਨ ਸਮਝ ਕੇ ਜੇਤੂ ਟਰਾਫ਼ੀ ਰਾਏਪੁਰ ਡੱਬੇ ਨੂੰ ਦੇ ਦਿਤੀ। ਇਨਾਮਾਂ ਦੀ ਵੰਡ ਉਸ ਸਮੇਂ ਦੇ ਕਾਂਗਰਸੀ ਵਿਧਾਇਕ ਸ. ਦਿਲਬਾਗ ਸਿੰਘ ਸੈਣੀ ਨੇ ਕੀਤੀ। ਸੁਰਿੰਦਰ ਸ਼ਿੰਦੇ ਨੇ ਉਥੇ ਅਖਾੜਾ ਲਾਇਆ ਸੀ।

ਹਰੀ ਤੋਂ ਬਾਅਦ ਮੱਲਪੁਰ ਦੀ ਪਹਿਲਾਂ ਵਾਲੀ ਕਦੇ ਟੀਮ ਨਾ ਬਣੀ। ਸਾਰੇ ਖਿਡਾਰੀ ਖਿੰਡ ਗਏ। ਹਰੀ ਜਰਮਨੀ ਚਲਾ ਗਿਆ, ਮੀਤਾ ਇੰਗਲੈਂਡ ਤੇ ਕੁਲਵੰਤ ਕੈਨੇਡਾ। ਠੋਲੂ ਪਿੰਡੇ ਰਹਿ ਗਿਆ ਤੇ ਸੁੱਚਾ ਸਿੰਘ ਪਿੰਡ ਦਾ ਸਰਪੰਚ ਬਣ ਗਿਆ।

ਪਿੰਡ ਦੇ ਪੁਰਾਣੇ ਖਿਡਾਰੀ ਮੀਤੇ ਨੇ ਇੰਗਲੈਂਡੋਂ ਆ ਕੇ ਪਿੰਡ ਵਿਚ ਕਬੱਡੀ ਕਲੱਬ ਖੋਲ੍ਹਿਆ। ਗੁਆਂਢੀ ਪਿੰਡ ਕਰੀਹੇ ਦੇ ਦੀਪਾ ਅਤੇ ਜੀਤਾ ਨੂੰ ਕਲੱਬ ਵਿਚ ਸ਼ਾਮਲ ਕਰ, ਤਕੜੀ ਟੀਮ ਬਣਾ ਲਈ। ਮੱਲਪੁਰ ਦਾ ਨਾਂ ਫਿਰ ਉਚਾ ਹੋਣ ਲੱਗਾ। ਜੀਤੇ ਦੀ ਬੱਲੇ-ਬੱਲੇ ਹੋਣ ਲੱਗੀ। ਬਦਕਿਸਮਤੀ ਨਾਲ ਦੀਪੇ ਤੇ ਜੀਤੇ ਦੀ ਮਾਰੂਤੀ ਕਾਰ ਟਰੱਕ ਨਾਲ ਜਾ ਟਕਰਾਈ ਤੇ ਦੋਵੇਂ ਖਿਡਾਰੀ ਥਾਂ 'ਤੇ ਹੀ ਪੂਰੇ ਹੋ ਗਏ। ਚਿਰਾਂ ਬਾਅਦ ਮੱਲਪੁਰ ਲਈ ਜਾਗੀ ਆਸ ਦੀ ਕਿਰਨ, ਫਿਰ ਅਲੋਪ ਹੋ ਗਈ।

ਹਰੀ ਨੂੰ ਸਿਆਸਤ ਦੀ ਤਾਬ ਵੀ ਝੱਲਣੀ ਪਈ। ਪਿੰਡਾਂ ਦੀ ਧੜੇਬਾਜ਼ੀ ਵਿਚ ਕਾਂਗਰਸ ਸਰਕਾਰ ਨੇ ਸੁਨਾਮ ਦੀ ਬਦਲੀ ਕਰ ਦਿਤੀ। ਘਰ ਦੀ ਗਰੀਬੀ ਵੇਖ ਪ੍ਰਕਾਸ਼ ਸਿੰਘ ਬਾਦਲ ਨੇ ਉਹਨੂੰ ਨਵਾਂ ਸ਼ਹਿਰ ਦੇ ਸਿਵਲ ਹਸਪਤਾਲ ਦੀ ਵੈਨ ਚਲਾਉਣ ਦੀ ਨੌਕਰੀ ਦਿਵਾਈ। ਥੋੜੇ ਮਹੀਨੇ ਨੌਕਰੀ ਕੀਤੀ ਤੇ ਛੇ ਭੈਣਾਂ ਦੇ 'ਕੱਲੇ ਭਰਾ ਹਰੀ ਨੇ ਘਰ ਦੀ ਗਰੀਬੀ ਕੱਢਣ ਲਈ ਜਰਮਨੀ ਨੂੰ ਚਾਲੇ ਪਾ ਦਿਤੇ। ਕਈ ਸਾਲ ਜਰਮਨੀ ਰਹਿ ਉਹ ਵਾਪਸ ਆ ਗਿਆ। ਫਿਰ ਉਹ ਬੰਬਈ ਜਾ ਸੈਟ ਹੋਇਆ। ਫਿਲਮ ਨਗਰੀ ਨਾਲ ਜੁੜ ਕੇ ਉਹਨੇ ਕਈ ਫਿਲਮਾਂ ਫਾਈਨਾਂਸ ਕੀਤੀਆਂ ਤੇ ਪ੍ਰੋਡਿਊਸ ਵੀ।

ਪੰਜਾਬ ਵਿਚ ਹੋਏ ਪਹਿਲੇ ਵਿਸ਼ਵ ਕਬੱਡੀ ਕੱਪ ਵਿਚ ਹਾਜ਼ਰੀ ਭਰਨ ਤੋਂ ਬਾਅਦ ਸ਼ਾਹਰੁਖ ਖਾਨ ਨੇ ਬੰਬਈ ਜਾ ਕੇ ਹਰੀ ਨੂੰ ਦੱਸਿਆ, "ਪੰਜਾਬ ਦੇ ਲੋਕਾਂ ਨੇ ਬੜਾ ਪਿਆਰ ਦਿਤਾ। ਇਹ ਵੀ ਦੱਸਿਆ ਕਿ ਕਬੱਡੀ ਕੁਮੈਂਟੇਟਰ ਪੁਰਾਣੇ ਖਿਡਾਰੀਆਂ ਦੇ ਨਾਂਵਾਂ ਨਾਲ ਹਰੀ ਦਾ ਨਾਂ ਵੀ ਬੋਲ ਰਹੇ ਸਨ।"

ਅਕਸਰ ਆਪਣੇ ਪਿੰਡ ਆਉਂਦਾ-ਜਾਂਦਾ ਰਹਿੰਦਾ ਹੈ। ਵਧੀਆ ਕੋਠੀ ਪਾ ਕੇ ਪੱਕਾ ਠਿਕਾਣਾ ਪਿੰਡ ਹੀ ਰਖਿਆ ਹੋਇਆ ਹੈ। ਦੋ ਬੇਟੇ-ਅਮਰਜੀਤ ਅਤੇ ਹਰਜੀਤ। ਅਮਰਜੀਤ ਇੰਗਲੈਂਡ ਹੈ ਤੇ ਹਰਜੀਤ ਹਾਲੇ ਪਿੰਡ ਹੀ ਹੈ।

ਜਿੰਦਗੀ ਦੀਆਂ 65 ਦੀਵਾਲੀਆਂ ਵੇਖ ਚੁੱਕਾ ਹਰੀ ਪਿਛਲੇ ਸਮੇਂ ਨੂੰ ਯਾਦ ਕਰ ਦੱਸ ਰਿਹਾ ਸੀ, ਆਪਣੀ ਖੇਡ ਸਮੇਂ ਉਹ ਪਲਾਸਟਿਕ ਵਾਲੇ ਰੋਟੀ ਦੇ ਡੱਬੇ, ਤੌਲੀਏ, ਬੁਨੈਣਾਂ, ਟਰੇਆਂ ਜਾਂ ਹੋਰ ਛੋਟੇ-ਮੋਟੇ ਇਨਾਮ ਲੈਂਦਾ ਰਿਹਾ, ਢੂਹੀ ਛਿਲਾਉਂਦਾ ਰਿਹਾ। ਹੁਣ ਦੇ ਖਿਡਾਰੀ ਤਾਂ ਕਿਸਮਤ ਵਾਲੇ ਹਨ ਜੋ ਲੱਖਾਂ ਵਿਚ ਖੇਡਦੇ ਹਨ ਤੇ ਕਰੋੜਾਂ ਦੇ ਇਨਾਮ ਲੈਂਦੇ ਹਨ। ਪੰਜਾਬ ਸਰਕਾਰ ਨੂੰ ਨਵੇਂ ਖਿਡਾਰੀਆਂ ਦੇ ਨਾਲ ਨਾਲ ਪੁਰਾਣਿਆਂ ਨੂੰ ਵੀ ਨਹੀਂ ਭੁਲਣਾ ਚਾਹੀਦਾ।

ਹਰੀ ਦਾ ਨਵੇਂ ਖਿਡਾਰੀਆਂ ਨੂੰ ਸੁਨੇਹਾ ਹੈ, ਤਮਾਕੂ, ਸੁਲਫ਼ੇ, ਸਿਗਰਟਾਂ ਤੇ ਹੋਰ ਨਸ਼ਿਆਂ ਤੋਂ ਬਚੋ। ਸਿਹਤਾਂ ਬਣਾਓ। ਚੰਗੀ ਖੇਡ ਖੇਡ ਕੇ ਆਪਣੇ ਮਾਤਾ-ਪਿਤਾ, ਪਿੰਡ, ਇਲਾਕੇ ਅਤੇ ਦੇਸ਼ ਦਾ ਨਾਂ ਉਚਾ ਕਰੋ। ਹਰੀ ਦਾ ਫੋਨ ਨੰਬਰ 91-99307-28659 ਹੈ।



*ਮੱਲਪੁਰੀਆ ਹਰੀ (ਸੱਜੇ) ਅਦਾਕਾਰ ਚੰਕੀ ਪਾਂਡੇ ਨਾਲ*

## ਸੁੱਤੇ ਕਰਮ

*(ਸਫਾ 32 ਦੀ ਬਾਕੀ)*

ਪਾਤਾ। ਕਿਸੇ ਨੇ ਪਰਖਣ ਆਲੇ ਨੇ ਜਦੋਂ ਲਾਲ ਗਧੇ ਦੇ ਗਲ 'ਚ ਪਾਇਆ ਵਾ; ਦੇਖਿਆ, ਉਹਨੇ ਭਾਈ ਰਾਜੇ ਨੂੰ ਦਸਤਾ। ਰਾਜਾ ਘੁਮਿਆਰ ਨੂੰ ਕਹਿੰਦਾ ਸੱਚੋ ਸੱਚ ਦਸਦੇ ਲਾਲ ਕਿਥੋਂ ਲਿਆ, ਨਹੀਂ ਸਣੇ ਬੱਚੇ ਸਾਰੇ ਟੱਬਰ ਨੂੰ ਘਾਣੀ 'ਚ ਪੀੜ ਦੂੰਗਾ। ਉਹ ਕਹਿੰਦਾ ਮੈਂ ਫਲਾਣੇ ਤੋਂ ਲਿਆ। ਰਾਜੇ ਨੇ ਭਾਈ ਉਹਨੂੰ ਸੱਦ ਲਿਆ। ਉਹਨੇ ਰਾਜੇ ਨੂੰ ਸਾਰੀ ਗੱਲ ਦਸਤੀ ਬਈ ਮੈਂ ਤਾਂ ਮੱਛੀ ਦੇ ਪੈਰ ਵਿਚੋਂ ਕੱਢਿਆ। ਰਾਜਾ ਕਹਿੰਦਾ ਦੱਸਦੇ ਇਹਦੇ ਕਿੰਨੇ ਪੈਸੇ ਲੈਣੇ ਆ। ਰਾਜਾ ਕਹਿੰਦਾ ਤੂੰ ਮੇਰਾ ਪੂਰਾ ਰਾਜ ਲੈ ਲਾ। ਉਹ ਕਹਿੰਦਾ ਮੈਨੂੰ ਤਾਂ ਅੱਧਾ ਈ ਬਥੇਰਾ ਐ, ਸਾਰਾ ਤਾਂ ਨੀ ਮੈਂ ਲੈਂਦਾ, ਮੈਂ ਤੈਥੋਂ ਕਾਹਤੋਂ ਭੀਖ ਮੰਗਾਮਾਂ। ਅੱਧਾ ਰਾਜ ਲੈਣ ਮਗਰੋਂ ਉਹਨੇ ਸੋਚਿਆ ਬਈ ਹੁਣ ਪਿੱਪਲ ਹੇਠੋਂ ਬੀ ਹੁਣ ਧਨ ਦੇ ਕੜਾਹੇ ਕੱਢੀਏ। ਉਹ ਆਵਦੀ ਘਰ ਆਲੀ ਨੂੰ ਕਹਿੰਦਾ ਅੱਜ ਆਪਾਂ ਧਨ ਲੈ ਕੇ ਆਵਾਂਗੇ ਤੂੰ ਕਿਸੇ ਕੋਲ ਗੱਲ ਨਾ ਕਰੀਂ। ਫੇਰ ਉਹਨੇ ਸੋਚਿਆ ਬਈ ਤੀਮੀਆਂ ਦੇ ਢਿੱਡ 'ਚ ਤਾਂ ਕੋਈ ਗੱਲ ਰਹਿੰਦੀ ਨੀਂ ਹੁੰਦੀ। ਉਹਨੇ ਆਬਦੀ ਘਰਆਲੀ ਤੋਂ ਚੋਰੀਓਂ ਵਾਹਵਾ ਮੱਛੀਆਂ ਲਿਆ ਕੇ ਭੁੰਨ ਲਈਆਂ ਨਾਲ ਬਹੁਤ ਸਾਰੇ ਸਮੋਸੇ ਬਣਾ ਲਏ। ਗਾਹਾਂ ਮੀਂਹ ਪੈ ਕੇ ਚਿੱਕੜ ਹੋਇਆ ਵਾ ਸੀਗਾ। ਉਹ ਆਵਦੀ ਘਰ ਆਲੀ ਨੂੰ ਕਹਿੰਦਾ ਦੇਖੀਂ ਬਚਕੇ ਆਵੀਂ, ਇਥੇ ਪਾਣੀ ਬਹੁਤ ਡੂੰਘਾ। ਉਹਨੇ ਭੁੱਜੀਆਂ ਵੀਆਂ ਮੱਛੀਆਂ ਪਾਣੀ 'ਚ ਸਿਟਤੀਆਂ ਤੇ ਆਵਦੀ ਘਰਆਲੀ ਨੂੰ ਕਹਿੰਦਾ ਦੇਖ ਪਾਣੀ 'ਚ ਮੱਛੀਆਂ ਫਿਰਦੀਆਂ। ਉਹ ਦੋਮੇਂ ਉਥੋਂ ਚੱਕ ਚੱਕ ਕੇ ਮੱਛੀਆਂ ਖਾਣ ਲੱਗਗੇ। ਫੇਰ ਜਦੋਂ ਉਹ ਗਹਾਂ ਗਏ ਤਾ ਉਹਦੇ ਘਰ ਆਲੇ ਨੇ ਥਾਂ ਪੱਟ ਕੇ ਚੋਰੀਉਂ ਕੜਾਹੇ 'ਚ ਸਮੋਸੇ ਪਾਤੇ। ਉਹ ਉਹਨੂੰ ਕਹਿੰਦਾ ਲੈ ਸਮੋਸੇ ਖਾ ਲੈ, ਆਹ ਦੇਖ ਸਮੋਸੇ ਕੜਾਹੇ 'ਚ ਪਏ ਆ। ਉਥੇ ਕਿਤੇ ਨੇੜੇ ਈ ਭੇਡਾਂ ਦਾ ਵਾੜਾ ਸੀਗਾ, ਤੇ ਭੇਡਾਂ ਬਾਂ, ਬਾਂ ਕਰਦੀਆਂ ਸੀਗੀਆਂ। ਉਹ ਆਵਦੇ ਘਰ ਆਲੇ ਨੂੰ ਕਹਿੰਦੀ ਆਹ ਕੀ ਬੋਲਦੇ ਆ?ਉਹ ਐਵੇਂ ਕਹਿੰਦਾ ਇਹ ਤਾਂ ਯਾਗੀਰਦਾਰ ਬੋਲਦੇ ਆ। ਸਾਰੀ ਰਾਤ ਉਹ ਧਨ ਢੋਈ ਗਏ। ਆਂਢ ਗੁਆਂਢ ਨੂੰ ਪਤਾ ਲੱਗ ਗਿਆ ਬਈ ਇਨ੍ਹਾਂ ਨੇ ਸਾਰੀ ਰਾਤ ਧਨ ਢੋਇਆ। ਜਦੋਂ ਉਹ ਗਈ ਖੂਹ ਉਤੇ ਪਾਣੀ ਭਰਨ ਤਾਂ ਗੁਆਂਢਣਾਂ ਉਹਨੂੰ ਕਹਿਣ ਪੁੱਛਣ ਲੱਗੀਆਂ। ਗੱਲ ਹੁੰਦੀ ਹਵਾਉਂਦੀ ਰਾਜੇ ਕੋਲ ਪਹੁੰਚਗੀ। ਰਾਜੇ ਨੇ ਭਾਈ ਉਹ ਆਬਦੇ ਦਰਬਾਰ 'ਚ ਸੱਦ ਲੀ। ਰਾਜਾ ਉਹਨੂੰ ਕਹਿੰਦਾ ਸਾਰਾ ਕੁਸ਼ ਸੱਚੋ ਸੱਚ ਦੱਸਦੇ ਨਹੀਂ ਸਣੇ ਬੱਚੇ ਘਾਣੀ 'ਚ ਪੀੜ ਦੂੰ। ਕਿਥੋਂ ਲਿਆਂਦਾ ਐਨਾ ਧਨ। ਉਹ ਕਹਿੰਦੀ ਕਿਥੋਂ ਆਉਂਣਾ ਸੀ, ਅਸੀਂ ਦੋਮੇਂ ਰਾਤ ਨੂੰ ਗਏ ਜੰਗਲ 'ਚ ਉਥੋਂ ਧਨ ਢੋਈ ਗਏ ਰਾਜਾ ਕਹਿੰਦਾ ਜੰਗਲ 'ਚ ਤੁਸੀਂ ਕਦੋਂ ਕੁ ਗਏ ਸੀਗੇ। ਉਹ ਕਹਿੰਦੀ ਜਦੋਂ ਰਾਤ ਨੂੰ ਜੰਗਲ 'ਚ ਯਗੀਰਦਾਰ ਬਾਂ ਬਾਂ ਕਰਦੇ ਸੀਗੇ, ਭੇਡਾਂ ਮਾਂਗੂੰ। ਰਾਜਾ ਹੈਰਾਨ ਬਈ ਬੰਦੇ ਕਿਮੇਂ ਭੇਡਾਂ ਮਾਂਗੂ ਬੋਲਣ ਲੱਗਗੇ। ਉਹ ਕਹਿੰਦਾ ਫੇਰ ਕੀ ਹੋਇਆ ਸੀ। ਉਹ ਕਹਿੰਦੀ ਜੀ ਅਸੀਂ ਪਾਣੀ 'ਚੋਂ ਕੱਢ ਕੇ ਭੁੱਜੀਆਂ ਵੀਆਂ ਮੱਛੀਆਂ ਖਾਧੀਆਂ ਸੀਗੀਆਂ। ਫੇਰ ਧਨ ਪੱਟਿਆ ਤਾਂ ਕੜਾਹੇ 'ਚੋਂ ਸਮੋਸੇ ਨਿਕਲੇ। ਫੇਰ ਅਸੀਂ ਸਮੋਸੇ ਖਾਧੇ। ਫੇਰ ਜਦੋਂ ਅਸੀਂ ਧਨ ਢੋਣ ਲੱਗੇਗਾ ਤਾਂ ਸੁਕਿਆ ਵਾ ਪਿੱਪਲ ਹਰਾ ਹੋਣ ਲੱਗ ਪਿਆ। ਰਾਜਾ ਕਹਿੰਦਾ ਭੱਜ ਜਾ ਏਥੋਂ, ਕਿਥੋਂ ਆਗੀ ਬੇਵਕੂਫ ਕਿਤੋਂ ਦੀ। ਪਾਣੀ 'ਚ ਵੀ ਕਦੇ ਭੁੱਜੀਆਂ ਵੀਆਂ ਮੱਛੀਆਂ ਨਿਕਲੀਆਂ ਤੇ ਫੇਰ ਕਿਤੇ ਬੰਦੇ ਵੀ ਭੇਡਾਂ ਮਾਂਗੂ ਬੋਲੇ ਆ ਕਦੇ। ਉਹਦੇ ਘਰ ਆਲੇ ਨੇ ਸਿਆਣਪ ਨਾਲ ਸਾਰਾ ਧਨ ਬਚਾ ਲਿਆ। ਜੇ ਉਹ ਸਿਆਣਪ ਨਾਂ ਕਰਦਾ ਤਾਂ ਸਾਰਾ ਧਨ ਰੁੜ ਜਾਣਾ ਸੀਗਾ।

# ਤ੍ਰਾਸਦੀਆਂ ਅਤੇ ਤਸਵੀਰਸਾਜ਼








ਤਸਵੀਰਸਾਜ਼ ਕੈਵਨ ਕਾਰਟਰ ਦੀ ਉਹ ਤਸਵੀਰ (ਖੱਬੇ) ਜਿਸ ਨੇ ਉਸ ਦੀ ਜਾਨ ਲੈ ਲਈ ਅਤੇ (ਸੱਜੇ) ਨਾਪਾਮ ਬੰਬ ਚੱਲਣ ਤੋਂ ਬਾਅਦ ਭੱਜੇ ਜਾ ਰਹੇ ਲੋਕ।

ਤਸਵੀਰਸਾਜ਼ਾਂ ਅਤੇ ਦਸਤਾਵੇਜ਼ੀ ਫ਼ਿਲਮਸਾਜ਼ਾਂ ਬਾਰੇ ਇੱਕ ਵਿਚਾਰ ਹੈ ਕਿ ਉਹ ਪੀੜਤ ਨੂੰ ਬਚਾਉਣ ਨਾਲੋਂ ਉਹਦੀ ਤਸਵੀਰ ਬਣਾਉਣ 'ਚ ਵਧੇਰੇ ਦਿਲਚਸਪੀ ਰੱਖਦੇ ਹਨ। ਇਹ ਸਵਾਲ ਬਾਰੇ ਆਲਮੀ ਪੱਧਰ 'ਤੇ ਬਹਿਸ ਚੱਲ ਰਹੀ ਹੈ। ਇਹ ਬਹਿਸ ਅਫ਼ਰੀਕੀ ਤਸਵੀਰਸਾਜ਼ ਕੈਵਨ ਕਾਰਟਰ ਦੇ ਹਵਾਲੇ ਨਾਲ ਵਧੇਰੇ ਭਖੀ ਸੀ। ਵੀਹਵੀਂ ਸਦੀ ਦੇ ਆਖ਼ਰੀ ਦਹਾਕੇ 'ਚ ਸੂਡਾਨ ਭਿਆਨਕ ਅਕਾਲ ਦੀ ਮਾਰ ਹੇਠ ਸੀ। ਕੈਵਨ ਕਾਰਟਰ ਵਲੋਂ ਮਾਰਚ 1993 ਨੂੰ ਖਿੱਚੀ ਤਸਵੀਰ ਨੇ ਕੁੱਲ ਆਲਮ ਨੂੰ ਹਿਲਾ ਕੇ ਰੱਖ ਦਿੱਤਾ। ਤਸਵੀਰ 'ਚ ਭੁੱਖਮਰੀ ਦੀ ਸ਼ਿਕਾਰ ਸੂਡਾਨੀ ਬੱਚੀ ਕਿਲੋਮੀਟਰ ਦੂਰ ਸੰਯੁਕਤ ਰਾਸ਼ਟਰ ਦੇ ਖ਼ੁਰਾਕ ਡੇਰੇ ਵੱਲ ਸਰਕ ਰਹੀ ਹੈ। ਪਿੱਛੇ ਬੈਠੀ ਗਿਰਝ ਉਹਦੇ ਮਰਨ ਦੀ ਉਡੀਕ 'ਚ ਹੈ। ਕੈਵਨ ਤਸਵੀਰ ਖਿੱਚ ਕੇ ਉੱਥੋਂ ਚਲਾ ਗਿਆ। ਇਹ ਤਸਵੀਰ 'ਨਿਊ ਯਾਰਕ ਟਾਈਮਜ਼' ਵਿਚ 26 ਮਾਰਚ 1993 ਨੂੰ ਛਪੀ। ਹਜ਼ਾਰਾਂ ਲੋਕਾਂ ਨੇ ਬੱਚੀ ਦੀ ਹੋਣੀ ਬਾਬਤ ਅਖ਼ਬਾਰ ਤੋਂ ਪੁੱਛਿਆ। ਅਖ਼ਬਾਰ ਮੁਤਾਬਕ ਬੱਚੀ ਦੇ ਖ਼ੁਰਾਕ ਡੇਰੇ ਤੱਕ ਸਹੀ-ਸਲਾਮਤ ਪਹੁੰਚਣ ਦੀ ਕੋਈ ਜਾਣਕਾਰੀ ਨਹੀਂ ਹੈ। 1994 ਵਿਚ ਇਸ ਤਸਵੀਰ ਨੂੰ ਵੱਕਾਰੀ ਪੁਲਿਟਰਜ਼ ਇਨਾਮ ਮਿਲਿਆ ਪਰ ਬੱਚੀ ਦੀ ਮਦਦ ਨਾ ਕਰਨ ਲਈ ਕੈਵਨ ਦੀ ਦੁਨੀਆਂ ਭਰ 'ਚ ਬਦਨਾਮੀ ਹੋਈ। ਫਲੋਰਿਡਾ ਦੇ ਇੱਕ ਅਖ਼ਬਾਰ ਨੇ ਕੈਵਨ ਬਾਰੇ ਲਿਖਿਆ ਸੀ, "ਬੱਚੀ ਦੇ ਦਰਦ ਦਾ ਸਹੀ ਖ਼ਾਕਾ ਖਿੱਚਣ ਲਈ ਕੈਮਰੇ ਦਾ ਸ਼ੀਸ਼ਾ ਸੰਵਾਰ ਰਿਹਾ ਲੁਟੇਰਾ ਬੰਦਾ, ਦ੍ਰਿਸ਼ ਵਿਚ ਬੈਠੀ ਦੂਜੀ ਗਿਰਝ ਹੈ।" ਇਨਾਮ ਮਿਲਣ ਤੋਂ ਤਿੰਨ ਮਹੀਨੇ ਬਾਅਦ 27 ਜੁਲਾਈ 1994 ਨੂੰ ਕੈਵਨ ਨੇ ਅੰਤਾਂ ਦੀ ਨਮੋਸ਼ੀ ਅਤੇ ਤਣਾਅ ਹੇਠ ਖ਼ੁਦਕੁਸ਼ੀ ਕਰ ਲਈ। ਉਸ ਸਮੇਂ ਕੈਵਨ ਦੀ ਉਮਰ 34 ਸਾਲਾਂ ਦੀ ਸੀ। ਕੈਵਨ ਨੇ ਆਤਮਘਾਤ ਕਰਨ ਤੋਂ ਪਹਿਲਾਂ ਲਿਖਿਆ ਸੀ, "ਮੈਂ ਉਦਾਸ ਹਾਂ। ਪੈਸੇ ਖੁਣੋਂ ਤੰਗ ਹਾਂ। ਮੈਂ ਕਤਲੇਆਮ, ਲੋਥਾਂ, ਗੁੱਸੇ ਅਤੇ ਦਰਦ ਦੇ ਦ੍ਰਿਸ਼ਾਂ ਤੋਂ ਸਤਿਆ ਹੋਇਆ ਹਾਂ, ਮੈਂ ਸਤਿਆ ਹਾਂ ਭੁੱਖੇ ਅਤੇ ਜ਼ਖ਼ਮੀ ਬੱਚਿਆਂ, ਹਥਿਆਰ ਦਾ ਘੋੜਾ ਨੱਪਣ ਲਈ ਕਾਹਲੇ ਹੋਏ ਪਾਗਲਾਂ (ਜੋ ਆਮ ਤੌਰ 'ਤੇ ਪੁਲਸੀਏ ਹੁੰਦੇ ਹਨ) ਅਤੇ ਜੱਲਾਦਾਂ ਤੋਂ। ਮੈਂ ਮਿੱਤਰ ਪਿਆਰੇ ਕੇਨ ਉਸਟਰਬਰੋਇਕ (ਗੋਲੀਬਾਰੀ ਵਿਚ ਮਾਰਿਆ ਗਿਆ ਤਸਵੀਰਸਾਜ਼) ਕੋਲ ਜਾਣਾ ਚਾਹੁੰਦਾਂ ਹਾਂ।" ਕੈਵਨ ਦੇ ਆਖ਼ਰੀ ਸ਼ਬਦ ਇਸ਼ਾਰਾ ਕਰਦੇ ਹਨ ਕਿ ਤਸਵੀਰਸਾਜ਼ ਦੀ ਮਾਨਸਿਕਤਾ ਕਿਨ੍ਹਾਂ ਪੱਥਰਾਂ ਨਾਲ ਟਕਰਾਈ ਹੋਵੇਗੀ?

ਵੀਅਤਨਾਮ ਜੰਗ ਦੌਰਾਨ ਖਿੱਚੀ ਗਈ ਤਸਵੀਰ ਨੇ ਉਸ ਜੰਗ ਦਾ ਪਾਸਾ ਪਲਟ ਦਿੱਤਾ ਸੀ। ਅਮਰੀਕੀ ਨਾਪਾਮ ਬੰਬ ਨਾਲ ਤਸਵੀਰ ਦੇ ਪਿਛੋਕੜ ਵਿਚ ਜੰਗਲ ਬਲ ਰਿਹਾ ਹੈ। ਬੇਹੱਦ ਡਰੇ ਹੋਏ ਵੀਅਤਨਾਮੀ ਬੱਚੇ ਸੜਕ 'ਤੇ ਭੱਜੇ ਆ ਰਹੇ ਹਨ। ਆਲਮ ਨੇ ਇੰਨੀ ਭਿਆਨਕਤਾ ਤਸਵੀਰ ਦੇ ਰੂਪ ਵਿਚ ਪਹਿਲੀ ਵਾਰ ਦੇਖੀ ਸੀ। ਇਸ ਤਸਵੀਰ ਨੇ ਅਮਰੀਕਾ ਦੀ ਹਾਰ ਵਿਚ ਫ਼ੈਸਲਾਕੁਨ ਭੂਮਿਕਾ ਨਿਭਾਈ।

ਇੱਕ ਤਸਵੀਰ ਨੇ ਜੰਗ ਦਾ ਪਾਸਾ ਪਲਟ ਦਿੱਤਾ ਅਤੇ ਦੂਜੀ ਤਸਵੀਰ ਖਿੱਚਣ ਵਾਲੇ ਨੇ ਆਤਮਘਾਤ ਕਰ ਲਿਆ। ਮਾਧਿਅਮ ਦੀ ਸਮਰੱਥਾ ਅਤੇ ਤਸਵੀਰਸਾਜ਼ ਦੀ ਜ਼ਿੰਮੇਵਾਰੀ ਅਹਿਮ ਗੱਲਾਂ ਹਨ। ਤੀਜਾ ਪਹਿਲੂ ਇਹ ਹੈ ਕਿ ਆਵਾਮ ਦੀ ਬੁਰੀ ਹਾਲਤ ਲਈ ਕਸੂਰਵਾਰ ਨਿਜ਼ਾਮ ਦੀਆਂ ਕਰਤੂਤਾਂ ਦੇ ਹਵਾਲੇ ਨਾਲ ਮਸਲੇ ਨੂੰ ਸਮਝਿਆ ਜਾਣਾ ਚਾਹੀਦਾ ਹੈ। ਉਂਝ ਇਸ ਮਸਲੇ ਨੂੰ ਸਿੱਧੇ ਅਤੇ ਸਪੱਸ਼ਟ ਸ਼ਬਦਾਂ 'ਚ ਕਹਿਣਾ ਸੌਖਾ ਨਹੀਂ ਹੈ। ਤਸਵੀਰਸਾਜ਼ ਰਣਦੀਪ ਮੱਦੋਕੇ ਇਨ੍ਹਾਂ ਤੰਦਾਂ ਨੂੰ ਹੋਰ ਉਘਾੜ ਕੇ ਪੇਸ਼ ਕਰਦਾ ਹੈ। ਉਸ ਦਾ ਕਹਿਣਾ ਹੈ ਕਿ ਤਸਵੀਰਸਾਜ਼ੀ ਚੇਤਨਤਾ ਦਾ ਮਾਧਿਅਮ ਹੈ। ਜਾਬਰ ਜਾਂ ਦਰਦਮੰਦ ਵਲੋਂ ਖਿੱਚੀ ਤਸਵੀਰ



ਤਸਵੀਰਸਾਜ਼ ਕੈਵਨ ਕਾਰਟਰ

ਇਤਿਹਾਸਕ ਦਸਤਾਵੇਜ਼ ਹੈ। ਸਬੂਤ ਤੋਂ ਬਿਨਾਂ ਕਲਪੀ ਗਈ ਭਿਆਨਕਤਾ ਖਿਆਲੀ ਹੋਵੇਗੀ। ਇਹ ਆਉਣ ਵਾਲੀਆਂ ਨਸਲਾਂ 'ਤੇ ਨਿਰਭਰ ਹੋਵੇਗਾ ਕਿ ਉਹ ਤਸਵੀਰ ਨੂੰ ਕਿਸ ਪ੍ਰਸੰਗ ਵਿਚ ਸਮਝਦੇ ਹਨ? ਵਾਪਰੀ ਭਿਆਨਕਤਾ ਦਾ ਅਹਿਸਾਸ ਬੰਦੇ ਨੂੰ ਦਰਦਮੰਦੀ ਵੱਲ ਲਿਜਾ ਸਕਦਾ ਹੈ।

ਰਣਦੀਪ ਉਨ੍ਹਾਂ ਤਸਵੀਰਸਾਜ਼ਾਂ ਦੀ ਵੀ ਗੱਲ ਕਰਦਾ ਹੈ ਜਿਨ੍ਹਾਂ ਦੀ ਪੀੜਤ ਨੂੰ ਬਚਾਉਣ ਨਾਲੋਂ ਉਹਦੀ ਤਸਵੀਰ ਬਣਾਉਣ 'ਚ ਵਧੇਰੇ ਦਿਲਚਸਪੀ ਸੀ। ਕੁਝ ਸਾਲ ਪਹਿਲਾਂ ਪਟਿਆਲੇ ਵਿਚ ਰੇੜ੍ਹੀ ਵਾਲੇ ਨੇ ਮੰਗਾਂ ਮਨਵਾਉਣ ਲਈ ਖ਼ੁਦ ਨੂੰ ਅੱਗ ਲਾ ਲਈ ਸੀ। ਉਦੋਂ ਤਸਵੀਰਸਾਜ਼ਾਂ ਨੇ ਧੜਾਧੜ ਤਸਵੀਰਾਂ ਖਿੱਚਣੀਆਂ ਸ਼ੁਰੂ ਕਰ ਦਿੱਤੀਆਂ। ਕੀਮਤੀ ਜਾਨ ਭੰਗ ਦੇ ਭਾਣੇ ਚਲੀ ਗਈ। ਉਂਝ ਇਹ ਸੱਚ ਹੈ ਕਿ ਅਜਿਹੀਆਂ ਤਸਵੀਰਾਂ ਤਸਵੀਰਸਾਜ਼ ਦੇ ਪੇਸ਼ੇਵਰ ਜੀਵਨ ਲਈ ਵਰਦਾਨ ਹੁੰਦੀਆਂ ਹਨ।

ਹਰਿਆਣੇ ਦੇ ਪਿੰਡ ਮਿਰਚਪੁਰ 'ਚ ਜਾਤਪ੍ਰਸਤਾਂ ਨੇ ਦਲਿਤਾਂ ਦੇ ਕਤਲ ਕੀਤੇ ਅਤੇ ਘਰ ਫ਼ੂਕ ਦਿੱਤੇ। ਮਰਨ ਵਾਲਿਆਂ 'ਚ ਦਲਿਤ ਤਾਰਾ ਚੰਦ ਸੀ। ਰਣਦੀਪ ਨੇ ਇੱਕ ਤਸਵੀਰ ਖਿੱਚੀ ਜਿਹਦੇ 'ਚ ਸੜੇ ਹੋਏ ਮੰਜੇ ਕੋਲ ਤਾਰਾ ਚੰਦ ਦੀ ਨੂੰਹ ਰੋਟੀ ਪਕਾ ਰਹੀ ਹੈ। ਇਸੇ ਕਮਰੇ ਵਿਚ ਅਤੇ ਇਸੇ ਮੰਜੇ 'ਤੇ ਕੁਝ ਦਿਨ ਪਹਿਲਾਂ ਤਾਰਾ ਚੰਦ ਨੂੰ ਕਤਲ ਕੀਤਾ ਗਿਆ ਸੀ। ਪਰਿਵਾਰ ਕੋਲ ਰਹਿਣ ਲਈ ਉਹੀ ਥਾਂ ਹੈ। ਕਹਿਰਾਂ ਦੀ ਮਾਰ ਝੱਲ ਕੇ ਹਟੇ ਉਸ ਕਮਰੇ ਵਿਚ ਰਹਿਣਾ ਉਨ੍ਹਾਂ ਦੀ ਮਜਬੂਰੀ ਹੈ। ਬਚੇ ਬੰਦਿਆਂ ਦੀ ਖੋਹੀ ਗਈ ਸੰਵੇਦਨਾ ਅਤੇ ਅਗਾਂਹ ਜ਼ਿੰਦਗੀ ਜਿਉਣ ਦੇ ਵਸੀਲਿਆਂ ਦੀ ਜ਼ਿੰਮੇਵਾਰੀ ਕੌਣ ਓਟੇਗਾ? ਪੀੜਤਾਂ ਦੀ ਮੁੜ ਬਹਾਲੀ ਲਈ ਰਾਜਤੰਤਰ ਅਤੇ ਸਮਾਜ ਦੀ ਜ਼ਿੰਮੇਵਾਰੀ ਕੌਣ ਤੈਅ ਕਰੇਗਾ? ਕੀ ਇਹ ਕਾਰੇ ਭਵਿੱਖ 'ਚ ਵਾਪਰਨ ਤੋਂ ਹਟ ਜਾਣਗੇ? ਇਨ੍ਹਾਂ ਸਵਾਲਾਂ ਦੇ ਜਵਾਬ ਨਾ ਮਿਲਣ ਤੱਕ ਰਣਦੀਪ ਦੀ ਖਿੱਚੀ ਤਸਵੀਰ ਸਵਾਲ ਦੇ ਰੂਪ ਵਿਚ ਜਿਉਂਦੀ ਰਹੇਗੀ।

ਲੁੱਟ, ਦਾਬੇ, ਢਾਂਚਾਗਤ ਹਿੰਸਾ ਅਤੇ ਨਾਬਰਾਬਰੀ ਦੇ ਸਮਾਜ ਵਿਚ ਡਾਢਿਆਂ ਨੇ ਲੋਕਾਂ ਦੇ ਕੰਮ ਵੰਡ ਦਿੱਤੇ ਹਨ। ਬੈਂਕਰ ਅਤੇ ਹਾਕਮ ਜੰਗਾਂ ਲਾਉਂਦੇ ਹਨ। ਫ਼ੌਜੀ ਹਥਿਆਰ ਚਲਾਉਂਦੇ ਹਨ। ਜੰਗ ਦਾ ਸ਼ਿਕਾਰ ਅਵਾਮ ਹੁੰਦੀ ਹੈ। ਤਸਵੀਰਸਾਜ਼ ਤਸਵੀਰ ਬਣਾਉਂਦਾ ਹੈ। ਇਹ ਅਣਮਨੁੱਖੀ ਵਰਤਾਰਾ ਆਮ ਸ਼ਹਿਰੀਆਂ ਦੀ ਜ਼ਿੰਦਗੀ ਦਾ ਹਿੱਸਾ ਬਣਾ ਦਿੱਤਾ ਗਿਆ ਹੈ। ਤਸਵੀਰਸਾਜ਼ ਇਸ ਕਰੂਰ ਵਰਤਾਰੇ ਦਾ ਅੰਗ ਹੈ। ਤ੍ਰਾਸਦੀ ਦੇ ਭਿਆਨਕ ਦ੍ਰਿਸ਼ ਤਸਵੀਰਸਾਜ਼ ਨੇ ਪੈਦਾ ਨਹੀਂ ਕੀਤੇ ਅਤੇ ਨਾ ਹੀ ਝੱਲਣ ਵਾਲੇ ਨੇ ਪੈਦਾ ਕੀਤੇ ਹਨ। ਤ੍ਰਾਸਦੀਆਂ ਰਾਜਤੰਤਰ ਦੇ ਕਰੂਰ ਖ਼ਾਸੇ ਦਾ ਪ੍ਰਗਟਾਵਾ ਹਨ। ਸਾਨੂੰ ਉਨ੍ਹਾਂ ਦੀ ਨਿਸ਼ਾਨਦੇਹੀ ਕਰਨੀ ਚਾਹੀਦੀ ਹੈ ਜਿਨ੍ਹਾਂ ਨੇ ਇਹ ਦ੍ਰਿਸ਼ ਪੈਦਾ ਕੀਤੇ ਹਨ। ਅਜਿਹੇ ਸਮਾਜ 'ਚ ਅਜਿਹੀਆਂ ਤਸਵੀਰਾਂ ਖਿੱਚਣਾ ਤਸਵੀਰਸਾਜ਼ ਦੀ ਮਜਬੂਰੀ ਹੈ।

ਭਿਆਨਕ ਦ੍ਰਿਸ਼ ਪੈਦਾ ਕਰਨ ਵਾਲਿਆਂ ਨੇ ਸਮੇਂ ਦੇ ਨਾਲ ਬਹੁਤ ਕੁਝ ਸਿੱਖਿਆ ਹੈ। ਉਹ ਤਸਵੀਰ ਸਿਰਜਣ ਦੇ ਨਵੇਂ ਅਰਥ ਸਿੱਖ ਗਏ ਹਨ। ਹੁਣ ਉਹ ਤਸਵੀਰਾਂ ਆਪ ਖਿੱਚਦੇ ਹਨ। ਉਨ੍ਹਾਂ ਦੀਆਂ ਤਸਵੀਰਾਂ 'ਤੇ ਸਵਾਲ ਨਹੀਂ ਉੱਠਦੇ। ਸਾਮਰਾਜੀ ਜੰਗਬਾਜ਼ਾਂ ਦੇ ਬੰਬਾਰ ਜਹਾਜ਼ ਕੈਮਰਿਆਂ ਨਾਲ ਲੈਸ ਹੋ ਕੇ ਜੰਗੀ ਹਮਲਿਆਂ ਦੀ ਤਬਾਹੀ ਦੇ ਭਿਆਨਕ ਦ੍ਰਿਸ਼ ਸਿੱਧੇ ਨਸ਼ਰ ਕਰਦੇ ਹਨ। ਜੰਗ ਲਾਉਣਾ ਅਤੇ ਦਿਖਾਉਣਾ ਉਨ੍ਹਾਂ ਦਾ ਕਾਰੋਬਾਰ ਹੈ। ਚੈਨਲਾਂ ਦੀ ਟੀ.ਆਰ.ਪੀ., ਜੰਗ ਨਾਲ ਤਬਾਹ ਹੋਏ ਮੁਲਕ ਦੀ ਮੁੜ ਉਸਾਰੀ ਦੇ ਠੇਕੇ ਸਭ ਉਨ੍ਹਾਂ ਦੇ ਕਾਰੋਬਾਰ ਹਨ। ਤਬਾਹੀ ਦੇ ਦ੍ਰਿਸ਼ ਦਿਖਾ ਕੇ ਲੋਕਾਂ ਨੂੰ ਗ਼ੈਰ-ਸੰਵੇਦਨਸ਼ੀਲ ਬਣਾਉਣਾ ਹੋਰ ਫਾਇਦਾ ਦਾ ਸੌਦਾ ਹੈ। ਅਜਿਹੇ ਭਿਆਨਕ ਦ੍ਰਿਸ਼ ਦਿਖਾ ਕੇ ਲੋਕਾਂ 'ਤੇ ਦਾਬਾ ਪਾਉਣਾ ਅਤੇ ਰਜ਼ਾ 'ਚ ਰਹਿਣ ਦਾ ਪਾਠ ਪੜ੍ਹਾਉਣਾ ਵੀ ਇਸੇ ਦਾ ਹਿੱਸਾ ਹੈ। ਐਨੇ ਕਾਰਜ ਇੱਕੋ ਤਸਵੀਰ ਜਾਂ ਦ੍ਰਿਸ਼ ਨਾਲ ਸਾਧੇ ਜਾਂਦੇ ਹਨ।

ਭਿਆਨਕ ਹਮਲਿਆਂ ਦੀਆਂ ਤਸਵੀਰਾਂ ਨੇ ਕੈਵਨ ਵਰਗਿਆਂ 'ਤੇ ਉਠਦੇ ਸਵਾਲਾਂ ਨੂੰ ਹੀ ਖਾਰਜ ਕਰ ਦਿੱਤਾ ਹੈ। ਹਰ ਰੋਜ਼ ਜੰਗਬਾਜ਼ਾਂ ਦੇ ਹਮਲਿਆਂ ਵਿਚ ਜਾਨਾਂ ਗਵਾਉਂਦੇ ਲੋਕਾਂ ਦੀਆਂ ਤਸਵੀਰਾਂ ਹੈਰਾਨੀ ਜਾਂ ਦੁੱਖ ਪੈਦਾ ਨਹੀਂ ਕਰਦੀਆਂ। ਉਨ੍ਹਾਂ ਨੇ ਤਸਵੀਰ ਦੇ ਸੰਵੇਦਨਾ ਪੈਦਾ ਕਰਨ ਵਾਲੇ ਖ਼ਾਸੇ ਨੂੰ ਬਦਲ ਦਿੱਤਾ ਹੈ। ਹਰ ਰੋਜ਼ ਫ਼ਿਲਮਾਂ ਅਤੇ ਹੋਰ ਤਸਵੀਰਾਂ ਰਾਹੀਂ ਅਸਲੀ ਜਾਂ ਮਨਸੂਈ ਜੰਗਾਂ ਦਿਖਾ ਕੇ ਦ੍ਰਿਸ਼ਾਂ ਦੀ ਭਿਆਨਕਤਾ ਖਤਮ ਕਰ ਦਿੱਤੀ ਹੈ। ਹੁਣ ਸਾਨੂੰ ਜੰਗ ਆਮ ਜਿਹਾ ਵਰਤਾਰਾ ਲਗਦੀ ਹੈ।

# ਸੁਰੀਲੀ ਆਵਾਜ਼ ਦੀ ਮਾਲਕ ਸੁਧਾ ਮਲਹੋਤਰਾ

ਸੁਰਿੰਦਰ ਸਿੰਘ ਤੇਜ
ਫੋਨ: 91-98555-01488

## ਖਾਮੋਸ਼ ਸੁਰਾਂ-2

*ਹਿੰਦੀ ਫ਼ਿਲਮ ਗਾਇਕੀ ਮੁੱਖ ਤੌਰ 'ਤੇ ਲਤਾ ਮੰਗੇਸ਼ਕਰ, ਮੁਹੰਮਦ ਰਫ਼ੀ, ਆਸ਼ਾ ਭੌਂਸਲੇ, ਕਿਸ਼ੋਰ ਕੁਮਾਰ, ਮੰਨਾ ਡੇਅ, ਗੀਤਾ ਦੱਤ ਅਤੇ ਹੇਮੰਤ ਕੁਮਾਰ ਵਾਲੀ ਪੀੜ੍ਹੀ ਨਾਲ ਹੀ ਜੁੜੀ ਮੰਨੀ ਜਾਂਦੀ ਹੈ। ਇਨ੍ਹਾਂ ਮਹਾਨ ਗਾਇਕਾਂ-ਗਾਇਕਾਵਾਂ ਦੇ ਯੁੱਗ ਦੌਰਾਨ ਹੀ ਕੁਝ ਅਜਿਹੀਆਂ ਗਾਇਕਾਵਾਂ ਤੇ ਗਾਇਕ ਸਰਗਰਮ ਰਹੇ ਜਿਨ੍ਹਾਂ ਬਾਰੇ ਅੱਜ ਦੀ ਪੀੜ੍ਹੀ ਬਹੁਤ ਘੱਟ ਜਾਣਦੀ ਹੈ। 'ਖ਼ਾਮੋਸ਼ ਸੁਰਾਂ' ਵਿਚ ਹਿੰਦੀ ਫ਼ਿਲਮ ਗਾਇਕੀ ਦੇ ਸੁਨਹਿਰੀ ਯੁੱਗ ਨਾਲ ਜੁੜੇ ਅਜਿਹੇ ਗਾਇਕਾਂ-ਗਾਇਕਾਵਾਂ ਨਾਲ ਤੁਆਰਫ਼ ਕਰਵਾਇਆ ਜਾ ਰਿਹਾ ਹੈ।*

'ਕਸ਼ਤੀ ਦਾ ਖਾਮੋਸ਼ ਸਫ਼ਰ ਹੈ, ਸ਼ਾਮ ਭੀ ਹੈ ਤਨਹਾਈ ਭੀ; ਦੂਰ ਕਿਨਾਰੇ ਪਰ ਬਜਤੀ ਹੈ, ਲਹਿਰੋਂ ਕੀ ਸ਼ਹਿਨਾਈ ਭੀ।' ਫ਼ਿਲਮ 'ਗਰਲਫਰੈਂਡ' ਦਾ ਇਹ ਗੀਤ ਭਾਵੇਂ ਦੋਗਾਣੇ ਦੇ ਰੂਪ ਵਿਚ ਹੈ, ਫਿਰ ਵੀ ਇਸ ਨੂੰ ਕਿਸ਼ੋਰ ਕੁਮਾਰ ਦੇ ਬਿਹਤਰੀਨ ਗੀਤਾਂ ਵਿਚ ਸ਼ੁਮਾਰ ਕੀਤਾ ਜਾਂਦਾ ਹੈ। ਫ਼ਿਲਮ ਵਿਚ ਗੀਤ ਕਿਸ਼ੋਰ ਉਪਰ ਹੀ ਫ਼ਿਲਮਾਇਆ ਗਿਆ। ਗੀਤ ਦੇ ਫ਼ਿਲਮਾਂਕਣ ਦੌਰਾਨ ਉਸ ਦੀ ਕਿਸ਼ਤੀ ਵਿਚ ਵਹੀਦਾ ਰਹਿਮਾਨ ਸਵਾਰ ਸੀ ਅਤੇ ਵਹੀਦਾ ਨੂੰ ਸੁਰ ਬਖਸ਼ੇ ਸੁਧਾ ਮਲਹੋਤਰਾ ਨੇ। ਦਰਅਸਲ, ਇਹ ਗੀਤ ਕਿਸ਼ੋਰ ਦਾ ਗੀਤ ਨਾ ਹੋ ਕੇ ਸੁਧਾ ਦਾ ਵੱਧ ਹੈ: ਇਹ ਗੀਤ ਫ਼ਿਲਮ ਗਾਇਕਾ ਦੇ ਰੂਪ ਵਿਚ ਸੁਧਾ ਦੇ ਸਮੁੱਚੇ ਸਫ਼ਰ ਨੂੰ ਲਫਜ਼ ਬਖਸ਼ਦਾ ਹੈ, ਲੈਅ ਵੀ ਅਤੇ ਤਾਲ ਵੀ। ਹੇਮੰਤ ਦਾਦਾ (ਸੰਗੀਤਕਾਰ ਤੇ ਗਾਇਕ ਹੇਮੰਤ ਕੁਮਾਰ) ਨੇ 1954 ਵਿਚ ਫ਼ਿਲਮ 'ਸਹਾਰਾ' ਵਿਚ ਸੁਧਾ ਤੋਂ ਸੋਲੋ ਗੀਤ ਗਵਾਇਆ ਸੀ। ਗੀਤ ਤਾਂ ਹਿੱਟ ਨਹੀਂ ਹੋਇਆ, ਪਰ ਸੁਧਾ ਦੀ ਪੁਰ-ਕਸ਼ਿਸ਼ ਆਵਾਜ਼ ਨੂੰ ਹੇਮੰਤਦਾ ਨਹੀਂ ਭੁੱਲੇ। ਜਦੋਂ ਲਤਾ ਨੇ ਕਿਸ਼ੋਰ ਨਾਲ ਗਾਉਣ ਤੋਂ ਨਾਂਹ ਕੀਤੀ ਤਾਂ ਉਨ੍ਹਾਂ ਨੇ ਸੁਧਾ ਨੂੰ ਮੌਕਾ ਦਿੱਤਾ।

ਸ਼ਹਿਨਾਈ ਵਰਗੀ ਸੁਰੀਲੀ ਆਵਾਜ਼ ਦੀ ਮਾਲਕ ਸੁਧਾ ਨੇ 250 ਦੇ ਕਰੀਬ ਫ਼ਿਲਮੀ ਗੀਤ ਗਾਏ।ਮੰਗੇਸ਼ਕਰ ਭੈਣਾਂ ਦੇ ਸਾਮਰਾਜ ਦੇ ਦਿਨਾਂ ਦੌਰਾਨ ਸੁਧਾ ਨੂੰ ਗੀਤ ਮਿਲਦੇ ਵੀ ਚੰਦ ਬੁਰਕੀਆਂ ਦੇ ਰੂਪ ਵਿਚ ਰਹੇ। ਉਹ ਬੁਨਿਆਦੀ ਤੌਰ 'ਤੇ 1954 ਤੋਂ 1960 ਤਕ ਵੱਧ ਸਰਗਰਮ ਰਹੀ। ਇਸ ਮਗਰੋਂ ਭਾਵੇਂ ਉਸ ਦੇ ਗੀਤ 1982 ਤਕ ਆਉਂਦੇ ਰਹੇ, ਪਰ ਬਹੁਤ ਟਾਵੇਂ-ਟਾਵੇਂ; ਉਹ ਵੀ ਗ਼ਜ਼ਲਾਂ ਜਾਂ ਗ਼ੈਰ-ਫ਼ਿਲਮੀ ਗੀਤਾਂ ਦੇ ਰੂਪ ਵਿਚ। ਉਸ ਨੇ ਆਖਰੀ ਗੀਤ ਰਾਜ ਕਪੂਰ ਦੀ ਫ਼ਿਲਮ 'ਪ੍ਰੇਮ ਰੋਗ' ਵਿਚ ਗਾਇਆ। ਇਸ ਗੀਤ ਦੇ ਬੋਲ ਸਨ: 'ਯਿਹ ਪਿਆਰ ਥਾ ਯਾ ਕੁਛ ਔਰ ਥਾ...।'



ਫ਼ਿਲਮ ਸੰਗੀਤ ਦੇ ਖੇਤਰ ਵਿਚ ਅਜਿਹੇ ਅਸਾਵੇਂ ਜਿਹੇ ਜੀਵਨ ਦੇ ਬਾਵਜੂਦ ਆਪਣੀ ਆਵਾਜ਼ ਦੇ ਨਿਵੇਕਲੇਪਣ ਕਰ ਕੇ ਸੁਧਾ ਹੁਣ ਵੀ ਜ਼ਹੀਨ ਗਾਇਕਾ ਦੇ ਰੂਪ ਵਿਚ ਜਾਣੀ ਜਾਂਦੀ ਹੈ। ਅੱਜ ਵੀ ਫ਼ਿਲਮ 'ਦੀਦੀ' (1959) ਵਿਚ ਮੁਕੇਸ਼ ਨਾਲ ਗਾਇਆ ਡੁਏਟ 'ਤੁਮ ਮੁਝੇ ਭੂਲ ਭੀ ਜਾਓ' ਸੁਮਨ ਦੀ ਰੇਸ਼ਮੀ ਲਹਿਰੀਏ ਵਰਗੀ ਆਵਾਜ਼ ਦਾ ਜਾਦੂ ਜ਼ਿੰਦਾ ਕਰ ਜਾਂਦਾ ਹੈ। ਫ਼ਿਲਮ 'ਬਾਬਰ' (1960) ਵਿਚ ਰੌਸ਼ਨ ਦੀ ਲਾਜਵਾਬ ਮੌਸਿਕੀ ਨਾਲ ਸਜਿਆ ਸੋਲੋ 'ਸਲਾਮ-ਏ-ਹਸਰਤ ਕਬੂਲ ਕਰ ਲੋ, ਮੇਰੀ ਮੁਹੱਬਤ ਕਬੂਲ ਕਰ ਲੋ' ਸੁਧਾ ਦੇ ਗਲੇ ਦੀ ਪਾਕੀਜ਼ਗੀ ਦੀ ਪੁਖ਼ਤਾ ਮਿਸਾਲ ਹੈ।

30 ਨਵੰਬਰ 1936 ਨੂੰ ਨਵੀਂ ਦਿੱਲੀ ਵਿਚ ਜਨਮੀ ਸੁਧਾ ਲਾਹੌਰ, ਭੁਪਾਲ ਤੇ ਫਿਰੋਜ਼ਪੁਰ ਵਿਚ ਵੱਡੀ ਹੋਈ। ਉਸ ਨੂੰ ਛੋਟੀ ਉਮਰੇ ਹੀ ਸੰਗੀਤ ਦਾ ਸ਼ੌਕ ਲੱਗ ਗਿਆ। ਸੁਧਾ ਨੇ ਪਹਿਲਾ ਗੀਤ 'ਮਿਲਾ ਗਏ ਨੈਨ' 1950 ਵਿਚ ਰਿਲੀਜ਼ ਹੋਈ ਫ਼ਿਲਮ 'ਆਰਜ਼ੂ' ਵਿਚ ਅਨਿਲ ਬਿਸਵਾਸ ਦੇ ਸੰਗੀਤ ਨਿਰਦੇਸ਼ਨ ਹੇਠ ਗਾਇਆ। ਇਹ ਸੋਲੋ ਗੀਤ ਸ਼ਸ਼ੀਕਲਾ ਉਪਰ ਫ਼ਿਲਮਾਇਆ ਗਿਆ। ਸੰਗੀਤਕਾਰ ਐਸ.ਡੀ. ਬਰਮਨ ਨੇ ਸੁਧਾ ਦੀ ਆਵਾਜ਼ ਨੂੰ 'ਸੋਲ੍ਹਵਾਂ ਸਾਲ' ਅਤੇ 'ਕਾਗਜ਼ ਕੇ ਫੂਲ' ਦੇ ਗੀਤਾਂ 'ਦੇਖੋ ਜੀ ਮੇਰਾ ਹਾਲ, ਬਦਲ ਗਈ ਚਾਲ' ਅਤੇ 'ਸਨ ਸਨ ਸਨ ਵੋ ਹਵਾ ਚਲੀ' ਵਿਚ ਵਰਤਿਆ, ਪਰ ਸੁਧਾ ਨੂੰ ਜੇ ਸਚਮੁੱਚ ਕੋਈ ਸਰਪ੍ਰਸਤੀ ਮਿਲੀ ਤਾਂ ਉਹ ਗੀਤਕਾਰ ਸਾਹਿਰ ਲੁਧਿਆਣਵੀ ਤੋਂ। ਦੋਵਾਂ ਦੇ ਰੋਮਾਂਸ ਦੇ ਕਿੱਸੇ ਵੀ 1950ਵਿਆਂ ਦੇ ਅਖੀਰ ਵਿਚ ਚਰਚਾ ਵਿਚ ਰਹੇ।

ਸੁਧਾ ਨੇ ਮਹਿਜ਼ 23 ਸਾਲਾਂ ਦੀ ਉਮਰ ਵਿਚ ਫ਼ਿਲਮ ਸੰਗੀਤ ਨੂੰ ਇਕ ਵਾਰ ਅਲਵਿਦਾ ਕਹਿ ਦਿੱਤੀ ਸੀ। ਬਾਅਦ ਵਿਚ ਉਸ ਨੇ ਆਪਣੀ ਵਾਪਸੀ ਦੇ ਰੂਪ ਵਿਚ ਕੁਝ ਮਰਾਠੀ ਅਤੇ ਭਗਤੀ ਗੀਤ ਰਿਕਾਰਡ ਕਰਵਾਏ। 1982 ਵਿਚ 'ਪ੍ਰੇਮ ਰੋਗ' ਦੇ ਗੀਤ ਰਾਹੀਂ ਸੁਧਾ ਦੀ ਹਿੰਦੀ ਫ਼ਿਲਮ ਸੰਗੀਤ ਵਿਚ ਵਾਪਸੀ ਹੋਈ ਪਰ ਇਸ ਤੋਂ ਬਾਅਦ ਉਸ ਨਾਲ ਕੁਝ ਅਜਿਹੇ ਤਲਖ਼ ਅਨੁਭਵ ਹੋਏ ਕਿ ਉਸ ਨੇ ਹੋਰ ਗਾਉਣਾ ਵਾਜਬ ਹੀ ਨਹੀਂ ਸਮਝਿਆ। ਇਨ੍ਹਾਂ ਅਨੁਭਵਾਂ ਵਿਚ ਕੁਝ ਗੀਤ ਉਸ ਦੀ ਆਵਾਜ਼ ਵਿਚ ਰਿਕਾਰਡ ਕਰਵਾ ਕੇ ਬਾਅਦ ਵਿਚ ਉਨ੍ਹਾਂ ਨੂੰ ਸਕਰੈਪ ਕਰਨਾ ਜਾਂ ਕਿਸੇ ਹੋਰ ਤੋਂ ਗਵਾਉਣਾ ਸ਼ਾਮਲ ਸੀ। 77 ਸਾਲਾ ਸੁਧਾ ਅੱਜਕੱਲ੍ਹ ਮੁੰਬਈ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਪੰਜਾਬੀ ਹੋਣ ਦੇ ਬਾਵਜੂਦ ਉਸ ਨੇ ਬਹੁਤੇ ਪੰਜਾਬੀ ਗੀਤ ਤਾਂ ਨਹੀਂ ਗਾਏ, ਪਰ ਇਨਾਇਤ ਹੁਸੈਨ ਭੱਟੀ ਦੇ ਸੰਗੀਤ ਵਿਚ ਸਜਿਆ 'ਵਾਹਵਾ ਤਮਾਸ਼ਾ ਵੰਗਾਂ ਦਾ' ਅੱਜ ਵੀ ਫ਼ਿਲਮੀ ਗੀਤਾਂ ਦੇ ਸ਼ੈਦਾਈਆਂ ਦੇ ਮਨਾਂ 'ਤੇ ਅਮਿੱਟ ਹੈ।

# Janta India Restaurant

369 Lytton Ave, Palo Alto, CA, 94301

ਵੀਹ ਸਾਲ ਤੋਂ ਤੁਹਾਡੀ ਸੇਵਾ ਵਿਚ



ਜਨਮ ਦਿਨ, ਗਰੈਜੂਏਸ਼ਨ, ਵਿਆਹ-ਸ਼ਾਦੀ ਜਾਂ ਫਿਰ ਵਿਆਹ ਦੀ ਵਰ੍ਹੇਗੰਢ, ਪਾਰਟੀ ਵੱਡੀ ਹੋਵੇ ਜਾਂ ਛੋਟੀ, ਕੈਟਰਿੰਗ ਲਈ ਸੰਪਰਕ ਕਰੋ

ਅਸੀਂ ਤੁਹਾਡੀ ਪਾਰਟੀ ਨੂੰ ਸੁਆਦਲੇ ਭੋਜਨ ਨਾਲ ਹੋਰ ਵੀ ਸੁਆਦਲੀ ਬਣਾਉਂਦੇ ਹਾਂ

ਫੋਨ: 650-462-5903

ਆਪਣੇ ਬਿਜਨਸ ਜਾਂ ਘਰ ਉਤੇ ਸਕਿਉਰਿਟੀ ਕੈਮਰਾ ਲਵਾਉਣਾ ਚਾਹੁੰਦੇ ਹੋ?

ਸਾਡੇ ਪਾਸ ਅਤਿ ਆਧੁਨਿਕ ਵਧੀਆ ਕੁਆਲਿਟੀ ਦੇ ਸਕਿਉਰਿਟੀ ਕੈਮਰੇ ਹਨ



**We are wholesalers on Amazon and eBay**
**Shop online at www.dvrunlimited.com**
**For best deals on Security Cameras**

Upgrade to HD-SDI or IP-Camera Mega Pixel quality 1080P
Magic DVR's with HD Blue Ray resolution
Installation available in California, Texas and New York

We sell name brand products ACTi, BORCH, LG, Samsung, Geovision, VIVOTEK

*Please Call*

**888-233-4566**



www.dvrunlimited.com www.security360cameras.com

BOSCH SAMSUNG VIVOTEK DVR UNLIMITED INC. SECURITY CAMERAS LG Life's Good

BestNationalSolar



# ਸੋਲਰ ਸਿਸਟਮ ਫਰੀ ਲਗਵਾਓ

Sun Solar Energy Solutions, Inc. Lic# 939675

SUNPOWER

Sunpower is the manufacturer of the most efficient and reliable photovoltaic modules available in the world, and was recently inducted into the Guinness Book of World Records for their unparalleled gains in efficiency.

**Start Saving Today With Our 0.00 Down Solar Lease.**
***Guaranteed to Save You Money***

ਅਗਰ ਤੁਹਾਡਾ ਬਿੱਲ ਗਰਮੀਆਂ ਵਿਚ $150 ਤੋਂ ਜ਼ਿਆਦਾ ਹੈ ਤਾਂ ਆਪਣੇ ਘਰ ਫਰੀ ਸੋਲਰ ਸਿਸਟਮ ਲਗਵਾਓ। ਬਿਜਲੀ ਦੇ ਬਿੱਲ ਤੋਂ ਸਦਾ ਲਈ ਛੁਟਕਾਰਾ ਪਾਓ ਅਤੇ ਪੈਸੇ ਬਚਾਓ।



www.BestNationalSolar.com

*Maintenance, Insurance, Monitoring and Performance Guarantee included*

ਕੀ ਤੁਸੀਂ ਆਪਣੇ ਘਰ ਸੋਲਰ ਸਿਸਟਮ ਕਿਸੇ ਤਜ਼ਰਬੇਕਾਰ ਇੰਜੀਨੀਅਰ ਦੀ ਸਲਾਹ ਨਾਲ ਲਗਵਾਉਣਾ ਚਾਹੋਗੇ ਜਾਂ ਕਿਸੇ ਸੇਲਜ਼ਮੈਨ ਦੀ ਸਲਾਹ ਨਾਲ? ਤਕਨੀਕੀ ਗੱਲਾਂ ਨੂੰ ਨਜ਼ਰਅੰਦਾਜ਼ ਨਾ ਕਰੋ, ਜੋ ਤੁਹਾਨੂੰ ਇਕ ਇੰਜੀਨੀਅਰ ਹੀ ਦੱਸ ਸਕਦਾ ਹੈ।

ਫਰੀ, ਮਾਹਿਰਾਨਾ ਅਤੇ ਸਹੀ ਸਲਾਹ ਲੈਣ ਲਈ ਸਿਮਰਨ ਦਿਉਲ (ਸੋਲਰ ਇੰਜੀਨੀਅਰ) ਨੂੰ ਅੱਜ ਹੀ ਕਾਲ ਕਰੋ 661-412-4728
7 ਸਾਲ ਤੋਂ ਵੀ ਵੱਧ ਸੋਲਰ ਇੰਜੀਨੀਅਰ ਵਜੋਂ ਤਜ਼ਰਬਾ

We DO NOT Install cheap quality Panels. We Install SunPower Solar Panels (E20/327), which are the highest efficiency Panels and best in the World.

ਅਸੀਂ ਸਸਤੀ ਕਵਾਲਟੀ ਦੇ ਪੈਨਲ ਨਹੀਂ ਲਗਾਉਂਦੇ। ਅਸੀਂ ਸਿਰਫ ਸਨਪਾਵਰ, ਜੋ ਪੁਰਾਣੀ ਅਮਰੀਕਨ ਸੋਲਰ ਦੀ ਕੰਪਨੀ ਹੈ, ਦੇ ਬਣਾਏ ਪੈਨਲ ਹੀ ਲਗਾਉਂਦੇ ਹਾਂ ਜੋ ਦੁਨੀਆਂ ਵਿਚ ਸਭ ਤੋਂ ਵਧੀਆ ਪੈਨਲ ਹਨ

20 ਸਾਲ ਬਿਲਕੁਲ ਫਰੀ ਮੇਂਟੀਨੈਂਸ ਦੀ ਗਾਰੰਟੀ। ਹਰ ਤਰ੍ਹਾਂ ਦੀ ਦੇਖ ਭਾਲ ਅਤੇ ਇੰਸ਼ੋਰੈਂਸ ਦੀ ਜ਼ਿੰਮੇਵਾਰੀ ਵੀ ਕੰਪਨੀ ਦੀ।



The Time Is Now For Solar
Call: Simran Deol
(Solar Engineer)
at 661-412-4728

- $ 0 down Worry Free Lease
- Top Quality Product
- 20 Year Performance Guarantee
- 25 Year Guarantee for Panels
- FREE Maintenance for 20 years
- Guaranteed Lowest Monthly Bill
- Fixed Monthly Low Bill
- No Need to Worry About Increasing Cost of Utility
- Professional Installation
- 24/7 Monitoring

**Always Remember - Best National Solar**
Receive $500 By Referring Friends.


HURRY! LIMITED-TIME OFFER!
FREE $100 REWARD CARD
Requires 24 month commitment, credit qualification and qualifying S. Asian package ($19.99/mo. or higher). Use Promotional Code: International
CHOICE
START WITH PUNJABI PACK AND THEN CUSTOMIZE
PUNJABI PACK
$24.99 mo
PTC PUNJABI
jus punjabi
gPunjab
JUS one
HINDI MOVIES PACK
$19.99 mo
MASTI PACK
$5.00 mo ADD ON
WILLOW CRICKET HD*
$14.99 mo
WILLOW HD
CALL DISH NOW
855.318.4562
www.DishPunjabiTV.com
Facebook.com/GetDishPunjabiTV
HOME OF SOUTH ASIAN ENTERTAINMENT
dish